ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 243
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 3 September, 2025) ਬੁੱਧਵਾਰ, 3 ਸਤੰਬਰ, 2025, 19 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

## ਦੀਪਕ ਮਿੱਤਲ ਹੋਣਗੇ ਸੰਯੁਕਤ ਅਰਬ ਅਮੀਰਾਤ 'ਚ ਭਾਰਤ ਦੇ ਨਵੇਂ ਸ਼ਫੀਰ

ਨਵੀਂ ਦਿੱਲੀ, 2 ਸਤੰਬਰ (ਚੜ੍ਹਦੀਕਲਾ ਬਿਊਰੋ): ਉੱਘੇ ਡਿਪਲੋਮੈਟ ਦੀਪਕ ਮਿੱਤਲ ਨੂੰ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) 'ਚ ਭਾਰਤ ਦਾ ਅਗਲਾ ਸ਼ਫ਼ੀਰ ਨਿਯੁਕਤ ਕੀਤਾ ਗਿਆ ਹੈ। ਭਾਰਤੀ ਵਿਦੇਸ਼ ਸੇਵਾ ਦੇ 1998 ਬੈਚ ਦੇ ਅਧਿਕਾਰੀ ਮਿੱਤਲ ਇਸ ਸਮੇਂ ਪ੍ਰਧਾਨ ਮੰਤਰੀ ਦਫ਼ਤਰ 'ਚ ਵਧੀਕ ਸਕੱਤਰ ਦੇ ਤੌਰ ਉਤੇ ਸੇਵਾ ਨਿਭਾ ਰਹੇ ਹਨ। ਵਿਦੇਸ਼ ਮੰਤਰਾਲੇ ਨੇ ਇਕ ਸੰਖੇਪ ਨੋਟ 'ਚ ਕਿਹਾ ਗਿਆ ਕਿ ਉਨ੍ਹਾਂ ਦੇ ਜਲਦੀ ਹੀ ਇਹ ਜ਼ਿੰਮੇਵਾਰੀ ਸੰਭਾਲਣ ਦੀ ਉਮੀਦ ਹੈ। (ਬਾਕੀ ਸਫ਼ਾ 2 'ਤੇ)

# 36 ਘੰਟੇ ਭਾਰੀ ਬਾਰਿਸ਼ ਦੀ ਚਿਤਾਵਨੀ, ਸਤਲੁਜ ਓਵਰ ਫਲੋਅ, 12 ਜ਼ਿਲ੍ਹਿਆਂ 'ਚ ਹੜ੍ਹ

### ਮੋਦੀ ਵੱਲੋਂ ਮਾਨ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ

### ਪਹਾੜਾਂ 'ਚ ਬਾਰਿਸ਼ ਕਾਰਨ ਹੜ੍ਹਾਂ ਦੀ ਸਥਿਤੀ ਜਿਉਂ ਦੀ ਤਿਉਂ



**ਚੜ੍ਹਦੀਕਲਾ ਬਿਊਰੋ**

================

ਚੰਡੀਗੜ੍ਹ, 2 ਸਤੰਬਰ: ਮੌਸਮ ਵਿਭਾਗ ਨੇ ਪੰਜਾਬ ਵਿੱਚ ਅਗਲੇ 36 ਘੰਟਿਆਂ ਲਈ ਭਾਰੀ ਬਾਰਿਸ਼ ਦਾ ਅਲਰਟ ਜਾਰੀ ਕੀਤਾ ਹੈ। ਉਸ ਅਨੁਸਾਰ ਅੱਜ ਕਈ ਹਿੱਸਿਆਂ ਵਿੱਚ ਭਾਰੀ ਬਾਰਿਸ਼ ਹੋਈ ਜਦ ਕਿ 3 ਸਤੰਬਰ ਨੂੰ ਵੀ ਸੂਬੇ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਅਲਰਟ 3-4 ਸਤੰਬਰ ਦੀ ਰਾਤ 1 ਵਜੇ ਤਕ ਰਹੇਗਾ।

ਮੌਜੂਦਾ ਸਮੇਂ ਵਿੱਚ ਪੰਜਾਬ ਦੇ 12 ਜ਼ਿਲ੍ਹੇ ਹੜ੍ਹ ਦੀ ਲਪੇਟ ਵਿੱਚ ਆਏ ਹੋਏ ਹਨ ਇਨ੍ਹਾਂ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਮੋਗਾ, ਪਠਾਨਕੋਟ, ਤਰਨਤਾਰਨ, ਹੁਸ਼ਿਆਰਪੁਰ, ਫਿਰੋਜ਼ਪੁਰ, ਪਟਿਆਲਾ, ਮੋਹਾਲੀ, ਕਪੂਰਥਲਾ, ਜਲੰਧਰ ਅਤੇ ਲੁਧਿਆਣਾ ਸ਼ਾਮਲ ਹਨ। ਜਲੰਧਰ ਦੇ ਫਿਲੌਰ ਵਿੱਚ ਸਤਲੁਜ ਦਾ ਜਲ ਪੱਧਰ ਵੱਧਣ ਨਾਲ ਸ਼ਨੀਮੰਦਰ ਵਿੱਚ 2 ਫੁੱਟ ਤੱਕ ਪਾਣੀ ਭਰ ਗਿਆ ਹੈ। ਭਾਖੜਾ ਦਾ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਤੋਂ ਸਿਰਫ਼ 3 ਫੁੱਟ ਹੇਠਾਂ ਰਹਿ ਗਿਆ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਲ ਗੱਲਬਾਤ ਕੀਤੀ ਅਤੇ ਕੇਂਦਰ ਵੱਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

ਇਸ ਦੌਰਾਨ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਅਤੇ ਪੰਜਾਬ ਵਿੱਚ ਪਿਛਲੇ 48 ਘੰਟਿਆਂ ਤੋਂ ਰੁਕ-ਰੁਕ ਕੇ ਪੈ ਰਹੇ ਮੀਂਹ ਕਰਕੇ ਹੜ੍ਹਾਂ ਦੇ ਹਾਲਾਤ ਹੋਰ ਗੰਭੀਰ ਬਣਦੇ ਜਾ ਰਹੇ ਹਨ। ਸੂਬੇ ਵਿੱਚ ਪਹਿਲਾਂ ਰਾਵੀ ਅਤੇ ਬਿਆਸ ਦਰਿਆ ਨੇ 8 ਜ਼ਿਲ੍ਹਿਆਂ ਵਿੱਚ ਤਬਾਹੀ ਮਚਾਈ ਹੋਈ ਸੀ, ਪਰ ਹੁਣ ਸਤਲੁਜ ਅਤੇ ਘੱਗਰ ਵਿੱਚ ਵੀ ਪਾਣੀ ਵਧਣ ਕਰਕੇ ਕੁੱਲ 12 ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ। ਘੱਗਰ ਅਤੇ ਸਤਲੁਜ ਵਿੱਚ ਪਾਣੀ ਵਧਣ ਕਰਕੇ ਮਾਲਵਾ ਖਿੱਤੇ ਦੇ ਲੋਕਾਂ ਵਿੱਚ ਵੀ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਸਥਾਨਕ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਘੱਗਰ ਤੇ ਸਤਲੁਜ ਸਣੇ ਹੋਰ ਨਦੀਆਂ ਨਾਲਿਆਂ ਨੇੜੇ ਨਾ ਜਾਣ ਦੀ ਅਪੀਲ ਕੀਤੀ ਜਾ ਰਹੀ ਹੈ।

ਉਧਰ ਪੰਜਾਬ ਵਿੱਚ ਪਿਛਲੇ 48 ਘੰਟਿਆਂ ਤੋਂ ਪੈ ਰਹੇ ਮੀਂਹ ਕਰਕੇ ਵੀ ਸਥਿਤੀ ਹੋਰ ਗੰਭੀਰ ਹੁੰਦੀ ਜਾ ਰਹੀ ਹੈ। ਪੰਜਾਬ ਵਿੱਚ ਲੰਘੀ ਰਾਤ ਵੀ ਜ਼ਿਆਦਾਤਰ ਸ਼ਹਿਰਾਂ ਵਿੱਚ ਭਾਰੀ ਮੀਂਹ ਪਿਆ ਹੈ ਜੋ ਕਿ ਸਾਰੀ ਰਾਤ ਪੈਂਦਾ ਰਿਹਾ ਹੈ। ਉਧਰ ਮੌਸਮ ਵਿਭਾਗ ਨੇ ਵੀ ਮੱਧ ਪੰਜਾਬ ਦੇ ਸ਼ਹਿਰ ਪਠਾਨਕੋਟ, ਗੁਰਦਾਸਪੁਰ, ਮੁਕੇਰੀਆਂ, ਜਲੰਧਰ, ਸੁਲਤਾਨਪੁਰ ਲੋਧੀ, ਲੁਧਿਆਣਾ, ਮੋਗਾ, ਬਰਨਾਲਾ, ਸੰਗਰੂਰ ਅਤੇ ਮਾਨਸਾ ਦੇ ਕੁਝ ਇਲਾਕਿਆਂ ਵਿੱਚ ਅੱਜ ਭਾਰੀ ਮੀਂਹ ਪੈਣ ਲਈ 'ਰੈੱਡ ਅਲਰਟ' ਜਾਰੀ ਕਰ ਦਿੱਤਾ ਹੈ।

ਭਾਰੀ ਮੀਂਹ ਕਾਰਨ ਬਿਆਸ ਦਰਿਆ ਦੇ ਜਲ ਭੰਡਾਰ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਲਗਾਤਾਰ ਚੌਥੇ ਦਿਨ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਰਿਹਾ ਹੈ, ਜਿਸ ਕਾਰਨ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਨੂੰ ਪਾਣੀ ਛੱਡਣਾ ਜਾਰੀ ਰੱਖਣਾ ਪਿਆ।

ਅੱਜ ਸਵੇਰੇ 9 ਵਜੇ ਜਲ ਭੰਡਾਰ ਦਾ ਪੱਧਰ 1,390.84 ਫੁੱਟ ਦਰਜ ਕੀਤਾ ਗਿਆ, ਜੋ ਕਿ 1,390 ਫੁੱਟ ਦੇ ਨਿਰਧਾਰਤ ਖ਼ਤਰੇ ਦੇ ਨਿਸ਼ਾਨ ਤੋਂ ਥੋੜ੍ਹਾ ਵੱਧ ਹੈ। ਡੈਮ ਅਧਿਕਾਰੀਆਂ ਮੁਤਾਬਕ ਅੱਜ ਪਾਣੀ ਦੀ ਆਮਦ 1,32,618 ਕਿਊਸਿਕ ਹੈ। ਸੋਮਵਾਰ ਨੂੰ ਪਾਣੀ ਦੀ ਆਮਦ 79,790 ਕਿਊਸਿਕ ਸੀ ਜੋ 24 ਘੰਟਿਆਂ ਵਿੱਚ 52,828 ਕਿਊਸਕ ਵਧੀ ਹੈ।

ਪਾਣੀ ਦਾ ਦਬਾਅ ਨੂੰ ਸੰਤੁਲਿਤ ਰੱਖਣ ਲਈ ਛੇ ਅਪਰੇਸ਼ਨ ਮਸ਼ੀਨਾਂ ਅਤੇ ਸਪਿਲਵੇ ਗੇਟਾਂ ਰਾਹੀਂ ਇਕੱਠਿਆਂ ਹੀ ਬਿਠਾਸ ਦਰਿਆ 'ਚ 79,891 ਕਿਊਸਿਕ ਪਾਣੀ ਰਿਲੀਜ਼ ਕੀਤਾ ਜਾ ਰਿਹਾ ਹੈ। ਹਾਲਾਂਕਿ ਅੱਜ ਛੱਡਿਆ ਗਿਆ ਪਾਣੀ ਸੋਮਵਾਰ ਨੂੰ ਰਿਲੀਜ਼ ਕੀਤੇ 1,09,920 ਕਿਊਸਿਕ ਪਾਣੀ ਤੋਂ ਘੱਟ ਸੀ।

ਇਸ ਵਿਚੋਂ 17,079 ਕਿਊਸਕ ਟਰਬਾਈਨਾਂ ਰਾਹੀਂ ਜਦਕਿ 62,812 ਕਿਊਸਿਕ ਪਾਣੀ ਸਪਿਲਵੇ ਗੇਟਾਂ ਰਾਹੀਂ ਛੱਡਿਆ ਗਿਆ। ਪਾਣੀ ਛੱਡੇ ਜਾਣ ਨਾਲ ਸ਼ਾਹ ਨਹਿਰ ਬੈਰੇਜ ਡਾਊਨ ਬੁਰਜ ਸਟਰੀਮ 'ਚ ਪਾਣੀ ਦਾ ਵਹਾਅ 68,391 ਕਿਊਸਿਕ ਹੋ ਗਿਆ ਜਦਕਿ ਮੁਕੇਰੀਆਂ ਹਾਈਡਲ ਚੈਨਲ 11,500 ਕਿਊਸਿਕ ਪਾਣੀ ਚੱਲ ਰਿਹਾ ਸੀ।

ਬੀ ਬੀ ਐਮ ਬੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਜਲ ਭੰਡਾਰ 'ਤੇ ਬਰਸਾਤੀ ਮੌਸਮ ਬਣਿਆ ਹੋਇਆ ਹੈ ਅਤੇ ਹੋਰ ਪਾਣੀ ਆਉਣ ਦੀ ਉਮੀਦ ਹੈ ਜਿਸ ਕਾਰਨ ਡੈਮ ਦੇ ਪਾਣੀ ਦਾ ਵਹਾਅ ਸਟੋਰੇਜ ਅਤੇ ਪਾਣੀ ਦੀ ਆਮਦ ਮੁਤਾਬਕ ਐਡਜਸਟ ਕੀਤਾ ਜਾ ਸਕਦਾ ਹੈ।

ਕਾਂਗੜਾ ਜ਼ਿਲ੍ਹਾ ਪ੍ਰਸ਼ਾਸਨ ਨੇ ਪਹਿਲਾਂ ਹੀ ਨੀਵੇਂ ਇਲਾਕਿਆਂ ਵਿੱਚ ਅਲਰਟ ਜਾਰੀ ਕਰ ਦਿੱਤਾ ਹੈ ਜਦਕਿ ਕਿਸਾਨਾਂ ਅਤੇ ਵਸਨੀਕਾਂ ਨੂੰ ਦਰਿਆ ਦੇ ਨੇੜੇ ਖੜ੍ਹੀਆਂ ਫਸਲਾਂ ਅਤੇ ਰਿਹਾਇਸ਼ੀ ਇਲਾਕਾ ਡੁੱਬਣ ਦੀ ਸੰਭਾਵਨਾ ਬਾਰੇ ਚੇਤਾਵਨੀ ਦਿੱਤੀ ਗਈ ਹੈ।

ਬਿਆਸ ਨਦੀ ਦੇ ਇਲਾਕੇ ਅਤੇ ਜਲ ਭੰਡਾਰ ਖੇਤਰਾਂ ਵਿੱਚ ਭਾਰੀ ਬਾਰਿਸ਼ ਕਾਰਨ ਖ਼ਤਰਾ ਹੋਰ ਵੀ ਵਧ ਗਿਆ ਹੈ। ਪਾਮਲਪੁਰ ਦੇ ਸਿੰਚਾਈ ਤੇ ਸਿਹਤ ਵਿਭਾਗ ਮੁਤਾਬਕ ਲੰਘੇ 24 ਘੰਟਿਆਂ ਵਿੱਚ ਸਭ ਤੋਂ ਵੱਧ 102.8 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜਿਸ ਨਾਲ ਉੱਪਰਲੀ ਘਾਟੀ ਵਿੱਚ ਨਦੀਆਂ ਅਤੇ ਨਾਲੇ ਉੱਛਲ ਕੇ ਵਗ ਰਹੇ ਹਨ। ਸ਼ਾਹਪੁਰ ਤੇ ਨਾਦੌਨ 'ਚ 53-53 ਐੱਮਐੱਮ, ਜਦਕਿ ਹਰਸਾਰ 'ਚ 40.2 ਐਮ.ਐਮ., (ਬਾਕੀ ਸਫ਼ਾ 2 'ਤੇ)

## ਹੜ੍ਹ ਪੀੜਤਾਂ ਨੂੰ ਜ਼ਮੀਨਾਂ ਦੀ ਪੱਕੀ ਮਾਲਕੀ ਤੇ ਸੁਰੱਖਿਅਤ ਸਥਾਨਾਂ 'ਤੇ ਰਿਹਾਇਸ਼ੀ ਜਗ੍ਹਾ ਦੇਣ ਦੇ ਯਤਨ ਕਰਾਂਗੇ: ਰਾਜਪਾਲ

**ਚੜ੍ਹਦੀਕਲਾ ਬਿਊਰੋ**

================



ਚੰਡੀਗੜ੍ਹ, 2 ਸਤੰਬਰ: ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਜ਼ਮੀਨਾਂ ਦੀ ਪੱਕੀ ਮਾਲਕੀ ਕਰਕੇ ਗਿਰਦਾਵਰੀ ਰਾਹੀਂ ਫਸਲਾਂ ਦਾ ਮੁਆਵਜ਼ਾ ਦੇਣ ਅਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਰਕਾਰੀ ਸਕੀਮਾਂ ਦਾ ਲਾਭ ਦਿਵਾਉਣ ਸਬੰਧੀ ਮੰਗ ਬਿਲਕੁਲ ਜਾਇਜ਼ ਹੈ ਤੇ ਇਹ ਮਾਮਲਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਧਿਆਨ ਵਿਚ ਲਿਆ ਕੇ ਪੱਕੇ ਤੌਰ 'ਤੇ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਪ੍ਰਗਟਾਵਾ ਅੱਜ ਫਿਰੋਜ਼ਪੁਰ ਦੇ ਪਿੰਡ ਬਾਰੇ ਕੇ ਸਕੂਲ ਵਿੱਚ ਹੜ੍ਹ ਪੀੜਤਾਂ ਲਈ ਬਣਾਏ ਗਏ ਰਾਹਤ ਕੇਂਦਰ ਵਿਚ ਹੜ੍ਹ ਪੀੜਤਾਂ ਨਾਲ ਮੁਲਾਕਾਤ ਮਗਰੋਂ ਪੱਤਰਕਾਰਾਂ ਕੋਲ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਰਣਬੀਰ ਸਿੰਘ ਭੁੱਲਰ, ਕਮਿਸ਼ਨਰ ਫਿਰੋਜ਼ਪੁਰ ਮੰਡਲ ਅਰੁਣ ਸ਼ੇਖੜੀ, ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਅਤੇ ਐੱਸਐੱਸਪੀ ਭੁਪਿੰਦਰ ਸਿੰਘ ਸਿੱਧੂ ਮੌਜੂਦ ਸਨ। ਇਸ ਤੋਂ ਪਹਿਲਾਂ ਰਾਜਪਾਲ ਨੇ ਹੁਸੈਨੀਵਾਲਾ ਸ਼ਹੀਦੀ ਸਮਾਰਕ 'ਤੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ 250 ਤੋਂ ਵੱਧ ਹੜ੍ਹ ਪੀੜਤਾਂ ਨੂੰ ਬਾਰੇ ਕੇ ਸਕੂਲ ਵਿੱਚ ਬਣਾਏ ਰਾਹਤ ਕੇਂਦਰ ਵਿਚ ਸੁਰਖਿਅਤ ਰੱਖਿਆ ਗਿਆ ਹੈ। ਰਾਹਤ ਕੈਂਪ ਵਿੱਚ ਰਹਿ ਰਹੇ ਕਿਸਾਨਾਂ ਨੇ ਦੱਸਿਆ ਕਿ ਨੇ ਉਹ ਪਿਛਲੇ 70 ਸਾਲਾਂ ਤੋਂ ਆਪਣੇ ਬਜ਼ੁਰਗਾਂ ਨਾਲ ਖੇਤੀ ਕਰਦੇ ਆ ਰਹੇ ਹਨ। ਕਿਸਾਨਾਂ ਦੱਸਿਆ ਕਿ ਪਹਿਲਾਂ ਇਨ੍ਹਾਂ ਜ਼ਮੀਨਾਂ ਦੀ ਗਿਰਦਾਵਰੀ ਉਨ੍ਹਾਂ ਦੇ ਨਾਂਅ 'ਤੇ ਸੀ ਪਰ ਸਰਕਾਰੀ ਰਿਕਾਰਡ ਵਿਚ ਹੁਣ ਇਹ ਗਿਰਦਾਵਰੀ ਨਾਂਅ 'ਤੇ ਨਾ ਹੋਣ ਕਰਕੇ ਕਿਸੇ ਵੀ ਸਰਕਾਰੀ ਸਕੀਮ ਦਾ ਲਾਭ ਇਨ੍ਹਾਂ ਨੂੰ ਨਹੀਂ ਮਿਲ ਰਿਹਾ। ਇਸ ਤੋਂ ਇਲਾਵਾ ਕਿਸਾਨਾਂ ਨੇ ਰਾਜਪਾਲ ਤੇ ਧਿਆਨ ਵਿੱਚ ਇਹ ਵੀ ਲਿਆਂਦਾ ਹੈ ਕਿ ਹਰ ਸਾਲ ਹੜ੍ਹਾਂ ਦੀ ਮਾਰ ਤਾਂ ਇਨ੍ਹਾਂ ਨੂੰ ਚੱਲਣੀ ਹੀ ਪੈਂਦੀ ਹੈ ਅਤੇ ਜੰਗ ਦਾ ਮਾਹੌਲ ਬਣਦਾ ਤਾਂ ਵੀ ਆਪਣਾ ਘਰ ਛੱਡ ਕੇ ਸੁਰੱਖਿਅਤ ਸਥਾਨਾਂ 'ਤੇ ਜਾਣਾ ਪੈਂਦਾ ਹੈ। ਰਾਜਪਾਲ ਨੇ ਕਿਹਾ ਕਿ ਕਿਸਾਨਾਂ ਅਤੇ ਆਮ ਲੋਕਾਂ ਨੂੰ ਦੋਹਰੀ ਮਾਰ ਝਲਣੀ ਪੈਂਦੀ ਹੈ, ਇਸ ਲਈ ਉਨ੍ਹਾਂ ਦੀਆਂ ਸਮੱਸਿਆ ਦਾ ਸਥਾਈ ਹੱਲ ਹੋਣਾ ਚਾਹੀਦਾ ਹੈ। (ਬਾਕੀ ਸਫ਼ਾ 2 'ਤੇ)

## ਕੇਂਦਰ ਨੁਕਸਾਨ ਦਾ ਵੱਧ ਮੁਆਵਜ਼ਾ ਦੇਵੇ: ਮਾਨ

**ਮਦਨ ਲਾਲ ਤਿਵਾੜੀ**

================



ਫ਼ਿਰੋਜ਼ਪੁਰ, 2 ਸਤੰਬਰ: ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਲੋਕਾਂ ਨੂੰ ਨਿਗੁਣਾ ਮੁਆਵਜ਼ਾ ਦੇਣ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਮੁਆਵਜ਼ੇ ਲਈ ਮਾਪਦੰਡਾਂ ਵਿੱਚ ਸੋਧ ਕੀਤੀ ਜਾਵੇ।

ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈਣ ਲਈ ਕਿਸ਼ਤੀ ਵਿੱਚ ਫ਼ਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੂਬਾਈ ਆਫ਼ਤ ਰਾਹਤ ਫੰਡ (ਐਸ.ਡੀ.ਆਰ.ਐਫ.) ਵਿੱਚ ਕਾਫ਼ੀ ਫੰਡ ਮੌਜੂਦ ਹਨ ਪਰ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਅਧੀਨ ਮੌਜੂਦਾ ਮਾਪਦੰਡ ਕਿਸਾਨਾਂ, ਪਸ਼ੂ ਪਾਲਕਾਂ ਤੇ ਹੋਰ ਵਰਗਾਂ ਨੂੰ ਹੋਏ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਲਈ ਨਾਕਾਫ਼ੀ ਹਨ। ਉਨ੍ਹਾਂ ਕਿਹਾ ਕਿ ਨੋਟੀਫਾਇਡ ਸ਼ਰਤਾਂ ਕਿਸਾਨਾਂ ਦੇ ਅਸਲ ਨੁਕਸਾਨ ਦੇ ਮੁਕਾਬਲੇ ਪ੍ਰਸੰਗਿਕ ਨਹੀਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫ਼ਸਲਾਂ ਪਾਲਣ ਲਈ ਕਿਸਾਨਾਂ ਦੀ ਵਧੀ ਲਾਗਤ ਦੇ ਮੁਕਾਬਲੇ ਕਿਸਾਨਾਂ ਨੂੰ ਇਸ ਕੁਦਰਤੀ ਆਫ਼ਤ ਕਾਰਨ ਹੋਏ ਨੁਕਸਾਨ ਲਈ ਪ੍ਰਤੀ ਏਕੜ ਮੁਆਵਜ਼ਾ ਬਹੁਤ ਘੱਟ ਹੈ। ਪਿੰਡ ਗਟੀ ਰਾਜੋ ਕੀ ਵਿੱਚ ਅਧਿਕਾਰੀਆਂ ਨਾਲ ਕਿਸ਼ਤੀ ਰਾਹੀਂ ਹਾਲਾਤ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੱਕਣ ਕੰਢੇ ਪੁੱਜੀਆਂ ਫ਼ਸਲਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਅਤੇ ਕਿਸਾਨਾਂ ਨੂੰ ਘੱਟੋ-ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ ਅਤੇ ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਐਕਸਗ੍ਰੇਸ਼ੀਆ ਮੌਜੂਦਾ ਚਾਰ ਲੱਖ ਤੋਂ ਵਧਾ ਕੇ ਅੱਠ ਲੱਖ ਰੁਪਏ ਤੱਕ ਕਰਨ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫੱਟੜ ਹੋ ਕੇ ਆਪਣੇ ਅੰਗ ਗਵਾਉਣ ਵਾਲਿਆਂ ਨੂੰ 40 ਤੋਂ 60 ਫੀਸਦੀ ਅਪੰਗਤਾ ਲਈ 74 ਹਜ਼ਾਰ ਰੁਪਏ ਮਿਲਦੇ ਹਨ, ਜੋ ਵਧਾ ਕੇ 1.50 ਲੱਖ ਰੁਪਏ ਕੀਤੇ ਜਾਣ ਅਤੇ 60 ਫੀਸਦੀ ਤੋਂ ਵੱਧ ਅਪੰਗਤਾ ਲਈ 2.50 ਲੱਖ ਰੁਪਏ ਤੋਂ ਵਧਾ ਕੇ ਪੰਜ ਲੱਖ ਰੁਪਏ ਪ੍ਰਤੀ ਵਿਅਕਤੀ ਦਿੱਤੇ ਜਾਣ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸਮੇਂ-ਸਮੇਂ ਉੱਤੇ ਕੇਂਦਰ ਸਰਕਾਰ ਤੋਂ ਕਿਸਾਨਾਂ ਲਈ ਨੁਕਸਾਨ ਦਾ ਮੁਆਵਜ਼ਾ ਵਧਾਉਣ ਦੀ ਮੰਗ ਕਰਦੇ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਕੱਲ੍ਹ ਉਨ੍ਹਾਂ ਨੂੰ ਫੋਨ ਕੀਤਾ ਸੀ ਅਤੇ ਉਨ੍ਹਾਂ ਨੂੰ ਸਾਰੀ ਸਥਿਤੀ ਬਾਰੇ ਜਾਣੂ ਕਰਵਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ (ਬਾਕੀ ਸਫ਼ਾ 2 'ਤੇ)

## ਮੇਰੀ ਮਾਂ ਦਾ ਅਪਮਾਨ ਭਾਰਤ ਦੀ ਹਰੇਕ ਮਾਂ, ਧੀ ਤੇ ਭੈਣ ਦਾ ਨਿਰਾਦਰ: ਮੋਦੀ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 2 ਸਤੰਬਰ: ਬਿਹਾਰ ਵਿੱਚ ਅਗਾਮੀ ਅਸੈਂਬਲੀ ਚੋਣਾਂ ਦੇ ਮੱਦੇਨਜ਼ਰ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਦੀਆਂ ਸਾਂਝੀਆਂ ਸਟੇਜਾਂ ਤੋਂ ਕੁਝ ਆਗੂਆਂ ਵੱਲੋਂ ਆਪਣੀ ਸਵਰਗੀ ਮਾਂ ਖਿਲਾਫ਼ ਕੀਤੀਆਂ ਗਈਆਂ ਹਾਲੀਆ ਗੈਰਵਾਜਬ ਟਿੱਪਣੀਆਂ 'ਤੇ ਚੁੱਪੀ ਤੋੜਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਮਾਂ ਦਾ ਅਪਮਾਨ ਭਾਰਤ ਦੀ ਹਰ ਮਾਂ, ਧੀ ਅਤੇ ਭੈਣ ਦਾ ਨਿਰਾਦਰ ਹੈ। ਕਾਂਗਰਸ ਤੇ ਆਰਜੇਡੀ ਦੇ ਮੰਚ ਤੋਂ ਉਨ੍ਹਾਂ ਦੀ ਮਾਂ ਨੂੰ ਕੱਢੀਆਂ ਗਈਆਂ ਗਾਲ੍ਹਾਂ ਦੇ ਹਵਾਲੇ ਨਾਲ ਮੋਦੀ ਨੇ ਕਿਹਾ ਕਿ ਉਹ ਬਿਹਾਰ ਦੀਆਂ ਮਾਵਾਂ ਅਤੇ ਧੀਆਂ ਨਾਲ ਆਪਣਾ ਦਰਦ ਸਾਂਝਾ ਕਰ ਰਹੇ ਹਨ ਤਾਂ ਜੋ ਉਹ ਇਸ ਨੂੰ ਸਹਿ ਸਕਣ। ਉਨ੍ਹਾਂ ਬਿਹਾਰ ਵਿਚ ਰਾਜ ਜੀਵਿਕਾ ਨਿਧੀ ਸਾਖ ਸਹਿਕਾਰੀ ਸੰਘ ਲਿਮਟਿਡ ਨੂੰ ਵੀਡੀਓ ਕਾਨਫਰੰਸਿੰਗ ਜ਼ਰੀਏ ਲਾਂਚ ਕਰਦੇ ਹੋਏ ਕਿਹਾ, "ਮੈਂ ਜਾਣਦਾ ਹਾਂ ਕਿ ਬਿਹਾਰ ਦੀਆਂ ਮਾਵਾਂ, ਧੀਆਂ ਅਤੇ ਭੈਣਾਂ ਇਸ ਬੇਇੱਜ਼ਤੀ ਤੋਂ ਓਨੀਆਂ ਹੀ ਦੁਖੀ ਹਨ ਜਿੰਨਾ ਮੈਂ ਹਾਂ।" ਸ੍ਰੀ ਮੋਦੀ ਨੇ ਕਿਹਾ ਕਿ ਉਹ 50 ਸਾਲਾਂ ਤੋਂ ਵੱਧ ਸਮੇਂ ਤੋਂ ਸਮਾਜ ਅਤੇ ਦੇਸ਼ ਦੀ ਸੇਵਾ ਕਰ ਰਹੇ ਹਨ ਅਤੇ ਰਾਜਨੀਤੀ ਵਿੱਚ ਬਾਅਦ ਵਿੱਚ ਆਏ ਸਨ।

ਪ੍ਰਧਾਨ ਮੰਤਰੀ ਨੇ ਵਿਰੋਧੀ ਧਿਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ, "ਹਰ ਮਾਂ ਚਾਹੁੰਦੀ ਹੈ ਕਿ ਉਸ ਦਾ ਪੁੱਤਰ ਉਹਦੀ ਸੇਵਾ ਕਰੇ। ਪਰ ਮੇਰੀ ਮਾਂ ਨੇ ਮੈਨੂੰ ਸਾਰੇ ਪਿਤਾ-ਪੁਰਖੀ ਫਰਜ਼ਾਂ ਨੂੰ ਤਿਆਗਣ ਦੀ ਇਜਾਜ਼ਤ ਦਿੱਤੀ ਤਾਂ ਜੋ ਮੈਂ ਆਪਣਾ ਜੀਵਨ ਦੇਸ਼ ਦੀ ਸੇਵਾ ਲਈ ਸਮਰਪਿਤ ਕਰ ਸਕਾਂ। ਅਜਿਹੀ ਮਾਂ ਜਿਸ ਦਾ ਮੇਰੇ ਜੀਵਨ ਵਿੱਚ ਬਹੁਤ ਵੱਡਾ ਯੋਗਦਾਨ ਹੈ ਅਤੇ ਜਿਸ ਦਾ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਉਸ 'ਤੇ ਅਪਸ਼ਬਦਾਂ ਨਾਲ ਹਮਲਾ ਕੀਤਾ ਗਿਆ। ਮੈਂ ਦੇਖ ਸਕਦਾ ਹਾਂ ਕਿ ਤੁਹਾਨੂੰ ਇਸ 'ਤੇ ਕਿੰਨਾ ਦੁੱਖ ਹੋ ਰਿਹਾ ਹੈ। ਇਹ ਬਹੁਤ ਦੁਖਦਾਈ ਹੈ।" ਪ੍ਰਧਾਨ ਮੰਤਰੀ ਨੇ ਆਪਣੀ ਮਾਂ ਨੂੰ ਯਾਦ ਕੀਤਾ ਜੋ ਸੌ ਸਾਲ ਦੀ ਉਮਰ ਪੂਰੀ ਕਰਨ ਤੋਂ ਬਾਅਦ ਅਕਾਲ ਚਲਾਣਾ ਕਰ ਗਈ ਸੀ। ਉਨ੍ਹਾਂ ਕਿਹਾ ਕਿ ਬਿਹਾਰ ਦੀਆਂ ਔਰਤਾਂ ਉਸ ਦਰਦ ਨੂੰ ਮਹਿਸੂਸ ਕਰਨਗੀਆਂ ਜੋ ਉਨ੍ਹਾਂ ਨੇ ਵਿਰੋਧੀ ਧਿਰ ਵੱਲੋਂ ਗਾਲ੍ਹਾਂ ਕੱਢੇ ਜਾਣ ਮਗਰੋਂ ਮਹਿਸੂਸ ਕੀਤਾ ਸੀ।

### ਸੁਪਰੀਮ ਕੋਰਟ ਨੇ ਸੁਣਾਇਆ ਇਤਿਹਾਸਕ ਫ਼ੈਸਲਾ

## ਹੁਣ ਪਹਿਲੀ ਤੋਂ ਅੱਠਵੀਂ ਜਮਾਤ ਦੇ ਅਧਿਆਪਕਾਂ ਨੂੰ 2 ਸਾਲਾਂ 'ਚ ਪਾਸ ਕਰਨਾ ਪਵੇਗਾ 'ਟੈਟ'

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 2 ਸਤੰਬਰ: ਸੁਪਰੀਮ ਕੋਰਟ ਨੇ ਪ੍ਰਾਇਮਰੀ ਤੇ ਜੂਨੀਅਰ ਕਲਾਸਾਂ ਨੂੰ ਪੜ੍ਹਾਉਣ ਵਾਲੇ ਯਾਨੀ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਬਾਰੇ ਮਹੱਤਵਪੂਰਣ ਫ਼ੈਸਲਾ ਦਿੱਤਾ ਹੈ। ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਦੋ ਸਾਲਾਂ 'ਚ ਟੀ.ਈ.ਟੀ. (ਅਧਿਆਪਕ ਪਾਤਰਤਾ ਪ੍ਰੀਖਿਆ) ਪਾਸ ਕਰਨੀ ਪਵੇਗੀ ਨਹੀਂ ਤਾਂ ਉਨ੍ਹਾਂ ਦੀ ਨੌਕਰੀ ਚਲੀ ਜਾਏਗੀ। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਪੂਰੇ ਦੇਸ਼ ਦੇ ਪ੍ਰਾਇਮਰੀ ਤੇ ਜੂਨੀਅਰ ਅਧਿਆਪਕਾਂ 'ਤੇ ਬਰਾਬਰ ਰੂਪ ਨਾਲ ਲਾਗੂ ਹੋਵੇਗਾ, ਜਿਨ੍ਹਾਂ ਦੀ ਨਿਯੁਕਤੀ ਸਿੱਖਿਆ ਦੇ ਅਧਿਕਾਰ (ਆਰ.ਟੀ.ਈ.) ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਹੋਈ ਸੀ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ 'ਚ ਕਿਹਾ ਹੈ ਕਿ ਜਿਹੜੇ ਅਧਿਆਪਕ ਨੌਕਰੀ 'ਚ ਹਨ ਤੇ ਉਨ੍ਹਾਂ ਦੀ ਨੌਕਰੀ ਹਾਲੇ ਪੰਜ ਸਾਲਾਂ ਤੋਂ ਜ਼ਿਆਦਾ ਬਚੀ ਹੋਈ ਹੈ, ਉਨ੍ਹਾਂ ਨੂੰ ਵੀ ਨੌਕਰੀ 'ਚ ਬਣੇ ਰਹਿਣ ਲਈ ਦੋ ਸਾਲਾਂ ਦੇ ਅੰਦਰ ਟੀ.ਈ.ਟੀ. ਪਾਸ ਕਰਨਾ ਪਵੇਗਾ। ਨੌਕਰੀ ਕਰ ਰਹੇ ਪ੍ਰਾਇਮਰੀ ਤੇ ਜੂਨੀਅਰ ਸਕੂਲਾਂ ਦੇ ਅਧਿਆਪਕਾਂ ਦੇ (ਬਾਕੀ ਸਫ਼ਾ 2 'ਤੇ)

## 'ਆਪ' ਵਿਧਾਇਕ ਹਰਮੀਤ ਪਠਾਣਮਾਜਰਾ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ

### ਨਾਟਕੀ ਢੰਗ ਨਾਲ ਪੁਲਿਸ ਹਿਰਾਸਤ 'ਚੋਂ ਫ਼ਰਾਰ

**ਚੜ੍ਹਦੀਕਲਾ ਬਿਊਰੋ**

================



ਪਟਿਆਲਾ, 2 ਸਤੰਬਰ: ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਖ਼ਿਲਾਫ਼ ਬਲਾਤਕਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਪੁਲਿਸ ਨੇ ਪਠਾਣਮਾਜਰਾ ਨੂੰ ਕਰਨਾਲ ਦੇ ਡਾਬਰੀ ਪਿੰਡ ਤੋਂ ਗ੍ਰਿਫ਼ਤਾਰ ਕੀਤਾ, ਪਰ ਵਿਧਾਇਕ ਦੇ ਸਮਰਥਕਾਂ ਵੱਲੋਂ ਕੀਤੀ ਧੱਕਾਮੁੱਕੀ ਦੌਰਾਨ ਉਹ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਗਿਆ। ਪੰਜਾਬ ਤੇ ਹਰਿਆਣਾ ਪੁਲਿਸ ਵੱਲੋਂ ਮਿਲ ਕੇ ਪਠਾਣਮਾਜਰਾ ਦੀ ਭਾਲ ਕੀਤੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਪਟਿਆਲਾ ਪੁਲਿਸ ਦੀ ਟੀਮ ਸਥਾਨਕ ਕਰਨਾਲ ਪੁਲਿਸ ਅਤੇ ਐੱਸਐੱਚਓ ਪੱਧਰ ਦੇ ਤਿੰਨ ਅਧਿਕਾਰੀਆਂ ਨਾਲ 'ਆਪ' ਵਿਧਾਇਕ ਨੂੰ ਗ੍ਰਿਫ਼ਤਾਰ ਕਰਨ ਲਈ ਮੌਕੇ 'ਤੇ ਪਹੁੰਚੀ ਸੀ। ਹਾਲਾਂਕਿ ਪਠਾਣਮਾਜਰਾ ਪਿੰਡ ਵਾਸੀਆਂ ਤੇ ਸਮਰਥਕਾਂ ਦੀ ਮਦਦ ਨਾਲ ਇੱਕ ਚਿੱਟੇ ਰੰਗ ਦੀ ਐੱਸਯੂਵੀ ਵਿੱਚ ਮੌਕੇ ਤੋਂ ਭੱਜਣ ਵਿੱਚ ਸਫ਼ਲ ਰਿਹਾ। ਪੁਲਿਸ ਸੂਤਰਾਂ ਅਨੁਸਾਰ ਭੱਜਣ ਦੌਰਾਨ ਕਥਿਤ ਤੌਰ 'ਤੇ ਗੋਲੀਆਂ ਚਲਾਈਆਂ ਗਈਆਂ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ, 'ਕਈ ਟੀਮਾਂ ਦੀ ਮੌਜੂਦਗੀ ਦੇ ਬਾਵਜੂਦ, ਵਿਧਾਇਕ ਸਥਾਨਕ ਲੋਕਾਂ ਦੀ ਮਦਦ ਨਾਲ ਭੱਜ ਗਿਆ। ਅਸੀਂ ਹੁਣ ਉਸ ਨੂੰ ਲੱਭਣ ਲਈ ਹਰਿਆਣਾ ਪੁਲਿਸ ਨਾਲ ਤਾਲਮੇਲ ਕਰ ਰਹੇ ਹਾਂ।' ਪਠਾਣਮਾਜਰਾ ਦੇ ਮੌਕੇ ਤੋਂ ਭੱਜਣ ਦੌਰਾਨ ਐਸ.ਯੂ.ਵੀ. ਨਾਲ ਟਕਰਾਉਣ ਤੋਂ ਬਾਅਦ ਇੱਕ ਪੁਲਿਸ ਕਰਮਚਾਰੀ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਨੇ ਕਿਹਾ ਕਿ ਡਿਊਟੀ 'ਤੇ ਮੌਜੂਦ ਪੁਲਿਸ ਅਧਿਕਾਰੀ 'ਤੇ ਹਮਲਾ ਕਰਨ ਅਤੇ ਜ਼ਖਮੀ ਕਰਨ ਲਈ ਵੱਖਰੇ ਤੌਰ 'ਤੇ ਕੇਸ ਦਰਜ ਕੀਤਾ ਜਾਵੇਗਾ। ਪਠਾਣਮਾਜਰਾ ਖ਼ਿਲਾਫ਼ ਕੇਸ ਅਜਿਹੇ ਮੌਕੇ ਦਰਜ ਕੀਤਾ ਗਿਆ ਹੈ ਜਦੋਂ 'ਆਪ' ਵਿਧਾਇਕ ਵੱਲੋਂ ਹੜ੍ਹ ਪ੍ਰਬੰਧਨ ਤੇ ਰਾਹਤ ਕਾਰਜਾਂ ਨੂੰ ਲੈ ਕੇ (ਬਾਕੀ ਸਫ਼ਾ 2 'ਤੇ)

## ਅਮਰੀਕਾ ਨਾਲ ਦੁਵੱਲੇ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਿਹੈ ਭਾਰਤ: ਪਿਊਸ਼ ਗੋਇਲ



ਨਵੀਂ ਦਿੱਲੀ, 2 ਸਤੰਬਰ (ਚੜ੍ਹਦੀਕਲਾ ਬਿਊਰੋ): ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਮੰਗਲਵਾਰ ਨੂੰ ਕਿਹਾ ਕਿ ਭਾਰਤ ਸੰਯੁਕਤ ਰਾਜ ਅਮਰੀਕਾ ਨਾਲ ਇੱਕ ਦੁਵੱਲੇ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਪਹਿਲਾਂ ਹੀ ਆਸਟਰੇਲੀਆ, ਯੂ.ਏ.ਈ., ਮੌਰੀਸ਼ਸ, ਯੂ.ਕੇ. ਅਤੇ ਚਾਰ-ਯੂਰਪੀ ਮੁਲਕਾਂ ਦੇ ਬਲਾਕ ਈ.ਐਫ.ਟੀ.ਏ. ਨਾਲ ਮੁਕਤ ਵਪਾਰ ਸਮਝੌਤੇ 'ਤੇ ਦਸਤਖ਼ਤ ਕਰ ਚੁੱਕਾ ਹੈ। ਉਦਯੋਗ (ਬਾਕੀ ਸਫ਼ਾ 2 'ਤੇ)

## ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ...

**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**

================



ਅੱਜ ਪੰਜਾਬ ਹੜ੍ਹਾਂ ਵਿੱਚ ਡੁੱਬਿਆ ਹੋਇਆ ਹੈ। ਅੱਜ ਪੰਜਾਬ ਦੀ ਬਾਂਹ ਕੌਣ ਫੜੇ। ਇਸ ਵੇਲੇ ਜ਼ਮੀਨ ਤੇ ਪਾਣੀ ਹੈ। ਖੇਤ ਪਾਣੀ ਨਾਲ ਭਰੇ ਹੋਏ ਹਨ। ਅੱਧੇ ਤੋਂ ਜ਼ਿਆਦਾ ਪੰਜਾਬ ਦੀ ਧਰਤੀ ਤੇ ਲੋਕਾਂ ਨੂੰ ਇਸ ਤਬਾਹੀ ਦੇ ਉਸ ਕਿਨਾਰੇ 'ਤੇ ਉਜਾੜ ਵਿੱਚ ਲਿਆ ਖੜ੍ਹਾ ਕੀਤਾ ਹੈ ਜਿੱਥੇ ਦੁਬਾਰਾ ਪੈਰਾਂ 'ਤੇ ਆਉਣ ਵਾਸਤੇ ਕਈ ਦਹਾਕੇ ਲੱਗ ਸਕਦੇ ਹਨ।

**ਅੱਜ ਇਸ ਨੁਕਸਾਨ ਦੀ ਭਰਪਾਈ ਕੌਣ ਕਰੇ ?**

ਇਸ ਵੇਲੇ ਸਭ ਤੋਂ ਵੱਡੀ ਮਦਦ ਦੀ ਆਸ ਉਸ ਵਾਹਿਗੁਰੂ ਦੀ ਓਟ ਹੈ ਤੇ ਉਹਦੀ ਰਜ਼ਾ ਵਿੱਚ ਸਿਦਕ ਨਾਲ ਰਹਿਣਾ ਤੇ ਜ਼ਿੰਦਗੀ ਜਿਉਣ ਵਾਸਤੇ ਸੰਘਰਸ਼ ਕਰਨਾ ਇਹ ਪੰਜਾਬੀਆਂ ਦੀ ਖਾਸੀਅਤ ਰਹੀ ਹੈ। ਇਸ ਸਦਮੇ, ਨੁਕਸਾਨ ਤੇ ਭਿਆਨਕ ਮੰਜ਼ਰ ਤੋਂ ਬਾਅਦ ਵੀ ਪੰਜਾਬ ਫਿਰ ਉਠੇਗਾ। ਫਿਰ ਧੜਕੇਗਾ। ਫ਼ਿਰ ਆਪਣੇ ਪੈਰਾਂ 'ਤੇ ਖੜ੍ਹਾ ਹੋਵੇਗਾ। ਇਹੀ ਤਾਂ ਹੋਣੀਆਂ ਵਿੱਚ ਜਿਉਣ ਦਾ ਰੰਗ ਹੈ।

ਇਹ ਹੀ ਪੰਜਾਬ ਦੀ ਪਹਿਚਾਣ ਹੈ ਜੁਝਾਰੂਪਨ ਤੇ ਜ਼ਿੰਦਾ ਰਹਿਣ ਦਾ ਸੰਘਰਸ਼, ਪ੍ਰੰਤੂ ਰੱਬ ਵੀ ਕਈ ਵਾਰ ਇਮਤਿਹਾਨ ਲੈਂਦਾ ਹੈ ਤੇ ਪ੍ਰਕਿਰਤੀ ਵੀ।

ਪੰਜਾਬ ਅੱਜ ਦੁੱਖਾਂ ਦੇ ਸਮੁੰਦਰ ਵਿਚ ਡੁੱਬਿਆ ਹੋਇਆ ਹੈ। ਅਜਿਹੀ ਘੋਰ ਤਬਾਹੀ ਜੋ ਇਸ ਵਕਤ ਹੜ੍ਹਾਂ ਨੇ ਮਚਾਈ ਹੈ, ਉਸਦਾ ਸਾਹਮਣਾ ਸਿਰਫ਼ ਪੰਜਾਬੀ ਮਨੁੱਖ ਨਹੀਂ ਕਰ ਰਿਹਾ, ਸਗੋਂ ਪਸ਼ੂ-ਪੰਛੀ, ਧਰਤੀ ਅਤੇ ਫ਼ਸਲਾਂ ਵੀ ਇਸ ਮਾਰ ਦਾ ਸ਼ਿਕਾਰ ਬਣ ਰਹੇ ਹਨ। ਪੰਜਾਬ ਦੇ ਪਿੰਡ, ਕਸਬੇ, ਗਲੀਆਂ ਅਤੇ ਖੇਤ — ਹਰ ਥਾਂ ਪਾਣੀ ਦੀ ਇਸ ਬੇਰਹਿਮੀ ਨੇ ਜ਼ਿੰਦਗੀ ਨੂੰ ਬੇਸਹਾਰਾ ਕਰ ਦਿੱਤਾ ਹੈ।

ਅਜਿਹੇ ਵੇਲੇ ਸਿੱਖ ਰਿਵਾਇਤਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਦੁੱਖ-ਕਲੇਸ਼ ਵਿੱਚ ਮਨੁੱਖ ਵਾਹਿਗੁਰੂ ਵੱਲ ਮੁੜਦਾ ਹੈ ਅਤੇ ਉਸ ਦੀ ਬਖ਼ਸ਼ੀ ਰਹਿਮਤ ਮੰਗਦਾ ਹੈ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ਕੇਵਲ ਯੁੱਧ ਦੇ ਮੈਦਾਨ ਵਿਚੋਂ ਉਹਨਾਂ ਦੇ ਸਾਧਕ ਦੀ ਦਿਲੀ ਆਵਾਜ਼ ਨਹੀਂ ਸੀ, ਸਗੋਂ ਕਠਿਨਾਈ ਵਿੱਚ ਵੀ ਅਡਿੱਗ ਵਿਸ਼ਵਾਸ ਦਾ ਪ੍ਰਤੀਕ ਸੀ। ਅੱਜ ਪੰਜਾਬੀ ਜਨਤਾ ਦੀ ਦਿਲੀ ਪੁਕਾਰ ਵੀ ਉਸੇ ਸ਼ਬਦ ਵਾਂਗ ਹੈ—ਹੇ ਸਾਹਿਬ! ਸਾਨੂੰ ਇਸ ਪਾਣੀ ਦੀ ਮਾਰ ਤੋਂ ਬਚਾਅ, ਸਾਡੀਆਂ ਬੇਬੱਸ ਅੱਖਾਂ ਵਿੱਚੋਂ ਤਾਕਤ ਦਾ ਚਾਨਣ ਬਣਾ, ਅਸੀਸ ਬਖ਼ਸ਼ ਕਿ ਅਸੀਂ ਫਿਰ ਖੜੇ ਹੋ ਸਕੀਏ।

ਇਹ ਹੜ੍ਹਾਂ ਦੀ ਸਥਿਤੀ ਤੇ ਕਰੋਪੀ ਸਾਨੂੰ ਦੋਹਰਾ ਸੰਦੇਸ਼ ਦੇ ਰਹੀਆਂ ਹਨ—ਇੱਕ ਪਾਸੇ ਕੁਦਰਤ ਦੇ ਕਹਿਰ ਦੀ ਯਾਦ, ਦੂਜੇ ਪਾਸੇ ਇਨਸਾਨੀ ਜ਼ਿੰਮੇਵਾਰੀ ਦੀ ਪਰਖ। ਜਿਥੇ ਰਹਿਮਤ ਲਈ ਅਰਦਾਸ ਲੋੜੀਂਦੀ ਹੈ, ਓਥੇ ਹੀ ਆਪਣੇ ਕਰਤਬਾਂ ਦੀ ਸਮੀਖਿਆ ਵੀ ਲੋੜੀਂਦੀ ਹੈ। ਬੇਰੁਖ਼ੀ ਨਾਲ ਕੁਦਰਤੀ ਸਰੋਤਾਂ ਦਾ ਦੁਰਉਪਯੋਗ, ਦਰਿਆਈ ਪੱਟੀਆਂ ਤੇ ਕਬਜ਼ੇ ਅਤੇ ਬੇਤਰਤੀਬੀ ਨਾਲ ਵਿਕਾਸ—ਇਹ ਸਾਰੇ ਕਾਰਨ ਅਜਿਹੀ ਤਬਾਹੀ ਨੂੰ ਹੋਰ ਵਧਾਉਂਦੇ ਹਨ।

ਗੁਰੂ ਸਾਹਿਬ ਦਾ ਫ਼ਲਸਫ਼ਾ ਸਾਨੂੰ ਸਿਖਾਉਂਦਾ ਹੈ ਕਿ ਮੁਸ਼ਕਲ ਵੇਲੇ ਡਰਨਾ ਨਹੀਂ, ਸਗੋਂ ਹਿੰਮਤ ਨਾਲ ਖੜ੍ਹਨਾ ਹੈ। 'ਚਿੜੀਓਂ ਸੇ ਮੈਂ ਬਾਜ਼ ਤੜਾਊਂ'ਵਾਲੀ ਰੂਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਕਿੰਨੀ ਵੀ ਵੱਡੀ ਆਫ਼ਤ ਆ ਜਾਵੇ, ਸਾਂਝੀ ਤਾਕਤ ਨਾਲ ਉਸ ਨੂੰ ਜਿੱਤਿਆ ਜਾ ਸਕਦਾ ਹੈ। ਅੱਜ ਹਰ ਪੰਜਾਬੀ ਦਾ ਫ਼ਰਜ਼ ਹੈ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਹੱਥ ਵਧਾਏ, ਆਪਣੇ ਸਾਧਨ ਸਾਂਝੇ ਕਰੇ ਅਤੇ ਸਰਕਾਰਾਂ ਤੇ ਅਦਾਰਿਆਂ ਨੂੰ ਹੋਰ ਸੁਚੱਜਾ ਬਣਨ ਲਈ ਉਤੇਜਿਤ ਕਰੇ।

ਇਹ ਸੰਕਟ ਸਮਾਂ ਸਿਰਫ਼ ਹੜ੍ਹਾਂ ਤੇ ਮੁਸੀਬਤਾਂ ਦਾ ਹੀ ਨਹੀਂ, ਸਾਡੀ ਮਨੁੱਖਤਾ ਦੀ ਕਸੌਟੀ ਦਾ ਸਮਾਂ ਹੈ। 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ, ਅੱਜ ਹਰ ਪੰਜਾਬੀ ਦੀ ਅਰਦਾਸ ਹੈ—ਹੇ ਵਾਹਿਗੁਰੂ! ਸਾਨੂੰ ਬਲ ਬਖ਼ਸ਼, ਰਹਿਮਤ ਬਖ਼ਸ਼, ਤਾਂ ਜੋ ਅਸੀਂ ਇਸ ਦੁੱਖ ਦੇ ਸਮੁੰਦਰ 'ਚੋਂ ਨਿਕਲ ਕੇ ਫ਼ਿਰ ਨਵੇਂ ਚਾਨਣ ਵੱਲ ਵਧ ਸਕੀਏ।

ਜ਼ਿੰਦਗੀ ਹਮੇਸ਼ਾ ਇਮਤਿਹਾਨ ਲੈਂਦੀ ਹੈ ਤੇ ਪੰਜਾਬੀਆਂ ਤੇ ਇਸ ਬਾਰੇ ਕੁਦਰਤ ਦੀ ਇਸ ਤਬਾਹੀ ਦਾ ਮੰਜ਼ਰ ਸ਼ਾਇਦ ਇੱਕ ਇਮਤਿਹਾਨ ਹੀ ਹੈ। ਇਸ 'ਚੋਂ ਵੀ ਤਕੜੇ ਹੋ ਕੇ ਤੇ ਹੋਰ ਮਜ਼ਬੂਤ ਜ਼ਿੰਦਗੀ ਦੇ ਸੰਘਰਸ਼ ਨੂੰ ਅਗਲੀਆਂ ਸਫ਼ਾਂ ਤੱਕ ਲਿਜਾਉਣ ਵਾਲੇ ਪੰਜਾਬੀ ਫ਼ਿਰ ਆਪਣੇ ਪੈਰਾਂ 'ਤੇ ਆਉਣਗੇ ਪਰ ਇਸ ਵਕਤ ਜ਼ਰੂਰਤ ਹੈ ਕਿ ਸਭ ਦੇ ਇਕੱਠੇ ਹੋ ਕੇ ਜੋ ਇਸ ਤਬਾਹੀ ਦੀ ਮਾਰ ਹੇਠ ਹਨ ਉਹਨਾਂ ਦੀ ਬਾਂਹ ਫੜੀਏ। ਜੋ ਕਰ ਸਕਦੇ ਹਾਂ ਉਹ ਦੇਕੇ ਉਹਨਾਂ ਦਾ ਸਹਾਰਾ ਬਣੀਏ ਇਹ ਹੀ ਪੰਜਾਬ ਦੀ ਰਿਵਾਇਤ ਹੈ ਤੇ ਇਹੋ ਹੀ ਗੁਰੂ ਸਾਹਿਬ ਨੇ ਸਿਖਾਇਆ ਹੈ। ਰੱਬ ਰਾਖਾ।

### ਟਰੰਪ ਨੇ ਕੀਤਾ ਦਾਅਵਾ

## 'ਭਾਰਤ ਨੇ ਅਮਰੀਕਾ 'ਤੇ ਟੈਰਿਫ਼ ਘਟਾਉਣ ਦੀ ਕੀਤੀ ਸੀ ਪੇਸ਼ਕਸ਼'

ਵਾਸ਼ਿੰਗਟਨ, 2 ਸਤੰਬਰ (ਚੜ੍ਹਦੀਕਲਾ ਬਿਊਰੋ): ਅਮਰੀਕੀ ਰਾਸ਼ਟਰਪਤੀ ਟਰੰਪ ਨੇ ਸੋਮਵਾਰ ਨੂੰ ਦਾਅਵਾ ਕੀਤਾ ਕਿ ਭਾਰਤ ਨੇ ਅਮਰੀਕਾ 'ਤੇ ਟੈਰਿਫ ਘਟਾਉਣ ਦੀ ਪੇਸ਼ਕਸ਼ ਕੀਤੀ ਹੈ ਪਰ ਹੁਣ ਬਹੁਤ ਦੇਰ ਹੋ ਚੁੱਕੀ ਹੈ। ਭਾਰਤ ਨਾਲ ਵਪਾਰਕ ਸਬੰਧਾਂ ਨੂੰ 'ਇੱਕਪਾਸੜ' ਦੱਸਦੇ ਹੋਏ ਉਨ੍ਹਾਂ ਕਿਹਾ ਕਿ ਭਾਰਤ ਅਮਰੀਕਾ ਨੂੰ ਬਹੁਤ ਸਾਰੀਆਂ ਚੀਜ਼ਾਂ ਵੇਚਦਾ ਹੈ ਜਦਕਿ ਅਮਰੀਕਾ ਭਾਰਤ ਨੂੰ ਬਹੁਤ ਘੱਟ ਚੀਜ਼ਾਂ ਵੇਚਦਾ ਹੈ। ਟਰੰਪ ਨੇ 'ਟਰੂਥ ਸੋਸ਼ਲ' 'ਤੇ ਲਿਖਿਆ ਕਿ ਭਾਰਤ ਨੇ ਅਮਰੀਕੀ ਸਾਮਾਨ 'ਤੇ ਬਹੁਤ ਜ਼ਿਆਦਾ ਟੈਰਿਫ ਲਾਏ ਹਨ, ਜਿਸ ਕਾਰਨ ਅਮਰੀਕੀ ਕੰਪਨੀਆਂ ਲਈ ਭਾਰਤ ਵਿਚ ਸਾਮਾਨ ਵੇਚਣਾ ਮੁਸ਼ਕਿਲ ਹੋ ਗਿਆ ਹੈ। ਇਹ ਪੂਰੀ ਤਰ੍ਹਾਂ ਇੱਕਪਾਸੜ ਆਫ਼ਤ ਰਹੀ ਹੈ। (ਬਾਕੀ ਸਫ਼ਾ 2 'ਤੇ)

# ਰਾਹਤ ਸਮੱਗਰੀ ਦਾ ਹੋ ਰਿਹੈ ਗ਼ਲਤ ਪ੍ਰਬੰਧਨ, ਕਾਲਾਬਾਜ਼ਾਰੀ ਤੋਂ ਲੋਕ ਦੁਖੀ



ਚੰਡੀਗੜ੍ਹ, 2 ਸਤੰਬਰ (ਚ.ਨ.ਸ.) : ਪੰਜਾਬ ਦੇ ਕਈ ਜ਼ਿਲ੍ਹੇ ਹੜ੍ਹਾਂ ਤੋਂ ਪ੍ਰਭਾਵਿਤ ਹਨ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਉਹ ਹੜ੍ਹ ਪ੍ਰਭਾਵਿਤ ਖੇਤਰ ਦੇ ਲੋਕਾਂ ਨੂੰ ਨਿਯਮਿਤ ਤੌਰ 'ਤੇ ਰਾਹਤ ਸਮੱਗਰੀ ਅਤੇ ਪਸ਼ੂਆਂ ਲਈ ਚਾਰਾ ਵੰਡ ਰਹੀ ਹੈ, ਪਰ ਕਈ ਖੇਤਰਾਂ ਤੋਂ ਕਥਿਤ ਤੌਰ 'ਤੇ 'ਰਾਹਤ ਸਮੱਗਰੀ ਦੀ ਵੰਡ ਵਿੱਚ ਗਲਤ ਪ੍ਰਬੰਧਨ ਅਤੇ ਕਾਲਾਬਾਜ਼ਾਰੀ' ਦੀਆਂ ਸ਼ਿਕਾਇਤਾਂ ਆਈਆਂ ਹਨ।

ਲਾਲਵਾਲਾ ਪਿੰਡ ਦੇ ਸਰਪੰਚ ਅਵਤਾਰ ਸਿੰਘ ਨੇ ਦੋਸ਼ ਲਗਾਇਆ ਕਿ ਅਜਨਾਲਾ ਵਿੱਚ ਰਾਹਤ ਸਮੱਗਰੀ ਦੀ ਵੰਡ ਵਿੱਚ ਗਲਤ ਪ੍ਰਬੰਧਨ ਹੈ। ਲੋੜਵੰਦ ਲੋਕਾਂ ਨੂੰ ਇਹ ਨਹੀਂ ਮਿਲ ਰਿਹਾ ਹੈ। ਤਿੰਨ ਦਿਨ ਹੋ ਗਏ ਹਨ ਅਤੇ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਲਾਲਵਾਲਾ ਪਿੰਡ ਨਹੀਂ ਆਇਆ ਹੈ। ਇਸਦਾ ਕਾਰਨ ਬਹੁਤ ਜ਼ਿਆਦਾ ਪਾਣੀ ਭਰ ਜਾਣਾ ਹੋ ਸਕਦਾ ਹੈ।

ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੂੰ ਅਜੇ ਤੱਕ ਪਸ਼ੂਆਂ ਲਈ ਚਾਰਾ ਨਹੀਂ ਮਿਲਿਆ ਹੈ। ਹੁਣ ਤੱਕ ਸਿਰਫ਼ ਚਾਰ ਬੰਡਲ ਆਏ ਹਨ। ਐਨਡੀਆਰਐਫ ਦੀ ਇੱਕ ਕਿਸ਼ਤੀ ਰਾਸ਼ਨ ਸਮੱਗਰੀ ਲੈ ਕੇ ਆਈ ਸੀ, ਪਰ ਸਾਨੂੰ ਆਪਣੇ ਪਸ਼ੂਆਂ ਨੂੰ ਵੀ ਖੁਆਉਣਾ ਹੈ। ਅਸੀਂ ਅੱਜ ਅਜਨਾਲਾ ਗਏ ਅਤੇ ਪਿੰਡਾਂ ਵਿੱਚ ਅਸਥਾਈ ਝੌਂਪੜੀਆਂ ਲਈ ਪੋਲੀਥੀਨ ਦੇ ਕਾਗਜ਼ ਲੈ ਕੇ ਆਏ। ਇਹ ਐਨਜੀਓ ਦੁਆਰਾ ਮੁਹੱਈਆ ਕਰਵਾਏ ਗਏ ਸਨ।

ਅਵਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਿੰਡ ਵਿੱਚ ਹੁਣ ਤੱਕ ਸਿਰਫ਼ ਦੋ ਤੋਂ ਚਾਰ ਇੰਚ ਪਾਣੀ ਹੀ ਘਟਿਆ ਹੈ, ਇਸ ਲਈ ਸਥਿਤੀ ਮੁਸ਼ਕਲ ਬਣੀ ਹੋਈ ਹੈ। ਸਾਨੂੰ ਸਮੇਂ ਸਿਰ ਸਹੀ ਸਹਾਇਤਾ ਨਹੀਂ ਮਿਲ ਰਹੀ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਾਲਾਬਾਜ਼ਾਰੀ ਦਾ ਦੋਸ਼ ਲਗਾਇਆ

ਕਿਸਾਨ ਮਜ਼ਦੂਰ ਸੰਘਰਸ਼ ਸਮਿਤੀ ਦੇ ਪ੍ਰਧਾਨ ਸਰਵਣ ਸਿੰਘ ਪੰਧੇਰ ਨੇ ਸਾਮਾਨ ਦੀਆਂ ਕੀਮਤਾਂ ਵਿੱਚ ਭਾਰੀ ਵਾਧੇ ਦੇ ਵਿਚਕਾਰ 'ਕਾਲਾਬਾਜ਼ਾਰੀ' ਦਾ ਦੋਸ਼ ਲਗਾਇਆ।ਉਨ੍ਹਾਂ ਕਿਹਾ ਕਿ ਐਮਰਜੈਂਸੀ ਵਿੱਚ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਬਿਸਕੁਟਾਂ ਦੇ ਇੱਕ ਪੈਕੇਟ ਦੀ ਕੀਮਤ 80 ਰੁਪਏ ਵਧ ਗਈ ਹੈ। 25 ਕਿਲੋਗ੍ਰਾਮ ਚਾਰੇ ਦੇ ਪੈਕੇਟ ਦੀ ਕੀਮਤ, ਜਿਸਦੀ ਕੀਮਤ 550 ਰੁਪਏ ਸੀ, ਹੁਣ 630 ਰੁਪਏ ਹੋ ਗਈ ਹੈ।

ਸਰਵਣ ਸਿੰਘ ਪੰਧੇਰ ਨੇ ਇਹ ਵੀ ਦਾਅਵਾ ਕੀਤਾ ਕਿ ਬਚਾਅ ਕਾਰਜਾਂ ਲਈ ਲੋੜੀਂਦੀਆਂ ਕਿਸ਼ਤੀਆਂ ਦੀ ਕੀਮਤ ਦੁੱਗਣੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਲੱਕੜ ਦੀ ਇੱਕ ਕਿਸ਼ਤੀ, ਜੋ ਪਹਿਲਾਂ 30,000 ਰੁਪਏ ਵਿੱਚ ਵਿਕਦੀ ਸੀ, ਹੁਣ 60,000 ਰੁਪਏ ਹੋ ਗਈ ਹੈ। ਚੰਡੀਗੜ੍ਹ ਅਤੇ ਰੋਪੜ ਵਿੱਚ ਫਾਈਬਰ-ਰਬੜ ਵਾਲੀ ਕਿਸ਼ਤੀ ਦੀ ਕੀਮਤ 30,000-40,000 ਰੁਪਏ ਤੋਂ ਵੱਧ ਕੇ 80,000 ਰੁਪਏ ਹੋ ਗਈ ਹੈ। ਔਨਲਾਈਨ ਪਲੇਟਫਾਰਮਾਂ 'ਤੇ ਇਸ ਤੋਂ ਵੀ ਵੱਡਾ ਵਾਧਾ ਦੇਖਿਆ ਜਾ ਰਿਹਾ ਹੈ, ਜਿੱਥੇ ਕਿਸ਼ਤੀ ਦੀ ਕੀਮਤ 125,000 ਰੁਪਏ ਤੋਂ ਵੱਧ ਕੇ 165,000 ਰੁਪਏ ਹੋ ਗਈ ਹੈ। ਰਾਹਤ ਸਮੱਗਰੀ ਦੀ ਕੀਮਤ ਲਗਭਗ 250,000 ਰੁਪਏ ਹੋ ਗਈ ਹੈ। ਜਨਰੇਟਰਾਂ ਅਤੇ ਹੋਰ ਸਮਾਨ ਦੀਆਂ ਕੀਮਤਾਂ ਵਿੱਚ ਵੀ ਭਾਰੀ ਵਾਧਾ ਹੋ ਰਿਹਾ ਹੈ।

**ਗੁਰਦਾਸਪੁਰ ਦੇ ਅਧਿਕਾਰੀਆਂ ਦਾ ਕੀ ਕਹਿਣਾ ਹੈ?**

ਗੁਰਦਾਸਪੁਰ ਜ਼ਿਲ੍ਹੇ ਦੇ ਲੋਕ ਸੰਪਰਕ ਅਧਿਕਾਰੀ ਇੰਦਰਜੀਤ ਸਿੰਘ ਹਰਪੁਰਾ ਨੇ ਕਿਹਾ, ਰਾਜ ਭਰ ਤੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਦੇ ਟਰੱਕ ਆਉਣੇ ਸ਼ੁਰੂ ਹੋ ਗਏ ਹਨ। ਜ਼ਿਆਦਾਤਰ ਦਾਨੀ ਡੇਰਾ ਬਾਬਾ ਨਾਨਕ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਉਹ ਦੂਰ-ਦੁਰਾਡੇ ਥਾਵਾਂ ਤੋਂ ਆ ਰਹੇ ਹਨ ਅਤੇ ਪੰਜਾਬ ਦੇ ਭੂਗੋਲ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੇ। ਇਸੇ ਕਰਕੇ ਉਹ ਆਮ ਤੌਰ 'ਤੇ ਡੇਰਾ ਬਾਬਾ ਨਾਨਕ ਰੋਡ 'ਤੇ ਪੈਂਦੇ ਪਿੰਡਾਂ ਵਿੱਚ ਹੀ ਰਾਹਤ ਸਮੱਗਰੀ ਵੰਡਦੇ ਹਨ ਅਤੇ ਫਿਰ ਵਾਪਸ ਚਲੇ ਜਾਂਦੇ ਹਨ। ਨਤੀਜੇ ਵਜੋਂ, ਕਲਾਨੌਰ ਖੇਤਰ ਦੇ ਸਰਹੱਦੀ ਪਿੰਡਾਂ ਵਿੱਚ ਬਹੁਤ ਘੱਟ ਰਾਹਤ ਸਮੱਗਰੀ ਪਹੁੰਚ ਰਹੀ ਹੈ, ਜੋ ਕਿ ਮੁੱਖ ਸੜਕਾਂ ਤੋਂ ਦੂਰ ਹਨ। ਕੁਝ ਸਥਾਨਕ ਵਲੰਟੀਅਰ ਇਨ੍ਹਾਂ ਥਾਵਾਂ 'ਤੇ ਪਹੁੰਚੇ ਹਨ, ਪਰ ਮੁੱਖ ਸੜਕ 'ਤੇ ਪੈਂਦੇ ਪਿੰਡਾਂ ਦੇ ਮੁਕਾਬਲੇ ਉਨ੍ਹਾਂ ਦੀ ਗਿਣਤੀ ਘੱਟ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਤੋਂ ਬਾਹਰਲੇ ਦਾਨੀ ਅਕਸਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮੱਗਰੀ ਕਿੱਥੇ ਵੰਡਣੀ ਹੈ ਬਾਰੇ ਪੁੱਛਦੇ ਹਨ। ਇਸ ਦੇ ਮੱਦੇਨਜ਼ਰ, ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਲ੍ਹੇ ਵਿੱਚ ਰਾਹਤ ਸਮੱਗਰੀ ਵੰਡਣ ਲਈ ਨੋਡਲ ਅਫ਼ਸਰ ਨਿਯੁਕਤ ਕੀਤੇ ਹਨ।ਇਸ ਨਾਲ ਸੇਵਾ ਸੰਸਥਾਵਾਂ ਨੂੰ ਸਹੀ ਜਾਣਕਾਰੀ ਮਿਲੇਗੀ ਅਤੇ ਰਾਹਤ ਉਨ੍ਹਾਂ ਤੱਕ ਪਹੁੰਚੇਗੀ ਜਿਨ੍ਹਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ।

**ਪਿੰਡ ਵਾਸੀਆਂ ਦਾ ਕੀ ਕਹਿਣਾ ਹੈ?**

ਪਿੰਡ ਵਾਸੀਆਂ ਅਨੁਸਾਰ, ਕਈ ਗੈਰ-ਸਰਕਾਰੀ ਸੰਗਠਨ ਅਤੇ ਕਈ ਵਾਰ ਮਾਲਵਾ ਅਤੇ ਮਾਝਾ ਖੇਤਰਾਂ ਦੇ ਉਹ ਪਿੰਡ, ਜੋ ਹੜ੍ਹਾਂ ਤੋਂ ਪ੍ਰਭਾਵਿਤ ਨਹੀਂ ਹਨ, ਵੱਡੀ ਮਾਤਰਾ ਵਿੱਚ ਰਾਹਤ ਸਮੱਗਰੀ ਭੇਜ ਰਹੇ ਹਨ। ਪਰ 'ਅਵਿਵਸਥਾ ਅਤੇ ਸ਼ੋਸ਼ਣ' ਕਾਰਨ ਰਾਹਤ ਕਾਰਜਾਂ ਵਿੱਚ ਮੁਸ਼ਕਲਾਂ ਆ ਰਹੀਆਂ ਹਨ। ਲੋਕ ਕਹਿੰਦੇ ਹਨ ਕਿ ਸਮਾਜ ਸੇਵਕ ਅਤੇ ਵਲੰਟੀਅਰ ਸਰਗਰਮ ਹਨ, ਪਰ ਕੁਝ ਗੁੰਡੇ ਅਤੇ ਚੋਰ ਸੜਕ ਕਿਨਾਰੇ ਤੋਂ ਸਾਮਾਨ ਖੋਹ ਕੇ ਨਾਜਾਇਜ਼ ਫਾਇਦਾ ਉਠਾ ਰਹੇ ਹਨ।

ਯੰਗ ਪ੍ਰੋਗਰੈਸਿਵ ਫਾਰਮਰਜ਼ ਪ੍ਰੋਡਿਊਸਰਜ਼ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਗੁਰਬਿੰਦਰ ਸਿੰਘ ਬਾਜਵਾ ਨੇ ਕਿਹਾ, 'ਅਸੀਂ ਲੋਕਾਂ ਦੀ ਪਹਿਲਕਦਮੀ 'ਤੇ ਬਹੁਤ ਸਾਰੇ ਕੰਮ ਕਰਨ ਦੀ ਕੋਸ਼ਿਸ਼ ਕੀਤੀ, ਜਿਵੇਂ ਕਿ ਖਡੂਰ ਸਾਹਿਬ, ਡੇਰਾ ਬਾਬਾ ਨਾਨਕ, ਕਲਾਨੌਰ ਅਤੇ ਰਾਮਦਾਸ ਵਰਗੇ ਬਲਾਕਾਂ ਵਿੱਚ, ਪਸ਼ੂਆਂ ਦੇ ਡਾਕਟਰਾਂ ਦੇ ਸਹਿਯੋਗ ਨਾਲ, ਵਿਭਾਗੀ ਰਿਕਾਰਡਾਂ ਦੇ ਆਧਾਰ 'ਤੇ। ਅੰਮ੍ਰਿਤਸਰ ਪ੍ਰਸ਼ਾਸਨ ਵੀ ਅਜਿਹੇ ਕਦਮ ਚੁੱਕ ਸਕਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਮਦਦ ਅਸਲ ਪਸ਼ੂ ਮਾਲਕਾਂ ਤੱਕ ਪਹੁੰਚੇ।' ਡੈਮੋਕ੍ਰੇਟਿਕ ਰਾਈਟਸ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਰਤਨ ਸਿੰਘ ਰੰਧਾਵਾ ਨੇ ਕਿਹਾ, 'ਪੁਲਿਸ ਜ਼ਿਆਦਾਤਰ ਟ੍ਰੈਫਿਕ ਕੰਟਰੋਲ 'ਤੇ ਧਿਆਨ ਕੇਂਦਰਤ ਕਰਦੀ ਹੈ, ਜਦੋਂ ਕਿ ਰਾਹਤ ਸਮੱਗਰੀ ਲਿਜਾਣ ਵਾਲਿਆਂ ਨੂੰ ਕਾਨੂੰਨ ਵਿਵਸਥਾ ਦੀ ਢਿੱਲ ਕਾਰਨ ਪਰੇਸ਼ਾਨ ਕੀਤਾ ਜਾਂਦਾ ਹੈ। ਪੁਲਿਸ ਲਈ ਇਹ ਪਛਾਣਨਾ ਮੁਸ਼ਕਲ ਹੈ ਕਿ ਕੌਣ ਸਥਿਤੀ ਦਾ ਫਾਇਦਾ ਉਠਾ ਰਿਹਾ ਹੈ ਅਤੇ ਰਾਹਤ ਸਮੱਗਰੀ ਇਕੱਠੀ ਕਰ ਰਿਹਾ ਹੈ। ਕਈ ਵਾਰ, ਮਾੜੇ ਪ੍ਰਬੰਧਾਂ ਕਾਰਨ ਰਾਹਤ ਸਮੱਗਰੀ ਸੁੱਟ ਦਿੱਤੀ ਜਾਂਦੀ ਹੈ ਜਾਂ ਬਿਲਕੁਲ ਵੀ ਵੰਡੀ ਨਹੀਂ ਜਾਂਦੀ। ਜੇਕਰ ਬਿਹਤਰ ਅਨੁਸ਼ਾਸਨ ਹੋਵੇ, ਤਾਂ ਕੰਮ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਹੋ ਸਕਦਾ ਹੈ।'

## ਹੜ੍ਹਾਂ ਦੀ ਮਾਰ ਹੇਠਲੇ ਇਲਾਕਿਆਂ 'ਚੋਂ ਕਰੀਬ 20,000 ਵਿਅਕਤੀ ਸੁਰੱਖਿਅਤ ਕੱਢੇ

ਚੰਡੀਗੜ੍ਹ, , 2 ਸਤੰਬਰ (ਚ.ਨ.ਸ.) : ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਪੰਜਾਬ ਹਾਲ ਹੀ ਦੇ ਦਹਾਕਿਆਂ ਦੇ ਸਭ ਤੋਂ ਵੱਡੇ ਹੜ੍ਹਾਂ ਵਿੱਚੋਂ ਇੱਕ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿੱਚ 23 ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਆਉਣ ਨਾਲ 30 ਮਨੁੱਖੀ ਜਾਨਾਂ ਗਈਆਂ ਹਨ ਅਤੇ 3.54 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਮੇਂ ਸਿਰ ਰਾਹਤ ਪਹੁੰਚਾਉਣ, ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਅਤੇ ਉਨ੍ਹਾਂ ਦੇ ਮੁੜ-ਵਸੇਬੇ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ।

ਕੈਬਨਿਟ ਮੰਤਰੀ ਨੇ ਵੇਰਵੇ ਦਿੰਦਿਆਂ ਦੱਸਿਆ ਕਿ ਹੁਣ ਤੱਕ ਨੀਵੇਂ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ 19,597 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ, ਜਿਸ ਵਿੱਚ ਗੁਰਦਾਸਪੁਰ 'ਚੋਂ (5581 ਵਿਅਕਤੀ), ਫਿਰੋਜ਼ਪੁਰ (3432), ਅੰਮ੍ਰਿਤਸਰ (2734), ਫਾਜ਼ਿਲਕਾ (2422), ਹੁਸ਼ਿਆਰਪੁਰ (1615), ਕਪੂਰਥਲਾ (1428) ਅਤੇ ਪਠਾਨਕੋਟ (1139) ਤੋਂ ਇਲਾਵਾ ਬਰਨਾਲਾ (369), ਜਲੰਧਰ (474), ਰੂਪਨਗਰ (65), ਮਾਨਸਾ (163), ਮੋਗਾ (115) ਅਤੇ ਤਰਨ ਤਾਰਨ 'ਚੋਂ (60) ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਠਹਿਰ ਅਤੇ ਜ਼ਰੂਰੀ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਭਰ ਵਿੱਚ 174 ਰਾਹਤ ਕੈਂਪ ਸਥਾਪਤ ਕੀਤੇ ਗਏ ਹਨ। ਇਨ੍ਹਾਂ ਵਿੱਚ ਬਰਨਾਲਾ ਵਿੱਚ 29 ਕੈਂਪ, ਪਟਿਆਲਾ ਵਿੱਚ 26, ਗੁਰਦਾਸਪੁਰ ਵਿੱਚ 25, ਹੁਸ਼ਿਆਰਪੁਰ ਵਿੱਚ 20, ਅੰਮ੍ਰਿਤਸਰ ਵਿੱਚ 16, ਪਠਾਨਕੋਟ ਵਿੱਚ 14, ਫਾਜ਼ਿਲਕਾ ਵਿੱਚ 10, ਮੋਗਾ ਵਿੱਚ 9, ਫਿਰੋਜ਼ਪੁਰ ਅਤੇ ਜਲੰਧਰ ਵਿੱਚ 8-8, ਕਪੂਰਥਲਾ ਵਿੱਚ 4, ਰੂਪਨਗਰ ਵਿੱਚ 3 ਅਤੇ ਮਾਨਸਾ ਅਤੇ ਸੰਗਰੂਰ ਵਿੱਚ 1-1 ਕੈਂਪ ਸਾਮਲ ਹਨ। ਇਸ ਸਮੇਂ ਇਨ੍ਹਾਂ ਕੈਂਪਾਂ ਵਿੱਚ 5167 ਲੋਕਾਂ ਨੂੰ ਠਹਿਰਾਇਆ ਗਿਆ ਹੈ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਹੁਸ਼ਿਆਰਪੁਰ ਦੇ (1041) ਵਿਅਕਤੀ, ਫਾਜ਼ਿਲਕਾ (1304), ਫਿਰੋਜ਼ਪੁਰ (706), ਗੁਰਦਾਸਪੁਰ (424), ਅੰਮ੍ਰਿਤਸਰ (371), ਬਰਨਾਲਾ (369) ਅਤੇ ਜਲੰਧਰ ਦੇ (474) ਅਤੇ ਹੋਰਨਾਂ 'ਚ ਮਾਨਸਾ ਦੇ 163, ਮੋਗਾ ਦੇ 115, ਸੰਗਰੂਰ ਦੇ 60, ਕਪੂਰਥਲਾ ਦੇ 57, ਪਠਾਨਕੋਟ ਦੇ 48 ਅਤੇ ਰੂਪਨਗਰ ਦੇ 35 ਵਿਅਕਤੀ ਸ਼ਾਮਲ ਹਨ।

## ਅਕਾਲ ਸੇਵਾ ਹੜ੍ਹ ਰਾਹਤ ਅਤੇ ਮੁੜ ਵਸੇਬਾ ਟੀਮ ਵੱਲੋਂ ਅੰਮ੍ਰਿਤਸਰ ਪ੍ਰੈੱਸ ਕਲੱਬ ਵਿਖੇ ਪ੍ਰੈੱਸ ਕਾਨਫਰੰਸ

# ਅੱਜ ਸਾਨੂੰ ਮਿਲ ਜੁਲ ਕੇ ਪੰਜਾਬ ਨਾਲ ਖੜ੍ਹਨ ਦੀ ਲੋੜ ਹੈ: ਜਗਜੀਤ ਸਿੰਘ ਮੁੱਖ ਸੇਵਾਦਾਰ




ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ) : ਪੰਜਾਬ ਵਿਚ ਬਣੇ ਹੜ੍ਹ ਦੇ ਹਾਲਾਤਾਂ ਨੂੰ ਦੇਖਦਿਆਂ ਅੱਜ ਅਕਾਲ ਸੇਵਾ ਹੜ੍ਹ ਰਾਹਤ ਅਤੇ ਮੁੜ ਵਸੇਬਾ ਟੀਮ ਵੱਲੋਂ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੇਵਾ ਨਿਭਾਉਣ ਦੀ ਰੂਪ ਰੇਖਾ ਸਬੰਧੀ ਇੱਕ ਪ੍ਰੈਸ ਵਾਰਤਾ ਅੰਮ੍ਰਿਤਸਰ ਪ੍ਰੈਸ ਕਲੱਬ ਵਿੱਚ ਕਰ ਮੀਡੀਆ ਨਾਲ ਇਹ ਗੱਲਬਾਤ ਸਾਂਝੀ ਕੀਤੀ, ਕਿ ਉਨ੍ਹਾਂ ਵੱਲੋਂ ਇਸ ਆਪਦਾ ਦੀ ਘੜੀ ਵਿਚ ਲੋਕਾਂ ਨੂੰ ਰਾਹਤ ਦਿੱਤੀ ਜਾਵੇਗੀ ਜਿਸ ਵਿਚ ਪਹਿਲਾ ਰਾਹਤ ਅਤੇ ਬਾਦ ਵਿਚ ਮੁੜ ਵਸੇਬਾ ਦੇ ਕਾਰਜ ਕੀਤੇ ਜਾਣਗੇ।ਇਸ ਸਬੰਧੀ ਗੱਲਬਾਤ ਕਰਦੀਆਂ ਅਕਾਲ ਸੇਵਾ ਹੜ ਰਾਹਤ ਅਤੇ ਮੁੜ ਵਸੇਬਾ ਟੀਮ ਦੇ ਮੁੱਖ ਸੇਵਾਦਾਰ ਭਾਈ ਜਗਜੀਤ ਸਿੰਘ ਨੇ ਦੱਸਿਆ ਕਿ ਅੱਜ ਅਸੀ ਇਹ ਪ੍ਰੈਸ ਕਾਨਫ੍ਰੰਸ ਕਰਨ ਦਾ ਮਕਸਦ ਇਹ ਹੈ ਕਿ ਲੋਕਾਂ ਨੂੰ ਅਪੀਲ ਕੀਤੀ ਜਾਹ ਸਕੇ ਕਿ ਵੱਧ ਚੜ੍ਹ ਕੇ ਸੇਵਾ ਦੇ ਲਹੀ ਅਗੇ ਆਹੋ. ਤਾਹ ਜੋ ਆਪਾਂ ਜਿਨ੍ਹਾਂ ਦੇ ਘਰ ਦੇ ਘਰ ਬਰਬਾਦ ਹੋ ਚੁੱਕੇ ਹਨ।

ਮਿਲ ਜੁਲਕੇ ਓਹਨਾਂ ਦਾ ਮੁੜ ਵਸੇਬਾ ਕਰ ਸਕੀਏ.ਇਸ ਮੌਕੇ ਜੋ ਚੀਜ਼ਾਂ ਦੀ ਲੋੜ ਹੈ ਓਹੀ ਲੈ ਕੇ ਆਇਆ ਜਾਵੇ ਜਿਨ੍ਹਾਂ ਵਿਚ ਓਹਨਾਂ ਨੇ ਦੱਸਿਆ ਕਿ ਸਿਲੰਡਰ, ਮੰਜੇ, ਪਾਣੀ ਵਾਲੀਆਂ ਟੈਂਕੀਆਂ, ਸੁੱਕਾ ਦੁੱਧ, ਮੱਛਰ ਦਾਨੀ ਵਗੈਰਾ ਚੀਜ਼ਾਂ ਦੀ ਲੋੜ ਹੈ। ਇਸ ਦੇ ਨਾਲ ਦੀ ਨਾਲ ਓਹਨਾਂ ਨੇ ਕਹਾ ਕਿ ਮਹਿਲਾਵਾਂ ਦੇ ਲਹੀ ਸੈਂਟਰੀ ਪੈਡ ਵੀ ਆਰਡਰ ਕੀਤੇ ਗਏ ਨੇ ਜੋ ਅੱਜ ਹੀ ਮਹਿਲਾਵਾਂ ਤੱਕ ਪਹੁੰਚਾਇਆ ਜਾਵੇਗਾ।ਇਸ ਤੋ ਇਲਾਵਾ ਉਹਨਾਂ ਬਾਕੀ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਰ ਤੁਹਾਨੂੰ ਕਿਸੇ ਵੀ ਚੀਜ਼ ਦੀ ਲੋੜ ਹੈ ਅਸੀ ਮੁਹੱਈਆ ਕਰਵਾਇਆ ਗਿਆ। ਕਿਉਂ ਕਿ ਸਾਡੀਆਂ 130 ਦੇ ਕਰੀਬ ਟੀਮ ਨੇ ਸਾਨੂੰ ਕਿਸੇ ਵੀ ਇਲਾਕੇ 'ਚ ਪਹੁੰਚਣ ਲਈ 2 ਘੰਟੇ ਤੋਂ ਵੱਧ ਦਾ ਸਮਾਂ ਨਹੀਂ ਲਗੇ ਗਾ।ਜਿਨ੍ਹਾਂ ਪਿੰਡਾਂ ਤਕ ਰਾਹਤ ਨਹੀਂ ਸੀ ਪਹੁੰਚ ਪਾਹ ਰਹੀ ਸੀ। ਓਹਨਾਂ ਪਿੰਡਾਂ ਤਕ ਹੈਲੀਕਾਪਟਰ ਰਾਹੀਂ ਮੈਡਮ ਨਾਲ ਮੀਟਿੰਗ ਕਰ ਕੇ ਪਹੁੰਚਾਇਆ ਗਿਆ।

ਅਖੀਰ ਦੇ ਵਿੱਚ ਓਹਨਾਂ ਨੇ ਇਕ ਹੈਲਪ ਲਾਈਨਜ਼ ਨੰਬਰ ਦਿੱਤਾ ਅਤੇ ਅਪੀਲ ਕੀਤੀ ਕ ਕਿਸੇ ਨੂੰ ਵੀ ਜ਼ਰੂਰਤ ਹੈ ਇਹਨਾਂ ਨੰਬਰਾਂ 'ਤੇ ਸੰਪਰਕ ਕੀਤਾ ਜਾਵੇ।

## ਹਾਈ ਕੋਰਟ ਵੱਲੋਂ ਹੜ੍ਹ ਰਾਹਤ ਬਾਰੇ ਦਾਇਰ ਪਟੀਸ਼ਨ 'ਤੇ ਹੁਕਮ ਪਾਸ ਕਰਨ ਤੋਂ ਨਾਂਹ




ਚੰਡੀਗੜ੍ਹ, 2 ਸਤੰਬਰ (ਚ.ਨ.ਸ.) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਰਾਹਤ ਅਤੇ ਪੁਨਰਵਾਸ ਸਹੂਲਤਾਂ ਦੀ ਮੰਗ ਕਰਨ ਵਾਲੀ ਜਨਹਿੱਤ ਪਟੀਸ਼ਨ 'ਤੇ ਕੋਈ ਹੁਕਮ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਨੂੰ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਆਪਣੀ ਸਾਰੀ ਊਰਜਾ ਲਗਾਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਯਸ਼ਵੀਰ ਸਿੰਘ ਰਾਠੌਰ ਦੀ ਡਿਵੀਜ਼ਨ ਬੈਂਚ ਨੇ ਸੁਣਵਾਈ ਦੌਰਾਨ ਜ਼ੁਬਾਨੀ ਟਿੱਪਣੀ ਕਰਦਿਆਂ ਕਿਹਾ, 'ਜਿਵੇਂ ਹੀ ਅਸੀਂ ਕੋਈ ਹੁਕਮ ਦਿੰਦੇ ਹਾਂ, ਸਰਕਾਰੀ ਅਧਿਕਾਰੀ ਰਾਹਤ ਕਾਰਜ ਛੱਡ ਕੇ ਜਵਾਬ ਤਿਆਰ ਕਰਨਾ ਸ਼ੁਰੂ ਕਰ ਦੇਣਗੇ। ਉਨ੍ਹਾਂ ਦਾ ਸਮਾਂ ਅਤੇ ਊਰਜਾ ਹੜ੍ਹ ਪੀੜਤਾਂ ਦੀ ਮੱਦਦ ਕਰਨ ਦੀ ਬਜਾਏ ਕਾਨੂੰਨੀ ਪ੍ਰਕਿਰਿਆ ਵਿੱਚ ਖਰਚ ਹੋਣੀ ਸ਼ੁਰੂ ਹੋ ਜਾਵੇਗੀ, ਜੋ ਪੀੜਤਾਂ ਦੇ ਹਿੱਤ ਵਿੱਚ ਨਹੀਂ ਹੋਵੇਗਾ।'

ਇਹ ਜਨਹਿੱਤ ਪਟੀਸ਼ਨ ਵਕੀਲ ਸ਼ੁਭਮ ਦੁਆਰਾ ਵਕੀਲ ਅੰਗਰੇਜ ਸਿੰਘ ਰਾਹੀਂ ਦਾਇਰ ਕੀਤੀ ਗਈ ਸੀ। ਪਟੀਸ਼ਨਰ ਨੇ ਕਿਹਾ ਕਿ ਹੜ੍ਹਾਂ ਨੇ ਪੰਜਾਬ ਅਤੇ ਹਰਿਆਣਾ ਦੇ ਕਈ ਖੇਤਰਾਂ ਵਿੱਚ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਨੂੰ ਵਿਗਾੜ ਦਿੱਤਾ ਹੈ, ਪਰ ਸਰਕਾਰ ਵੱਲੋਂ ਜ਼ਮੀਨੀ ਪੱਧਰ 'ਤੇ ਲੋੜੀਂਦੀ ਰਾਹਤ ਨਹੀਂ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਖ਼ਬਰਾਂ ਦਾ ਹਵਾਲਾ ਦਿੱਤਾ ਕਿ ਹੁਣ ਤੱਕ 29 ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਸ 'ਤੇ ਚੀਫ਼ ਜਸਟਿਸ ਨੇ ਕਿਹਾ, 'ਸਿਰਫ਼ ਮੌਤਾਂ ਦੀ ਗਿਣਤੀ ਇਹ ਸਾਬਤ ਨਹੀਂ ਕਰਦੀ ਕਿ ਸਰਕਾਰੀ ਮਸ਼ੀਨਰੀ ਕੰਮ ਨਹੀਂ ਕਰ ਰਹੀ ਹੈ। ਆਫ਼ਤ ਪ੍ਰਬੰਧਨ ਵਿਭਾਗ ਨੂੰ ਆਪਣਾ ਕੰਮ ਕਰਨਾ ਚਾਹੀਦਾ ਹੈ।' ਅਦਾਲਤ ਨੇ ਅੱਗੇ ਕਿਹਾ ਕਿ ਪਟੀਸ਼ਨ ਵਿੱਚ ਠੋਸ ਤੱਥਾਂ ਅਤੇ ਵੇਰਵਿਆਂ ਦੀ ਘਾਟ ਹੈ, ਇਸ ਲਈ ਪਟੀਸ਼ਨਰ ਨੂੰ 'ਬਿਹਤਰ ਵੇਰਵੇ' ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਹ ਪਟੀਸ਼ਨ 25 ਅਗਸਤ ਤੋਂ 29 ਅਗਸਤ, 2025 ਦਰਮਿਆਨ ਆਏ ਭਿਆਨਕ ਹੜ੍ਹਾਂ ਤੋਂ ਬਾਅਦ ਦਾਇਰ ਕੀਤੀ ਗਈ ਸੀ। ਇਸ ਹੜ੍ਹ ਨੇ ਪੰਜਾਬ ਅਤੇ ਹਰਿਆਣਾ ਦੇ ਕਈ ਹਿੱਸਿਆਂ ਵਿੱਚ ਭਾਰੀ ਤਬਾਹੀ ਮਚਾਈ, ਹਜ਼ਾਰਾਂ ਲੋਕ ਪ੍ਰਭਾਵਿਤ ਹੋਏ, ਘਰ ਤਬਾਹ ਹੋ ਗਏ ਅਤੇ ਖੇਤੀਬਾੜੀ ਅਤੇ ਪਸ਼ੂਧਨ ਨੂੰ ਭਾਰੀ ਨੁਕਸਾਨ ਪਹੁੰਚਿਆ। ਫਿਲਹਾਲ, ਅਦਾਲਤ ਨੇ ਰਾਜ ਸਰਕਾਰਾਂ ਨੂੰ ਰਾਹਤ ਕਾਰਜ ਜਾਰੀ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ ਅਤੇ ਪਟੀਸ਼ਨਕਰਤਾ ਨੂੰ ਵਿਸਤ੍ਰਿਤ ਤੱਥ ਪੇਸ਼ ਕਰਨ ਲਈ ਕਿਹਾ ਹੈ।

## ਦੀਪਕ ਮਿੱਤਲ ਹੋਣਗੇ ਸੰਯੁਕਤ ਅਰਬ

ਪਹਿਲੇ ਸਫ਼ੇ ਦੀ ਬਾਕੀ

ਮਿੱਤਲ ਨੇ ਇਸ ਤੋਂ ਪਹਿਲਾਂ 2020 ਤੋਂ 2022 ਤਕ ਕਤਰ ਵਿਚ ਭਾਰਤ ਦੇ ਸਫ਼ੀਰ ਵਜੋਂ ਸੇਵਾ ਨਿਭਾਈ ਸੀ। ਦੋਹਾਂ ਵਿਚ ਅਪਣੇ ਕਾਰਜਕਾਲ ਦੌਰਾਨ, ਨਵੀਂ ਦਿੱਲੀ ਨੇ ਅਗੱਸਤ 2021 ਵਿਚ ਕਾਬੁਲ ਵਿਚ ਸੱਤਾ ਉਤੇ ਕਬਜ਼ਾ ਕਰਨ ਦੇ ਕੁੱਝ ਹਫ਼ਤਿਆਂ ਬਾਅਦ ਤਾਲਿਬਾਨ ਨਾਲ ਪਹਿਲਾ ਕੂਟਨੀਤਕ ਸੰਪਰਕ ਸਥਾਪਤ ਕੀਤਾ। ਉਨ੍ਹਾਂ ਦੀ ਨਿਯੁਕਤੀ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨਾਲ ਭਾਰਤ ਦੇ ਸਬੰਧਾਂ ਵਿਚ ਮਹੱਤਵਪੂਰਨ ਉਛਾਲ ਦੇ ਵਿਚਕਾਰ ਹੋਈ ਹੈ, ਜਦੋਂ ਦੋਹਾਂ ਦੇਸ਼ਾਂ ਨੇ 2022 ਵਿਚ ਇਕ ਅਭਿਲਾਸ਼ੀ ਵਿਆਪਕ ਆਰਥਕ ਭਾਈਵਾਲੀ ਸਮਝੌਤੇ ਉੱਤੇ ਦਸਤਖਤ ਕੀਤੇ ਸਨ। ਅਗਸਤ 2015 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਯੁਕਤ ਅਰਬ ਅਮੀਰਾਤ ਦੀ ਇਤਿਹਾਸਕ ਯਾਤਰਾ ਤੋਂ ਬਾਅਦ, ਦੋਹਾਂ ਦੇਸ਼ਾਂ ਦਰਮਿਆਨ ਦੁਵੱਲੇ ਸਬੰਧਾਂ ਨੂੰ ਵਿਆਪਕ ਰਣਨੀਤਕ ਭਾਈਵਾਲੀ ਤਕ ਵਧਾਇਆ ਗਿਆ ਸੀ।

## 36 ਘੰਟੇ ਭਾਰੀ ਬਾਰਿਸ਼ ਦੀ ਚਿਤਾਵਨੀ,

ਹਰੀਪੁਰ ਤੇ ਜੋਗਿੰਦਰ ਨਗਰ, ਨੰਗਲ ਚੌਕ 'ਚ 32-32 ਐੱਮ ਐੱਮ ਮੀਂਹ ਦਰਜ ਕੀਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਲਗਾਤਾਰ ਪੈ ਰਿਹਾ ਮੀਂਹ ਪੌਂਗ ਡੈਮ ਵਿੱਚ ਆ ਰਹੇ ਪਾਣੀ ਪ੍ਰਵਾਹ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾ ਰਿਹਾ ਹੈ, ਜਿਸ ਕਾਰਨ ਨਿਰੰਤਰ ਨਿਗਰਾਨੀ ਜ਼ਰੂਰੀ ਹੋ ਗਈ ਹੈ। ਕਾਂਗੜਾ ਦੇ ਡਿਪਟੀ ਕਮਿਸ਼ਨਰ ਹੇਮਰਾਜ ਬੈਰਵਾ ਵੱਲੋਂ ਆਫ਼ਤ ਪ੍ਰਬੰਧਨ ਟੀਮਾਂ, ਪੰਚਾਇਤਾਂ ਅਤੇ ਮਾਲ ਅਧਿਕਾਰੀਆਂ ਨੂੰ ਅਲਰਟ ਰਹਿਣ ਲਈ ਕਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ ਜੇਕਰ ਪਾਣੀ ਦਾ ਪੱਧਰ ਹੋਰ ਵਧਦਾ ਹੈ ਤਾਂ ਪ੍ਰਭਾਵਿਤ ਪਰਿਵਾਰਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਭੇਜਣ ਲਈ ਐਮਰਜੈਂਸੀ ਪ੍ਰਬੰਧ ਕੀਤੇ ਗਏ ਹਨ।

ਖਤਰੇ ਦੇ ਨਿਸ਼ਾਨ ਨੇੜੇ ਪੁੱਜਿਆ ਘੱਗਰ ਦਾ ਪਾਣੀ:

ਪਾਣੀ ਦਾ ਪੱਧਰ 747.7 ਫੁੱਟ ਹੈ ਜਦੋਂਕਿ ਖਤਰੇ ਦਾ ਨਿਸ਼ਾਨ 748 ਫੁੱਟ 'ਤੇ ਹੈ

ਭਾਰੀ ਮੀਂਹ ਅਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਕਾਰਨ ਘੱਗਰ ਦਰਿਆ ਵਿੱਚ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਬਰਿੰਦਰ ਕੁਮਾਰ ਗੋਇਲ ਨੇ ਅੱਜ ਮਕਰੋੜ ਸਾਹਿਬ ਦਾ ਦੌਰਾ ਕੀਤਾ। ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਐੱਸ ਡੀ ਐੱਮ ਮੂਨਕ ਸੂਬਾ ਸਿੰਘ ਸਨ।

ਕੈਬਨਿਟ ਮੰਤਰੀ ਅਮਨ ਅਰੋੜਾ ਤੇ ਗੋਇਲ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਰੀ ਮੀਂਹ ਅਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ ਕਾਰਨ ਪੰਜਾਬ ਨੂੰ ਕੁਦਰਤ ਦੀ ਬਹੁਤ ਵੱਡੀ ਮਾਰ ਪਈ ਹੈ। ਪੰਜਾਬ ਇਸ ਵੇਲੇ ਤਰਸਯੋਗ ਹਾਲਤ ਵਿਚੋਂ ਗੁੱਜਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਘੱਗਰ ਦਰਿਆ ਵਿੱਚ ਇਸ ਵੇਲੇ 12000 ਕਿਊਸਿਕ ਪਾਣੀ ਚੱਲ ਰਿਹਾ ਹੈ। ਜਦੋਂਕਿ ਪਾਣੀ ਸੰਭਾਲਣ ਦੀ ਸਮਰੱਥਾ 12200 ਕਿਊਸਿਕ ਹੈ। ਖਨੌਰੀ ਪਾਣੀ ਦਾ ਪੱਧਰ 747.7 ਫੁੱਟ ਹੈ ਜਦੋਂਕਿ ਖਤਰੇ ਦਾ ਨਿਸ਼ਾਨ 748 ਫੁੱਟ ਉੱਤੇ ਹੈ। ਉਨ੍ਹਾਂ ਕਿਹਾ ਕਿ ਦੋ ਸਾਲ ਵਿੱਚ ਘੱਗਰ ਦਰਿਆ ਵਿੱਚ 753 ਫੁੱਟ ਉੱਤੇ ਜਿਹੜੇ 15 ਜਗ੍ਹਾ ਪਾੜ ਪਏ ਸਨ, ਉਨ੍ਹਾਂ ਦੇ ਕਿਨਾਰਿਆਂ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਦਿੱਤਾ ਗਿਆ ਹੈ।

ਅਮਨ ਅਰੋੜਾ ਨੇ ਕਿਹਾ ਕਿ ਮਕਰੋੜ ਸਾਹਿਬ ਤੱਕ ਘੱਗਰ ਦਰਿਆ ਦੀ ਚੌੜਾਈ 598 ਫੁੱਟ ਹੈ ਜਦਕਿ ਇਸ ਤੋਂ ਅੱਗੇ ਚੌੜਾਈ ਘੱਟ ਕੇ 198 ਫੁੱਟ ਰਹਿ ਜਾਂਦੀ ਹੈ, ਜਿਸ ਕਾਰਨ ਅੱਗੇ ਪਾਣੀ ਇਕੱਠਾ ਹੋ ਜਾਂਦਾ ਹੈ ਅਤੇ ਪਾੜ ਪੈ ਜਾਂਦਾ ਹੈ। ਹਰਿਆਣਾ ਸਰਕਾਰ ਵੱਲੋਂ ਸੁਪਰੀਮ ਕੋਰਟ ਰਾਹੀਂ ਲਈ ਸਟੇਅ ਦੇ ਚੱਲਦਿਆਂ ਸਰਕਾਰ ਇਸ ਨੂੰ ਚੌੜਾ ਨਹੀਂ ਕਰ ਸਕਦੀ।

ਦੱਸਣਯੋਗ ਹੈ ਕਿ ਮੌਜੂਦਾ ਹੜ੍ਹ ਸਥਿਤੀ ਅਤੇ ਘੱਗਰ ਦਰਿਆ ਵਿੱਚ ਵਧੇ ਹੋਏ ਪਾਣੀ ਦੇ ਪੱਧਰ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ ਸੰਗਰੂਰ ਰਾਹੁਲ ਚਾਬਾ ਨੇ ਜ਼ਿਲ੍ਹਾ ਸੰਗਰੂਰ ਵਿੱਚੋਂ ਲੰਘਦੇ ਘੱਗਰ ਦਰਿਆ ਦੇ ਕੰਢਿਆਂ 'ਤੇ ਰਾਤ ਦੀ ਚੌਕਸੀ (ਠੀਕਰੀ ਪਹਿਰੇ) ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ।

### ਕੇਂਦਰ ਨੁਕਸਾਨ ਦਾ ਵੱਧ ਮੁਆਵਜ਼ਾ

ਹੜ੍ਹ ਪੀੜਤਾਂ ਦੀਆਂ ਮੁਸ਼ਕਲਾਂ ਘਟਾਉਣ ਲਈ ਜੁਟੀ ਹੋਈ ਹੈ ਅਤੇ ਬਚਾਅ ਤੇ ਰਾਹਤ ਕਾਰਜਾਂ ਰਾਹੀਂ ਪੀੜਤਾਂ ਦੀ ਬਾਂਹ ਫੜੀ ਜਾ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਗਾਈਆਂ ਸ਼ਰਤਾਂ ਕਾਰਨ ਪੀੜਤਾਂ ਦੀ ਮੱਦਦ ਵਿੱਚ ਅੜਿੱਕੇ ਆ ਰਹੇ ਹਨ, ਜੋ ਪੂਰੀ ਤਰ੍ਹਾਂ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਉਦਾਰ ਪਹੁੰਚ ਅਪਨਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਪ੍ਰਧਾਨ ਮੰਤਰੀ ਨੂੰ ਪਹਿਲਾਂ ਹੀ ਚਿੱਠੀ ਲਿਖੀ ਹੈ ਅਤੇ ਅਪੀਲ ਕੀਤੀ ਹੈ ਕਿ ਭਾਰਤ ਸਰਕਾਰ ਕੋਲ ਰੁਕਿਆ ਪੰਜਾਬ ਦਾ 60 ਹਜ਼ਾਰ ਕਰੋੜ ਰੁਪਏ ਦਾ ਫੰਡ ਜਾਰੀ ਕਰਵਾਇਆ ਜਾਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਾਲੀਆ ਫੰਡਾਂ ਕਾਰਨ ਪੰਜਾਬ ਦੇ 1300 ਤੋਂ ਵੱਧ ਪਿੰਡ ਅਤੇ ਲੱਖਾਂ ਲੋਕ ਪ੍ਰਭਾਵਿਤ ਹੋਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਭਾਰੀ ਮੀਂਹ ਅਤੇ ਡੈਮਾਂ ਤੋਂ ਪਾਣੀ ਛੱਡਣ ਕਾਰਨ 10 ਤੋਂ ਵੱਧ ਜ਼ਿਲ੍ਹਿਆਂ ਵਿੱਚ ਹੜ੍ਹਾਂ ਵਰਗੇ ਹਾਲਾਤ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਹਾਲਾਤ ਹਾਲੇ ਵੀ ਵਿਗੜ ਰਹੇ ਹਨ ਅਤੇ ਆਗਾਮੀ ਦਿਨਾਂ ਵਿੱਚ ਹਾਲਾਤ ਹੋਰ ਬਦਤਰ ਹੋ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਸਮੇਂ ਤਿੰਨ ਲੱਖ ਏਕੜ ਖੇਤ ਡੁੱਬੇ ਹੋਏ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਖੇਤਾਂ ਵਿੱਚ ਝੋਨੇ ਦੀ ਫ਼ਸਲ ਸੀ, ਜਿਸ ਦੀ ਕੁੱਝ ਹਫ਼ਤਿਆਂ ਵਿੱਚ ਵਾਢੀ ਸ਼ੁਰੂ ਹੋਣੀ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਪਸ਼ੂ ਧੰਨ ਦਾ ਵੀ ਬਹੁਤ ਨੁਕਸਾਨ ਹੋਇਆ ਹੈ, ਜਿਸ ਨਾਲ ਪੇਂਡੂ ਆਰਥਿਕਤਾ ਉੱਤੇ ਬਹੁਤ ਮਾੜਾ ਅਸਰ ਪਵੇਗਾ ਕਿਉਂਕਿ ਜ਼ਿਆਦਾਤਰ ਲੋਕਾਂ ਦੀ ਰੋਜ਼ੀ-ਰੋਟੀ ਡੇਅਰੀ ਦੇ ਕਿੱਤੇ ਅਤੇ ਪਸ਼ੂ ਪਾਲਣ ਨਾਲ ਜੁੜੀ ਹੋਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਤੇ ਬਚਾਅ ਕਾਰਜ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਪਹਿਲਾਂ ਹੀ ਅਣਥੱਕ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਸੀਨੀਅਰ ਅਫ਼ਸਰਸ਼ਾਹੀ ਨੂੰ ਇਨ੍ਹਾਂ ਇਲਾਕਿਆਂ ਵਿੱਚ ਤਾਇਨਾਤ ਕੀਤਾ ਗਿਆ ਹੈ ਤਾਂ ਕਿ ਇਸ ਦੁਖਾਂਤ ਨਾਲ ਹੋਏ ਅਸਲ ਨੁਕਸਾਨ ਦਾ ਪਤਾ ਲਗਾਇਆ ਅਤੇ ਰਾਹਤ ਕਾਰਜ ਯਕੀਨੀ ਬਣਾਏ ਜਾਣ।ਮੁੱਖ ਮੰਤਰੀ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਦੇਸ਼ ਦਿੱਤੇ ਕਿ ਪਿੰਡ ਵਾਸੀਆਂ ਦੇ ਹੋਏ ਨੁਕਸਾਨ ਦਾ ਪਤਾ ਲਾਇਆ ਜਾਵੇ ਤਾਂ ਕਿ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਮਿਲ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਬਚਾਉਣ ਲਈ ਹਰ ਕੋਸ਼ਿਸ਼ ਕਰ ਰਹੀ ਹੈ ਅਤੇ ਲੋਕਾਂ ਲਈ ਰਾਹਤ ਤੇ ਮੁੜ-ਵਸੇਬਾ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਕੁਦਰਤੀ ਆਫ਼ਤ ਕਾਰਨ ਹੋਏ ਵੱਡੇ ਨੁਕਸਾਨ ਉੱਤੇ ਚਿੰਤਾ ਪ੍ਰਗਟ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਾਲੀਆ ਇਤਿਹਾਸ ਵਿੱਚ ਇਹ ਜਾਇਦਾਦ ਤੇ ਫ਼ਸਲਾਂ ਦਾ ਸਭ ਤੋਂ ਵੱਡਾ ਨੁਕਸਾਨ ਹੈ।ਮੁੱਖ ਮੰਤਰੀ ਨੇ ਕਿਹਾ ਕਿ ਉਹ ਖ਼ੁਦ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਅਤੇ ਇਸ ਮੁਸ਼ਕਲ ਸਮੇਂ ਵਿੱਚ ਲੋਕਾਂ ਦੀ ਮਦਦ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਪੰਜਾਬੀਆਂ ਵਿੱਚ ਹਰੇਕ ਚੁਣੌਤੀ ਦਾ ਡਟ ਕੇ ਸਾਹਮਣਾ ਕਰਨ ਦੀ ਭਾਵਨਾ ਹੈ ਅਤੇ ਇਸ ਮੁਸ਼ਕਲ ਵਿੱਚੋਂ ਨਿਕਲਣ ਲਈ ਸੂਬਾ ਸਰਕਾਰ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਅਨਾਜ ਉਤਪਾਦਨ ਵਿੱਚ ਦੇਸ਼ ਨੂੰ ਆਤਮ-ਨਿਰਭਰ ਬਣਾਇਆ ਹੈ ਅਤੇ ਸੂਬੇ ਨੂੰ ਉਸ ਦਾ ਜਾਇਜ਼ ਹੱਕ ਮੋੜਨ ਦਾ ਇਹ ਸਹੀ ਸਮਾਂ ਹੈ।

?ਇਸ ਮੌਕੇ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਯਾ, ਕਮਿਸ਼ਨਰ ਫਿਰੋਜਪੁਰ ਮੰਡਲ ਸ੍ਰੀ ਅਰੁਣ ਸ਼ੇਖੜੀ,ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਅਤੇ ਐਸ.ਐਸ.ਪੀ ਭੁਪਿੰਦਰ ਸਿੰਘ ਮੌਜੂਦ ਸਨ।

### ਹੜ੍ਹ ਪੀੜਤਾਂ ਨੂੰ ਜ਼ਮੀਨਾਂ ਦੀ ਪੱਕੀ ਮਾਲਕੀ ਤੇ

ਉਨ੍ਹਾਂ ਕਿਹਾ ਕਿ ਇਨ੍ਹਾਂ ਦੀਆਂ ਸਮੱਸਿਆਵਾਂ ਮੁੱਖ ਮੰਤਰੀ ਨਾਲ ਵਿਸ਼ੇਸ ਤੌਰ 'ਤੇ ਮੁਲਾਕਾਤ ਕਰਕੇ ਉਨ੍ਹਾਂ ਦੇ ਧਿਆਨ ਦੇ ਵਿੱਚ ਲਿਆ ਕੇ ਹੱਲ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਰਡਰ ਦੇ ਨਾਲ ਖੇਤੀ ਵਾਲੀਆਂ ਜ਼ਮੀਨਾਂ 'ਤੇ ਤਾਂ ਇਹ ਖੇਤੀ ਕਰ ਹੀ ਰਹੇ ਹਨ, ਪਰ ਰਹਿਣ ਦੇ ਲਈ ਇਨ੍ਹਾਂ ਨੂੰ ਸੁਰਖਿਅਤ ਸਥਾਨਾਂ 'ਤੇ ਮਾਲਕਾਨਾ ਹੱਕ ਦੇ ਕੇ ਜਗ੍ਹਾ ਦਿੱਤੀ ਜਾ ਸਕਦੀ ਹੈ ਤਾਂ ਜੋ ਇਨ੍ਹਾਂ ਨੂੰ ਹੜ੍ਹ ਅਤੇ ਜੰਗ ਵਰਗੇ ਹਲਾਤਾਂ ਵਿਚ ਆਪਣਾ ਘਰ ਨਾ ਛੱਡਣਾ ਪਵੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਦੇ ਨਾਲ ਗੱਲਬਾਤ ਕਰ ਕੇ ਇਸ ਦਾ ਹੱਲ ਕੱਢਿਆ ਜਾਵੇਗਾ ਤਾਂ ਜੋ ਇਨ੍ਹਾਂ ਨੂੰ ਕੋਈ ਰਾਹਤ ਮਿਲ ਸਕੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਹੈੱਡਵਰਕਸ ਦਾ ਦੌਰਾ ਕਰਕੇ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ ਅਤੇ ਰੀਟਰੀਟ ਸਰੈਮਨੀ ਵੱਲ ਜਾਂਦੀ ਸੜਕ ਜੋ ਕਿ ਜ਼ਿਆਦਾ ਪਾਣੀ ਆਉਣ ਦੇ ਕਾਰਨ ਟੁੱਟ ਗਈ ਸੀ ਦਾ ਜਾਇਜ਼ਾ ਲਿਆ ਅਤੇ ਇਸ ਨੂੰ ਜਲਦੀ ਬਣਾਉਣ ਸਬੰਧੀ ਬੀਐੱਸਐੱਫ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ।

### ਹੁਣ ਪਹਿਲੀ ਤੋਂ ਅੱਠਵੀਂ ਜਮਾਤ ਦੇ ਅਧਿਆਪਕਾਂ

ਬਾਰੇ ਇਹ ਮਹੱਤਵਪੂਰਣ ਫ਼ੈਸਲਾ ਜਸਟਿਸ ਦੀਪਾਂਕਰ ਦੱਤਾ ਤੇ ਜਸਟਿਸ ਮਨਮੋਹਨ ਦੇ ਬੈਂਚ ਨੇ ਦੇਸ਼ ਦੀਆਂ ਵੱਖ-ਵੱਖ ਹਾਈ ਕੋਰਟਾਂ ਦੇ ਫ਼ੈਸਲਿਆਂ ਦੇ ਖ਼ਿਲਾਫ਼ ਦਾਖ਼ਲ ਪਟੀਸ਼ਨਾਂ 'ਤੇ ਸੋਮਵਾਰ ਨੂੰ ਦਿੱਤਾ। ਕੋਰਟ ਨੇ 110 ਸਫ਼ਿਆਂ ਦਾ ਵਿਸਥਾਰਤ ਫ਼ੈਸਲਾ ਦਿੱਤਾ ਹੈ। ਘੱਟਗਿਣਤੀ ਵਿੱਦਿਅਕ ਅਦਾਰਿਆਂ 'ਚ ਪੜ੍ਹਾਉਣ ਵਾਲੇ ਅਧਿਆਪਕਾਂ 'ਤੇ ਵੀ ਟੀ.ਈ.ਟੀ. ਪਾਸ ਕਰਨ ਦੀ ਲਾਜ਼ਮੀਅਤਾ ਦਾ ਮੁੱਦਾ ਵੀ ਇਸ ਵਿਚ ਸ਼ਾਮਲ ਸੀ। ਬੈਂਚ ਨੇ ਉਸ ਨੂੰ ਵੱਡੇ ਬੈਂਚ ਨੂੰ ਵਿਚਾਰ ਲਈ ਭੇਜ ਦਿੱਤਾ ਹੈ। ਘੱਟਗਿਣਤੀ ਅਦਾਰੇ ਭਾਵੇਂ ਉਹ ਧਾਰਮਿਕ ਘੱਟਗਿਣਤੀ ਹੋਣ ਜਾਂ ਭਾਸ਼ਾਈ ਘੱਟਗਿਣਤੀ, ਦੋਵਾਂ ਦਾ ਮੁੱਦਾ ਵੱਡੇ ਬੈਂਚ ਨੂੰ ਵਿਚਾਰ ਲਈ ਭੇਜਦੇ ਹੋਏ ਉਨ੍ਹਾਂ ਦਾ ਮਾਮਲਾ ਵਾਜਬ ਆਦੇਸ਼ ਲਈ ਚੀਫ ਜਸਟਿਸ ਕੋਲ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਕੋਰਟ ਨੇ ਘੱਟਗਿਣਤੀ ਅਦਾਰਿਆਂ ਦੇ ਸਬੰਧ 'ਚ ਵਿਚਾਰ ਦੇ ਸਵਾਲ ਵੀ ਤੈਅ ਕੀਤੇ ਹਨ, ਜਿਨ੍ਹਾਂ 'ਤੇ ਵੱਡਾ ਬੈਂਚ ਵਿਚਾਰ ਕਰੇਗਾ। ਘੱਟਗਿਣਤੀ ਅਦਾਰਿਆਂ ਨੂੰ ਛੱਡ ਕੇ ਬਾਕੀ ਅਧਿਆਪਕਾਂ ਬਾਰੇ ਦਿੱਤੇ ਆਦੇਸ਼ 'ਚ ਕੋਰਟ ਨੇ ਕਿਹਾ ਹੈ ਕਿ ਆਰ.ਟੀ.ਈ. ਕਾਨੂੰਨ ਦੀ ਵਿਵਸਥਾ ਜਿਵੇਂ ਕਿ ਧਾਰਾ 2 (ਐੱਨ) 'ਚ ਕਿਹਾ ਗਿਆ ਹੈ, ਸਾਰੇ ਸਕੂਲ ਪਾਲਣਾ ਕਰਨਗੇ। ਕੋਰਟ ਨੇ ਕਿਹਾ ਕਿ ਜਿਹੜੇ ਅਧਿਆਪਕ ਨੌਕਰੀ 'ਚ ਹਨ, ਭਾਵੇਂ ਉਨ੍ਹਾਂ ਦੀ ਨੌਕਰੀ ਕਿੰਨੀ ਵੀ ਲੰਬੀ ਕਿਉਂ ਨਾ ਹੋਵੇ, ਉਨ੍ਹਾਂ ਸਾਰਿਆਂ ਨੂੰ ਨੌਕਰੀ 'ਚ ਰਹਿਣ ਲਈ ਟੀ.ਈ.ਟੀ. ਪਾਸ ਕਰਨਾ ਜ਼ਰੂਰੀ ਹੈ। ਕੋਰਟ ਨੇ ਕਿਹਾ ਕਿ ਉਹ ਉਨ੍ਹਾਂ ਲੋਕਾਂ ਦੀਆਂ ਵਿਵਹਾਰਕ ਦਿੱਕਤਾਂ ਸਮਝਦੀ ਹੈ, ਜਿਨ੍ਹਾਂ ਦੀ ਨਿਯੁਕਤੀ ਆਰ.ਟੀ.ਈ. ਲਾਗੂ ਹੋਣ ਤੋਂ ਬਹੁਤ ਪਹਿਲਾਂ ਹੋਈ ਸੀ ਤੇ ਜਿਹੜੇ ਦੋ ਜਾਂ ਤਿੰਨ ਦਹਾਕਿਆਂ ਤੋਂ ਨੌਕਰੀ ਕਰ ਰਹੇ ਹਨ। ਬਿਨਾਂ ਕਿਸੇ ਗੰਭੀਰ ਸ਼ਿਕਾਇਤ ਦੇ ਆਪਣੀ ਸ੍ਰੇਸ਼ਠ ਸਮਰੱਥਾ ਨਾਲ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ। ਕੋਰਟ ਨੇ ਕਿਹਾ ਕਿ ਅਜਿਹਾ ਨਹੀਂ ਹੈ ਕਿ ਜਿਨ੍ਹਾਂ ਲੋਕਾਂ ਨੇ ਟੀ.ਈ.ਟੀ. ਨਹੀਂ ਕੀਤੀ, ਉਨ੍ਹਾਂ ਦੇ ਪੜ੍ਹਾਏ ਬੱਚੇ ਜੀਵਨ 'ਚ ਚਮਕਦੇ ਨਹੀਂ ਹਨ। ਕਿਹਾ ਕਿ ਉਨ੍ਹਾਂ ਨੂੰ ਟੀ.ਈ.ਟੀ. ਪਾਸ ਨਾ ਕਰਨ ਦੇ ਆਧਾਰ 'ਤੇ ਨੌਕਰੀ ਤੋਂ ਹਟਾਉਣਾ ਥੋੜ੍ਹਾ ਸਖ਼ਤ ਹੋਵੇਗਾ। ਕੋਰਟ ਨੇ ਇਨ੍ਹਾਂ ਗੱਲਾਂ ਨੂੰ ਧਿਆਨ 'ਚ ਰੱਖਦੇ ਹੋਏ ਕਿਹਾ ਕਿ ਉਹ ਸੰਵਿਧਾਨ ਦੀ ਧਾਰਾ 142 'ਚ ਪ੍ਰਾਪਤ ਸ਼ਕਤੀਆਂ ਦੇ ਤਹਿਤ ਆਦੇਸ਼ ਦੇ ਰਹੀ ਹੈ ਕਿ ਜਿਨ੍ਹਾਂ ਅਧਿਆਪਕਾਂ ਦੀ ਨੌਕਰੀ ਪੰਜ ਸਾਲਾਂ ਤੋਂ ਘੱਟ ਬਚੀ ਹੈ, ਉਹ ਲੋਕ ਟੀ.ਈ.ਟੀ. ਪਾਸ ਕੀਤੇ ਬਗੈਰ ਰਿਟਾਇਰਮੈਂਟ ਤੱਕ ਨੌਕਰੀ 'ਚ ਬਣੇ ਰਹਿ ਸਕਦੇ ਹਨ। ਹਾਲਾਂਕਿ ਕੋਰਟ ਨੇ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਪੰਜ ਸਾਲ ਤੋਂ ਘੱਟ ਨੌਕਰੀ ਵਾਲੇ ਅਧਿਆਪਕ ਦੀ ਤਰੱਕੀ ਹੋਣੀ ਹੈ ਤਾਂ ਉਸ ਨੂੰ ਟੀ.ਈ.ਟੀ. ਪਾਸ ਕੀਤੇ ਬਗੈਰ ਤਰੱਕੀ ਨਹੀਂ ਮਿਲੇਗੀ। ਕੋਰਟ ਨੇ ਕਿਹਾ ਕਿ ਜਿਨ੍ਹਾਂ ਅਧਿਆਪਕਾਂ ਦੀ ਨਿਯੁਕਤੀ ਆਰਟੀਈ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਹੋਈ ਸੀ ਤੇ ਜਿਨ੍ਹਾਂ ਦੀ ਰਿਟਾਇਰਮੈਂਟ 'ਚ ਪੰਜ ਸਾਲ ਤੋਂ ਜ਼ਿਆਦਾ ਦਾ ਸਮਾਂ ਹੈ, ਯਾਨੀ ਜਿਨ੍ਹਾਂ ਦੀ ਨੌਕਰੀ ਪੰਜ ਸਾਲਾਂ ਤੋਂ ਜ਼ਿਆਦਾ ਬਚੀ ਹੈ, ਉਨ੍ਹਾਂ ਨੂੰ ਨੌਕਰੀ 'ਚ ਰਹਿਣ ਲਈ ਇਸ ਆਦੇਸ਼ ਦੇ ਦੋ ਸਾਲਾਂ ਦੇ ਅੰਦਰ ਟੀ.ਈ.ਟੀ. ਪਾਸ ਕਰਨੀ ਪਵੇਗੀ। ਜੇਕਰ ਉਹ ਤੈਅ ਸਮੇਂ 'ਚ ਟੀ.ਈ.ਟੀ. ਪਾਸ ਕਰਨ 'ਚ ਨਾਕਾਮ ਰਹਿੰਦੇ ਹਨ ਤਾਂ ਉਨ੍ਹਾਂ ਦੀ ਲਾਜ਼ਮੀ ਰਿਟਾਇਰਮੈਂਟ ਹੋ ਸਕਦੀ ਹੈ ਹਾਲਾਂਕਿ ਉਨ੍ਹਾਂ ਨੂੰ ਰਿਟਾਇਰਮੈਂਟ ਦਾ ਲਾਭ, ਜਿਸ ਦੇ ਉਹ ਹੱਕਦਾਰ ਹਨ, ਦਿੱਤੇ ਜਾਣਗੇ। ਕੋਰਟ ਨੇ ਸਪੱਸ਼ਟ ਕੀਤਾ ਕਿ ਰਿਟਾਇਰਮੈਂਟ ਦੇ ਲਾਭ ਲੈਣ ਲਈ ਅਧਿਆਪਕਾਂ ਨੂੰ ਨਿਯਮਾਂ ਦੇ ਮੁਤਾਬਕ ਤੈਅ ਸਮੇਂ ਦੀ ਸੇਵਾ ਦਾ ਨਿਯਮ ਪੂਰਾ ਕਰਨਾ ਪਵੇਗਾ। ਜੇਕਰ ਕੋਈ ਅਧਿਆਪਕ ਜ਼ਰੂਰੀ ਸਮੇਂ ਦੀ ਨੌਕਰੀ ਕਰਨ ਦੀ ਸ਼ਰਤ ਪੂਰੀ ਨਹੀਂ ਕਰ ਪਾਉਂਦਾ ਤਾਂ ਉਸ ਦੀ ਸੇਵਾ ਘੱਟ ਰਹਿ ਜਾਂਦੀ ਹੈ ਤਾਂ ਉਹ ਸਬੰਧਤ ਸਰਕਾਰ ਨੂੰ ਮੰਗ ਪੱਤਰ ਦੇ ਸਕਦਾ ਹੈ ਤੇ ਉਸ ਦੇ ਮੰਗ ਪੱਤਰ 'ਤੇ ਵਿਭਾਗ ਵਿਚਾਰ ਕਰ ਸਕਦਾ ਹੈ। ਆਦੇਸ਼ 'ਚ ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਲੋਕ ਨਿਯੁਕਤੀ ਦੀ ਉਮੀਦ ਕਰ ਰਹੇ ਹਨ ਤੇ ਜਿਹੜੇ ਲੋਕ ਨੌਕਰੀ 'ਚ ਹਨ ਤੇ ਤਰੱਕੀ ਨਾਲ ਨਿਯੁਕਤੀ ਲੈਣ ਦੀ ਉਮੀਦ ਲਗਾ ਕੇ ਬੈਠੇ ਹਨ ਤਾਂ ਉਨ੍ਹਾਂ ਨੂੰ ਟੀ.ਈ.ਟੀ. ਪਾਸ ਕਰਨਾ ਲਾਜ਼ਮੀ ਹੋਵੇਗਾ ਨਹੀਂ ਤਾਂ ਉਨ੍ਹਾਂ ਦੀ ਉਮੀਦਵਾਰੀ 'ਤੇ ਵਿਚਾਰ ਨਹੀਂ ਕੀਤਾ ਜਾਏਗਾ।

### 'ਆਪ' ਵਿਧਾਇਕ ਹਰਮੀਤ ਪਠਾਣਮਾਜਰਾ

ਆਪਣੀ ਹੀ ਸਰਕਾਰ ਦੀ ਜਨਤਕ ਤੌਰ 'ਤੇ ਆਲੋਚਨਾ ਕੀਤੀ ਗਈ ਅਤੇ 'ਦਿੱਲੀ ਲਾਬੀ' ਉੱਤੇ ਪੰਜਾਬ ਦੇ ਮਾਮਲਿਆਂ ਵਿੱਚ ਦਖਲ ਦੇਣ ਦਾ ਦੋਸ਼ ਲਗਾਇਆ ਗਿਆ ਹੈ। ਇਸ ਦੌਰਾਨ ਪਠਾਨਮਾਜਰਾ ਦੇ ਹਮਾਇਤੀਆਂ ਵੱਲੋਂ ਕੀਤੇ ਜਾਣ ਵਾਲੇ ਵਿਰੋਧ ਪ੍ਰਦਰਸ਼ਨ ਦੇ ਮੱਦੇਨਜ਼ਰ ਪਟਿਆਲਾ ਵਿੱਚ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਪੁਲੀਸ ਵੱਲੋਂ ਫ਼ਰਾਰ ਵਿਧਾਇਕ ਨੂੰ ਲੱਭਣ ਅਤੇ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।

### ਅਮਰੀਕਾ ਨਾਲ ਦੁਵੱਲੇ ਵਪਾਰ ਸਮਝੌਤੇ 'ਤੇ ਗੱਲਬਾਤ ਕਰ

ਚੈਂਬਰ ਦੇ ਸਥਿਰਤਾ ਵਿਸ਼ੇ 'ਤੇ ਸਮਾਗਮ ਵਿੱਚ ਉਨ੍ਹਾਂ ਕਿਹਾ, "ਅਮਰੀਕਾ ਦੇ ਨਾਲ ਬਹੁਤ ਕੁਝ ਹੋਇਆ ਹੈ ਤੇ ਬਹੁਤ ਕੁਝ ਹਾਲੇ ਬਾਕੀ ਹੈ..., ਅਸੀਂ ਉਨ੍ਹਾਂ ਨਾਲ ਦੁਵੱਲੇ ਵਪਾਰ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਾਂ।" ਦੱਸਣਯੋਗ ਹੈ ਕਿ ਭਾਰਤ ਅਤੇ ਅਮਰੀਕਾ ਮਾਰਚ ਤੋਂ ਸਮਝੌਤੇ 'ਤੇ ਗੱਲਬਾਤ ਕਰ ਰਹੇ ਹਨ ਅਤੇ ਹੁਣ ਤੱਕ ਗੱਲਬਾਤ ਦੇ ਪੰਜ ਗੇੜ ਪੂਰੇ ਹੋ ਚੁੱਕੇ ਹਨ। ਲੰਘੀ 27 ਅਗਸਤ ਤੋਂ 50 ਫੀਸਦ ਟੈਰਿਫ ਲਾਏ ਜਾਣ ਮਗਰੋਂ ਅਮਰੀਕੀ ਟੀਮ ਨੇ ਛੇਵੇਂ ਗੇੜ ਦੀ ਗੱਲਬਾਤ ਜੋ 25 ਅਗਸਤ ਨੂੰ ਹੋਣੀ ਸੀ, ਲਈ ਆਪਣਾ ਭਾਰਤ ਦੌਰਾ ਮੁਲਤਵੀ ਕਰ ਦਿੱਤਾ ਸੀ। ਨਵੀਆਂ ਤਰੀਕਾਂ ਦਾ ਹਾਲੇ ਐਲਾਨ ਨਹੀਂ ਕੀਤਾ ਗਿਆ ਹੈ। ਇਸ ਦੌਰਾਨ ਭਾਰਤ ਨਾਲ ਤਣਾਅ ਦੌਰਾਨ ਅਮਰੀਕਾ ਦੇ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਕਿਹਾ ਕਿ ਦੋਵੇਂ ਮੁਲਕ ਹੱਲ ਕਰ ਲੈਣਗੇ। ਭਾਰਤ ਸਾਡੇ ਲਈ ਚੀਨ ਤੇ ਰੂਸ ਨਾਲੋਂ ਵੱਧ ਨੇੜੇ ਹੈ ਤੇ ਵੱਧ ਅਹਿਮੀਅਤ ਰੱਖਦਾ ਹੈ। ਉਨ੍ਹਾਂ ਨੇ ਇਹ ਟਿੱਪਣੀ ਤਿਆਨਜਿਨ 'ਚ ਐਤਵਾਰ ਤੇ ਸੋਮਵਾਰ ਨੂੰ ਹੋਏ ਸ਼ੰਘਾਈ ਸਹਿਯੋਗ ਸੰਗਠਨ ਦੇ ਸਿਖਰ ਸੰਮੇਲਨ ਤੋਂ ਬਾਅਦ ਕੀਤੀ ਹੈ।

### 'ਭਾਰਤ ਨੇ ਅਮਰੀਕਾ 'ਤੇ ਟੈਰਿਫ਼ ਘਟਾਉਣ

ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਆਪਣਾ ਜ਼ਿਆਦਾਤਰ ਤੇਲ ਅਤੇ ਫੌਜੀ ਉਪਕਰਣ ਅਮਰੀਕਾ ਤੋਂ ਨਹੀਂ, ਸਗੋਂ ਰੂਸ ਤੋਂ ਖਰੀਦਦਾ ਹੈ। ਟਰੰਪ ਨੇ ਇਸ ਨੂੰ ਕਈ ਸਾਲ ਪੁਰਾਣੀ ਸਮੱਸਿਆ ਦੱਸਦਿਆਂ ਕਿਹਾ ਕਿ ਭਾਰਤ ਨੂੰ ਪਹਿਲਾਂ ਹੀ ਟੈਰਿਫ ਘਟਾਉਣੇ ਚਾਹੀਦੇ ਸਨ। ਟਰੰਪ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਕੁਝ ਘੰਟੇ ਪਹਿਲਾਂ ਹੀ ਪ੍ਰਧਾਨ ਮੰਤਰੀ ਮੋਦੀ ਨੇ ਐੱਸ. ਸੀ. ਓ. ਸਿਖਰ ਸੰਮੇਲਨ ਦੌਰਾਨ ਚੀਨ ਵਿਚ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਕੀਤੀ ਹੈ।

## ਲਾਲਜੀਤ ਭੁੱਲਰ ਨੇ ਹਰੀਕੇ ਪੱਤਣ ਦੇ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੰਡੀ



ਚੰਡੀਗੜ੍ਹ, , 2 ਸਤੰਬਰ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਜੇਲ੍ਹ ਤੇ ਆਵਾਜਾਈ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਜ਼ਿਲ੍ਹਾ ਤਰਨ ਤਾਰਨ ਦੇ ਵਿਧਾਨ ਸਭਾ ਹਲਕਾ ਪੱਟੀ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਅਤੇ ਪਿੰਡ ਜੱਲੋਕੇ ਦੇ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ।

ਦਰਿਆਈ ਪਾਣੀ ਦੀ ਮਾਰ ਕਰਕੇ ਮੌਜੂਦਾ ਸਥਿਤੀ ਅਤੇ ਨੁਕਸਾਨ ਦੀ ਭਰਪਾਈ ਕਰਨ ਦਾ ਭਰੋਸਾ ਦਿੰਦਿਆਂ ਉਨ੍ਹਾਂ ਨੇ ਲੋੜਵੰਦ ਲੋਕਾਂ ਨੂੰ ਫੂਡ ਕਿੱਟਾਂ, ਪਾਣੀ, ਰਾਸਨ ਆਦਿ ਰਾਹਤ ਸਮੱਗਰੀ ਵੰਡੀ ਅਤੇ ਪਸ਼ੂਆਂ ਲਈ ਚਾਰਾ, ਤੂੜੀ ਤੇ ਫੀਡ ਦਾ ਪ੍ਰਬੰਧ ਵੀ ਕੀਤਾ।

ਇਸ ਮੌਕੇ ਭੁੱਲਰ ਨੇ ਲੋਕਾਂ ਨੂੰ ਕਿਹਾ ਕਿ ਕਿ ਮੀਂਹ ਦੀ ਤਾਜਾ ਸਥਿਤੀ ਅਨੁਸਾਰ ਦਰਿਆਈ ਪਾਣੀ ਹੋਰ ਵਧਣ ਦੀ ਸੰਭਾਵਨਾਂ ਮੱਦੇਨਜਰ ਜ਼ਿਲ੍ਹਾ ਪ੍ਰਸਾਸਨ ਤਰਨ ਤਾਰਨ ਨੂੰ ਜ਼ਿਲ੍ਹੇ ਵਿੱਚ ਪ੍ਰਭਾਵਿਤ ਲੋਕਾਂ ਲਈ ਲੋੜੀਂਦੇ ਪ੍ਰਬੰਧ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਸਾਸਨ ਵੱਖ-ਵੱਖ ਪਿੰਡਾਂ ਦੇ ਗੁਰੂ ਘਰਾਂ 'ਚ ਬਣਾਏ ਕੈਂਪਾਂ ਵਿਖੇ ਲੋਕਾਂ ਨੂੰ ਪਹੁੰਚਾਉਣ ਅਤੇ ਲੋੜੀਂਦੇ ਪ੍ਰਬੰਧ ਵੀ ਕਰ ਰਿਹਾ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਨੇ ਕਿਹਾ ਕਿ ਕੁਦਰਤੀ ਆਫ਼ਤ ਕਾਰਨ ਇਹਨਾਂ ਮੁਸ਼ਕਿਲ ਹਾਲਾਤਾਂ ਵਿੱਚ ਸਾਨੂੰ ਸਭ ਨੂੰ ਇੱਕ ਪਰਿਵਾਰ ਦੀ ਤਰ੍ਹਾਂ ਹੜ੍ਹ ਪੀੜਤਾਂ ਦੀ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤਾਂ ਰਾਹਤ ਕਾਰਜਾਂ ਦਾ ਕੰਮ ਕਰ ਹੀ ਰਹੇ ਹਨ, ਇਸ ਦੇ ਨਾਲ ਸਮਾਜ ਸੇਵੀ ਸੰਸਥਾਵਾਂ ਵੀ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਲਈ ਸਹਿਯੋਗ ਦੇ ਰਹੀਆਂ ਹਨ। ਉਨ੍ਹਾਂ ਅਪੀਲ ਕੀਤੀ ਕਿ ਇਸ ਸਮੇਂ ਹਰ ਕਿਸੇ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਕੱਠੇ ਹੋ ਕੇ ਲੋੜਵੰਦ ਲੋਕਾਂ ਦੀ ਮੱਦਦ ਕਰਨੀ ਚਾਹੀਦੀ ਹੈ। "ਇਹ ਸਮਾਂ ਰਾਜਨੀਤੀ ਕਰਨ ਦਾ ਨਹੀਂ, ਸਗੋਂ ਮਨੁੱਖਤਾ ਨਿਭਾਉਣ ਦਾ ਹੈ। ਜਦੋਂ ਲੋਕ ਮੁਸ਼ਕਲ ਵਿੱਚ ਹਨ, ਤਾਂ ਸਾਡਾ ਫਰਜ ਹੈ ਕਿ ਉਨ੍ਹਾਂ ਦੇ ਨਾਲ ਖੜ੍ਹ ਕੇ ਉਨ੍ਹਾਂ ਦੀ ਹੌਸਲਾ ਅਫਜਾਈ ਕਰੀਏ।"

## ਅਗਵਾ ਤੋਂ ਬਾਅਦ ਲੜਕੀ ਨਾਲ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ

ਲਖਨਊ, 2 ਸਤੰਬਰ (ਚ.ਨ.ਸ.) : ਵ੍ਰਿੰਦਾਵਨ ਥਾਣਾ ਖੇਤਰ ਵਿੱਚ, ਲੱਕੜਾਂ ਇਕੱਠੀਆਂ ਕਰਨ ਲਈ ਜੰਗਲ ਗਈ ਅੱਠ ਸਾਲਾ ਬੱਚੀ ਦੇ ਅਗਵਾ, ਬਲਾਤਕਾਰ ਅਤੇ ਫਿਰ ਕਤਲ ਦੇ ਲੱਗਭੱਗ ਪੰਜ ਸਾਲ ਪੁਰਾਣੇ ਮਾਮਲੇ ਵਿੱਚ, ਵਧੀਕ ਸੈਸ਼ਨ ਅਤੇ ਵਧੀਕ ਵਿਸ਼ੇਸ਼ ਜੱਜ ਪੋਕਸੋ ਐਕਟ ਬ੍ਰਿਜੇਸ਼ ਕੁਮਾਰ 99 ਦੀ ਅਦਾਲਤ ਨੇ ਮੰਗਲਵਾਰ ਨੂੰ ਦੋਸ਼ੀ ਨੂੰ ਮੌਤ ਦੀ ਸਜ਼ਾ ਅਤੇ 3 ਲੱਖ 20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਇਸ ਮਾਮਲੇ ਦੀ ਦਲੀਲ ਸਹਾਇਕ ਸਰਕਾਰੀ ਵਕੀਲ ਸੁਭਾਸ਼ ਚਤੁਰਵੇਦੀ ਅਤੇ ਵਿਸ਼ੇਸ਼ ਸਰਕਾਰੀ ਵਕੀਲ ਰਾਮਪਾਲ ਸਿੰਘ ਨੇ ਦਿੱਤੀ। 26 ਨਵੰਬਰ 2020 ਨੂੰ, ਇੱਕ ਅੱਠ ਸਾਲ ਦੀ ਬੱਚੀ ਵ੍ਰਿੰਦਾਵਨ ਥਾਣਾ ਖੇਤਰ ਵਿੱਚ ਲੱਕੜ ਇਕੱਠੀ ਕਰਨ ਲਈ ਜੰਗਲ ਵਿੱਚ ਗਈ ਸੀ। ਉਸ ਤੋਂ ਬਾਅਦ ਉਹ ਲਾਪਤਾ ਹੋ ਗਈ। ਜਦੋਂ ਉਹ ਘਰ ਵਾਪਸ ਨਹੀਂ ਆਈ, ਤਾਂ ਉਸਦੇ ਪਰਿਵਾਰਕ ਮੈਂਬਰਾਂ ਨੇ ਉਸਦੀ ਭਾਲ ਕੀਤੀ, ਪਰ ਉਸ ਨੂੰ ਨਹੀਂ ਮਿਲਿਆ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਕੈਬ ਡਰਾਈਵਰ ਕਤਲ ਮਾਮਲੇ ਦੇ ਦੋਸ਼ੀ ਪਿਸਤੌਲ ਤੇ ਚੋਰੀ ਦੀ ਗੱਡੀ ਸਮੇਤ ਗ੍ਰਿਫ਼ਤਾਰ



## ਗ੍ਰਿਫ਼ਤਾਰ ਮੁਲਜ਼ਮ ਸਾਹਿਲ ਬਸੀਰ ਜੰਮੂ-ਕਸ਼ਮੀਰ 'ਚ ਦਰਜ ਯੂਏਪੀਏ ਤੇ ਅਸਲਾ ਐਕਟ ਤਹਿਤ ਇੱਕ ਮਾਮਲੇ 'ਚ ਲੋੜੀਂਦਾ : ਡੀ.ਜੀ.ਪੀ.

ਚੰਡੀਗੜ੍ਹ/ਐਸਏਐਸ ਨਗਰ, 2 ਸਤੰਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਐਸਏਐਸ ਨਗਰ ਪੁਲਿਸ ਨੇ ਜੈਸ਼-ਏ-ਮੁਹੰਮਦ (ਜੇਈਐਮ) ਨਾਲ ਸਬੰਧਤ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਕੈਬ ਡਰਾਈਵਰ ਅਨਿਲ ਕੁਮਾਰ ਦੇ ਅਗਵਾ ਅਤੇ ਕਤਲ ਮਾਮਲੇ ਵਿੱਚ ਜੰਮੂ-ਕਸ਼ਮੀਰ (ਜੰਮੂ-ਕਸ਼ਮੀਰ) ਦੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਾਹਿਲ ਬਸੀਰ (19) ਵਾਸੀ ਹੰਦਵਾੜਾ ਲੰਗੇਟ, ਕੁਪਵਾੜਾ, ਮੁਨੀਸ ਸਿੰਘ ਉਰਫ ਅੰਸ (22) ਵਾਸੀ ਪਿੰਡ ਕੋਟਲੀ, ਡੋਡਾ ਅਤੇ ਐਜਾਜ ਅਹਿਮਦ ਖਾਨ ਉਰਫ ਵਸੀਮ (22) ਵਾਸੀ ਪਿੰਡ ਮੰਜਪੁਰਾ, ਕਲਾਮਾਬਾਦ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਗ੍ਰਿਫਤਾਰ ਕੀਤੇ ਮੁਲਜਮਾਂ ਦੇ ਕਬਜੇ ਵਿੱਚੋਂ ਚੋਰੀ ਕੀਤੀ ਗਈ ਚਿੱਟੇ ਰੰਗ ਦੀ ਮਾਰੂਤੀ ਸਵਿਫਟ ਡਿਜਾਇਰ (ਪੀਬੀ 01-ਡੀ-6299) ਤੇ ਵਾਰਦਾਤ ਵਿੱਚ ਵਰਤਿਆ ਗਿਆ .32 ਬੋਰ ਦਾ ਦੇਸੀ ਪਿਸਤੌਲ ਵੀ ਬਰਾਮਦ ਕੀਤਾ ਹੈ। ਦੱਸਣਯੋਗ ਹੈ ਕਿ ਅਨਿਲ ਕੁਮਾਰ ਦੀ ਪਤਨੀ ਸੁਧਾ ਦੇਵੀ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਸਦਾ ਪਤੀ ਟੈਕਸੀ ਚਲਾਉਂਦਾ ਹੈ ਅਤੇ ਹਰ ਰੋਜ ਦੀ ਤਰ੍ਹਾਂ ਸ਼ੁੱਕਰਵਾਰ ਨੂੰ ਸਵੇਰੇ ਲਗਭਗ 08:30 ਵਜੇ ਖਰੜ ਤੋਂ ਰੇਲਵੇ ਸਟੇਸ਼ਨ, ਚੰਡੀਗੜ੍ਹ ਜਾਣ ਲਈ ਘਰੋਂ ਨਿਕਲਿਆ। ਬਾਅਦ ਵਿੱਚ, ਉਹ ਲਗਾਤਾਰ ਆਪਣੇ ਪਤੀ ਨੂੰ ਫੋਨ ਕਰਦੀ ਰਹੀ ਪਰ ਉਸਦੇ ਪਤੀ ਦੇ ਦੋਵੇਂ ਮੋਬਾਈਲ ਫੋਨ ਬੰਦ ਆ ਰਹੇ ਸਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਨਵਾਂਗਾਉਂ, ਮੋਹਾਲੀ ਦੇ ਰਹਿਣ ਵਾਲੇ ਕੈਬ ਡਰਾਈਵਰ ਅਨਿਲ ਕੁਮਾਰ ਦੇ ਅਗਵਾ ਅਤੇ ਕਤਲ ਦੇ ਸਬੰਧ ਵਿੱਚ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਖਰੜ ਤੋਂ ਕੈਬ ਕਿਰਾਏ 'ਤੇ ਲੈਣ ਵਾਲੇ ਤਿੰਨ ਅਣਪਛਾਤੇ ਵਿਅਕਤੀਆਂ ਨੇ ਜਬਰਦਸਤੀ ਉਸਦੀ ਗੱਡੀ ਖੋਹ ਲਈ ਸੀ। ਇਸ ਜਾਣਕਾਰੀ ਦੇ ਆਧਾਰ 'ਤੇ ਤੁਰੰਤ ਮਾਮਲਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਅਤੇ ਸੰਵੇਦਨਸ਼ੀਲਤਾ ਨੂੰ ਦੇਖਦਿਆਂ, ਕਈ ਪੁਲਿਸ ਟੀਮਾਂ ਦਾ ਗਠਨ ਕੀਤਾ ਗਿਆ ਅਤੇ ਤੁਰੰਤ ਕਾਰਵਾਈ ਕਰਦਿਆਂ ਤਿੰਨੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਡੀਜੀਪੀ ਨੇ ਕਿਹਾ ਕਿ ਗ੍ਰਿਫਤਾਰ ਮੁਲਜਮ ਸਾਹਿਲ ਬਸੀਰ ਜੰਮੂ-ਕਸ਼ਮੀਰ ਦੇ ਹੰਦਵਾੜਾ ਦੇ ਕਲਾਮਾਬਾਦ ਪੁਲਿਸ ਸਟੇਸ਼ਨ ਵਿੱਚ ਦਰਜ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਅਤੇ ਅਸਲਾ ਐਕਟ ਤਹਿਤ ਇਕ ਕੇਸ ਵਿੱਚ ਲੋੜੀਂਦਾ ਹੈ। ਉਨ੍ਹਾਂ ਦੱਸਿਆ ਕਿ ਉਸ ਦੇ ਭਰਾ ਸਾਜਦ ਅਹਿਮਦ ਸਾਹ ਨੂੰ ਪਹਿਲਾਂ ਜੈਸ਼-ਏ-ਮੁਹੰਮਦ ਨਾਲ ਜੁੜੇ ਹਥਿਆਰਾਂ ਅਤੇ ਸਮੱਗਰੀ ਦੇ ਜਖੀਰੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦੋਵਾਂ ਦੀ ਪਛਾਣ ਜੈਸ਼-ਏ-ਮੁਹੰਮਦ ਦੇ ਓਵਰ-ਗਰਾਊਂਡ ਵਰਕਰਜ (ਓਜੀਡਬਲਯੂਜ਼) ਵਜੋਂ ਹੋਈ ਹੈ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ, ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਡੀਆਈਜੀ) ਰੋਪੜ ਰੇਂਜ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਸ਼ਿਕਾਇਤ 'ਤੇ ਤਰੁੰਤ ਕਾਰਵਾਈ ਕਰਦਿਆਂ, ਐਸਪੀ ਸਿਟੀ ਸਿਰੀਵੇਨੇਲਾ, ਐਸਪੀ ਇਨਵੈਸਟੀਗੇਸ਼ਨ ਸੌਰਵ ਜਿੰਦਲ, ਡੀਐਸਪੀ ਸਿਟੀ-1 ਪ੍ਰਿਥਵੀ ਸਿੰਘ ਚਾਹਲ ਦੀ ਨਿਗਰਾਨੀ ਹੇਠ ਮੋਹਾਲੀ ਪੁਲਿਸ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਗਈਆਂ। ਇੰਚਾਰਜ ਸੀਆਈਏ ਸਟਾਫ ਹਰਮਿੰਦਰ ਸਿੰਘ ਅਤੇ ਐਸਐਚਓ ਪੁਲਿਸ ਸਟੇਸ਼ਨ ਨਵਾਂਗਾਉਂ ਸਤਨਾਮ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮਾਂ ਨੇ ਸਾਂਝੇ ਤੌਰ 'ਤੇ ਕਾਰਵਾਈ ਕੀਤੀ ਅਤੇ ਤਕਨੀਕੀ ਤੇ ਮਨੁੱਖੀ ਸਰੋਤਾਂ ਦੀ ਵਰਤੋਂ ਕਰਦਿਆਂ, ਦੋਸ਼ੀਆਂ ਨੂੰ ਬੱਸ ਸਟੈਂਡ, ਬਟਾਲਾ ਅਤੇ ਗੁਰਦਾਸਪੁਰ ਖੇਤਰਾਂ ਤੋਂ ਗ੍ਰਿਫਤਾਰ ਕੀਤਾ ਗਿਆ।

ਡੀਆਈਜੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ, ਗ੍ਰਿਫਤਾਰ ਕੀਤੇ ਗਏ ਮੁਲਜਮਾਂ ਨੇ ਕਬੂਲਿਆ ਕਿ ਉਨ੍ਹਾਂ ਨੇ ਝਗੜੇ ਤੋਂ ਬਾਅਦ ਡਰਾਈਵਰ ਨੂੰ ਗੋਲੀ ਮਾਰ ਦਿੱਤੀ ਸੀ ਅਤੇ ਬਾਅਦ ਵਿੱਚ ਲਾਸ਼ ਨੂੰ ਮੋਹਾਲੀ ਖੇਤਰ ਵਿੱਚ ਸੁੱਟ ਦਿੱਤਾ ਸੀ। ਹੋਰ ਜਾਣਕਾਰੀ ਸਾਂਝੀ ਕਰਦਿਆਂ, ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸਐਸਪੀ) ਐਸਏਐਸ ਨਗਰ ਹਰਮਨਦੀਪ ਹੰਸ ਨੇ ਦੱਸਿਆ ਕਿ ਮੁਲਜਮਾਂ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਿਆ ਹੈ ਕਿ ਉਨ੍ਹਾਂ ਨੇ ਖਰੜ ਤੋਂ ਚੰਡੀਗੜ੍ਹ ਰੇਲਵੇ ਸਟੇਸ਼ਨ ਜਾਣ ਦੇ ਬਹਾਨੇ ਕੈਬ ਬੁੱਕ ਕੀਤੀ ਸੀ, ਜਿਸ ਨੇ ਪਹਿਲਾਂ ਟੈਕਸੀ ਡਰਾਈਵਰ ਅਨਿਲ ਕੁਮਾਰ ਨੂੰ ਫੇਜ 3ਬੀ2 ਮੋਹਾਲੀ ਰਾਹੀਂ ਏਅਰਪੋਰਟ ਰੋਡ ਜਾਣ ਲਈ ਕਿਹਾ ਸੀ। ਜਦੋਂ ਅਨਿਲ ਕੁਮਾਰ ਮੁਲਜਮਾਂ ਨੂੰ ਲੈ ਕੇ ਪਿੰਡ ਕੰਡਾਲਾ ਪਹੁੰਚਿਆਂ ਤਾਂ ਉਨ੍ਹਾਂ ਨੇ ਅਨਿਲ ਕੁਮਾਰ ਨੂੰ ਗੱਡੀ ਤੋਂ ਹੇਠਾਂ ਉਤਾਰਿਆ ਅਤੇ ਗੋਲੀ ਮਾਰ ਦਿੱਤੀ ਅਤੇ ਕਾਰ ਤੇ ਹੋਰ ਸਮਾਨ ਲੈ ਕੇ ਫਰਾਰ ਹੋ ਗਏ।

ਐਸਐਸਪੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਮੁਲਜਮਾਂ ਦੇ ਖੁਲਾਸੇ ਉਪਰੰਤ ਪੁਲਿਸ ਟੀਮਾਂ ਨੇ ਮ੍ਰਿਤਕ ਅਨਿਲ ਕੁਮਾਰ ਦੀ ਲਾਸ਼ ਬਰਾਮਦ ਕਰ ਲਈ। ਉਨ੍ਹਾਂ ਅੱਗੇ ਦੱਸਿਆ ਕਿ ਲਾਸ਼ ਦੇ ਨੇੜਿਓਂ ਤਿੰਨ ਗੋਲੀਆਂ ਦੇ ਖੋਲ ਵੀ ਬਰਾਮਦ ਹੋਏ। ਇਸ ਸਬੰਧੀ ਪਹਿਲਾਂ, ਐਫਆਈਆਰ ਨੰ. 87 ਮਿਤੀ 31-08-2025 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 127(6) ਤਹਿਤ ਥਾਣਾ ਨਵਾਂਗਾਉਂ ਵਿਖੇ ਦਰਜ ਕੀਤੀ ਗਈ ਸੀ। ਹੁਣ ਇਸ ਕੇਸ ਵਿੱਚ ਬੀਐਨਐਸ ਦੀਆਂ ਧਾਰਾਵਾਂ 140(3), 103 ਅਤੇ 304 ਅਤੇ ਅਸਲਾ ਐਕਟ ਦੀ ਧਾਰਾ 25 ਵੀ ਸ਼ਾਮਲ ਕੀਤੀਆਂ ਗਈਆਂ ਹਨ।

# ਹੜ੍ਹਾਂ ਦੀ ਮਾਰ ਹੇਠਲੇ ਖੇਤਰਾਂ 'ਚ ਲੋਕਾਂ ਦੀ ਜਾਨ ਪੰਜਾਬ ਸਰਕਾਰ ਲਈ ਸਭ ਤੋਂ ਕੀਮਤੀ : ਅਮਨ ਅਰੋੜਾ

ਚੰਡੀਗੜ੍ਹ, 2 ਸਤੰਬਰ (ਅੰਮ੍ਰਿਤਪਾਲ ਸਿੰਘ): ਮੁੱਖ ਮੰਤਰੀ ਭਗਵੰਤ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਨਿਰੰਤਰ ਰਾਹਤ ਪ੍ਰਦਾਨ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਸੂਬੇ ਦੇ ਸਾਰੇ ਕੈਬਨਿਟ ਮੰਤਰੀ ਲੋਕਾਂ ਨੂੰ ਰਾਹਤ ਸਮੱਗਰੀ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਵੱਖ-ਵੱਖ ਪਿੰਡਾਂ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਹੁੰਚ ਕਰ ਰਹੇ ਹਨ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਖੁਰਾਕ, ਸਿਵਲ ਸਪਲਾਈ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਪਠਾਨਕੋਟ ਜਿਲੇ ਦੇ ਭੋਆ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਅਤੇ ਹੜ੍ਹ ਦੀ ਸਥਿਤੀ ਦਾ ਜਾਇਜਾ ਲਿਆ। ਉਨਾਂ ਨੇ ਅੱਜ ਕਥਲੌਰ ਪੁਲ, ਕੋਲੀਆਂ ਅੱਡਾ, ਪੰਮਾ, ਸਿਓਂਟੀ ਤਰਫ ਅਤੇ ਨਰੋਟ ਜੈਮਲ ਸਿੰਘ ਦਾ ਦੌਰਾ ਕੀਤਾ। ਉਨਾਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਔਖੇ ਸਮੇਂ ਵਿੱਚ ਲੋਕਾਂ ਨੂੰ ਰਾਹਤ ਸਮੱਗਰੀ ਪ੍ਰਦਾਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨਾਂ ਧੁੱਸੀ ਡੈਮ ਦਾ ਵੀ ਦੌਰਾ ਕੀਤਾ ਹੈ। ਇਸ ਤੋਂ ਇਲਾਵਾ ਹਰਪਾਲ ਸਿੰਘ ਚੀਮਾ ਵੱਲੋਂ ਭੋਆ ਹਲਕੇ ਲਈ ਰਾਹਤ ਸਮੱਗਰੀ ਦੇ ਚਾਰ ਟਰੱਕ ਵੀ ਭੇਜੇ ਗਏ।

ਇਸ ਦੌਰਾਨ, ਕੈਬਨਿਟ ਮੰਤਰੀ ਅਤੇ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸਥਿਤੀ ਦਾ ਜਾਇਜਾ ਲੈਣ ਲਈ ਮਕਰੋੜ ਸਾਹਿਬ ਨੇੜੇ ਘੱਗਰ ਅਤੇ ਜਿਲਾ ਸੰਗਰੂਰ ਦੇ ਸੁਨਾਮ ਦੇ ਸਰਹਿੰਦ ਚੋਅ ਦਾ ਦੌਰਾ ਕੀਤਾ। ਉਨਾਂ ਜਮੀਨੀ ਹਕੀਕਤਾਂ ਦਾ ਜਾਇਜਾ ਲਿਆ ਅਤੇ ਇਨਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਜਰੂਰਤਾਂ ਦਾ ਮੁਲਾਂਕਣ ਕੀਤਾ।ਇਸ ਤੋਂ ਇਲਾਵਾ, ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਸੁਲਤਾਨਪੁਰ ਲੋਧੀ ਤਹਿਸੀਲ ਦੇ ਪਿੰਡ ਮੰਡ ਇੰਦਰਪੁਰ ਅਤੇ ਭੜੋਆਣਾ ਦਾ ਦੌਰਾ ਕੀਤਾ ਅਤੇ ਹੜ੍ਹ ਰਾਹਤ ਕਾਰਜਾਂ ਦਾ ਜਾਇਜਾ ਲਿਆ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸਸਰਾਲੀ ਕਲੋਨੀ ਨੇੜੇ ਸਤਲੁਜ ਦਰਿਆ ਧੁੱਸੀ ਬੰਧ ਦਾ ਦੌਰਾ ਕੀਤਾ ਤੇ ਸਥਿਤੀ ਦਾ ਜਾਇਜਾ ਲਿਆ ਤੇ ਜਰੂਰੀ ਨਿਰਦੇਸ ਜਾਰੀ ਕੀਤੇ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਿੰਡ ਬੇਦੀ ਛੰਨਾ ਦਾ ਦੌਰਾ ਕੀਤਾ ਅਤੇ ਮੈਡੀਕਲ ਕੈਂਪ ਦਾ ਨਿਰੀਖਣ ਕਰਨ ਲਈ ਪਿੰਡ ਦੇ ਗੁਰੂਦੁਆਰਾ ਸਾਹਿਬ



ਗਏ ਅਤੇ ਲੋਕਾਂ ਨੂੰ ਰਾਹਤ ਸਮੱਗਰੀ ਵੀ ਵੰਡੀ। ਉਨਾਂ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਅਜਨਾਲਾ ਅਤੇ ਰਮਦਾਸ ਵਿੱਚ ਲੋਕਾਂ ਨੂੰ ਨਿਰਵਿਘਨ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਤੋਂ 23 ਐਂਬੂਲੈਂਸਾਂ ਭੇਜੀਆਂ ਹਨ। ਇਸ ਦੌਰਾਨ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੀ ਮੌਜੂਦ ਸਨ। ਪੰਜਾਬ ਦੇ ਜੇਲ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਅੱਜ ਹਰੀਕੇ ਪੱਤਣ (ਜ਼ਿਲ੍ਹਾ ਤਰਨਤਾਰਨ) ਅਤੇ ਜੱਲੋਕੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਸਥਿਤੀ ਅਤੇ ਨੁਕਸਾਨ ਦਾ ਜਾਇਜਾ ਲਿਆ। ਉਨਾਂ ਨੇ ਲੋੜਵੰਦ ਲੋਕਾਂ ਨੂੰ ਭੋਜਨ ਕਿੱਟਾਂ, ਪਾਣੀ, ਰਾਸ਼ਨ ਆਦਿ ਰਾਹਤ ਸਮੱਗਰੀ ਵੰਡੀ ਅਤੇ ਜਾਨਵਰਾਂ ਲਈ ਚਾਰਾ, ਤੂੜੀ ਅਤੇ ਫੀਡ ਦਾ ਪ੍ਰਬੰਧ ਵੀ ਕੀਤਾ।

# ਬੈਂਸ ਨੇ ਵਰ੍ਹਦੇ ਮੀਂਹ 'ਚ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕੇ ਪ੍ਰਬੰਧਾਂ ਦਾ ਲਿਆ ਜ਼ਾਇਜ਼ਾ



ਚੰਡੀਗੜ੍ਹ/ਨੰਗਲ, 2 ਸਤੰਬਰ (ਚ.ਨ.ਸ.): ਲਗਾਤਾਰ ਮੀਂਹ ਕਾਰਨ ਹੜ੍ਹ ਵਰਗੀ ਸਥਿਤੀ ਪੈਦਾ ਹੋਣ ਦੇ ਮੱਦੇਨਜ਼ਰ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਬਚਾਅ ਤੇ ਰਾਹਤ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਅੱਗੇ ਆਉਂਦਿਆਂ ਪੰਜਾਬ ਦੇ ਸਿੱਖਿਆ ਅਤੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਸਤਲੁਜ ਦਰਿਆ ਕੰਢੇ ਸਥਿਤ ਦਰਜਨ ਤੋਂ ਵੱਧ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਤਾਂ ਜੋ ਲੋੜਵੰਦ ਲੋਕਾਂ ਲਈ ਸਮੇਂ ਸਿਰ ਸਹਾਇਤਾ ਯਕੀਨੀ ਬਣਾਈ ਜਾ ਸਕੇ। ਭਾਰੀ ਮੀਂਹ ਦੇ ਬਾਵਜੂਦ, ਬੈਂਸ ਨੇ ਕਿਸ਼ਤੀ ਅਤੇ ਮੋਟਰਸਾਈਕਲ ਰਾਹੀਂ ਰਾਹਤ ਕੈਂਪਾਂ ਅਤੇ ਹਰਸਾ ਬੇਲਾ, ਭਨਾਮ, ਭਲਾਣ, ਭੱਲੜੀ, ਨਾਂਗੜਾ, ਬੇਲਾ ਰਾਮਗੜ੍ਹ ਤੇ ਬੇਲਾ ਧਿਆਨੀ ਸਮੇਤ ਵੱਖ-ਵੱਖ ਪਿੰਡਾਂ ਤੱਕ ਪਹੁੰਚ ਕਰਕੇ ਪ੍ਰਬੰਧਾਂ ਦਾ ਜ਼ਾਇਜਾ ਲਿਆ। ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ, ਮੰਤਰੀ ਨੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਪੂਰੀ ਲਗਨ ਤੇ ਇਮਾਨਦਾਰੀ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਉਨ੍ਹਾਂ ਦੀ ਜਾਨ-ਮਾਲ ਦੀ ਰੱਖਿਆ ਪ੍ਰਤੀ ਦ੍ਰਿੜ ਵਚਨਬੱਧਤਾ ਦੁਹਰਾਈ।

ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਡਾਕਟਰੀ ਸਹਾਇਤਾ, ਭੋਜਨ ਤੇ ਰੈਣ ਬਸੇਰਾ ਸਮੇਤ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ 30 ਤੋਂ ਵੱਧ ਰਾਹਤ ਕੈਂਪ ਸਥਾਪਤ ਕੀਤੇ ਗਏ ਹਨ। ਸਿੱਖਿਆ ਮੰਤਰੀ ਨੇ ਯੂਥ ਕਲੱਬਾਂ ਅਤੇ ਮਹਿਲਾ ਮੰਡਲਾਂ ਸਮੇਤ ਸਥਾਨਕ ਸੰਗਠਨਾਂ ਨੂੰ ਰਾਹਤ ਕਾਰਜਾਂ ਵਿੱਚ ਜ਼ਿਲ੍ਹਾ ਪ੍ਰਸਾਸਨ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਨੇ ਨਹਿਰ ਦੇ ਕਿਨਾਰਿਆਂ ਦਾ ਵੀ ਜਾਇਜ਼ਾ ਲਿਆ ਅਤੇ ਪਾਣੀ ਦੀ ਖਾਰ ਪੈਣ ਨਾਲ ਹੋਣ ਵਾਲੇ ਸੰਭਾਵੀ ਨੁਕਸਾਨ ਨੂੰ ਰੋਕਣ ਲਈ ਤੁਰੰਤ ਕਦਮ ਚੁੱਕਣ ਦੇ ਨਿਰਦੇਸ ਦਿੱਤੇ। ਉਨ੍ਹਾਂ ਕਿਹਾ ਕਿ ਰਾਹਤ ਕੇਂਦਰ ਕਾਰਜਸ਼ੀਲ ਹਨ ਤੇ ਸਾਵਧਾਨੀ ਦੇ ਉਪਾਅ ਵਜੋਂ ਸੰਵੇਦਨਸ਼ੀਲ ਖੇਤਰਾਂ ਦੇ ਵਸਨੀਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ-ਬਰ-ਤਿਆਰ ਹਨ। ਬੈਂਸ ਨੇ ਨਾਗਰਿਕਾਂ ਨੂੰ ਸ਼ਾਂਤ ਰਹਿਣ, ਅਫਵਾਹਾਂ ਤੋਂ ਬਚਣ ਅਤੇ ਰਾਹਤ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਅਧਿਕਾਰੀਆਂ ਨਾਲ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਐਮਰਜੈਂਸੀ ਜਾਂ ਕਿਸੇ ਸਹਾਇਤਾ ਲਈ ਸ੍ਰੀ ਆਨੰਦਪੁਰ ਸਾਹਿਬ ਦੇ ਵਸਨੀਕ ਕੰਟਰੋਲ ਰੂਮ ਨੰਬਰ 87279-62441 'ਤੇ ਸੰਪਰਕ ਕਰ ਸਕਦੇ ਹਨ।

# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ

ਰਾੜਾ ਸਾਹਿਬ, 2 ਸਤੰਬਰ (ਸੰਜੀਵ ਲਹਿਲ): ਸਿੱਖ ਪੰਥ ਦੇ ਮਹਾਨ ਵਿਦਵਾਨ ਸੰਪ੍ਰਦਾਇ ਰਾੜਾ ਸਾਹਿਬ ਦੇ ਮੁਖੀ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਅਫਸੋਸ ਪ੍ਰਗਟ ਕਰਨ ਲਈ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਮੰਗਲਵਾਰ ਨੂੰ ਭਗਤੀ ਦੇ ਪੁੰਜ ਤੇ ਵਿਸ਼ਵ ਪ੍ਰਸਿੱਧ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾਂ ਦੇ ਨਾਲ ਮਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ, ਅਮਰਗੜ੍ਹ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਸ਼ਾਮਲ ਸਨ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੇ ਟਰੱਸਟੀ ਮੈਂਬਰ ਭਾਈ ਗੁਰਨਾਮ ਸਿੰਘ, ਭਾਈ ਮਲਕੀਤ ਸਿੰਘ ਪਨੇਸਰ, ਜਗਜੀਤ ਸਿੰਘ ਗਿੱਲ, ਬਾਬਾ ਅਮਰ ਸਿੰਘ ਭੋਰਾ ਸਾਹਿਬ, ਭਾਈ ਬਾਵਾ ਸਿੰਘ ਤੇ ਸੰਤ



ਬਾਬਾ ਬਲਜਿੰਦਰ ਸਿੰਘ ਜੀ ਭਰਾ ਭਾਈ ਗੁਰਦੀਪ ਸਿੰਘ ਤੇ ਹੋਰ ਸੰਗਤਾਂ ਨਾਲ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਤੇ ਸਿੱਖ ਜਗਤ, ਸੰਪ੍ਰਦਾਇ ਰਾੜਾ ਸਾਹਿਬ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ।

ਉਨ੍ਹਾਂ ਕਿਹਾ ਕਿ ਇਹ ਸੰਪਰਦਾਇ ਬਹੁਤ ਲੰਬੇ ਸਮੇਂ ਤੋਂ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੀ ਹੈ।

ਮੰਤਰੀ ਅਰੋੜਾ ਨੇ ਕਿਹਾ ਕਿ ਸੰਗਤਾਂ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮਹਾਂਪੁਰਖ ਸਦੀਆਂ ਬਾਅਦ ਇਸ ਸੰਸਾਰ 'ਤੇ ਆਉਂਦੇ ਹਨ ਤੇ ਸੰਗਤਾਂ ਨੂੰ ਗੁਰੂ ਦੇ ਲੜ ਲਾਉਂਦੇ ਹਨ। ਸਮਾਜਿਕ ਕੁਰੀਤੀਆਂ ਨੂੰ ਦੂਰ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਵੱਲੋਂ ਜਿੱਥੇ ਬਾਬਾ ਬਲਜਿੰਦਰ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ ਉੱਥੇ ਸੰਤ ਬਾਬਾ ਬਲਜਿੰਦਰ ਸਿੰਘ ਜੀ ਲਈ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਸੰਗਤਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਉਨ੍ਹਾਂ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੇ ਟਰੱਸਟੀ ਮੈਂਬਰਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਪੰਜਾਬ ਸਰਕਾਰ ਰਾੜਾ ਸਾਹਿਬ ਦੇ ਪ੍ਰਬੰਧਕਾਂ ਅਤੇ ਸਮੁੱਚੀ ਸੰਗਤ ਦੇ ਨਾਲ ਹੈ ਅਤੇ ਹਰ ਪ੍ਰਕਾਰ ਦੀ ਸਹਾਇਤਾ ਲਈ ਉਹ ਵਚਨਬੱਧ ਹਨ। ਇਹ ਵੀ ਜ਼ਿਕਰਯੋਗ ਹੈ ਕਿ ਸੰਤ ਬਾਬਾ ਬਲਜਿੰਦਰ ਸਿੰਘ ਜੀ ਦੇ ਨਮਿਤ ਆਰੰਭ ਕੀਤੇ ਸ੍ਰੀ ਸਹਿਜ ਪਾਠ ਦੇ ਭੋਗ ਭਲਕੇ 3 ਸਤੰਬਰ ਦਿਨ ਬੁੱਧਵਾਰ ਨੂੰ ਠੀਕ 11:30 ਵਜੇ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਪਾਏ ਜਾਣਗੇ।

## 'ਯੁੱਧ ਨਸ਼ਿਆਂ ਵਿਰੁੱਧ' ਦੇ 185ਵੇਂ ਦਿਨ 359 ਥਾਵਾਂ 'ਤੇ ਛਾਪੇਮਾਰੀ, 95 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 2 ਸਤੰਬਰ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਦੇ ਲਗਾਤਾਰ 185ਵੇਂ ਦਿਨ ਪੰਜਾਬ ਪੁਲਿਸ ਨੇ ਮੰਗਲਵਾਰ ਨੂੰ 359 ਥਾਵਾਂ 'ਤੇ ਛਾਪੇਮਾਰੀ ਕੀਤੀ ਜਿਸ ਦੌਰਾਨ ਸੂਬੇ ਭਰ ਵਿੱਚ 95 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ ਉਪਰੰਤ 64 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਇਸ ਨਾਲ,185 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 28,025 ਹੋ ਗਈ ਹੈ। ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜੇ ਵਿੱਚੋਂ 433 ਗ੍ਰਾਮ ਹੈਰੋਇਨ, 29 ਕਿਲੋ ਭੁੱਕੀ, 910 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 3.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਹ ਕਾਰਵਾਈ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜਿਲਿਆਂ ਵਿੱਚ ਇੱਕੋ ਸਮੇਂ ਕੀਤੀ ਗਈ। ਵੇਰਵੇ ਸਾਂਝੇ ਕਰਦਿਆਂ, ਵਿਸੇਸ ਡੀਜੀਪੀ ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 78 ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜਮਾਂ ਵਾਲੀਆਂ 150 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ ਛਾਪੇਮਾਰੀ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 381 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ, ਜਿਸਦੇ ਤਹਿਤ ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ 52 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਹੜ੍ਹ ਪ੍ਰਭਾਵਿਤ ਇਲਾਕੇ ਨੂੰ ਗਿ. ਰਘਬੀਰ ਸਿੰਘ ਤੇ ਬਾਬਾ ਬਲਬੀਰ ਸਿੰਘ ਨੇ ਦਿੱਤੀ ਸਹਾਇਤਾ ਰਾਸ਼ੀ

ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ): ਹੜ੍ਹ ਪ੍ਰਭਾਵਿਤ ਲੋਕਾਂ ਦੀ ਮੱਦਦ ਕਰਦਿਆ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖੀ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਕ ਲੱਖ ਰੁਪਏ ਦਾ ਚੈੱਕ ਤੇ ਬਾਬਾ ਬਲਬੀਰ ਸਿੰਘ ਮੁੱਖੀ ਸ਼੍ਰੋਮਣੀ ਅਕਾਲੀ ਬੁੱਢਾ ਦਲ ਵਲੋਂ



51 ਹਜਾਰ ਦੀ ਨਗਦ ਰਾਸ਼ੀ ਦਿੰਦਿਆ ਪਿੰਡ ਲਖੂਵਾਲ ਦੀ ਸਹਾਇਤਾ ਕੀਤੀ। ਬੀਤੇਂ ਦਿਨੀ ਹੜ੍ਹਾਂ ਦੀ ਲਪੇਟ 'ਚ ਆਏ ਹਲਕਾ ਅਜਨਾਲਾ ਦੇ ਪਿੰਡਾਂ 'ਚ ਗਿਆਨੀ ਰਘਬੀਰ ਸਿੰਘ, ਜਥੇਦਾਰ ਬਾਬਾ ਬਲਬੀਰ ਸਿੰਘ, ਬਾਬਾ ਗੁਰਦੇਵ ਸਿੰਘ ਕੁਲੀ ਵਾਲੇ ਅਤੇ ਬਾਬਾ ਇੰਦਰਬੀਰ ਸਿੰਘ ਸਤਲਾਣੀ ਸਾਹਿਬ ਵਾਲਿਆਂ ਵਲੋਂ ਪਹੁੰਚ ਕੇ ਜਰੂਰੀ ਸਮਾਨ ਦਿੱਤਾ ਗਿਆ ਸੀ।

ਨਗਰ ਪੰਚਾਇਤ ਪਿੰਡ ਲੱਖੂਵਾਲ ਤਹਿਸੀਲ ਅਜਨਾਲਾ ਨੂੰ ਗਿਆਨੀ ਰਘਬੀਰ ਸਿੰਘ ਵਲੋਂ ਇਕ ਲੱਖ ਰੁਪਏ ਦਾ ਚੈੱਕ ਅਤੇ ਬਾਬਾ ਬਲਬੀਰ ਸਿੰਘ ਵੱਲੋ 51 ਹਜਾਰ ਰੁਪਏ ਕੈਸ਼ ਪਸ਼ੂਆਂ ਦੇ ਚਾਰੇ ਆਦਿ ਲਈ ਸਹਾਇਤਾ ਵੱਜੋਂ ਦਿੱਤੇ ਗਏ। ਨਗਰ ਨਿਵਾਸੀਆ ਨੇ ਉਪਰੋਕਤ ਧਾਰਮਿਕ ਸਖਸ਼ੀਅਤਾਂ ਦਾ ਦੁੱਖ ਦੀ ਘੜੀ 'ਚ ਸਾਥ ਦੇਣ ਲਈ ਧੰਨਵਾਦ ਕੀਤਾ।

# ਮੁੱਖ ਚੋਣ ਅਧਿਕਾਰੀ ਵੱਲੋਂ ਤਰਨਤਾਰਨ ਜ਼ਿਮਨੀ ਚੋਣ ਤੋਂ ਪਹਿਲਾਂ ਸਿਆਸੀ ਦਲਾਂ ਨਾਲ ਮੀਟਿੰਗ

ਚੰਡੀਗੜ੍ਹ, 2 ਸਤੰਬਰ (ਚ.ਨ.ਸ.): ਤਰਨ ਤਾਰਨ ਵਿਧਾਨ ਸਭਾ ਹਲਕਾ-21 ਦੀ ਜ਼ਿਮਨੀ ਚੋਣ ਤੋਂ ਪਹਿਲਾਂ, ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਫੋਟੋ ਵੋਟਰ ਸੂਚੀ ਦੀ ਚੱਲ ਰਹੀ ਵਿਸੇਸ ਸੰਖੇਪ ਸੋਧ ਬਾਰੇ ਚਰਚਾ ਕਰਨ ਲਈ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਦੇ ਪ੍ਰ ਤੀ ਨਿ ਧੀ ਆਂ ਦੀ ਇੱਕ ਮੀਟਿੰਗ ਬੁਲਾਈ। ਇਸ ਵੋਟਰ ਸੂਚੀ ਦੀ ਯੋਗਤਾ ਮਿਤੀ 1 ਜੁਲਾਈ, 2025 ਹੈ। ਮੀਟਿੰਗ ਦੌਰਾਨ ਸਿਬਿਨ ਸੀ ਨੇ ਰਾਜਨੀਤਿਕ ਪਾਰਟੀਆਂ ਨੂੰ 2 ਸਤੰਬਰ 2025 ਨੂੰ ਵੋਟਰ ਸੂਚੀ ਦੇ ਖਰੜੇ ਦੀ ਪ੍ਰਕਾਸ਼ਨਾ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਸਿਆਸੀ ਪਾਰਟੀਆਂ ਨੂੰ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਹਲਕੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਤਰਕਸੰਗਤਤਾ ਅਤੇ ਏਕੀਕਰਨ ਮੁਕੰਮਲ ਕਰ ਲਿਆ ਗਿਆ ਹੈ। ਹਲਕੇ ਵਿੱਚ ਹੁਣ ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 222 (ਸ਼ਹਿਰੀ - 60 ਅਤੇ ਪੇਂਡੂ - 162) ਹੈ। ਇਹ ਯਕੀਨੀ ਬਣਾਇਆ ਗਿਆ ਹੈ ਕਿ ਕਿਸੇ ਵੀ ਪੋਲਿੰਗ ਸਟੇਸ਼ਨ 'ਤੇ ਵੋਟਰਾਂ ਦੀ ਗਿਣਤੀ 1,200 ਤੋਂ ਵੱਧ ਨਾ ਹੋਵੇ ਅਤੇ ਕਿਸੇ ਵੀ ਵੋਟਰ ਨੂੰ ਵੋਟ ਪਾਉਣ ਲਈ ਦੋ ਕਿਲੋਮੀਟਰ ਤੋਂ ਵੱਧ ਸਫ਼ਰ ਤੈਅ ਨਾ ਕਰਨਾ ਪਵੇ। ਡਰਾਫਟ ਸੂਚੀ ਦੇ ਅਨੁਸਾਰ ਤਰਨ ਤਾਰਨ ਵਿਧਾਨ ਸਭਾ ਹਲਕਾ-21 ਵਿੱਚ ਵੋਟਰਾਂ ਦੀ ਕੁੱਲ ਗਿਣਤੀ 1,93,275 ਹੈ। ਦਾਅਵੇ ਅਤੇ ਇਤਰਾਜ 2 ਤੋਂ 17 ਸਤੰਬਰ ਤੱਕ ਦਾਇਰ ਕੀਤੇ ਜਾ ਸਕਦੇ ਹਨ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 30 ਸਤੰਬਰ ਨੂੰ ਨਿਰਧਾਰਤ ਕੀਤੀ ਗਈ ਹੈ। ਸਿਬਿਨ ਸੀ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਵੋਟਰਾਂ ਨੂੰ ਅੱਪਡੇਟ ਕਰਨ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਦਾਅਵੇ ਅਤੇ ਇਤਰਾਜ ਦਰਜ ਕਰਨ ਦੀ ਪ੍ਰਕਿਰਿਆ ਵਿੱਚ ਵੋਟਰਾਂ ਦੀ ਮਦਦ ਕਰਨ ਲਈ ਬੂਥ ਲੈਵਲ ਏਜੰਟਾਂ (ਬੀ.ਐਲ.ਏਜ਼) ਨੂੰ ਤਾਇਨਾਤ ਕਰਕੇ ਸੋਧ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਅਪੀਲ ਕੀਤੀ।



ਸਿਬਿਨ ਸੀ ਨੇ ਕਿਹਾ, "ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਨੂੰ ਬਰਕਰਾਰ ਰੱਖਣ ਲਈ ਸਿਆਸੀ ਪਾਰਟੀਆਂ ਦਾ ਸਹਿਯੋਗ ਬਹੁਤ ਅਹਿਮ ਹੈ। ਉਨ੍ਹਾਂ ਦੇ ਬੂਥ ਲੈਵਲ ਏਜੰਟਾਂ ਰਾਹੀਂ, ਅਸੀਂ ਸਾਰੀਆਂ ਪਾਰਟੀਆਂ ਨੂੰ ਵੋਟਰਾਂ ਤੱਕ ਪਹੁੰਚ ਕਰਨ, ਵੋਟਰਾਂ ਦੀ ਤਸਦੀਕ ਨੂੰ ਉਤਸ਼ਾਹਿਤ ਕਰਨ ਤੇ ਵੋਟਰ ਸੂਚੀ ਦੀ ਸੋਧ ਪ੍ਰਕਿਰਿਆ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਅਪੀਲ ਕਰਦੇ ਹਾਂ।" ਇਸ ਤੋਂ ਇਲਾਵਾ ਮੁੱਖ ਚੋਣ ਅਧਿਕਾਰੀ, ਪੰਜਾਬ ਨੇ ਵੋਟਰਾਂ ਦੁਆਰਾ ਈ.ਆਰ.ਓ. ਦੇ ਹੁਕਮਾਂ ਵਿਰੁੱਧ ਡੀ.ਈ.ਓ. ਨੂੰ ਦਾਅਵਿਆਂ ਅਤੇ ਇਤਰਾਜਾਂ ਦੇ ਸਬੰਧ ਵਿੱਚ 15 ਦਿਨਾਂ ਦੇ ਅੰਦਰ ਅਪੀਲ ਕਰਨ ਦੇ ਉਪਬੰਧ ਬਾਰੇ ਦੱਸਿਆ ਅਤੇ ਇਸ ਦੇ ਨਾਲ ਹੀ ਗਲਤੀ ਨਾਲ ਹਟਾਏ ਗਏ ਨਾਵਾਂ ਨੂੰ ਸਾਮਲ ਕਰਨ ਅਤੇ ਜੇਕਰ ਲੋੜ ਹੋਵੇ ਤਾਂ ਆਰਪੀ ਐਕਟਾਂ/ਨਿਯਮਾਂ ਅਨੁਸਾਰ ਮੁੱਖ ਚੋਣ ਅਧਿਕਾਰੀ (ਸੀਈਓ) ਤੱਕ ਪਹੁੰਚ ਕਰਨ ਦੀ ਵਿਵਸਥਾ ਬਾਰੇ ਜਾਣਕਾਰੀ ਦਿੱਤੀ।

# ਹੜ੍ਹਾਂ ਨੂੰ 'ਰਾਸ਼ਟਰੀ ਆਪਦਾ' ਐਲਾਨਿਆ ਜਾਵੇ : ਵੜਿੰਗ



## - ਪੰਜਾਬ ਦਾ ਦੌਰਾ ਕਿਉਂ ਨਹੀਂ ਕਰ ਸਕਦੇ ਪ੍ਰਧਾਨ ਮੰਤਰੀ
## - ਕੇਜਰੀਵਾਲ ਦੀ ਚੁੱਪੀ ਤੇ ਗ਼ੈਰ-ਹਾਜ਼ਰੀ ਉੱਪਰ ਵੀ ਚੁੱਕੇ ਸਵਾਲ

ਚੰਡੀਗੜ੍ਹ, 2 ਸਤੰਬਰ (ਅੰਮ੍ਰਿਤਪਾਲ ਸਿੰਘ): ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦੇਸ਼ ਦੇ ਉੱਤਰੀ ਹਿੱਸੇ ਵਿੱਚ ਦੋ ਸੂਬਿਆਂ ਅਤੇ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਨੂੰ ਤਬਾਹ ਕਰਨ ਵਾਲੀਆਂ ਵਿਨਾਸ਼ਕਾਰੀ ਹੜ੍ਹਾਂ ਨੂੰ 'ਰਾਸ਼ਟਰੀ ਆਪਦਾ' ਐਲਾਨਣ ਦੀ ਮੰਗ ਕਰਦੇ ਹੋਏ, ਪੁੱਛਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੌਕੇ 'ਤੇ ਮੁਲਾਂਕਣ ਲਈ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਿਉਂ ਨਹੀਂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਅਤੇ ਪੁਨਰਵਾਸ ਦਾ ਪ੍ਰਬੰਧ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ।

ਇਸ ਤੋਂ ਇਲਾਵਾ, ਵੜਿੰਗ ਨੇ ਪੰਜਾਬ ਵਿਚ ਹੜ੍ਹਾਂ ਨਾਲ ਭਾਰੀ ਨੁਕਸਾਨ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਚੁੱਪੀ ਅਤੇ ਗੈਰਹਾਜ਼ਰੀ 'ਤੇ ਵੀ ਸਵਾਲ ਉਠਾਏ ਹਨ। ਜਦਕਿ ਕੇਜਰੀਵਾਲ ਪੰਜਾਬ ਨਾਲੋਂ ਵੱਧ ਦਿੱਲੀ ਵਿੱਚ ਜਿਆਦਾ ਦਿਖਦੇ ਹਨ। ਉਹਨਾਂ ਨੇ 'ਐਕਸ' ਉੱਪਰ ਲਿਖੇ ਇੱਕ ਨੋਟ ਰਾਹੀਂ ਪੁੱਛਿਆ ਹੈ ਕਿ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਨਹੀਂ ਕਰਨਾ ਚਾਹੀਦਾ ਹੈ? ਵੜਿੰਗ ਨੇ ਕਿਹਾ ਹੈ ਕਿ ਕਿਉਂਕਿ ਉਹ ਐੱਸ.ਸੀ.ਓ ਸੰਮੇਲਨ ਤੋਂ ਵਾਪਸ ਆ ਗਏ ਹਨ ਤੇ ਅਸੀਂ ਉਮੀਦ ਕਰਦੇ ਹਾਂ ਕਿ ਉਹ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨਗੇ ਤੇ ਸੂਬੇ ਲਈ ਤੁਰੰਤ ਹੜ੍ਹਾਂ ਤੋਂ ਰਾਹਤ ਰਾਹਤ ਵਾਸਤੇ ਪੈਕੇਜ ਦਾ ਐਲਾਨ ਕਰਨਗੇ।

ਸੂਬਾ ਕਾਂਗਰਸ ਪ੍ਰਧਾਨ ਨੇ ਜ਼ੋਰ ਦਿੰਦਿਆਂ ਕਿਹਾ ਕਿ ਹੜ੍ਹਾਂ ਕਾਰਨ ਹੋਈ ਤਬਾਹੀ ਦੀ ਹੱਦ ਇਨ੍ਹਾਂ ਨੂੰ "ਰਾਸ਼ਟਰੀ ਆਪਦਾ" ਐਲਾਨੇ ਜਾਣ ਦੀ ਮੰਗ ਕਰਦੀ ਹੈ। ਉਨ੍ਹਾਂ ਕਿਹਾ ਕਿ ਇਕੱਲਾ ਪੰਜਾਬ ਹੀ ਨਹੀਂ, ਸਗੋਂ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਕੁਝ ਹਿੱਸੇ ਵੀ ਹਨ, ਜਿਹੜੇ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਉੱਥੇ ਹੀ, ਆਪ ਆਗੂਆਂ 'ਤੇ ਨਿਸ਼ਾਨਾ ਸਾਧਦੇ ਹੋਏ, ਵੜਿੰਗ ਨੇ ਪਾਰਟੀ ਲੀਡਰਸ਼ਿਪ ਤੋਂ ਪੁੱਛਿਆ ਹੈ ਕਿ ਅਰਵਿੰਦ ਕੇਜਰੀਵਾਲ ਕਿੱਥੇ ਹਨ! ਜਿਸ ਤੇ ਉਹਨਾਂ ਨੇ ਪੁੱਛਿਆ ਹੈ ਕਿ ਕੀ ਪੰਜਾਬ ਸਿਰਫ਼ ਚੋਣਾਂ ਜਿੱਤਣ ਲਈ ਹੈ, ਤਾਂ ਜੋ ਭਾਰਤ ਭਰ ਵਿੱਚ ਚੋਣਾਂ ਲੜਨ ਤੇ ਦੂਰ-ਦੁਰਾਡੇ ਦੇ ਸੂਬਿਆਂ 'ਚ ਪ੍ਰਚਾਰ ਮੁਹਿੰਮਾਂ ਉਪਰ ਪੰਜਾਬ ਦੇ ਪੈਸੇ ਖਰਚ ਕਰਨ ਲਈ 'ਆਪ' ਦੇ ਖਜ਼ਾਨੇ ਭਰੇ ਜਾ ਸਕਣ।

# ਸੰਗਠਨ ਸਿਰਜਣ ਅਭਿਆਨ ਕਾਂਗਰਸ ਦੀ ਮਜ਼ਬੂਤੀ ਲਈ ਬਿਹਤਰ : ਸਿਮਰਜੀਤ ਸਿੰਘ ਬੈਂਸ, ਡਾ. ਧਰਮਵੀਰ ਗਾਂਧੀ

ਪਟਿਆਲਾ, 2 ਸਤੰਬਰ (ਰੁਪਾਣਾ): ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਹੁਕਮਾਂ ਅਨੁਸਾਰ ਪਟਿਆਲਾ ਸ਼ਹਿਰੀ ਲਈ ਲਗੇ ਨਵ ਨਿਯੁਕਤ ਆਬਜ਼ਰਵਰ ਸਿਮਰਜੀਤ ਸਿੰਘ ਬੈਂਸ (ਸਾਬਕਾ ਐੱਮ.ਐਲ.ਏ.), ਸਿਤਾਰ ਮੋਹੰਮਦ ਲਿਬੜਾ, ਸ਼ੁਭਮ ਸ਼ਰਮਾ ਵੱਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਵਰਕਰ ਤੇ ਅਹੁਦੇਦਾਰ ਸਹਿਬਾਨਾਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਮੰਚ ਦਾ ਸੰਚਾਲਨ ਹਰਵਿੰਦਰ ਸਿੰਘ ਨਿੱਪੀ ਸਪੋਕਸਪਰਸਨ ਪੰਜਾਬ ਕਾਂਗਰਸ ਨੇ ਕੀਤਾ ਤੇ ਬਲਾਕ ਪ੍ਰਧਾਨ ਰਾਜੇਸ਼ ਮੰਡੋਰਾ ਨੇ ਤਿਨੋ ਆਬਜ਼ਰਵਰ ਦਾ ਜੀ ਆਇਆ ਕੀਤਾ ਤੇ ਇਸਤੋਂ ਉਪਰੰਤ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਜੀ ਨੇ ਤਿਨੋ ਆਬਜ਼ਰਵਰ ਸਹਿਬਾਨਾਂ ਨੂੰ ਅਤੇ ਪਟਿਆਲਾ ਦੇ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਜੀ ਦਾ ਸਿਰੋਪਾ ਦੇ ਕੇ ਸਨਮਾਨ ਕੀਤਾ। ਇਸ ਵਿਚ ਬੋਲਦਿਆ ਸਿਮਰਜੀਤ ਬੈਂਸ ਨੇ ਕਿਹਾ ਕਿ ਕਾਂਗਰਸ ਪਾਰਟੀ ਇਕ ਬਹੁਤ ਮਜ਼ਬੂਤ ਪਾਰਟੀ ਹੈ ਤੇ ਸਾਰੀ ਕਾਂਗਰਸ ਪਾਰਟੀ ਇਕਠੀ ਹੈ। ਉਨ੍ਹਾਂ ਨੇ ਕਿਹਾ ਕਿ ਸੰਗਠਨ ਸਿਰਜਣ ਅਭਿਆਨ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਸ਼ੁਰੂ ਕੀਤਾ ਗਿਆ ਹੈ। ਇਸ ਅਭਿਆਨ ਨਾਲ ਕਾਂਗਰਸ ਆਪਣੀ 2027 'ਚ ਸਰਕਾਰ ਬਣਾਇਗੀ।



ਇਸ 'ਚ ਪੰਜਾਬ ਪ੍ਰਦੇਸ਼ ਦੇ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਨਰਿੰਦਰਪਾਲ ਲਾਲੀ, ਗੋਪਾਲ ਸਿੰਗਲਾ, ਕੰਵਲਜੀਤ ਸਹਿਗਲ, ਰਾਜੇਸ਼ ਸ਼ਰਮਾ ਰਾਜੂ, ਹਰੀਵਿੰਦਰ ਸ਼ੁਕਲਾ, ਹਰਵੀਰ ਸਿੰਘ ਢੀਂਡਸਾ ਤਿਨੋ ਬਲਾਕ ਪ੍ਰਧਾਨ, ਵਿਨੋਦ ਭਟਨਾਗਰ, ਅਨਿਲ ਮੋਦਗਿਲ, ਅਮਰਪ੍ਰੀਤ ਬੌਬੀ, ਮਨੋਜ ਠਾਕੁਰ, ਅਮਨਦੀਪ ਸਿੰਘ ਅਮਨ, ਗੁਰਦੇਵ ਪੂਨੀਆ , ਨਵਦੀਪ ਸ਼ਰਮਾ, ਗਿਆਨੇਸ਼ਵਰ ਪੰਜੋਲਾ, ਮਦਨ ਲਾਲ ਭਾਂਬਰੀ , ਰਾਕੇਸ਼ ਕੁਮਾਰ ਕੇਸ਼ੀ ਪੰਡਿਤ, ਮਾਧਵ ਸਿੰਗਲਾ, ਰਾਜੇਸ਼ ਬਗਣ ਗੌਤਮ ਸਲੂਜਾ ਜਿਲ੍ਹਾ ਪ੍ਰਧਾਨ ਆਈ ਟੀ ਸੈੱਲ, ਸੰਜਯ ਹੰਸ ਵਿਕਾਸ ਸਯਾਲ, ਰਜਨੀ ਬਿਡਲਾਨ, ਕਿਰਪਾਲ ਕੌਰ, ਰੋਹਿਤ ਹੰਸ, ਰੋਹਿਤ ਗੌਤਮ, ਅਮਰਜੀਤ ਸਹੋਤਾ ਆਦਿ ਅਹੁਦੇਦਾਰ ਤੇ ਵੱਡੀ ਗਿਣਤੀ ਵਿਚ ਵਰਕਰ ਸਹਿਬਾਨਾਂ ਨੇ ਸ਼ਮੂਲੀਅਤ ਕੀਤੀ।

# ਅਕਾਲੀ ਦਲ ਦੇ ਹੜ੍ਹ ਰਾਹਤ ਕੇਂਦਰ ਨੇ ਜਲੰਧਰ 'ਚ ਕੰਮ ਕਰਨਾ ਕੀਤਾ ਸ਼ੁਰੂ : ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ, 2 ਸਤੰਬਰ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਐਲਾਨ ਕੀਤਾ ਕਿ ਪਾਰਟੀ ਵੱਲੋਂ ਜਲੰਧਰ ਵਿਚ ਸਥਾਪਿਤ ਕੀਤੇ ਹੜ੍ਹ ਰਾਹਤ ਕੇਂਦਰ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇਹ ਸੂਬੇ ਦੇ ਹੜ੍ਹ ਮਾਰੇ ਇਲਾਕੇ ਵਿਚ ਰਾਹਤ ਸਮੱਗਰੀ ਵੰਡਣ ਵਾਸਤੇ ਨੋਡਲ ਪੁਆਇੰਟ ਵਜੋਂ ਕੰਮ ਕਰੇਗਾ। ਵੇਰਵੇ ਸਾਂਝੇ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਹੜ੍ਹ ਰਾਹਤ ਕੇਂਦਰ ਹਰਿੰਦਰ ਫਾਰਮਜ਼ ਵਿਖੇ ਸਥਾਪਿਤ ਕੀਤਾ ਗਿਆ ਹੈ ਤੇ ਕੋਈ ਵੀ ਹੜ੍ਹ ਰਾਹਤ ਸਮੱਗਰੀ ਲੈਣ ਵਾਸਤੇ 81958-22222 ਅਤੇ 95012-87100 'ਤੇ ਸੰਪਰਕ ਕਰ ਸਕਦਾ ਹੈ। ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੇ ਕੇਡਰ ਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕੇਂਦਰ ਵਿਚ ਰਾਹਤ ਸਮੱਗਰੀ ਖੁੱਲ੍ਹੇ ਦਿਲ ਨਾਲ ਦਾਨ ਦੇਣ। ਉਹਨਾਂ ਕਿਹਾ ਕਿ ਜੋ ਕੋਈ ਵੀ ਰਾਹਤ ਸਮੱਗਰੀ ਦਾਨ ਦੇਣਾ ਚਾਹੁੰਦਾ ਹੈ ਕਿ ਉਹ ਇਸ ਵਾਸਤੇ ਰਾਹਤ ਕੇਂਦਰ ਨਾਲ ਸੰਪਰਕ ਕਰ ਸਕਦਾ ਹੈ। ਉਹਨਾਂ ਨੇ ਇਹ ਵੀ ਐਲਾਨ ਕੀਤਾ ਕਿ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੀ ਅਗਵਾਈ ਹੇਠ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਾ ਇਕਾਈ ਨੇ ਹੜ੍ਹ ਰਾਹਤ ਕਾਰਜਾਂ ਵਾਸਤੇ ਕੇਂਦਰ ਨੂੰ 11 ਲੱਖ ਰੁਪਏ ਦਿੱਤੇ ਹਨ। ਇਸੇ ਤਰੀਕੇ ਪਰਉਪਕਾਰ ਸਿੰਘ ਘੁੰਮਣ ਦੀ ਅਗਵਾਈ ਹੇਠ ਲੁਧਿਆਣਾ ਇਕਾਈ ਨੇ ਤਿੰਨ ਟਰਾਲੀਆਂ ਦਵਾਈਆਂ ਦੀਆਂ ਦਿੱਤੀਆਂ ਹਨ।



ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦਾ ਵੀ ਧੰਨਵਾਦ ਕੀਤਾ ਜਿਸਨੇ ਮੌਕੇ 'ਤੇ ਲੋੜਵੰਦਾਂ ਦੀ ਬਾਂਹ ਫੜੀ ਹੈ ਤੇ ਹੜ੍ਹ ਪ੍ਰਭਾਵਤ ਇਲਾਕਿਆਂ 'ਚ ਮੈਡੀਕਲ ਕੈਂਪ ਲਗਾਏ ਹਨ ਜੋ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਚਲਾਏ ਜਾ ਰਹੇ ਹਨ। ਇਸ ਦੌਰਾਨ ਬਲਾਚੌਰ ਦੇ ਲੋਕਾਂ ਨੇ ਇਕ ਵੀਡੀਓ ਅਪੀਲ ਵਿਚ ਸੂਬਾ ਪ੍ਰਸ਼ਾਸਨ ਨੂੰ ਸ਼ਿਕਾਇਤ ਕੀਤੀ ਕਿ ਉਹ ਉਹਨਾਂ ਦੀ ਮਦਦ ਵਾਸਤੇ ਨਹੀਂ ਨਿੱਤਰ ਰਿਹਾ। ਅਕਾਲੀ ਦਲ ਦੇ ਪ੍ਰਧਾਨ ਨੇ ਔਲੀਆਪੁਰ ਤੇ ਧਨਗੜ੍ਹ ਪਿੰਡਾਂ ਵਿਚ ਸਤਲੁਜ ਦਰਿਆ ਦਾ ਬੰਨ ਮਜ਼ਬੂਤ ਕਰਨ ਵਾਸਤੇ ਮਦਦ ਕਰਨ ਲਈ 1000 ਲੀਟਰ ਡੀਜ਼ਲ, ਟਰੈਕਟਰ ਤੇ ਜੇ ਸੀ ਬੀ ਮਸ਼ੀਨਾਂ ਭੇਜੀਆਂ ਹਨ। ਅਕਾਲੀ ਦਲ ਦੇ ਨਵਾਂਸ਼ਹਿਰ ਦੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸ਼ੁਕਰ ਨੇ ਇਹ ਸਮੱਗਰੀ ਬੰਨ ਵਾਲੀ ਥਾਂ 'ਤੇ ਪ੍ਰਦਾਨ ਕੀਤੀ। ਇਸ ਦੌਰਾਨ ਹੋਰ ਰਾਹਤ ਕਾਰਜਾਂ ਵਿਚ ਫਾਜ਼ਿਲਕਾ ਤੇ ਡੇਰਾ ਬਾਬਾ ਨਾਨਕ ਵਿਚ ਰਾਸ਼ਨ ਦੇ ਟਰੱਕ ਭੇਜੇ ਗਏ। ਬਠਿੰਡਾ ਦੇ ਐਮ ਪੀ ਹਰਸਿਮਰਤ ਕੌਰ ਬਾਦਲ ਨੇ ਮਾਨਸਾ ਵਿਚ ਲੋੜੀਂਦੀਆਂ ਥਾਵਾਂ 'ਤੇ ਘੱਗਰ ਦੇ ਬੰਨਾਂ ਦੀ ਮਜ਼ਬੂਤੀ ਵਾਸਤੇ 2 ਹਜ਼ਾਰ ਲੀਟਰ ਡੀਜ਼ਲ ਪ੍ਰਦਾਨ ਕੀਤਾ ਹੈ ਤੇ ਦੋ ਟਰੱਕ ਰਾਸ਼ਨ ਪ੍ਰਦਾਨ ਕੀਤਾ ਗਿਆ। ਇਸੇ ਤਰੀਕੇ ਪਟਿਆਲਾ ਦਿਹਾਤੀ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ 500 ਲੀਟਰ ਡੀਜ਼ਲ ਅਰਨੋਂ ਵਿਚ ਘੱਗਰ ਦੇ ਬੰਨ ਦੀ ਮਜ਼ਬੂਤੀ ਵਾਸਤੇ ਦਿੱਤਾ ਹੈ। ਗੁਰਬਚਨ ਸਿੰਘ ਬੱਬੇਹਾਲੀ ਦੀ ਅਗਵਾਈ ਹੇਠ ਗੁਰਦਾਸਪੁਰ ਦੀ ਸੰਗਤ ਨੇ 40 ਟਰਾਲੀਆਂ ਰਾਸ਼ਨ ਪ੍ਰਦਾਨ ਕੀਤਾ ਹੈ ਤੇ ਕਮਲਜੀਤ ਸਿੰਘ ਚਾਵਲਾ ਅਤੇ ਨਰੇਸ਼ ਮਹਾਜਨ ਦੀਨਾਨਗਰ ਦੀ ਅਗਵਾਈ ਹੇਠ ਹੜ੍ਹ ਮਾਰੇ ਇਲਾਕਿਆਂ ਵਿਚ 40 ਟਰਾਲੀਆਂ ਰਾਹਤ ਸਮੱਗਰੀ ਪ੍ਰਦਾਨ ਕੀਤੀ ਗਈ ਹੈ। ਮੁਹਾਲੀ ਤੋਂ ਇਕ ਟਰੱਕ ਰਾਸ਼ਨ ਫਾਜ਼ਿਲਕਾ ਰਵਾਨਾ ਕੀਤਾ ਗਿਆ ਹੈ।




## ਸੰਪਾਦਕੀ

# ਭਾਰਤ ਦੀ ਕੂਟਨੀਤਕ ਜਿੱਤ

ਚੀਨ ਦੇ ਤਿਆਨਜਿਨ ਵਿੱਚ ਹੋਈ ਸ਼ੰਘਾਈ ਸਹਿਯੋਗ ਸੰਗਠਨ ਕਾਨਫਰੰਸ ਦੇ ਐਲਾਨਨਾਮੇ ਵਿੱਚ ਜਿਸ ਤਰ੍ਹਾਂ ਅੱਤਵਾਦ ਵਿਰੁੱਧ ਲੜਾਈ ਨੂੰ ਸਪੱਸ਼ਟ ਤੌਰ 'ਤੇ ਸ਼ਾਮਲ ਕੀਤਾ ਗਿਆ ਸੀ, ਉਹ ਭਾਰਤ ਲਈ ਇੱਕ ਵੱਡੀ ਕੂਟਨੀਤਕ ਜਿੱਤ ਦਰਸਾਉਂਦਾ ਹੈ। ਦਰਅਸਲ, ਭਾਰਤ ਲਗਾਤਾਰ ਕੁਝ ਸ਼ਕਤੀਸ਼ਾਲੀ ਦੇਸ਼ਾਂ ਤੋਂ ਅੱਤਵਾਦ ਦੇ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨ ਦੀ ਮੰਗ ਕਰਦਾ ਆ ਰਿਹਾ ਹੈ। ਪਰ ਕੁਝ ਦੇਸ਼ਾਂ ਦੁਆਰਾ ਅੱਤਵਾਦ ਦੀ ਸਿੱਧੀ ਆਲੋਚਨਾ ਅਤੇ ਗੁਪਤ ਰੂਪ ਵਿੱਚ ਇਸਦਾ ਸਮਰਥਨ ਕਰਨ ਵਾਲਿਆਂ ਪ੍ਰਤੀ ਦਿਖਾਈ ਗਈ ਨਰਮੀ ਇਸ ਮੁੱਦੇ ਦੀ ਗੁੰਝਲਤਾ ਨੂੰ ਵਧਾਉਂਦੀ ਹੈ। ਇਸੇ ਲਈ ਭਾਰਤ ਨੇ ਹਰ ਮੌਕੇ 'ਤੇ ਅੱਤਵਾਦ ਵਿਰੁੱਧ ਮੁਹਿੰਮ ਅਤੇ ਏਕਤਾ ਦੀ ਅਪੀਲ ਕੀਤੀ ਹੈ। ਤਿਆਨਜਿਨ ਵਿੱਚ ਹੋਈ SCO ਕਾਨਫਰੰਸ ਵਿੱਚ ਵੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਪਿਛਲੇ ਚਾਰ ਦਹਾਕਿਆਂ ਤੋਂ ਅੱਤਵਾਦ ਦਾ ਸ਼ਿਕਾਰ ਹੋ ਰਿਹਾ ਹੈ... ਸਾਨੂੰ ਸਪੱਸ਼ਟ ਅਤੇ ਸਰਬਸੰਮਤੀ ਨਾਲ ਕਹਿਣਾ ਪਵੇਗਾ ਕਿ ਅੱਤਵਾਦ 'ਤੇ ਕੋਈ ਵੀ ਦੋਹਰਾ ਮਾਪਦੰਡ ਸਵੀਕਾਰਯੋਗ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਹਿਲਗਾਮ ਵਿੱਚ ਹੋਇਆ ਅੱਤਵਾਦੀ ਹਮਲਾ ਸਿਰਫ਼ ਭਾਰਤ 'ਤੇ ਹੀ ਨਹੀਂ, ਸਗੋਂ ਮਨੁੱਖਤਾ ਵਿੱਚ ਵਿਸ਼ਵਾਸ ਰੱਖਣ ਵਾਲੇ ਦੇਸ਼ਾਂ ਅਤੇ ਲੋਕਾਂ ਲਈ ਇੱਕ ਖੁੱਲ੍ਹੀ ਚੁਣੌਤੀ ਸੀ। ਸਪੱਸ਼ਟ ਤੌਰ 'ਤੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਸ਼ੰਘਾਈ ਸਹਿਯੋਗ ਸੰਗਠਨ ਘੋਸ਼ਣਾ ਵਿੱਚ ਸਾਰੇ ਮੈਂਬਰ ਦੇਸ਼ਾਂ ਦੁਆਰਾ ਨਿੰਦਾ ਕੀਤੀ ਗਈ, ਇਹ ਭਾਰਤ ਦੀ ਚਿੰਤਾ ਨੂੰ ਉਜਾਗਰ ਕਰਦਾ ਹੈ। ਐਲਾਨਨਾਮੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਜਿਹੇ ਅੱਤਵਾਦੀ ਹਮਲਿਆਂ ਦੇ ਦੋਸ਼ੀਆਂ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਇੱਕ ਮਹੱਤਵਪੂਰਨ ਪਹਿਲੂ ਵਜੋਂ ਇਸ ਵਿੱਚ ਅੱਤਵਾਦੀਆਂ ਦੀ ਘੁਸਪੈਠ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੀ ਸ਼ੰਘਾਈ ਸਹਿਯੋਗ ਸੰਗਠਨ ਕਾਨਫਰੰਸ ਵਿੱਚ, ਐਲਾਨਨਾਮੇ ਵਿੱਚ ਇਸ ਮੁੱਦੇ ਨੂੰ ਸ਼ਾਮਲ ਕਰਨ 'ਤੇ ਕੋਈ ਸਹਿਮਤੀ ਨਹੀਂ ਸੀ। ਪਰ ਹੁਣ ਸ਼ੰਘਾਈ ਸਹਿਯੋਗ ਸੰਗਠਨ ਦੇ ਮੈਂਬਰ ਦੇਸ਼ਾਂ ਨੇ ਅੱਤਵਾਦ ਦੀ ਸਮੱਸਿਆ 'ਤੇ ਭਾਰਤ ਪ੍ਰਤੀ ਆਪਣੀ ਸੰਵੇਦਨਸ਼ੀਲਤਾ ਦਿਖਾਈ ਹੈ ਅਤੇ ਇਸ ਵਿਰੁੱਧ ਮੁਹਿੰਮ ਚਲਾਉਣ ਦੀ ਆਪਣੀ ਵਚਨਬੱਧਤਾ ਪ੍ਰਗਟ ਕੀਤੀ ਹੈ। ਪਰ ਸਵਾਲ ਇਹ ਹੈ ਕਿ ਜੇਕਰ ਪਾਕਿਸਤਾਨ ਭਾਰਤ ਵਿੱਚ ਅੱਤਵਾਦ ਦੀ ਸਮੱਸਿਆ ਦੇ ਸਰੋਤ ਵਜੋਂ ਆਪਣੀ ਆਦਤ ਨਹੀਂ ਛੱਡਦਾ ਅਤੇ ਦੂਜੇ ਪਾਸੇ ਚੀਨ ਇਸਨੂੰ ਨਜ਼ਰਅੰਦਾਜ਼ ਕਰਦਾ ਹੈ, ਤਾਂ ਇਸਨੂੰ ਕਿਵੇਂ ਦੇਖਿਆ ਜਾਵੇਗਾ। ਇਹ ਕੋਈ ਛੁਪਿਆ ਹੋਇਆ ਤੱਥ ਨਹੀਂ ਹੈ ਕਿ ਪਾਕਿਸਤਾਨ ਸਥਿਤ ਠਿਕਾਣਿਆਂ ਤੋਂ ਕੰਮ ਕਰਨ ਵਾਲੇ ਅੱਤਵਾਦੀ ਸੰਗਠਨਾਂ ਨੂੰ ਕੌਣ ਪਾਲ ਰਿਹਾ ਹੈ। ਇਸ ਦੇ ਬਾਵਜੂਦ, ਚੀਨ ਕਈ ਪੱਧਰਾਂ 'ਤੇ ਪਾਕਿਸਤਾਨ ਦੀ ਮਦਦ ਕਰ ਰਿਹਾ ਹੈ ਅਤੇ ਇਸ ਕਾਰਨ ਕਈ ਵਾਰ ਭਾਰਤ ਲਈ ਬਹੁਤ ਹੀ ਅਸੁਵਿਧਾਜਨਕ ਸਥਿਤੀ ਪੈਦਾ ਹੁੰਦੀ ਹੈ। ਹੁਣ, ਜੇਕਰ ਚੀਨੀ ਧਰਤੀ 'ਤੇ ਹੀ SCO ਕਾਨਫਰੰਸ ਦੇ ਐਲਾਨਨਾਮੇ ਵਿੱਚ ਪਹਿਲਗਾਮ ਹਮਲੇ ਅਤੇ ਅੱਤਵਾਦ ਦੀ ਨਿੰਦਾ ਕੀਤੀ ਗਈ ਹੈ, ਤਾਂ ਇਹ ਪਾਕਿਸਤਾਨ ਅਤੇ ਇਸਦਾ ਬਚਾਅ ਕਰਨ ਵਾਲੇ ਦੇਸ਼ਾਂ ਨੂੰ ਦਿੱਤਾ ਗਿਆ ਇੱਕ ਸਪੱਸ਼ਟ ਸੰਦੇਸ਼ ਵੀ ਹੈ। ਤਿਆਨਜਿਨ ਵਿੱਚ ਹੋਈ ਐਸਸੀਓ ਕਾਨਫਰੰਸ ਨੂੰ ਰਾਸ਼ਟਰ ਮੁਖੀਆਂ ਅਤੇ ਘਰੇਲੂ ਕੂਟਨੀਤਕ ਮੀਟਿੰਗਾਂ ਦੇ ਪੱਧਰ 'ਤੇ ਸਭ ਤੋਂ ਮਹੱਤਵਪੂਰਨ ਸਮਾਗਮਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ। ਵੈਸੇ ਵੀ, ਐਸਸੀਓ ਦੀ ਸ਼ੁਰੂਆਤ ਅੱਤਵਾਦ ਵਿਰੁੱਧ ਲੜਨ ਅਤੇ ਆਰਥਿਕ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਜੇਕਰ ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ, ਤਾਂ ਕਾਨਫਰੰਸ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ ਦੀ ਦਸ ਸਾਲਾ ਵਿਕਾਸ ਰਣਨੀਤੀ, ਸੁਰੱਖਿਆ, ਆਰਥਿਕਤਾ, ਆਪਸੀ ਸਬੰਧਾਂ ਅਤੇ ਸੱਭਿਆਚਾਰਕ ਸਹਿਯੋਗ ਦੇ ਮੁੱਦੇ 'ਤੇ ਨਿਸ਼ਚਤ ਤੌਰ 'ਤੇ ਇੱਕ ਬਹੁ-ਪੱਧਰੀ ਸਹਿਮਤੀ ਬਣ ਗਈ ਸੀ। ਪਰ ਜਿਸ ਤਰ੍ਹਾਂ ਅੱਤਵਾਦ ਦੇ ਮੁੱਦੇ ਨੂੰ ਇਸਦੇ ਐਲਾਨਨਾਮੇ ਵਿੱਚ ਸ਼ਾਮਲ ਕੀਤਾ ਗਿਆ ਸੀ, ਉਸਨੂੰ ਪਾਕਿਸਤਾਨ ਲਈ ਇੱਕ ਝਟਕਾ ਅਤੇ ਭਾਰਤ ਲਈ ਇੱਕ ਵੱਡੀ ਕੂਟਨੀਤਕ ਸਫਲਤਾ ਵਜੋਂ ਦੇਖਿਆ ਜਾ ਸਕਦਾ ਹੈ।

-ਜਗਜੀਤ ਸਿੰਘ ਦਰਦੀ

### ਕੀ ਇਹ ਭਾਰਤੀ ਸੰਸਕ੍ਰਿਤੀ ਹੈ ?

# ਭਾਰਤੀ ਰਾਜਨੀਤੀ ਦੇ ਰਸਾਤਲ ਦੀ ਤਸਵੀਰ : ਮਾਂ ਵਰਗੇ ਪਵਿੱਤਰ ਰਿਸ਼ਤੇ ਨੂੰ ਵੀ ਨਹੀਂ ਬਖ਼ਸ਼ਦੀ ਵੋਟਾਂ ਦੀ ਭੁੱਖ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਮਾਂ ਸ਼ਬਦ, ਇਹ ਭਾਰਤੀ ਸੱਭਿਆਚਾਰ ਦਾ ਮੂਲ ਹੈ। ਮਾਂ ਦਾ ਉਹ ਪਵਿੱਤਰ ਦਰਜਾ ਹੈ, ਜਿਥੇ ਸਾਰੇ ਰਿਸ਼ਤਿਆਂ ਦੀਆਂ ਹੱਦਾਂ ਖ਼ਤਮ ਹੋ ਜਾਂਦੀਆਂ ਹਨ ਤੇ ਜੇ ਮਾਂ ਨੂੰ ਹੀ ਗਾਲੀ ਗਲੋਚ ਦੇ ਕੇਂਦਰ ਵਿੱਚ ਰੱਖ ਲਿਆ ਜਾਏ ਤਾਂ ਫ਼ਿਰ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਸਾਡੀ ਸੰਸਕ੍ਰਿਤੀ ਦਾ ਚਿਹਰਾ ਤੇ ਰਿਸ਼ਤਿਆਂ ਦੀ ਪਵਿੱਤਰਤਾ ਕਿੱਥੇ ਹੋਵੇਗੀ ? ਕੱਲ੍ਹ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਆਪਣੀ ਮਾਂ ਦੇ ਅਪਮਾਨ ਅਤੇ ਗਾਲੀ ਗਲੋਚ, ਜੋ ਰਾਜਨੀਤਿਕ ਤੌਰ 'ਤੇ ਕਾਂਗਰਸ ਅਤੇ ਆਰ ਜੇ ਡੀ ਦੇ ਮੰਚ ਤੋਂ ਕੀਤਾ ਗਿਆ ਹੈ । ਉਸ ਬਾਰੇ ਭਾਵੁਕਤਾ ਵਿੱਚ ਆਪਣੇ ਅਪਮਾਨ ਨੂੰ ਜਿਸ ਤਰ੍ਹਾਂ ਬਿਆਨ ਕੀਤਾ ਹੈ । ਉਸ ਤੋਂ ਲੱਗਦਾ ਹੈ ਕਿ ਇਹ ਹੁਣ ਰਾਜਨੀਤੀ ਦੇ ਗਿਰਦੇ ਹੋਏ ਸਤਰ ਦੀ ਉਹ ਸੀਮਾ ਰੇਖਾ ਹੈ, ਜਿਸਦਾ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ।

ਕੀ ਆਉਣ ਵਾਲੇ ਦਿਨਾਂ ਦੇ ਵਿੱਚ ਭਾਰਤੀ ਰਾਜਨੀਤੀ ਦਾ ਸਤਰ ਰਸਾਤਲ ਵੱਲ ਨੂੰ ਜਾਣਾ ਤੈਅ ਹੈ । ਕੀ ਆਉਣ ਵਾਲੇ ਦਿਨਾਂ ਦੇ ਵਿੱਚ ਭਾਰਤੀ ਰਾਜਨੀਤੀ ਇਸ ਤਰ੍ਹਾਂ ਦੀ ਹੋਵੇਗੀ । ਇਥੇ ਅਸੀਂ ਪ੍ਰਧਾਨ ਮੰਤਰੀ ਦੇ ਬਿਆਨ ਵਿੱਚ ਭਾਰਤੀ ਰਾਜਨੀਤੀ ਅਤੇ ਮਾਂ ਵਰਗੇ ਪਵਿੱਤਰ ਰਿਸ਼ਤੇ ਦੇ ਗਾਲੀ ਗਲੋਚ ਦੀ ਤਾਜ਼ਾ ਹਾਲਾਤਾਂ ਨੂੰ ਵਰਣਨ ਕਰਾਂਗੇ।

ਅੱਜ ਭਾਰਤੀ ਰਾਜਨੀਤੀ ਵਿੱਚ ਨੀਚਤਾ ਦੀ ਨਵੀਂ ਮਿਸਾਲ ਕਾਇਮ ਹੋ ਰਹੀ ਹੈ, ਜਿੱਥੇ ਵੋਟਾਂ ਲਈ ਨੇਤਾ ਕੁੱਝ ਵੀ ਕਰਨ ਨੂੰ ਤਿਆਰ ਹਨ । ਰਾਜਨੀਤਿਕ ਪਾਰਟੀਆਂ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਾਂ ਨੂੰ ਵੀ ਗੰਦੀ ਭੱਦੀ ਭਾਸ਼ਾ ਵਿੱਚ ਗਾਲ੍ਹੀਆਂ ਕੱਢ ਕੇ ਅਪਮਾਨਿਤ ਕਰ ਰਹੀਆਂ ਹਨ। ਬਿਹਾਰ ਵਿੱਚ ਆਰਜੇਡੀ ਅਤੇ ਕਾਂਗਰਸ ਦੀ ਵੋਟਰ ਅਧਿਕਾਰ ਯਾਤਰਾ ਦੌਰਾਨ ਇੱਕ ਵਿਅਕਤੀ ਨੇ ਮੰਚ ਤੋਂ ਪੀਐੱਮ ਮੋਦੀ ਅਤੇ ਉਨ੍ਹਾਂ ਦੀ ਸਵਰਗੀ ਮਾਂ ਹੀਰਾਬੇਨ ਨੂੰ ਅਪਸ਼ਬਦ ਕਹੇ, ਜਿਸ ਨੇ ਨਾ ਸਿਰਫ਼ ਪੀਐੱਮ ਨੂੰ ਡੂੰਘਾ ਦੁੱਖ ਪਹੁੰਚਾਇਆ ਹੈ, ਬਲਕਿ ਪੂਰੇ ਦੇਸ਼ ਵਿੱਚ ਮਾਤਾ-ਪਿਤਾ ਵਰਗੇ ਰਿਸ਼ਤਿਆਂ ਨੂੰ ਲੈ ਕੇ ਗੁੱਸਾ ਅਤੇ ਨਿਰਾਸ਼ਾ ਪੈਦਾ ਕੀਤੀ ਹੈ।

ਇਹ ਘਟਨਾ ਭਾਰਤੀ ਰਾਜਨੀਤੀ ਦੀ ਗਿਰਾਵਟ ਨੂੰ ਦਰਸਾਉਂਦੀ ਹੈ, ਜਿੱਥੇ ਵਿਰੋਧੀ ਪਾਰਟੀਆਂ ਵੋਟਾਂ ਦੀ ਖ਼ਾਤਿਰ ਨੀਚੇ ਤੋਂ ਨੀਚੇ ਡਿੱਗ ਰਹੀਆਂ ਹਨ ? । ਕੱਲ੍ਹ , 2 ਸਤੰਬਰ 2025 ਨੂੰ, ਪੀਐੱਮ ਮੋਦੀ ਨੇ ਪਹਿਲੀ ਵਾਰ ਇਸ ਘਟਨਾ ਬਾਰੇ ਆਪਣਾ ਦਰਦ ਜ਼ਾਹਿਰ ਕੀਤਾ ਹੈ । ਬਿਹਾਰ ਵਿੱਚ ਔਰਤਾਂ ਨੂੰ ਸਮਰਪਿਤ ਇੱਕ ਪ੍ਰੋਗਰਾਮ ਵਿੱਚ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਮਾਂ, ਜਿਸ ਦਾ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਜੋ ਹੁਣ ਇਸ ਦੁਨੀਆ ਵਿੱਚ ਨਹੀਂ ਰਹੀ, ਉਸ ਨੂੰ ਆਰਜੇਡੀ-ਕਾਂਗਰਸ ਦੇ ਮੰਚ ਤੋਂ ਗਾਲ੍ਹੀਆਂ ਕੱਢੀਆਂ ਗਈਆਂ। ਉਨ੍ਹਾਂ ਨੇ ਭਾਵੁਕ ਹੋ ਕੇ ਕਿਹਾ, ਇਹ ਨਾ ਸਿਰਫ਼ ਮੇਰੀ ਮਾਂ ਦਾ ਅਪਮਾਨ ਹੈ, ਬਲਕਿ ਦੇਸ਼ ਦੀ ਹਰ ਮਾਂ, ਭੈਣ ਅਤੇ ਬੇਟੀ ਦਾ ਅਪਮਾਨ ਹੈ। ਮੈਨੂੰ ਬਿਹਾਰ ਦੀਆਂ ਮਾਤਾਵਾਂ ਦੇ ਅੱਖਾਂ ਵਿੱਚ ਆਂਸੂ ਨਜ਼ਰ ਆ ਰਹੇ ਹਨ । ਇਹ ਸ਼ਬਦ ਨਾ ਕੇਵਲ ਪੀਐੱਮ ਦੇ ਨਿੱਜੀ ਦੁੱਖ ਨੂੰ ਉਜਾਗਰ ਕਰਦੇ ਹਨ, ਬਲਕਿ ਰਾਜਨੀਤੀ ਵਿੱਚ ਵੱਧ ਰਹੀ ਵਿਰੋਧੀ ਪਾਰਟੀਆਂ ਦੀ ਨਫ਼ਰਤ ਅਤੇ ਨੀਚਤਾ ਨੂੰ ਵੀ ਨੰਗਾ ਕਰਦੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਭਾਸ਼ਣ ਨੇ ਪੂਰੇ ਦੇਸ਼ ਵਿੱਚ ਚਰਚਾ ਛੇੜ ਦਿੱਤੀ ਹੈ ਅਤੇ ਐੱਨਡੀਏ ਨੇ ਇਸ ਵਿਰੋਧ ਵਿੱਚ 4 ਸਤੰਬਰ ਨੂੰ ਬਿਹਾਰ ਬੰਦ ਦਾ ਐਲਾਨ ਕੀਤਾ ਹੈ। ਇਹ ਘਟਨਾ ਭਾਰਤੀ ਰਾਜਨੀਤੀ ਦੀ ਗਿਰਦੀ ਹੋਈ ਦਸ਼ਾ ਅਤੇ ਦਿਸ਼ਾ ਨੂੰ ਸਾਫ਼ ਦਰਸਾਉਂਦੀ ਹੈ। ਅੱਜ ਦੀ ਰਾਜਨੀਤੀ ਵਿੱਚ ਵੋਟਾਂ ਲਈ ਕੁਝ ਵੀ ਕਰਨ ਦੀ ਹੱਦ ਤੱਕ ਪਹੁੰਚ ਗਈ ਹੈ। ਵਿਰੋਧੀ ਪਾਰਟੀਆਂ ਇੱਕ ਦੂਜੇ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਪਰ ਹੁਣ ਇਹ ਨਿਸ਼ਾਨਾ ਨਿੱਜੀ ਜ਼ਿੰਦਗੀਆਂ, ਪਰਿਵਾਰਾਂ ਅਤੇ ਪਵਿੱਤਰ ਰਿਸ਼ਤਿਆਂ ਤੱਕ ਪਹੁੰਚ ਗਿਆ ਹੈ।

ਅੱਜ ਆਰਜੇਡੀ ਅਤੇ ਕਾਂਗਰਸ ਵਰਗੀਆਂ ਪਾਰਟੀਆਂ, ਜੋ ਬਿਹਾਰ ਵਿੱਚ ਗਠਜੋੜ ਵਿੱਚ ਹਨ, ਨੇ ਇਸ ਘਟਨਾ ਨੂੰ ਹਲਕੇ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ ਉਨ੍ਹਾਂ ਦੀ ਸੰਸਕ੍ਰਿਤੀ ਅਤੇ ਚਰਿੱਤਰ ਨੂੰ ਉਜਾਗਰ ਕਰਦਾ ਹੈ। ਕਾਂਗਰਸ ਨੇ ਪੀਐੱਮ ਮੋਦੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾਂ ਨੂੰ ਆਪਣੇ ਪਿਛਲੇ ਬਿਆਨਾਂ ਨੂੰ ਯਾਦ ਕਰਨ ਲਈ ਕਿਹਾ ਹੈ ਪਰ ਇਹ ਵੀ ਸੱਚ ਹੈ ਕਿ ਪੀਐੱਮ ਮੋਦੀ ਨੇ ਕਦੇ ਵੀ ਕਿਸੇ ਨਿੱਜੀ ਪਰਿਵਾਰ ਮੈਂਬਰ ਨੂੰ ਸਿੱਧੇ ਤੌਰ 'ਤੇ ਗਾਲ੍ਹੀਆਂ ਨਹੀਂ ਕੱਢੀਆਂ, ਜਦਕਿ ਇਸ ਘਟਨਾ ਵਿੱਚ ਇੱਕ ਮ੍ਰਿਤ ਮਾਂ ਨੂੰ ਅਪਸ਼ਬਦ ਕਹੇ ਗਏ ਹਨ। ਇਹ ਰਾਜਨੀਤੀ ਨੂੰ ਵੋਟਾਂ ਦੀ ਜੰਗ ਵਿੱਚ ਬਦਲ ਰਿਹਾ ਹੈ, ਜਿੱਥੇ ਨੈਤਿਕਤਾ ਅਤੇ ਸੰਸਕਾਰਾਂ ਦੀ ਕੋਈ ਥਾਂ ਨਹੀਂ ਰਹਿ ਗਈ।

ਕੀ ਇਹ ਭਾਰਤੀ ਸੰਸਕ੍ਰਿਤੀ ਹੈ ? ਭਾਰਤ ਵਿੱਚ ਮਾਂ ਨੂੰ ਦੇਵੀ ਮੰਨਿਆ ਜਾਂਦਾ ਹੈ। 'ਮਾਤ੍ਰੀ ਦੇਵੋ ਭਵ' ਵਰਗੇ ਸੰਸਕ੍ਰਿਤ ਵਾਕਾਂ ਨੇ ਸਾਨੂੰ ਮਾਂ ਦੇ ਸਤਿਕਾਰ ਦੀ ਸਿੱਖਿਆ ਦਿੱਤੀ ਹੈ। ਪਰ ਅੱਜ ਦੀ ਰਾਜਨੀਤੀ ਵਿੱਚ ਮਾਂ ਵਰਗੇ ਰਿਸ਼ਤੇ ਨੂੰ ਵੀ ਵੋਟਾਂ ਲਈ ਵਰਤਿਆ ਜਾ ਰਿਹਾ ਹੈ। ਇਹ ਨਾ ਕੇਵਲ ਨਿੱਜੀ ਅਪਮਾਨ ਹੈ, ਬਲਕਿ ਭਾਰਤੀ ਸੰਸਕ੍ਰਿਤੀ ਅਤੇ ਮੁੱਲਾਂ ਨੂੰ ਚੁਣੌਤੀ ਹੈ। ਪੀਐੱਮ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਅਪਮਾਨ ਦੇਸ਼ ਦੀਆਂ ਮਾਤਾਵਾਂ ਨੂੰ ਦਿੱਤਾ ਗਿਆ ਹੈ, ਜੋ ਕਿ ਔਰਤਾਂ ਦੇ ਸਸ਼ਕਤੀਕਰਨ ਵਿੱਚ ਵਿਸ਼ਵਾਸ ਰੱਖਣ ਵਾਲੇ ਭਾਰਤ ਲਈ ਇੱਕ ਕਲੰਕ ਹੈ। ਅਜਿਹੀਆਂ ਘਟਨਾਵਾਂ ਰਾਜਨੀਤੀ ਨੂੰ ਨੀਚੇ ਲੈ ਜਾਂਦੀਆਂ ਹਨ ਅਤੇ ਜਨਤਾ ਵਿੱਚ ਨਿਰਾਸ਼ਾ ਪੈਦਾ ਕਰਦੀਆਂ ਹਨ, ਜਿੱਥੇ ਨੌਜਵਾਨ ਅਤੇ ਔਰਤਾਂ ਰਾਜਨੀਤੀ ਤੋਂ ਦੂਰ ਹੋ ਜਾਂਦੇ ਹਨ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਬਿਹਾਰ ਵਿੱਚ ਔਰਤਾਂ ਨਾਲ ਜੁੜੇ ਇੱਕ ਪ੍ਰੋਗਰਾਮ ਵਿੱਚ ਆਪਣੀ ਮਾਂ ਨੂੰ ਮਿਲੀਆਂ ਗਾਲ੍ਹੀਆਂ ਬਾਰੇ ਭਾਵੁਕ ਹੋ ਕੇ ਬਿਆਨ ਦਿੱਤਾ। ਉਨ੍ਹਾਂ ਦੇ ਬਿਆਨ ਦਾ ਪੂਰਾ ਅਨੁਵਾਦ ਪੰਜਾਬੀ ਵਿੱਚ ਇਸ ਤਰ੍ਹਾਂ ਹੈ ।

ਮਾਂ ਸਾਡੀ ਦੁਨੀਆ ਹੈ। ਮਾਂ ਸਾਡਾ ਸਵੈਮਾਨ ਹੈ। ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਕੁਝ ਦਿਨ ਪਹਿਲਾਂ ਇਸ ਪਰੰਪਰਾ ਨਾਲ ਭਰਪੂਰ ਬਿਹਾਰ ਵਿੱਚ ਅਜਿਹਾ ਵਾਪਰੇਗਾ। ਆਰਜੇਡੀ-ਕਾਂਗਰਸ ਦੇ ਮੰਚ ਤੋਂ ਮੇਰੀ ਮਾਂ ਨੂੰ ਗਾਲ੍ਹੀਆਂ ਕੱਢੀਆਂ ਗਈਆਂ।

ਇਹ ਗਾਲ੍ਹੀਆਂ ਨਾ ਸਿਰਫ਼ ਮੇਰੀ ਮਾਂ ਦਾ ਅਪਮਾਨ ਹਨ। ਇਹ ਦੇਸ਼ ਦੀਆਂ ਮਾਤਾਵਾਂ, ਭੈਣਾਂ ਅਤੇ ਬੇਟੀਆਂ ਦਾ ਅਪਮਾਨ ਹਨ। ਮੈਨੂੰ ਪਤਾ ਹੈ ਕਿ ਬਿਹਾਰ ਦੀ ਹਰ ਮਾਂ ਨੇ ਇਹ ਵੇਖ ਕੇ ਅਤੇ ਸੁਣ ਕੇ ਕਿੰਨਾ ਬੁਰਾ ਮਹਿਸੂਸ ਕੀਤਾ ਹੈ। ਮੈਨੂੰ ਪਤਾ ਹੈ, ਜਿੰਨਾ ਦਰਦ ਮੇਰੇ ਦਿਲ ਵਿੱਚ ਹੈ, ਬਿਹਾਰ ਦੇ ਲੋਕ ਵੀ ਉਸੇ ਦਰਦ ਵਿੱਚ ਹਨ।

ਬਿਹਾਰ ਉਹ ਧਰਤੀ ਹੈ, ਜਿੱਥੇ ਮਾਤ੍ਰੀ ਸ਼ਕਤੀ ਦਾ ਸਨਮਾਨ ਹਮੇਸ਼ਾ ਤੋਂ ਸਰਵੋਪਰੀ ਰਿਹਾ ਹੈ। ਇਹ ਮੇਰੀ ਕਲਪਨਾ ਤੋਂ ਵੀ ਪਰੇ ਹੈ ਕਿ ਇਸ ਅਮੀਰ ਪਰੰਪਰਾ ਵਾਲੇ ਰਾਜ ਵਿੱਚ ਆਰਜੇਡੀ-ਕਾਂਗਰਸ ਦੇ ਮੰਚ ਤੋਂ ਮੇਰੀ ਮਾਂ ਨੂੰ ਗਾਲ੍ਹੀਆਂ ਦਿੱਤੀਆਂ ਗਈਆਂ।

ਮੇਰੀ ਮਾਂ ਹੁਣ ਸਰੀਰਕ ਤੌਰ 'ਤੇ ਇਸ ਦੁਨੀਆ ਵਿੱਚ ਨਹੀਂ ਹੈ, ਉਸ ਦਾ ਰਾਜਨੀਤੀ ਨਾਲ ਵੀ ਕੋਈ ਲੈਣਾ-ਦੇਣਾ ਨਹੀਂ ਸੀ। ਫਿਰ ਵੀ ਜਿਸ ਤਰ੍ਹਾਂ ਉਸ ਨੂੰ ਗੰਦੀਆਂ ਗਾਲ੍ਹੀਆਂ ਕੱਢ ਕੇ ਅਪਮਾਨਿਤ ਕੀਤਾ ਗਿਆ, ਉਸ ਦਾ ਦੁੱਖ-ਦਰਦ ਮੈਨੂੰ ਬਿਹਾਰ ਦੀਆਂ ਮਾਤਾਵਾਂ-ਭੈਣਾਂ ਅਤੇ ਬੇਟੀਆਂ ਦੇ ਆਂਸੂਆਂ ਵਿੱਚ ਸਾਫ਼ ਨਜ਼ਰ ਆ ਰਿਹਾ ਹੈ।

ਮੇਰੀ ਮਾਂ ਦਾ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਤਾਂ ਆਰਜੇਡੀ ਅਤੇ ਕਾਂਗਰਸ ਨੇ ਉਸ ਨੂੰ ਕਿਉਂ ਗਾਲ੍ਹੀਆਂ ਕੱਢੀਆਂ ?

ਜੋ ਲੋਕ ਮਾਂ ਨੂੰ ਗਾਲ੍ਹੀਆਂ ਕੱਢਦੇ ਹਨ, ਉਨ੍ਹਾਂ ਦੀ ਮਾਨਸਿਕਤਾ ਹੈ ਕਿ ਔਰਤਾਂ ਕਮਜ਼ੋਰ ਹਨ। ਮੇਰੀ ਮਾਂ ਤੇ ਗਾਲ੍ਹੀਆਂ ਕੱਢਣਾ ਬਿਹਾਰ ਦੀਆਂ ਬੇਟੀਆਂ ਅਤੇ ਭੈਣਾਂ ਦਾ ਅਪਮਾਨ ਸੀ।

ਭਾਰਤ ਦੀ ਮਿੱਟੀ ਨੇ ਕਦੇ ਵੀ ਮਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ... ਇਸ ਅਪਮਾਨ ਲਈ ਜ਼ਿੰਮੇਵਾਰੀ ਤੈਅ ਕਰਨਾ ਵੀ ਸਾਡੇ ਸਭਨਾਂ ਦੀ ਜ਼ਿੰਮੇਵਾਰੀ ਹੈ।

ਮੈਂ ਆਰਜੇਡੀ-ਕਾਂਗਰਸ ਨੂੰ ਮਾਫ਼ ਕਰ ਸਕਦਾ ਹਾਂ, ਪਰ ਬਿਹਾਰ ਦੇ ਲੋਕ ਉਨ੍ਹਾਂ ਨੂੰ ਮਾਂ ਦੇ ਅਪਮਾਨ ਲਈ ਮਾਫ਼ ਨਹੀਂ ਕਰਨਗੇ।


ਇਹ ਬਿਆਨ ਉਨ੍ਹਾਂ ਨੇ ਬਿਹਾਰ ਰਾਜ ਜੀਵਿਕਾ ਨਿਧੀ ਸਾਖ ਸਹਿਕਾਰੀ ਸੰਘ ਦੇ ਉਦਘਾਟਨ ਸਮੇਂ ਕੀਤਾ, ਜਿੱਥੇ ਉਹ ਔਰਤਾਂ ਦੇ ਸਸ਼ਕਤੀਕਰਨ ਬਾਰੇ ਵੀ ਬੋਲੇ ਹਨ। ਆਉਣ ਵਾਲੇ ਦਿਨਾਂ ਵਿੱਚ ਭਾਰਤੀ ਰਾਜਨੀਤੀ ਦੀ ਤਸਵੀਰ ਅਤੇ ਮਾਹੌਲ ਕਿਹੋ ਜਿਹਾ ਰਹੇਗਾ ? ਇਹ ਘਟਨਾ ਇੱਕ ਚੇਤਾਵਨੀ ਹੈ ਕਿ ਜੇਕਰ ਰਾਜਨੀਤਿਕ ਪਾਰਟੀਆਂ ਨੇ ਆਪਣੀ ਨੀਚਤਾ ਨੂੰ ਨਹੀਂ ਰੋਕਿਆ ਤਾਂ ਰਾਜਨੀਤੀ ਹੋਰ ਵੀ ਗਿਰ ਜਾਵੇਗੀ।

ਅੱਜ ਬਿਹਾਰ ਵਰਗੇ ਰਾਜਾਂ ਵਿੱਚ, ਜਿੱਥੇ ਚੋਣਾਂ ਨੇੜੇ ਹਨ, ਅਜਿਹੀਆਂ ਘਟਨਾਵਾਂ ਵੋਟਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਪੀਐੱਮ ਮੋਦੀ ਨੇ ਕਿਹਾ ਕਿ ਬਿਹਾਰ ਦੇ ਲੋਕ ਇਸ ਅਪਮਾਨ ਨੂੰ ਮਾਫ਼ ਨਹੀਂ ਕਰਨਗੇ, ਅਤੇ ਐੱਨਡੀਏ ਦਾ ਬੰਦ ਐਲਾਨ ਇਸ ਨੂੰ ਸਾਬਤ ਕਰ ਰਿਹਾ ਹੈ। ਪਰ ਲੰਬੇ ਸਮੇਂ ਵਿੱਚ, ਜੇਕਰ ਰਾਜਨੀਤੀ ਵਿੱਚ ਨੈਤਿਕਤਾ ਨੂੰ ਮਜ਼ਬੂਤ ਨਹੀਂ ਕੀਤਾ ਗਿਆ ਤਾਂ ਇਹ ਮਾਹੌਲ ਹੋਰ ਵੀ ਵਿਗੜ ਸਕਦਾ ਹੈ। ਵਿਰੋਧੀ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਮਾਫ਼ੀ ਮੰਗ ਕੇ ਇਸ ਨੂੰ ਰੋਕਣ, ਨਹੀਂ ਤਾਂ ਜਨਤਾ ਚੋਣਾਂ ਵਿੱਚ ਜਵਾਬ ਦੇਵੇਗੀ।

ਇਹ ਘਟਨਾ ਭਾਰਤੀ ਰਾਜਨੀਤੀ ਨੂੰ ਇੱਕ ਆਈਨਾ ਵਿਖਾਉਂਦੀ ਹੈ। ਵੋਟਾਂ ਲਈ ਨੀਚਤਾ ਦੀ ਇਸ ਹੱਦ ਤੱਕ ਪਹੁੰਚਣ ਨਾਲ ਨਾ ਕੇਵਲ ਰਾਜਨੀਤਿਕ ਨੇਤਾਵਾਂ ਦੀ ਇਮੇਜ ਖਰਾਬ ਹੁੰਦੀ ਹੈ, ਬਲਕਿ ਦੇਸ਼ ਦੀ ਸੰਸਕ੍ਰਿਤੀ ਅਤੇ ਮੁੱਲ ਵੀ ਖਤਰੇ ਵਿੱਚ ਪੈ ਜਾਂਦੇ ਹਨ। ਪੀਐੱਮ ਮੋਦੀ ਦਾ ਭਾਵੁਕ ਬਿਆਨ ਇੱਕ ਚੇਤਾਵਨੀ ਹੈ ਕਿ ਰਾਜਨੀਤੀ ਨੂੰ ਵਾਪਸ ਨੈਤਿਕਤਾ ਅਤੇ ਸਤਿਕਾਰ ਵੱਲ ਲਿਆਉਣ ਦੀ ਜ਼ਰੂਰਤ ਹੈ, ਨਹੀਂ ਤਾਂ ਆਉਣ ਵਾਲੇ ਦਿਨ ਹੋਰ ਵੀ ਹਨੇਰੇ ਹੋ ਜਾਣਗੇ।

ਭਾਰਤ ਵਰਗੇ ਦੇਸ਼ ਵਿੱਚ, ਜਿੱਥੇ ਮਾਂ ਨੂੰ ਪੂਜਿਆ ਜਾਂਦਾ ਹੈ, ਅਜਿਹੀਆਂ ਘਟਨਾਵਾਂ ਨੂੰ ਕੋਈ ਥਾਂ ਨਹੀਂ ਹੋਣੀ ਚਾਹੀਦੀ ਵਿਸ਼ੇਸ਼ ਕਰਕੇ ਰਾਜਨੀਤੀ ਵਿੱਚ।

# ਨੇਤਾਜੀ ਸੁਭਾਸ਼ ਚੰਦਰ ਬੋਸ ਤੇ 'ਗੁੰਮਨਾਮੀ ਬਾਬਾ' ਕੀ ਉਹ ਸੱਚਮੁੱਚ ਬੋਸ ਸਨ ? ਇੱਕ ਅਣਸੁਲਝੀ ਗੁੱਥੀ



ਵਿੰਕਲਜੀਤ ਸਿੰਘ ਸਰਾ
95014-77889

**ਜਾਣ-ਪਛਾਣ: ਇੱਕ ਕਦੇ ਨਾ ਸੁਲਝਣ ਵਾਲੀ ਗੁੱਥੀ** : ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਮਹਾਨਾਇਕ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਜ਼ਿੰਦਗੀ ਜਿੰਨੀ ਪ੍ਰੇਰਣਾਦਾਇਕ ਸੀ, ਓਨੀ ਹੀ ਉਨ੍ਹਾਂ ਦੀ ਮੌਤ ਰਹੱਸਮਈ ਹੈ। ਸਰਕਾਰੀ ਤੌਰ 'ਤੇ ਉਨ੍ਹਾਂ ਦੀ ਮੌਤ 18 ਅਗਸਤ, 1945 ਨੂੰ ਤਾਈਵਾਨ ਵਿੱਚ ਇੱਕ ਹਵਾਈ ਜਹਾਜ਼ ਹਾਦਸੇ ਵਿੱਚ ਹੋਈ ਮੰਨੀ ਜਾਂਦੀ ਹੈ। ਪਰ, ਇਸ ਦਾਅਵੇ 'ਤੇ ਹਮੇਸ਼ਾ ਸਵਾਲ ਉੱਠਦੇ ਰਹੇ ਹਨ। ਇਨ੍ਹਾਂ ਸਵਾਲਾਂ ਦੇ ਕੇਂਦਰ ਵਿੱਚ ਇੱਕ ਹੋਰ ਰਹੱਸਮਈ ਪਾਤਰ ਉੱਭਰਦਾ ਹੈ '**ਗੁੰਮਨਾਮੀ ਬਾਬਾ**', ਇੱਕ ਸੰਤ ਜਿਸਨੂੰ ਬਹੁਤ ਸਾਰੇ ਲੋਕ ਨੇਤਾਜੀ ਦਾ ਬਦਲਿਆ ਹੋਇਆ ਰੂਪ ਮੰਨਦੇ ਸਨ। ਇਹ ਲੇਖ ਇਸੇ ਗੁੰਝਲਦਾਰ ਗੁੱਥੀ ਨੂੰ ਹੋਰ ਮਜ਼ਬੂਤ ਅਤੇ ਸਹੀ ਤੱਥਾਂ ਦੇ ਅਧਾਰ 'ਤੇ ਪੇਸ਼ ਕਰੇਗਾ।

**ਨੇਤਾਜੀ ਦੀ ਮੌਤ ਦੀ ਅਧਿਕਾਰਕ ਕਹਾਣੀ** : ਸਰਕਾਰੀ ਅਤੇ ਅੰਤਰਰਾਸ਼ਟਰੀ ਰਿਪੋਰਟਾਂ ਅਨੁਸਾਰ 18 ਅਗਸਤ 1945 ਨੂੰ ਨੇਤਾਜੀ ਸੁਭਾਸ਼ ਚੰਦਰ ਬੋਸ ਤਾਈਵਾਨ ਦੇ ਤਾਈਹੋਕੂ ਹਵਾਈ ਅੱਡੇ 'ਤੇ ਇੱਕ ਜਪਾਨੀ ਜਹਾਜ਼ ਹਾਦਸੇ ਵਿੱਚ ਜ਼ਖ਼ਮੀ ਹੋਏ। ਜਹਾਜ਼ ਵਿੱਚ ਤੇਲ ਭਰਨ ਦੌਰਾਨ ਇੰਜਣ ਵਿੱਚ ਅੱਗ ਲੱਗ ਗਈ ਅਤੇ ਜਹਾਜ਼ ਧਮਾਕੇ ਨਾਲ ਫੱਟ ਗਿਆ। ਨੇਤਾਜੀ ਬਹੁਤ ਗੰਭੀਰ ਰੂਪ ਵਿੱਚ ਸੜ ਗਏ ਅਤੇ ਕੁਝ ਘੰਟਿਆਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਜਪਾਨੀ ਡਾਕਟਰਾਂ ਨੇ ਉਸ ਸਮੇਂ ਮੌਤ ਦੀ ਪੁਸ਼ਟੀ ਕੀਤੀ ਸੀ ਅਤੇ ਕਿਹਾ ਗਿਆ ਕਿ ਉਨ੍ਹਾਂ ਦਾ ਅੰਤਿਮ ਸਸਕਾਰ ਤਾਈਵਾਨ ਵਿੱਚ ਕੀਤਾ ਗਿਆ।

ਪਰ, ਨੇਤਾਜੀ ਦੀ ਲਾਸ਼ ਭਾਰਤ ਵਾਪਸ ਨਹੀਂ ਆਈ ਅਤੇ ਕੋਈ ਭਰੋਸੇਯੋਗ ਤਸਵੀਰ ਜਾਂ ਦਸਤਾਵੇਜ਼ੀ ਸਬੂਤ ਵੀ ਸਾਹਮਣੇ ਨਹੀਂ ਰੱਖਿਆ ਗਿਆ। ਇਸ ਕਰਕੇ ਲੋਕਾਂ ਦੇ ਮਨ ਵਿੱਚ ਸਵਾਲ ਪੈਦਾ ਹੋਇਆ ਕਿ ਕਿਤੇ ਇਹ ਮੌਤ ਸਿਰਫ਼ ਇੱਕ ਕਹਾਣੀ ਤਾਂ ਨਹੀਂ ਸੀ ? ਇਸੇ ਕਾਰਨ "**ਗੁੰਮਨਾਮੀ ਬਾਬਾ**" ਵਾਲੀ ਗੁੱਥੀ ਨੇ ਹੋਰ ਜ਼ੋਰ ਫੜ ਲਿਆ।

**ਕੌਣ ਸਨ ਗੁੰਮਨਾਮੀ ਬਾਬਾ ?** 1980 ਦੇ ਦਹਾਕੇ ਵਿੱਚ ਉੱਤਰ ਪ੍ਰਦੇਸ਼ ਦੇ ਫੈਜ਼ਾਬਾਦ (ਹੁਣ ਅਯੁੱਧਿਆ) ਵਿੱਚ ਇੱਕ ਬੇਹੱਦ ਗੁਪਤ ਜੀਵਨ ਬਤੀਤ ਕਰਨ ਵਾਲੇ ਸੰਤ ਨੂੰ ਲੋਕ "**ਗੁੰਮਨਾਮੀ ਬਾਬਾ**" ਜਾਂ "**ਭਗਵਾਨਜੀ**" ਕਹਿ ਕੇ ਬੁਲਾਉਂਦੇ ਸਨ। ਉਹ ਪਰਦੇ ਪਿੱਛੇ ਰਹਿੰਦੇ ਸਨ ਅਤੇ ਕੁਝ ਚੋਣਵੇਂ ਲੋਕਾਂ ਨਾਲ ਹੀ ਮੁਲਾਕਾਤ ਕਰਦੇ ਸਨ। 16 ਸਤੰਬਰ, 1985 ਨੂੰ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਜਦੋਂ ਉਨ੍ਹਾਂ ਦੇ ਕਮਰੇ ਦੀ ਤਲਾਸ਼ੀ ਲਈ ਗਈ, ਤਾਂ ਉੱਥੋਂ ਮਿਲੀਆਂ ਵਸਤਾਂ ਨੇ ਦੇਸ਼ ਭਰ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ।

**ਉਨ੍ਹਾਂ ਦੇ ਸਮਾਨ ਵਿੱਚੋਂ ਲਗਭਗ 2,600 ਤੋਂ ਵੱਧ ਵਸਤਾਂ ਮਿਲੀਆਂ, ਜਿਨ੍ਹਾਂ ਵਿੱਚ ਸ਼ਾਮਲ ਸਨ:**


**ਨੇਤਾਜੀ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਤਸਵੀਰਾਂ:** ਨੇਤਾਜੀ ਦੇ ਮਾਤਾ-ਪਿਤਾ, ਜਾਨਕੀਨਾਥ ਬੋਸ ਅਤੇ ਪ੍ਰਭਾਵਤੀ ਦੇਵੀ ਦੀਆਂ ਤਸਵੀਰਾਂ ਸਮੇਤ ਪਰਿਵਾਰਕ ਫੋਟੋਆਂ ਮਿਲੀਆਂ। **ਆਜ਼ਾਦ ਹਿੰਦ ਫ਼ੌਜ (INA) ਨਾਲ ਸਬੰਧਤ ਦਸਤਾਵੇਜ਼:** INA ਦੀ ਵਰਦੀ, ਨਕਸ਼ੇ ਅਤੇ ਹੋਰ ਕਾਗਜ਼ਾਤ ਮਿਲੇ। **ਅੰਤਰਰਾਸ਼ਟਰੀ ਸਾਹਿਤ ਅਤੇ ਅਖਬਾਰ:** ਜਰਮਨ, ਜਪਾਨੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੀਆਂ ਕਿਤਾਬਾਂ, ਵਿਦੇਸ਼ੀ ਅਖਬਾਰਾਂ ਅਤੇ ਰਸਾਲੇ, ਜਿਨ੍ਹਾਂ ਵਿੱਚ ਦੂਜੇ ਵਿਸ਼ਵ ਯੁੱਧ ਨਾਲ ਸਬੰਧਤ ਸਮੱਗਰੀ ਵੀ ਸੀ। **ਨਿੱਜੀ ਚਿੱਠੀਆਂ:** ਬੋਸ ਪਰਿਵਾਰ ਦੇ ਮੈਂਬਰਾਂ ਅਤੇ INA ਦੇ ਸਾਥੀਆਂ ਵੱਲੋਂ ਲਿਖੀਆਂ ਗਈਆਂ ਚਿੱਠੀਆਂ ਮਿਲੀਆਂ।

**ਕੀਮਤੀ ਵਸਤਾਂ:** ਇੱਕ ਰੋਲੈਕਸ ਘੜੀ, ਜਰਮਨ ਦੂਰਬੀਨ, ਅਤੇ ਟਾਈਪਰਾਈਟਰ ਵਰਗੀਆਂ ਚੀਜ਼ਾਂ ਵੀ ਬਰਾਮਦ ਹੋਈਆਂ।

ਇਨ੍ਹਾਂ ਵਸਤਾਂ ਦੇ ਮਿਲਣ ਨਾਲ ਇਹ ਧਾਰਨਾ ਮਜ਼ਬੂਤ ਹੋਈ ਕਿ ਗੁੰਮਨਾਮੀ ਬਾਬਾ ਕੋਈ ਆਮ ਸੰਤ ਨਹੀਂ, ਸਗੋਂ ਖੁਦ ਨੇਤਾਜੀ ਸੁਭਾਸ਼ ਚੰਦਰ ਬੋਸ ਹੀ ਸਨ, ਜੋ ਆਪਣੀ ਪਛਾਣ ਛੁਪਾ ਕੇ ਰਹਿ ਰਹੇ ਸਨ।

**ਸਰਕਾਰੀ ਜਾਂਚ ਕਮਿਸ਼ਨ ਅਤੇ ਉਨ੍ਹਾਂ ਦੇ ਵਿਰੋਧੀ ਨਤੀਜੇ** : ਨੇਤਾਜੀ ਦੀ ਮੌਤ ਦੇ ਰਹੱਸ ਨੂੰ ਸੁਲਝਾਉਣ ਲਈ ਭਾਰਤ ਸਰਕਾਰ ਨੇ ਸਮੇਂ-ਸਮੇਂ 'ਤੇ ਕਈ ਜਾਂਚ ਕਮਿਸ਼ਨਾਂ ਦਾ ਗਠਨ ਕੀਤਾ, ਪਰ ਉਨ੍ਹਾਂ ਦੀਆਂ ਰਿਪੋਰਟਾਂ ਨੇ ਇਸ ਰਹੱਸ ਨੂੰ ਹੋਰ ਉਲਝਾ ਦਿੱਤਾ।

**ਸ਼ਾਹਨਵਾਜ਼ ਕਮੇਟੀ** (1956): ਇਸ ਕਮੇਟੀ ਨੇ ਸਿੱਟਾ ਕੱਢਿਆ ਕਿ ਨੇਤਾਜੀ ਦੀ ਮੌਤ ਤਾਈਵਾਨ ਦੇ ਹਵਾਈ ਹਾਦਸੇ ਵਿੱਚ ਹੀ ਹੋਈ ਸੀ। ਹਾਲਾਂਕਿ ਕਮੇਟੀ ਦੇ ਇੱਕ ਮੈਂਬਰ ਅਤੇ ਨੇਤਾਜੀ ਦੇ ਵੱਡੇ ਭਰਾ, ਸੁਰੇਸ਼ ਚੰਦਰ ਬੋਸ ਨੇ ਇਸ ਰਿਪੋਰਟ ਨਾਲ ਅਸਹਿਮਤੀ ਪ੍ਰਗਟਾਈ।



**ਖੋਸਲਾ ਕਮਿਸ਼ਨ** (1970): ਇਸ ਇੱਕ-ਮੈਂਬਰੀ ਕਮਿਸ਼ਨ ਨੇ ਵੀ ਸ਼ਾਹਨਵਾਜ਼ ਕਮੇਟੀ ਦੇ ਨਤੀਜਿਆਂ ਦੀ ਪੁਸ਼ਟੀ ਕੀਤੀ ਅਤੇ ਹਵਾਈ ਹਾਦਸੇ ਦੀ ਕਹਾਣੀ ਨੂੰ ਸਹੀ ਮੰਨਿਆ।

**ਮੁਖਰਜੀ ਕਮਿਸ਼ਨ** (1999-2005): ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ, ਜਸਟਿਸ ਮਨੋਜ ਕੁਮਾਰ ਮੁਖਰਜੀ ਦੀ ਅਗਵਾਈ ਵਾਲੇ ਇਸ ਕਮਿਸ਼ਨ ਨੇ ਸਭ ਤੋਂ ਵਿਸਤ੍ਰਿਤ ਜਾਂਚ ਕੀਤੀ। ਕਮਿਸ਼ਨ ਨੇ ਤਾਈਵਾਨ ਸਰਕਾਰ ਨਾਲ ਸੰਪਰਕ ਕੀਤਾ, ਜਿਸਨੇ ਪੁਸ਼ਟੀ ਕੀਤੀ ਕਿ 1945 ਵਿੱਚ ਉਸ ਦਿਨ ਕੋਈ ਹਵਾਈ ਜਹਾਜ਼ ਹਾਦਸਾਗ੍ਰਸਤ ਨਹੀਂ ਹੋਇਆ ਸੀ। ਇਸ ਅਧਾਰ 'ਤੇ, ਮੁਖਰਜੀ ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਨੇਤਾਜੀ ਦੀ ਮੌਤ ਹਵਾਈ ਹਾਦਸੇ ਵਿੱਚ ਨਹੀਂ ਹੋਈ ਸੀ। ਹਾਲਾਂਕਿ, ਕਮਿਸ਼ਨ ਨੇ ਇਹ ਵੀ ਕਿਹਾ ਕਿ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਹੈ ਕਿ ਗੁੰਮਨਾਮੀ ਬਾਬਾ ਹੀ ਨੇਤਾਜੀ ਸਨ। ਪਰ ਕਮਿਸ਼ਨ ਨੇ ਇਸ ਸੰਭਾਵਨਾ ਵੱਲ ਇਸ਼ਾਰਾ ਜ਼ਰੂਰ ਕੀਤਾ। 2006 ਵਿੱਚ, ਤਤਕਾਲੀ ਯੂ.ਪੀ.ਏ. ਸਰਕਾਰ ਨੇ ਮੁਖਰਜੀ ਕਮਿਸ਼ਨ ਦੀ ਰਿਪੋਰਟ ਨੂੰ ਬਿਨਾਂ ਕੋਈ ਕਾਰਨ ਦੱਸੇ ਸੰਸਦ ਵਿੱਚ ਖਾਰਜ ਕਰ ਦਿੱਤਾ।

**ਵਿਗਿਆਨਕ ਜਾਂਚ: ਹਸਤਾਖਰ ਅਤੇ ਡੀ.ਐਨ.ਏ. ਟੈਸਟ** : ਇਸ ਮਾਮਲੇ ਨੂੰ ਵਿਗਿਆਨਕ ਤੌਰ 'ਤੇ ਹੱਲ ਕਰਨ ਲਈ ਗੁੰਮਨਾਮੀ ਬਾਬਾ ਦੇ ਹਸਤਾਖਰ ਅਤੇ ਡੀ.ਐਨ.ਏ. ਦੀ ਜਾਂਚ ਵੀ ਕਰਵਾਈ ਗਈ, ਪਰ ਇਹ ਵੀ ਵਿਵਾਦਾਂ ਤੋਂ ਰਹਿਤ ਨਹੀਂ ਰਹੀ।

**ਹਸਤਾਖਰ ਵਿਸ਼ਲੇਸ਼ਣ:** ਕਈ ਭਾਰਤੀ ਅਤੇ ਅੰਤਰਰਾਸ਼ਟਰੀ ਹਸਤਾਖਰ ਮਾਹਿਰਾਂ ਨੇ ਗੁੰਮਨਾਮੀ ਬਾਬਾ ਦੀਆਂ ਲਿਖਤਾਂ ਦਾ ਨੇਤਾਜੀ ਦੀਆਂ ਲਿਖਤਾਂ ਨਾਲ ਮਿਲਾਨ ਕੀਤਾ। ਅਮਰੀਕਾ ਦੇ ਇੱਕ ਪ੍ਰਮੁੱਖ ਮਾਹਿਰ ਸਮੇਤ ਕਈਆਂ ਨੇ ਸਿੱਟਾ ਕੱਢਿਆ ਕਿ ਦੋਵਾਂ ਲਿਖਤਾਂ ਵਿੱਚ ਕਮਾਲ ਦੀ ਸਮਾਨਤਾ ਸੀ ਅਤੇ ਇਹ ਇੱਕੋ ਵਿਅਕਤੀ ਦੀਆਂ ਹੋ ਸਕਦੀਆਂ ਹਨ। ਹਾਲਾਂਕਿ, ਇਹਨਾਂ ਨਤੀਜਿਆਂ ਨੂੰ ਸਰਕਾਰੀ ਪੱਧਰ 'ਤੇ ਮਾਨਤਾ ਨਹੀਂ ਮਿਲੀ।

**ਡੀ. ਐਨ. ਏ. ਜਾਂਚ:** ਇਲਾਹਾਬਾਦ ਹਾਈ ਕੋਰਟ ਦੇ ਹੁਕਮਾਂ 'ਤੇ ਗੁੰਮਨਾਮੀ ਬਾਬਾ ਦੇ ਦੰਦਾਂ ਦੇ ਨਮੂਨਿਆਂ ਦੀ ਡੀ.ਐਨ.ਏ. ਜਾਂਚ ਕਰਵਾਈ ਗਈ। ਕੋਲਕਾਤਾ ਅਤੇ ਹੈਦਰਾਬਾਦ ਦੀਆਂ ਲੈਬਾਂ ਵਿੱਚ ਹੋਈ ਇਸ ਜਾਂਚ ਦੇ ਨਤੀਜੇ ਅਸਪੱਸ਼ਟ ਅਤੇ ਵਿਰੋਧਾਭਾਸੀ ਰਹੇ। ਇੱਕ ਰਿਪੋਰਟ ਵਿੱਚ ਕਿਹਾ ਗਿਆ ਕਿ ਡੀ.ਐਨ.ਏ. ਮੇਲ ਨਹੀਂ ਖਾਂਦਾ, ਪਰ ਉਸ ਰਿਪੋਰਟ ਦੇ ਨਾਲ ਜ਼ਰੂਰੀ ਤਕਨੀਕੀ ਡਾਟਾ **(Electropherogram)** ਜਾਰੀ ਨਹੀਂ ਕੀਤਾ ਗਿਆ, ਜਿਸ ਕਾਰਨ ਜਾਂਚ ਦੀ ਪਾਰਦਰਸ਼ਤਾ 'ਤੇ ਗੰਭੀਰ ਸਵਾਲ ਖੜ੍ਹੇ ਹੋਏ।

**ਚਸ਼ਮਦੀਦ ਗਵਾਹਾਂ ਦੇ ਬਿਆਨ ਅਤੇ ਨਿੱਜੀ ਮੁਲਾਕਾਤਾਂ** : ਗੁੰਮਨਾਮੀ ਬਾਬਾ ਭਾਵੇਂ ਇਕਾਂਤਵਾਸ ਵਿੱਚ ਰਹਿੰਦੇ ਸਨ, ਪਰ ਉਹ ਕੁਝ ਚੋਣਵੇਂ ਅਤੇ ਭਰੋਸੇਮੰਦ ਲੋਕਾਂ ਨਾਲ ਨਿਯਮਿਤ ਤੌਰ 'ਤੇ ਮੁਲਾਕਾਤ ਕਰਦੇ ਸਨ। ਇਹਨਾਂ ਮੁਲਾਕਾਤੀਆਂ ਵਿੱਚ ਆਜ਼ਾਦ ਹਿੰਦ ਫ਼ੌਜ ਦੇ ਕਈ ਪੁਰਾਣੇ ਸਾਥੀ ਅਤੇ ਨੇਤਾਜੀ ਦੇ ਕਰੀਬੀ ਸ਼ਾਮਲ ਸਨ, ਜਿਵੇਂ ਕਿ ਪਵਿੱਤਰ ਮੋਹਨ ਰਾਏ ਅਤੇ ਲੀਲਾ ਰਾਏ, ਜੋ ਉਹਨਾਂ ਨਾਲ ਲਗਾਤਾਰ ਸੰਪਰਕ ਵਿੱਚ ਰਹੇ। ਇਹ ਮੁਲਾਕਾਤਾਂ ਹਮੇਸ਼ਾ ਇੱਕ ਪਰਦੇ ਦੇ ਪਿੱਛਿਓਂ ਹੁੰਦੀਆਂ ਸਨ, ਜਿਸ ਕਾਰਨ ਕਿਸੇ ਨੇ ਵੀ ਉਨ੍ਹਾਂ ਦਾ ਚਿਹਰਾ ਸਪੱਸ਼ਟ ਤੌਰ 'ਤੇ ਦੇਖਣ ਦਾ ਦਾਅਵਾ ਨਹੀਂ ਕੀਤਾ। ਪਰ, ਜਿਨ੍ਹਾਂ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਦਾ ਕਹਿਣਾ ਹੈ ਕਿ ਬਾਬਾ ਦੀ ਆਵਾਜ਼ ਵਿੱਚ ਨੇਤਾਜੀ ਵਰਗਾ ਹੀ ਦਬਦਬਾ ਅਤੇ ਰੋਹਬ ਸੀ। ਉਨ੍ਹਾਂ ਨੂੰ ਅੰਤਰਰਾਸ਼ਟਰੀ ਰਾਜਨੀਤੀ, ਭਾਰਤ ਦੇ ਸੁਤੰਤਰਤਾ ਸੰਗਰਾਮ, ਬੋਸ ਪਰਿਵਾਰ ਅਤੇ INA ਦੇ ਸਾਥੀਆਂ ਬਾਰੇ ਅਜਿਹੀ ਡੂੰਘੀ ਅਤੇ ਗੁਪਤ ਜਾਣਕਾਰੀ ਸੀ ਜੋ ਕਿਸੇ ਆਮ ਵਿਅਕਤੀ ਕੋਲ ਨਹੀਂ ਹੋ ਸਕਦੀ। ਇਹਨਾਂ ਚਸ਼ਮਦੀਦ ਗਵਾਹੀਆਂ ਨੇ ਇਸ ਧਾਰਨਾ ਨੂੰ ਹੋਰ ਪੱਕਾ ਕੀਤਾ ਕਿ ਪਰਦੇ ਪਿੱਛੇ ਬੈਠਾ ਉਹ ਸ਼ਖ਼ਸ ਖ਼ੁਦ ਨੇਤਾਜੀ ਹੀ ਸਨ।

**ਪਰਿਵਾਰ, ਇਤਿਹਾਸਕਾਰਾਂ ਅਤੇ ਸੱਭਿਆਚਾਰਕ ਪ੍ਰਭਾਵ** : ਸੁਭਾਸ਼ ਚੰਦਰ ਬੋਸ ਦੇ ਪਰਿਵਾਰ ਦੇ ਕੁਝ ਮੈਂਬਰਾਂ, ਖਾਸ ਕਰਕੇ ਉਨ੍ਹਾਂ ਦੀ ਭਤੀਜੀ ਲਲਿਤਾ ਬੋਸ, ਦਾ ਪੱਕਾ ਵਿਸ਼ਵਾਸ ਸੀ ਕਿ ਗੁੰਮਨਾਮੀ ਬਾਬਾ ਹੀ ਉਨ੍ਹਾਂ ਦੇ ਚਾਚਾ ਸਨ। ਪਰ ਪਰਿਵਾਰ ਦੇ ਬਾਕੀ ਮੈਂਬਰ ਇਸ ਮੁੱਦੇ 'ਤੇ ਵੰਡੇ ਹੋਏ ਹਨ। ਇਤਿਹਾਸਕਾਰ, ਖੋਜਕਰਤਾ ਅਤੇ ਪੱਤਰਕਾਰ ਵੀ ਦੋ ਧੜਿਆਂ ਵਿੱਚ ਵੰਡੇ ਹੋਏ ਹਨ। ਇੱਕ ਧੜਾ ਇਸ ਨੂੰ ਇੱਕ ਸੋਚੀ-ਸਮਝੀ ਸਾਜ਼ਿਸ਼ ਜਾਂ ਅਫਵਾਹ ਮੰਨਦਾ ਹੈ, ਜਦਕਿ ਦੂਜਾ ਧੜਾ, ਜਿਸ ਵਿੱਚ ਅਨੁਜ ਧਰ ਅਤੇ ਚੰਦਰਚੂੜ ਘੋਸ਼ ਵਰਗੇ ਖੋਜਕਰਤਾ ਸ਼ਾਮਲ ਹਨ, ਇਸਨੂੰ ਤੱਥਾਂ 'ਤੇ ਅਧਾਰਿਤ ਹੋਣ ਦਾ ਦਾਅਵਾ ਕਰਦੇ ਹਨ।

ਇਸ ਰਹੱਸਮਈ ਕਹਾਣੀ ਨੇ ਭਾਰਤੀ ਲੋਕ-ਸੱਭਿਆਚਾਰ 'ਤੇ ਵੀ ਡੂੰਘਾ ਪ੍ਰਭਾਵ ਪਾਇਆ ਹੈ।2019 ਵਿੱਚ, ਨਿਰਦੇਸ਼ਕ ਸ਼੍ਰੀਜੀਤ ਮੁਖਰਜੀ ਦੁਆਰਾ ਬਣਾਈ ਗਈ ਫਿਲਮ "**ਗੁੰਮਨਾਮੀ**" ਨੇ ਇਸ ਵਿਸ਼ੇ ਨੂੰ ਰਾਸ਼ਟਰੀ ਪੱਧਰ 'ਤੇ ਮੁੜ ਚਰਚਾ ਵਿੱਚ ਲਿਆਂਦਾ ਅਤੇ ਨਵੀਂ ਪੀੜ੍ਹੀ ਨੂੰ ਇਸ ਅਣਸੁਲਝੀ ਗੁੱਥੀ ਤੋਂ ਜਾਣੂ ਕਰਵਾਇਆ।

**ਸਿੱਟਾ** : ਗੁੰਮਨਾਮੀ ਬਾਬਾ ਦੀ ਅਸਲ ਪਛਾਣ ਦਾ ਸਵਾਲ ਅੱਜ ਵੀ ਭਾਰਤੀ ਇਤਿਹਾਸ ਦੇ ਸਭ ਤੋਂ ਵੱਡੇ ਰਹੱਸਾਂ ਵਿੱਚੋਂ ਇੱਕ ਹੈ। ਸਰਕਾਰੀ ਕਮਿਸ਼ਨਾਂ ਦੀਆਂ ਵਿਰੋਧੀ ਰਿਪੋਰਟਾਂ, ਵਿਗਿਆਨਕ ਜਾਂਚਾਂ ਦੀ ਅਸਪੱਸ਼ਟਤਾ ਅਤੇ ਪੁਖਤਾ ਸਬੂਤਾਂ ਦੀ ਘਾਟ ਕਾਰਨ ਕੋਈ ਨਿਸ਼ਚਿਤ ਸਿੱਟਾ ਕੱਢਣਾ ਅਸੰਭਵ ਹੈ।

**ਪਰ ਇੱਕ ਗੱਲ ਨਿਸ਼ਚਿਤ ਹੈ:** ਜੇ ਗੁੰਮਨਾਮੀ ਬਾਬਾ ਨੇਤਾਜੀ ਨਹੀਂ ਸਨ, ਤਾਂ ਉਹ ਇੱਕ ਅਜਿਹੇ ਵਿਅਕਤੀ ਸਨ, ਜਿਨ੍ਹਾਂ ਕੋਲ ਨੇਤਾਜੀ ਦੀ ਨਿੱਜੀ ਜ਼ਿੰਦਗੀ, ਉਨ੍ਹਾਂ ਦੇ ਪਰਿਵਾਰ, ਆਜ਼ਾਦ ਹਿੰਦ ਫ਼ੌਜ ਅਤੇ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਹੈਰਾਨੀਜਨਕ ਤੌਰ 'ਤੇ ਡੂੰਘੀ ਜਾਣਕਾਰੀ ਸੀ। ਇਹ ਸਵਾਲ ਅੱਜ ਵੀ ਜਵਾਬ ਦੀ ਉਡੀਕ ਵਿੱਚ ਹੈ ਕਿ ਆਖ਼ਰ ਉਹ ਕੌਣ ਸਨ ਅਤੇ ਉਨ੍ਹਾਂ ਦੀ ਅਸਲ ਕਹਾਣੀ ਕੀ ਸੀ। ਭਾਵੇਂ ਸੱਚਾਈ ਜੋ ਵੀ ਹੋਵੇ, ਨੇਤਾਜੀ ਸੁਭਾਸ਼ ਚੰਦਰ ਬੋਸ ਦਾ ਨਾਮ ਅਤੇ ਦੇਸ਼ ਲਈ ਉਨ੍ਹਾਂ ਦਾ ਬਲਿਦਾਨ ਭਾਰਤੀਆਂ ਦੇ ਦਿਲਾਂ ਵਿੱਚ ਹਮੇਸ਼ਾ ਅਮਰ ਰਹੇਗਾ। ਉਹ ਆਜ਼ਾਦੀ ਦੇ ਉਹ ਮਹਾਨਾਇਕ ਸਨ ਜਿਨ੍ਹਾਂ ਦੀ ਵਿਰਾਸਤ ਕਿਸੇ ਵੀ ਰਹੱਸ ਤੋਂ ਕਿਤੇ ਵੱਡੀ ਹੈ।

ਜੱਸਾ ਸਿੰਘ ਮਾਣਕੀ
9876968380

# ਹੜ੍ਹ, ਸਰਕਾਰਾਂ ਦੀ ਨੀਤੀ, ਨੀਅਤ ਤੇ ਪੀੜ੍ਹਤ ਲੋਕ

ਪਤਾ ਨਹੀਂ ਕਿਸ ਮਿੱਟੀ ਦੇ ਬਣੇ ਆ ਪੰਜਾਬੀ, ਕਿਸੇ ਦੇ ਸੁੱਖ ਵਿੱਚ ਬੇਸ਼ੱਕ ਘੱਟ ਸ਼ਰੀਕ ਹੋਵਣ ਪਰ ਪੰਜਾਬੀ ਭਰਾਵਾਂ ਦੇ ਜਾਨੀ ਮਾਲੀ ਦੁੱਖ ਵਿੱਚ ਤਾਂ ਆਪੋ ਆਪਣੇ ਕੰਮ ਧੰਦੇ ਛੱਡ ਝੱਟ ਸ਼ਰੀਕ ਹੋ ਜਾਂਦੇ ਹਨ। ਪਿਛਲੇ ਪੰਜ ਸੱਤ ਸਾਲਾਂ ਤੋਂ ਸਰਕਾਰਾਂ ਅਤੇ ਕੁਦਰਤ ਵੱਲੋਂ ਆਏ ਹੜ੍ਹਾਂ ਦੌਰਾਨ ਜਿਹੜੀ ਭੀੜ ਪੰਜਾਬ ਸਿਉਂ 'ਤੇ ਪਈ ਉਸਨੂੰ ਇਹਨਾਂ ਪੰਜਾਬ ਦੇ ਜਾਇਆਂ ਨੇ ਹੀ ਸੰਭਾਲਿਆ, ਦੂਜੀਆਂ ਤੀਜੀਆਂ ਸਰਕਾਰਾਂ ਵੱਲ ਕਿਸੇ ਨੇ ਨਹੀਂ ਵੇਖਿਆ, ਇਹਨਾਂ ਬੇਵਕਤੇ ਹੜ੍ਹਾਂ ਨਾਲ ਕਰੋੜਾਂ ਅਰਬਾਂ ਦੀ ਫ਼ਸਲ ਘਰ, ਮਾਲ ਡੰਗਰ, ਮਨੁੱਖੀ ਜਾਨਾਂ, ਪਸ਼ੂ ਪੰਛੀ ਬਨਸਪਤੀ ਆਦਿਕ ਜਾਨੀ ਮਾਲੀ ਭਾਰੀ ਨੁਕਸਾਨ ਹੋਇਆ ਹੈ, ਜਿਸਦਾ ਘਾਟਾ ਕੋਈ ਸਰਕਾਰ ਪੂਰਾ ਨਹੀਂ ਕਰ ਸਕਦੀ ਨਾ ਹੀ ਅੱਜ ਤੱਕ ਕਿਸੇ ਸਰਕਾਰ ਨੇ ਕੀਤਾ ਹੈ, ਸਿਰਫ ਦਿਲਾਸਾ ਜ਼ਰੂਰ ਦੇ ਸਕਦੇ ਹਨ ਸਰਕਾਰੀ ਰੋਟੀਆਂ ਸੇਕਣ ਲਈ, ਇਹ ਤਾਂ ਪ੍ਰਮਾਤਮਾ ਹੀ ਸੁਮੱਤ ਬਖ਼ਸ਼ ਕੇ ਪੀੜਤ ਧਿਰ ਨੂੰ ਧਰਵਾਸਾ ਦਿੰਦਿਆਂ ਹੋਇਆਂ ਸਬਰ ਸ਼ੁੱਕਰ ਬਖਸ਼ਦਾ ਹੈ, ਜਿਹੜਾ ਹਮੇਸ਼ਾ ਪੰਜਾਬ ਜਾਇਆਂ ਦੇ ਪੱਲੇ ਆਇਆ ਹੈ।ਏਸ ਆਫਤ ਲਈ ਪਿਛਲੇ ਦਿਨਾਂ ਤੋਂ ਪਿੰਡੋਂ ਪਿੰਡੀ ਸਾਂਝੀਆਂ ਸੰਸਥਾਵਾਂ, ਖੇਡ ਕਲੱਬਾਂ, ਕਾਰ ਸੇਵਾ ਵਾਲੇ ਬਾਬੇ, ਲੋਕਲ ਗੁਰਦੁਆਰਾ ਕਮੇਟੀਆਂ,ਐਸ ਜੀ ਪੀ ਸੀ, ਗੁਰੂ ਕੀਆਂ ਸਿੱਖ ਸੰਗਤਾਂ ਨੇ ਕਿਸੇ ਵੀ ਤਰ੍ਹਾਂ ਦੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵੱਡੇ ਵੱਡੇ ਫੋਰਡ, ਅਰਜਨ, ਵੱਡੀਆਂ ਵੱਡੀਆਂ ਟਰਾਲੀਆਂ, ਥਾਰਾਂ ਜੀਪਾਂ, ਖਾਣ ਪੀਣ ਵਾਲੇ ਰਾਸ਼ਨ ਪਾਣੀ, ਹਰੇ ਚਾਰੇ ਅਤੇ ਲੀੜੇ ਕੱਪੜੇ ਨਾਲ ਭਰ ਕੇ ਪੀੜਤ ਖੇਤਰ ਵੱਲ ਚਾਲੇ ਪਾ ਦਿੱਤੇ ਹਨ, ਅੱਗੋਂ ਪੀੜਤ ਜ਼ਿਲ੍ਹਿਆਂ ਦੇ ਬਹੁ ਗਿਣਤੀ ਲੋਕ ਵੀ ਸਰਕਾਰਾਂ ਦੀਆਂ ਨਲਾਇਕੀਆਂ ਨੂੰ ਕੋਸਦੇ ਹਨ, ਪਰ ਕੁਦਰਤ ਬਾਰੇ ਕਿਸੇ ਨੂੰ ਕੋਈ ਉਲਾਂਭਾ ਨਾ ਦਿੰਦੇ ਹੋਏ 'ਪ੍ਰਮਾਤਮਾ ਦੀ ਮਰਜ਼ੀ ਆ' ਕਹਿ ਸਬਰ ਸੰਤੋਖ ਨਾਲ ਪਈ ਬਿਪਤਾ ਦਾ ਸਾਹਮਣਾ ਕਰਦੇ ਹਨ । ਬੇਸ਼ੱਕ ਹੜ੍ਹਾਂ ਬਾਰੇ ਬਹੁਤ ਖੁਲਾਸੇ ਹੋ ਚੁੱਕੇ ਹਨ ਕਿ ਮੌਕੇ ਦੇ ਹਾਲਾਤਾਂ ਨੂੰ ਭਾਂਪਦਿਆਂ ਹੋਇਆਂ ਡੈਮਾਂ ਦਾ ਪਾਣੀ ਖਾਲੀ ਪਈਆਂ ਨਹਿਰਾਂ ਵਿੱਚ ਛੱਡਣਾ ਚਾਹੀਦਾ ਸੀ ਪਰ ਨਹੀਂ ਛੱਡਿਆ ਗਿਆ, ਦਰਿਆਵਾਂ ਦੇ ਕਿਨਾਰੇ ਬੰਨੇ ਜਿੱਥੇ ਨਾਜ਼ੁਕ ਸਥਿਤੀ ਸੀ, ਉਹ ਮਜ਼ਬੂਤ ਕਰਨੇ ਸਨ ਪਰ ਨਹੀਂ ਕੀਤੇ ਗਏ, ਦਰਿਆਵਾਂ ਅੰਦਰ ਸਫਾਈ ਨਹੀਂ ਕੀਤੀ ਗਈ ਆਦਿਕ ਇਹ ਸਾਰੀ ਵਾਰਤਾ ਨਹਿਰਾਂ ਦਰਿਆਵਾਂ ਨਾਲ ਸਬੰਧਤ ਕਈ ਸਾਬਕਾ ਅਧਿਕਾਰੀਆਂ ਨੇ ਸੋਸ਼ਲ ਮੀਡੀਆ ਰਾਹੀਂ ਪਬਲਿਕ ਕੀਤੀ ਹੈ, ਜਿਹੜੀ ਸਰਕਾਰ ਦੀ ਨਲਾਇਕੀ ਅਤੇ ਬਦਨੀਤੀ ਜ਼ਾਹਿਰ ਕਰਦੀ ਹੈ, ਦੂਸਰਾ ਬੀਬੀਐਮਬੀ ਜਾਣੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਤੇ ਕੇਂਦਰ ਦਾ ਕੰਟਰੋਲ ਹੋਣ ਕਰਕੇ ਇਹ ਖਦਸ਼ੇ ਪਿਛਲੇ ਸਾਲਾਂ ਤੋਂ ਪ੍ਰਗਟਾਏ ਜਾ ਰਹੇ ਹਨ ਕਿ ਹੜ੍ਹ ਜਾਣ ਬੁੱਝ ਕੇ ਲਿਆਂਦੇ ਜਾ ਰਹੇ, ਜੇਕਰ ਕੰਟਰੋਲ ਕੀਤਾ ਪਾਣੀ ਇਕੱਠਾ ਛੱਡਿਆ ਜਾਵੇਗਾ ਤਾਂ ਸੁਭਾਵਿਕ ਹੜ੍ਹ ਤਾਂ ਆਉਣਗੇ ਹੀ, ਜਿਹੜੇ ਦਰਿਆਵਾਂ ਕਿਨਾਰੇ ਵਸਦੇ ਲੋਕਾਂ ਦਾ ਜਾਨ ਮਾਲ ਦਾ ਨੁਕਸਾਨ ਕਰਨਗੇ, ਕੇਂਦਰ ਜਿੱਥੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਪ੍ਰਬੰਧ ਰਾਹੀਂ ਪੰਜਾਬ ਦਾ ਨੁਕਸਾਨ ਕਰਦੀ ਹੈ ਉੱਥੇ ਪਾਕਿਸਤਾਨ ਦਾ ਨੁਕਸਾਨ ਵੀ ਹੁੰਦਾ ਹੈ, ਇਸ ਨਾਲ ਕੇਂਦਰ ਆਪਣੇ ਦੋ ਦੁਸ਼ਮਣਾਂ ਨੂੰ ਕਮਜ਼ੋਰ ਕਰਨ ਵਿੱਚ ਸਫਲ ਹੁੰਦੀ ਹੈ ਨਾ ਹਿੰਗ ਲੱਗੇ ਨਾ ਫਟਕੜੀ, ਸਿਰਫ ਕੁਦਰਤ ਦੇ ਸਿਰ ਸੁੱਟ ਕੇ ਪੱਲਾ ਝਾੜ ਦੇਵੇਗੀ।ਉਕਤ ਵਰਤਾਰੇ ਨੂੰ ਚੰਗੀ ਤਰ੍ਹਾਂ ਸਮਝਣਾ ਪਵੇਗਾ ਪੰਜਾਬ ਦੇ ਲੋਕ ਬਜਾਏ ਹੜ੍ਹਾਂ ਦੀ ਮਾਰ ਝੱਲਣ ਤੋਂ, ਆਏ ਸਾਲ ਆਏ ਹੜ੍ਹਾਂ ਦਾ ਮੁਆਇਨਾ ਕਰਨ ਕਰਵਾਉਣ ਸਾਡੇ ਕੋਲ ਬਹੁਤ ਲੋਕ ਪੜ੍ਹੇ ਲਿਖੇ ਇੰਜੀਨੀਅਰ ਹਨ, ਉਹ ਏਸ ਵਰਤਾਰੇ ਨੂੰ ਸਮਝਣ ਇਸ ਦਾ ਭਵਿੱਖਤ ਹੱਲ ਕੱਢਣ, ਬਣਦੀਆਂ ਸਰਕਾਰਾਂ 'ਤੇ ਦਬਾਅ ਪਾਉਣ, ਬੀ ਬੀ ਐਮ ਬੀ ਤੇ ਪੰਜਾਬ ਦਾ ਕੰਟਰੋਲ ਦੁਬਾਰਾ ਤੋਂ ਕਰਨ, ਆਪਣੀ ਗੱਲ ਦੁਨੀਆਂ ਪੱਧਰ 'ਤੇ ਰੱਖਣ ਤਾਂ ਕਿ ਇਸਦਾ ਸਥਾਈ ਹੱਲ ਕੱਢਿਆ ਜਾਵੇ। ਕੇਂਦਰ ਦੀਆਂ ਸਰਕਾਰਾਂ ਨੇ ਪਿਛਲੇ ਕਾਫੀ ਸਮੇਂ ਤੋਂ ਆਪਣੀ ਨੀਤੀ ਪੰਜਾਬ ਪ੍ਰਤੀ ਬਦਲ ਲਈ ਹੈ, ਹੁਣ ਉਹ ਸਰਕਾਰਾਂ ਸਿੱਧੇ ਤੌਰ 'ਤੇ ਨਹੀਂ ਲੜਦੀਆਂ ਸਗੋਂ ਲੜਾਈ ਦਾ ਤਰੀਕਾ ਅਸਿੱਧਾ ਕਰ ਲਿਆ ਹੈ, ਉਹਨਾਂ ਨੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿੱਚ ਡੁਬਾਉਣ ਲਈ ਲੁਕਵਾਂ ਏਜੰਡਾ ਵਰਤਿਆ ਹੈ, ਸਿੱਖਾਂ ਦੇ ਅੰਦਰੂਨੀ ਮਸਲਿਆਂ ਵਿੱਚ ਦਖਲਅੰਦਾਜ਼ੀ ਵਧਾਈ ਹੈ, ਪੰਜਾਬ ਦੇ ਨੌਜਵਾਨਾਂ ਦਾ ਫੌਜ ਵਾਲਾ ਕੋਟਾ ਘਟਾਇਆ ਹੈ, ਰਾਜਧਾਨੀ ਚੰਡੀਗੜ੍ਹ ਦੋ ਰਾਜਾਂ ਕੋਲ ਹੈ, ਬੀ ਬੀ ਐਮ ਬੀ ਤੇ ਕੇਂਦਰੀ ਕੰਟਰੋਲ,ਬੀ ਐਸ ਐਫ ਦਾ ਘੇਰਾ ਪੰਜਾਹ ਕਿਲੋਮੀਟਰ ਪੰਜਾਬ ਅੰਦਰ ਆਦਿ ਅਨੇਕ ਵਰਤਾਰੇ ਹਨ ਜੋ ਉਹਨਾਂ ਵੱਲੋਂ ਕੀਤੇ ਜਾ ਰਹੇ ਹਨ ਤਾਂ ਕਿ ਪੰਜਾਬ ਨੂੰ ਮਾਰਿਆ ਜਾ ਸਕੇ, ਹੁਣ ਆਹ ਹੜ੍ਹਾਂ ਨਾਲ ਮਾਰਨ ਦਾ ਮਾਮਲਾ ਵੀ ਰਾਜ ਅਤੇ ਕੇਂਦਰੀ ਸਰਕਾਰਾਂ ਦੀ ਦੇਣ ਹੈ। ਸੋ ਸਾਨੂੰ ਉਪਰੋਕਤ ਮਸਲਿਆਂ ਨੂੰ ਨਜਿੱਠਣ ਲਈ ਸਰਕਾਰਾਂ ਦੀ ਨੀਅਤ ਅਤੇ ਨੀਤੀ ਨੂੰ ਸਮਝਣਾ ਪਵੇਗਾ ਤਾਂ ਕਿ ਅਸੀਂ ਉਕਤ ਮਾਰਾਂ ਤੋਂ ਬਚ ਸਕੀਏ।





# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ



ਫਿਰੋਜ਼ਪੁਰ 2 ਸਤੰਬਰ (ਤਿਵਾੜੀ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ (ਮੋਹਾਲੀ) ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਜੀ ਦੀਆਂ ਹਦਾਇਤਾਂ ਅਨੁਸਾਰ ਸ੍ਰੀ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ–ਕਮ–ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਜੀ ਦੀ ਅਗਵਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਵੱਲੋਂ ਜੁਡੀਸ਼ੀਅਲ ਅਫਸਰਾਂ, ਬਾਰ ਐਸੋਸੀਏਸ਼ਨ, ਫਿਰੋਜਪੁਰ, ਪੈਨਲ ਐਡਵੋਕੇਟ, ਲੀਗਲ ਏਡ ਡਿਫੈਂਸ ਕਾਊਂਸਲ, ਪੈਰਾ ਲੀਗਲ ਵਲੰਟੀਅਰਾਂ ਅਤੇ ਲਾੱਅ ਕਾਲਜ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਟੀਮਾਂ ਬਣਾ ਕੇ ਵੱਖ–ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਉੱਥੇ ਮੌਜੂਦ ਹੜ੍ਹ ਪੀੜ੍ਹਤ ਪਰਿਵਾਰਾਂ ਨੂੰ ਲੋੜੀਂਦੀ ਰਾਹਤ ਸਮੱਗਰੀ ਅਤੇ ਪਸ਼ੂਆਂ ਦੇ ਲਈ ਚਾਰਾ ਵੰਡਿਆ ਗਿਆ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜਪੁਰ ਪਾਸੋ ਮਦਦ ਲੈਣ ਲਈ ਟੋਲ ਫ੍ਰੀ ਨੰਬਰ 15100 ਅਤੇ ਲੈਂਡਲਾਇਨ ਨੰਬਰ 01632–235034 ਦੀ ਜਾਣਕਾਰੀ ਦਿੱਤੀ ਗਈ ਤਾਂ ਜ਼ੋ ਲੋਕ ਲੋੜ ਸਮੇਂ ਸੰਪਰਕ ਕਰ ਸਕਣ।

# ਮਾਰਕੀਟ ਕਮੇਟੀ ਚਨਾਰਥਲ ਦੀਆਂ ਮੰਡੀਆਂ ਲਈ ਕਰੋੜਾਂ ਦਾ ਬਜਟ ਪਾਸ ਕਰਵਾਇਆ : ਚੇਅਰਮੈਨ ਰਾਜਾ



ਫਤਿਹਗੜ੍ਹ ਸਾਹਿਬ, 2 ਸਤੰਬਰ (ਹਰਪ੍ਰੀਤ ਕੌਰ ਟਿਵਾਣਾ)ਮਾਰਕੀਟ ਕਮੇਟੀ ਚਨਾਰਥਲ ਦੇ ਚੇਅਰਮੈਨ ਰਸ਼ਪਿੰਦਰ ਸਿੰਘ ਰਾਜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਲਗਾਤਾਰ ਆਪਣੀ ਮਾਰਕੀਟ ਕਮੇਟੀ ਅਧੀਨ ਆਉਂਦੀਆਂ ਮੰਡੀਆਂ ਨੂੰ ਹੋਰ ਮਜ਼ਬੂਤ ਅਤੇ ਸੁਚਾਰੂ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਮੀਟਿੰਗਾਂ ਕੀਤੀਆਂ ਗਈਆਂ ਸਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਚੇਅਰਮੈਨ ਮੰਡੀ ਬੋਰਡ ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਹਿਲੀ ਵਾਰ ਮਾਰਕੀਟ ਕਮੇਟੀ ਚਨਾਰਥਲ ਦੀਆਂ ਸਾਰੀਆਂ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਵਾਨ ਕੀਤਾ ਗਿਆ ਹੈ ।ਚੇਅਰਮੈਨ ਰਸ਼ਪਿੰਦਰ ਸਿੰਘ ਰਾਜਾ ਨੇ ਦੱਸਿਆ ਕਿਸਾਨਾਂ ਅਤੇ ਆੜ੍ਹਤੀਆਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਉਨ੍ਹਾਂ ਨੇ ਮਾਨ ਸਰਕਾਰ ਕੋਲੋ ਮਾਰਕੀਟ ਕਮੇਟੀ ਚਨਾਰਥਲ ਦੀਆਂ ਮੰਡੀਆਂ ਲਈ ਬਜਟ ਪਾਸ ਕਰਵਾ ਲਿਆ ਹੈ ।ਚਨਾਰਥਲ ਮੰਡੀ ਵਿੱਚ ਨਵਾਂ ਸ਼ੈਡ ਜੋ ਕਿ 200 ਫੁੱਟ ਲੰਬਾ 75 ਫੁੱਟ ਚੌੜਾ ਹੋਵੇਗਾ ਜਿਹਨੂੰ ਬਣਾਉਣ ਲਈ ਲਗਭਗ ਇੱਕ ਕਰੋੜ ਦੋ ਲੱਖ ਦਾ ਖਰਚਾ ਆਵੇਗਾ ਅਤੇ ਇੱਕ ਕਿਸਾਨਾਂ ਤੇ ਮਜ਼ਦੂਰ ਭਰਾਵਾਂ ਦੇ ਬੈਠਣ ਲਈ ਇੱਕ 35 ਫੁੱਟ ਲੰਬਾ ਅਤੇ 35 ਫੁੱਟ ਚੌੜਾ ਸ਼ੈੱਡ ਬਣਾਇਆ ਜਾ ਰਿਹਾ ਹੈ ਜਿਸ ਨੂੰ ਲਗਭਗ 7 ਲੱਖ ਰੁਪਈਏ ਦਾ ਖਰਚਾ ਆਵੇਗਾ। ਇਸ ਤੋਂ ਇਲਾਵਾ ਪੁਰਾਣੇ ਬਣੇ ਸ਼ੈੱਡ ਲਈ ਵੀ 7 ਲੱਖ ਰੁਪਈਏ ਖ਼ਰਚ ਕੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਸ਼ੈੱਡ ਦਾ ਪਾਣੀ ਫਸਲਾਂ ਦਾ ਨੁਕਸਾਨ ਨਾ ਕਰ ਸਕੇ।ਅੱਗੇ ਗੱਲ ਕਰਦਿਆਂ ਚੇਅਰਮੈਨ ਰਾਜਾ ਨੇ ਦੱਸਿਆ ਕਿ ਮੂਲੇਪੁਰ ਮੰਡੀ ਦੇ ਕਿਸਾਨਾਂ ਤੇ ਆੜ੍ਹਤੀਆਂ ਦੀ ਬਹੁਤ ਦੇਰ ਤੋਂ ਮੰਗ ਸੀ ਕਿ ਮੰਡੀ ਅੰਦਰ ਮੀਂਹ ਕਣੀ ਤੇ ਧੁੱਪ ਆਦਿ ਤੋਂ ਬਚਣ ਲਈ ਸ਼ੈੱਡ ਬਣਾਇਆ ਜਾਵੇ ਪਰੰਤੂ ਪਿਛਲੀਆਂ ਸਰਕਾਰਾਂ ਵੱਲੋਂ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਪਰ ਹੁਣ ਕਿਸਾਨਾਂ ਦੀ ਇਹ ਸਮੱਸਿਆ ਵੀ ਹੱਲ ਕਰ ਦਿੱਤੀ ਗਈ ਹੈ ਅਤੇ ਮੂਲੇਪੁਰ ਮੰਡੀ ਲਈ 100 ਫੁੱਟ ਲੰਬਾ ਤੇ 50 ਫੁੱਟ ਚੌੜਾ ਸ਼ੈੱਡ ਬਣਾਇਆ ਜਾਵੇਗਾ ਜਿਸਨੂੰ ਬਣਾਉਣ ਲਈ ਲਗਭਗ 34 ਲੱਖ 45 ਹਜ਼ਾਰ ਦਾ ਖਰਚਾ ਆਵੇਗਾ । ਚੇਅਰਮੈਨ ਰਾਜਾ ਨੇ ਦੱਸਿਆ ਕਿ ਝੋਨੇ ਦੇ ਸੀਜ਼ਨ ਤੋਂ ਬਾਅਦ ਇਹ ਪ੍ਰਾਜੈਕਟ ਸ਼ੁਰੂ ਕੀਤੇ ਜਾਣਗੇ । ਇਸ ਮੌਕੇ ਉਨ੍ਹਾਂ ਨਾਲ ਚਨਾਰਥਲ ਕਲਾਂ ਦੇ ਸਰਪੰਚ ਰਾਜਦੀਪ ਸਿੰਘ ਰਾਜੂ , ਸੂਬੇਦਾਰ ਹਰਿੰਦਰ ਸਿੰਘ ਚਨਾਰਥਲ, ਸਰਪੰਚ ਹਰਸ਼ਦੀਪ ਰੁੜਕੀ , ਸਰਪੰਚ ਰਜਿੰਦਰ ਸਿੰਘ ਰਾਜੂ ਖਰੋੜੀ, ਸਰਪੰਚ ਹਰਜਿੰਦਰ ਸਿੰਘ ਪੰਡਰਾਲੀ,ਸਰਪੰਚ ਮੁਹੰਮਦ ਦਿਲਦਾਰ ਮੂਲੇਪੁਰ ,ਸਵਰਨਜੀਤ ਸਿੰਘ ਮੌਜੂਦ ਸਨ।

# ਬੇਕਾਬੂ ਹੋਏ ਪਾਣੀ ਨੇ ਪੂਰਾ ਪੰਜਾਬ ਕੀਤਾ ਕਾਬੂ ।

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ 7589155501**

ਪੰਜਾਬ ਦਾ ਸ਼ਾਇਦ ਹੀ ਕੋਈ ਹਿੱਸਾ ਬਚਿਆ ਹੋਵੇਗਾ ,ਜਿੱਥੇ ਪਾਣੀ ਨੇ ਆਪਣਾ ਜ਼ੋਰ ਨਹੀਂ ਵਿਖਾਇਆ ਹੋਵੇਗਾ ।ਪੰਜਾਂ ਪਾਣੀਆਂ ਦੀ ਧਰਤੀ ਅੱਜ ਪਾਣੀ ਨਾਲ ਜਲ ਮਗਨ ਹੋ ਗਈ ਹੈ ।ਤਸਵੀਰਾਂ ਇੰਨੀਆਂ ਕੁ ਡਰਾਉਣੀਆਂ ਹਨ ਕਿ ਆਮ ਆਦਮੀ ਵੇਖ ਨਹੀਂ ਸਕਦਾ ।ਜੇ ਤਸਵੀਰਾਂ ਇੰਨੀਆਂ ਭਿਆਨਕ ਤੇ ਖੌਫਨਾਕ ਹਨ ।ਫਿਰ ਉਹਨਾਂ ਦਾ ਕੀ ਹਾਲ ਹੋਵੇਗਾ ।ਜਿਥੋਂ ਦੀਆਂ ਤੇ ਜਿਹਨਾਂ ਦੀਆਂ ਤਸਵੀਰਾਂ ਲਈਆਂ ਗਈਆਂ ਹਨ ।ਹੜ੍ਹ ਕੋਈ ਪਹਿਲੀ ਵਾਰ ਨਹੀਂ ਆਏ ,ਇਸ ਤੋਂ ਪਹਿਲਾਂ ਵੀ ਕਈ ਵਾਰ ਪੰਜਾਬ ਦੀ ਧਰਤੀ ਤੇ ਹੜ੍ਹ ਆ ਚੁਕੇ ਹਨ ।ਜੇਕਰ ਗੱਲ ਕਰੀਏ 1955 ਦੀ ,1988 ਦੀ 1993 ਦੀ ਜਾਂ ਫਿਰ 2023 ਦੀ ।ਜਦੋ ਜਦੋ ਵੀ ਹੜ੍ਹ ਆਏ ।ਉਹਨਾਂ ਨੇ ਤਬਾਹੀ ਮਚਾਉਣ ਵਾਲੀ ਕੋਈ ਬਾਕੀ ਕਸਰ ਨਹੀਂ ਛੱਡੀ ।ਜਿਵੇ ਆਪਾਂ ਆਮ ਹੀ ਸੁਣਦੇ ਹੁੰਦੇ ਸੀ ਕਿ ਰਾਜਸ਼ਥਾਨ ਵਿੱਚ ਗਰਮੀਆਂ ਵਿੱਚ ਇੰਨੀਆਂ ਹਨੇਰੀਆਂ ਆਉਂਦੀਆਂ ਹਨ ।ਕਿ ਰਾਤੋ ਰਾਤ ਮੈਦਾਨਾਂ ਨੂੰ ਟਿੱਬਿਆਂ ਤੇ ਟਿੱਬਿਆਂ ਨੂੰ ਮੈਦਾਨਾਂ ਵਿੱਚ ਬਦਲ ਦਿੰਦੀਆਂ ਸਨ ।ਬਸ ਉਹੀ ਕਹਾਣੀ ਹੁਣ ਇੱਥੇ ਹੋਈ ਜਾਪਦੀ ਹੈ ।ਉੱਥੇ ਹਨੇਰੀਆਂ ਨਾਲ ਤੇ ਇੱਥੇ ਹੜ੍ਹ ਦੇ ਪਾਣੀ ਨਾਲ ਹਾਲ ਇੰਝ ਹੋ ਜਾਂਦਾ ਹੈ ।ਜਿਹੜੀਆਂ ਪੱਧਰੀਆਂ ਜਮੀਨਾਂ ਨੇ ਉਹਨਾਂ ਛੱਪੜਾਂ ਦਾ ਤੇ ਜਿਹੜੇ ਛੱਪੜ ਹੋਣਗੇ ਉਹ ਨਹਿਰਾਂ ਦਾ ਰੂਪ ਧਾਰਣ ਕਰ ਜਾਣਗੀਆਂ ।ਹੁਣ ਸਮੱਸਿਆਂ ਲੋਕਾਂ ਨੂੰ ਖਾਣ ਪੀਣ ਦੀ ਆ ਰਹੀ ਹੈ ।ਫਿਰ ਜਮੀਨਾਂ ਨੂੰ ਪੱਧਰ ਕਰਣ ਦੀ ਆ ਜਾਵੇਂਗੀ ।ਜਦੋਂ ਇਹ ਗੱਲ ਮਨ ਵਿੱਚ ਆਉਂਦੀ ਹੈ ।ਉਸ ਸਮੇਂ ਮਨ ਆਪਣੇ ਤੋਂ ਬਾਹਰ ਹੋ ਜਾਂਦਾ ਹੈ ।ਮੈਨੂੰ ਇੱਕ ਗੱਲ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਯਾਦ ਆ ਗਈ ।ਉਹ ਇੱਕ ਵਾਰ ਆਪਣੇ ਸ਼ਹਿਰ ਅਲਵਰ [ਰਾਜਸਥਾਨ ]ਵਿੱਚ ਆਪਣੇ ਕਿਸੇ ਨਿੱਜੀ ਰਿਸ਼ਤੇਦਾਰ ਦੇ ਘਰ ਸ਼ੋਕ ਸਮਾਗਮ ਵਿੱਚ ਬੋਲ ਰਹੇ ਸਨ ਮੈਂ ਵੀ ਕੁਦਰਤੀ ਤੌਰ ਤੇ ਉੱਥੇ ਗਿਆ ਸੀ ਉਹ ਕਹਿ ਰਹੇ ਸੀ ਕਿ ਆਪਾਂ ਲੋਕਾਂ ਦਾ ਆਮ ਹੀ ਸੁਭਾਅ ਹੁੰਦਾ ਹੈ ਕਿ ਅਖ਼ਬਾਰ ਪੜ੍ਹਦਿਆ ਇਹ ਖ਼ਬਰ ਨਜ਼ਰ ਆ ਜਾਵੇ ਕਿ ਫਲਾਣੀ ਥਾਂ ਤੇ ਇਹੋ ਜਿਹਾ ਹਾਦਸਾ ਹੋ ਗਿਆ ਹੈ ।ਐਨੀਆਂ ਮੌਤਾਂ ਹੋ ਗਈਆਂ ਨੇ ਬੰਦਾ ਅਖ਼ਬਾਰ ਪੜ੍ਹਦਾ ਤੇ ਪਰਾਂ ਸੁੱਟ ਦਿੰਦਾ ਹੈ ।ਕੋਈ ਗ਼ਮ ਨਹੀਂ ਕੋਈ ਧੋਖਾਨਹੀਂ ।ਬਸ ਉਹ ਇੱਕ ਖ਼ਬਰ ਸੀ ਪੜ੍ਹੀ ਤੇ ਅੱਖੋਂ ਪ੍ਰੋਖਈ ਕਰ ਦਿੱਤੀ ।ਪਰ ਉਹ ਫਿਰ ਕਹਿੰਦੇ ਜੇ ਜਦੋਂ ਕੋਈ ਇਹੋ ਜਿਹਾ ਹਾਦਸਾਖੁੱਦ ਨਾਲ ਵਾਪਰਦਾ ਹੈ ।ਉਸ ਸਮੇਂ ਬੰਦਾ ਜ਼ਮੀਨ ਤੋਂ ਉੱਠਦਾ ਹੀ ਨਹੀਂ ।ਕਹਿੰਦਾ ਮੈਂ ਹੁਣ ਨਹੀਂ ਜੀਅ ਸਕਦਾ ਮੈਨੂੰ ਵੀ ਨਾਲ ਮਰ ਜਾਣਾ ਚਾਹੀਦਾ ਸੀ ।ਲਕੀਰਾਂ ਕੱਢਦਾ ਤੇ ਰੋਂਦਾ ਚੁੱਪ ਨਹੀਂ ਕਰਦਾ ।ਗੱਲ ਸਿਰਫ ਇੰਨੀ ਕੁ ਹੈ ਕਿ ਉਹ ਕਿਸੇ ਦੇ ਮਰੇ ਸੀ ਇਹਆਪਣਾ ਮਰਿਆ ਹੈ ।ਇੰਨਾ ਬੰਦਾ ਡੋਲ ਜਾਂਦਾ ਹੈ ।ਅੱਜ ਵੀ ਉਹੀ ਗੱਲ ਵੇਖਣ ਸੁਣਨ ਨੂੰ ਮਿਲ ਰਹੀ ਹੈ । ਪਾਣੀ ਨੇ ਜਿਹਨਾਂ ਦਾਸਭ ਕੁੱਝ ਤਬਾਹ ਕਰ ਦਿੱਤਾ ਉਹਨਾਂ ਦਾ ਰੋਣਾ ਜਾਇਜ਼ ਹੈ ।ਰੋਣ ਕੋਈ ਪੁੱਛ ਕੇ ਨਹੀਂ ਆਉਂਦਾ ।ਆਪਣੇ ਆਪ ਆ ਜਾਂਦਾ ਹੈ ।ਤਿਣਕਾ ਤਿਣਕਾ ਇਕੱਠਾ ਕਰਕੇ ਘਰ ਬਣਾਏ ਜਾਂਦੇ ਹਨ੍ਹ ।ਜਦੋ ਉਹ ਇਸ ਤਰਾਂ ਢਹਿ ਜਾਣ ਅੱਖਾਂ ਸਾਹਮਣੇ ਫਿਰ ਕਿਵੇਂ ਜ਼ਰੀਏ ।ਇਹ ਕੋਈ ਆਫ਼ਤ ਬੰਦੇ ਵਲੋਂ ਨਹੀਂ ਸਹੇੜੀ ਗਈ ,ਸਗੋਂ ਕੁਦਰਤਿ ਵਲੋਂ ਆ ਰਹੀ ਹੈ ।ਲੋਕ ਬਹੁਤ ਕੁੱਝ ਕਹਿ ਰਹੇ ਹਨ ।ਇੰਝ ਨਾਕਰਦੇ ਇੰਝ ਹੁੰਦਾ ।ਉਂਝ ਨੇ ਕਰਦੇ ਉਹ ਨਾ ਹੁੰਦਾ ।ਪਰਮਾਤਮਾ ਦੀ ਕੀਤੀ ਨੂੰ ਕੋਈ ਮੋੜ ਨਹੀਂ ਸਕਦਾ ।ਬਸ ਇੱਕ ਧੀਰਜ ਬਣਾ ਕੇਹੌਸਲੇ ਨਾਲ ਹੀ ਜੰਗ ਜਿੱਤੀ ਜਾ ਸਕਦੀ ਹੈ ।ਹਾਂ ਪਰਿਵਾਰਾਂ ਵਿੱਚ ਕੁੱਝ ਨਾ ਹਾਦਸਾ ਵਾਪਰੇ ।ਸਮਾਂ ਪੈਣ ਤੇ ਸਭ ਕੁੱਝ ਠੀਕ ਹੋਜਾਵੇਂਗਾ ।ਇਹ ਤ੍ਰਾਸਦੀ ਬਹੁਤ ਜਲਦੀ ਖ਼ਤਮ ਹੋ ਜਾਵੇਂਗੀ ।ਬਸ ਆਪਸ ਵਿੱਚ ਭਾਈਚਾਰਕ ਸਾਂਝ ਬਣਾ ਕੇ ਰੱਖਣੀ ਸਭ ਤੋਂ ਵੱਡੀ ਪ੍ਰਾਪਤੀ ਹੋਵੇਗੀ ।

# ਕੈਬਨਿਟ ਮੰਤਰੀ ਈ.ਟੀ.ਓ. ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਰਾਹਤ ਸਮੱਗਰੀ ਲੈ ਕੇ ਜੰਡਿਆਲਾ ਤੋਂ ਅਜਨਾਲਾ ਵਿਖੇ ਹੋਏ ਰਵਾਨਾ



ਜੰਡਿਆਲਾ ਗੁਰੂ 2 ਸਤੰਬਰ (ਰਾਮ ਸ਼ਰਨਜੀਤ ਸਿੰਘ)ਕਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ:ਟੀ:ਓ ਅੱਜ ਆਪਣੇ ਹਲਕੇ ਜੰਡਿਆਲਾ ਗੁਰੂ ਤੋਂ ਹੜ੍ਹ ਪਰਿਵਾਰਾਂ ਦੀ ਮਦਦ ਲਈ 25 ਟਰਾਲੀਆਂ, 10 ਛੋਟੇ ਹਾਥੀ ਅਤੇ ਹੋਰ ਵਾਹਨਾਂ ਸਮੇਤ ਰਾਹਤ ਸਮੱਗਰੀ ਲੈ ਕੇ ਅਜਨਾਲਾ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਵਾਨਾ ਹੋਇਆ। ਇਸ ਰਾਹਤ ਸਮੱਗਰੀ ਵਿੱਚ ਵੱਡੀ ਪੱਧਰ ਤੇ ਖਾਣ ਪੀਣ ਦੀਆਂ ਵਸਤਾਂ, ਦਵਾਈਆਂ, ਪਸ਼ੂਆਂ ਲਈ ਚਾਰਾ ਚੋਕਰ, ਫੀਡ, ਹਰਾ ਚਾਰਾ ਅਤੇ ਤੂੜੀ ਸ਼ਾਮਲ ਸਨ। ਰਵਾਨਾ ਹੋਣ ਸਮੇਂ ਸ੍ਰ ਈ:ਟੀ:ਓ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਲੋਕਾਂ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹੀ ਹੈ। ਉਨ੍ਹਾਂ ਇਸ ਸਥਿਤੀ ਨੂੰ ਕੁਦਰਤੀ ਆਫ਼ਤ ਦੱਸਿਆ, ਜੋ ਕਿ ਸੂਬੇ ਲਈ ਸੰਕਟ ਵਜੋਂ ਉੱਭਰੀ ਹੈ ਅਤੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਸੂਬਾ ਸਰਕਾਰ ਪ੍ਰਭਾਵਿਤ ਪਰਿਵਾਰਾਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸ੍ਰ ਈ:ਟੀ:ਓ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਹੜ੍ਹਾਂ ਦੌਰਾਨ ਜਿਨ੍ਹਾਂ ਦੇ ਘਰ ਭਾਰੀ ਬਾਰਿਸ਼ ਕਾਰਨ ਨੁਕਸਾਨੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਮਾਲੀ ਸਹਾਇਤਾ ਨਾਲ ਉਨ੍ਹਾਂ ਨੂੰ ਆਪਣੇ ਘਰਾਂ ਦੀ ਮੁਰੰਮਤ ਕਰਵਾਉਣ ਅਤੇ ਮੁੜ ਆਮ ਵਾਂਗ ਜ਼ਿੰਦਗੀ ਜਿਉਣ ਵਿੱਚ ਮਦਦ ਕਰੇਗੀ ਅਤੇ ਬਣਦਾ ਮੁਆਵਜਾ ਵੀ ਦਿੱਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪ੍ਰਭਾਵਿਤ ਲੋਕਾਂ ਤੱਕ ਸਮੇਂ ਸਿਰ ਰਾਹਤ, ਡਾਕਟਰੀ ਸਹਾਇਤਾ ਤੇ ਦਵਾਈਆਂ ਅਤੇ ਮੁੜ ਵਸੇਬੇ ਦੀਆਂ ਸਹੂਲਤਾਂ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਸ੍ਰ ਈ:ਟੀ:ਓ ਨੇ ਦੱਸਿਆ ਕਿ ਹੜ੍ਹਾਂ ਦੌਰਾਨ 3 ਲੱਖ ਏਕੜ ਫਸਲ ਦਾ ਨੁਕਸਾਨ ਹੋਇਆ ਹੈ ਅਤੇ ਸਰਕਾਰ ਇਨ੍ਹਾਂ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਅਤੇ ਇਨ੍ਹਾਂ ਦੀ ਹਰ ਸੰਭਵ ਸਹਾਇਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਇਕ ਕੁਦਰਤੀ ਆਫਤ ਹੈ ਅਤੇ ਸੂਬੇ ਭਰ ਵਿੱਚ ਗੈਰ ਸਰਕਾਰੀ ਸੰਸਥਾਵਾਂ ਵੀ ਇਨ੍ਹਾਂ ਦੀ ਮਦਦ ਲਈ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਸੂਬਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ ਤਾਂ ਜੋ ਹੜ੍ਹਾਂ ਦੌਰਾਨ ਪ੍ਰਭਾਵਿਤ ਹੋਏ ਪਰਿਵਾਰਾਂ ਦੀ ਮਦਦ ਹੋ ਸਕੇ। ਇਸ ਮੌਕੇ ਉਨ੍ਹਾਂ ਦੇ ਨਾਲ ਐਸ:ਐਸ:ਬੋਰਡ ਮੈਂਬਰ ਸ੍ਰੀ ਨਰੇਸ਼ ਪਾਠਕ,ਸਰਬਜੀਤ ਸਿੰਘ ਡਿਪੀ ਸ਼ਹਿਰੀ ਪ੍ਰਧਾਨ, ਸੁਨੇਣਾ ਰੰਧਾਵਾ, ਸਤਿੰਦਰ ਸਿੰਘ, ਚੇਅਰਮੈਨ ਗੁਰਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਾਲੰਟੀਅਰ ਵੀ ਹਾਜਰ ਸਨ।

# ਸੀ.ਜੇ.ਐਮ ਨੇ ਹੜ ਪੀੜਿਤ ਇਲਾਕਿਆਂ ਦਾ ਕੀਤਾ ਦੌਰਾ



ਸ੍ਰੀ ਅਨੰਦਪੁਰ ਸਾਹਿਬ, 2 ਸਤੰਬਰ (ਤਰਲੋਚਨ ਸਿੰਘ) ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਮੋਹਿਤ ਬਾਂਸਲ ਦੀ ਅਗਵਾਈ ਵਿੱਚ ਸੀ.ਜੇ.ਐਮ–ਕਮ–ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੂਪਨਗਰ, ਸ਼੍ਰੀਮਤੀ ਅਮਨਦੀਪ ਕੌਰ ਵੱਲੋਂ ਰੂਪਨਗਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਵਰਦੇ ਮੀਂਹ ਦੌਰਾਨ ਦੌਰਾ ਕੀਤਾ ਗਿਆ ਅਤੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਵੰਡੀ। ਇਸ ਦੌਰਾਨ, ਉਨ੍ਹਾਂ ਨੇ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਕੇ ਮੌਕੇ ਉੱਤੇ ਹਾਲਾਤਾਂ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਰਾਹਤ ਅਤੇ ਸਹਾਇਤਾ ਪਹੁੰਚਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨੇ ਪ੍ਰਭਾਵਿਤ ਪਰਿਵਾਰਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਸ਼੍ਰੀਮਤੀ ਅਮਨਦੀਪ ਕੌਰ ਨੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹਮੇਸ਼ਾਂ ਆਮ ਲੋਕਾਂ ਦੀ ਸਹਾਇਤਾ ਲਈ ਤਿਆਰ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਜਾਂ ਪ੍ਰਸ਼ਾਸਕੀ ਸਹਾਇਤਾ ਲਈ ਲੋਕਾਂ ਨੂੰ ਉਪਲਬਧ ਕਰਵਾਈ ਜਾਵੇਗੀ। ਉਨ੍ਹਾਂ ਨੇ ਅਪੀਲ ਕੀਤੀ ਕਿ ਲੋਕ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਅਤੇ ਇਸ ਮੁਸ਼ਕਲ ਘੜੀ ਵਿੱਚ ਇਕ–ਦੂਜੇ ਦਾ ਸਹਿਯੋਗ ਕਰਨ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ ਜਸਪ੍ਰੀਤ ਸਿੰਘ, ਡੀ.ਐਸ.ਪੀ ਅਜੇ ਸਿੰਘ ਵੀ ਮੌਜੂਦ ਸਨ।

# ਧੈਂਗੜਪੁਰ ਵਿਖੇ ਬੰਨ੍ਹ ਨੂੰ ਲੱਗੀ ਢਾਅ ਨੂੰ ਸਮੇਂ ਸਿਰ ਵਧਣ ਤੋਂ ਰੋਕਿਆ

## ਡਿਪਟੀ ਕਮਿਸ਼ਨਰ ਨੇ ਪ੍ਰਸ਼ਾਸਨਿਕ ਟੀਮਾਂ ਅਤੇ ਪਿੰਡਾਂ ਵਸਨੀਕਾਂ ਦੀ ਕੀਤੀ ਸਲਾਹੁਤਾ



ਨਵਾਂਸ਼ਹਿਰ, 2 ਸਤੰਬਰ: ਸੁਖਦੇਵ ਸਿੰਘ ਉੜਾਪੜ:ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਧੈਂਗੜਪੁਰ ਵਿਖੇ ਸੋਮਵਾਰ ਰਾਤ ਨੂੰ ਸਤਲੁਜ ਦਰਿਆ ਦੇ ਬੰਨ੍ਹ ਨੂੰ ਲੱਗੀ ਕਰੀਬ 100-150 ਫੁੱਟ ਦੀ ਢਾਅ ਨੂੰ ਪ੍ਰਸ਼ਾਸਨ ਵੱਲੋਂ ਲੋਕਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਸਮੇਂ ਸਿਰ ਹੋਰ ਵਧਣ ਤੋਂ ਰੋਕਣ ਦੇ ਨਾਲ–ਨਾਲ ਬੰਨ੍ਹ ਦੀ ਮਜਬੂਤੀ ਲਈ ਲਗਾਤਾਰ ਉਪਰਾਲੇ ਜਾਰੀ ਹਨ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਐਸ.ਡੀ.ਐਮ ਅਨਮਜਯੋਤ ਕੌਰ, ਐਸ.ਡੀ.ਐਮ ਬਲਾਚੌਰ ਕ੍ਰਿਤਿਕਾ ਗੋਇਲ ਦੀ ਦੇਖਰੇਖ ਵਿੱਚ ਜਲ ਸਰੋਤ ਵਿਭਾਗ ਦੇ ਅਧਿਕਾਰੀ, ਪਿੰਡਾਂ ਦੇ ਵਸਨੀਕ ਅਤੇ ਸਮਾਜ ਸੇਵੀ ਸੰਸਥਾਵਾਂ ਨੁਮਾਇੰਦੇ ਲਗਾਤਾਰ ਕੰਮ ਕਰ ਰਹੇ ਹਨ ਤਾਂ ਜੋ ਬੰਨ੍ਹ ਨੂੰ ਕੋਈ ਹੋਰ ਜਿਆਦਾ ਨੁਕਸਾਨ ਨਾ ਹੋ ਸਕੇ। ਮੌਕੇ ‘ਤੇ ਮੌਜੂਦ ਐਸ.ਡੀ.ਐਮ ਅਨਮਜਯੋਤ ਕੌਰ ਨੇ ਇਲਾਕੇ ਦੇ ਲੋਕਾਂ ਦੀ ਸਲਾਹੁਤਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਸਮੇਂ ਸਿਰ ਬੰਨ੍ਹ ਦੇ ਨੁਕਸਾਨ ਨੂੰ ਰੋਕ ਲਿਆ ਗਿਆ। ਉਨ੍ਹਾਂ ਕਿਹਾ ਕਿ ਵੱਖ–ਵੱਖ ਵਿਭਾਗਾਂ ਦੇ ਅਧਿਕਾਰੀ, ਮਗਨਰੇਗਾ ਵਰਕਰ ਅਤੇ ਪਿੰਡ ਵਾਸੀ ਇਸ 100 ਫੁੱਟ ਤੋਂ ਜਿਆਦੀ ਢਾਅ ਨੂੰ ਰੋਕਣ ਵਿੱਚ ਕਾਮਯਾਬ ਰਹੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨ ਦਰਿਆ ਵਿੱਚ ਪਾਣੀ ਦਾ ਪੱਧਰ ਬਹੁਤ ਜਿਆਦਾ ਵਧ ਜਾਣ ਕਾਰਨ ਰਾਤ ਸਮੇਂ ਇਹ ਢਾਅ ਲੱਗੀ ਪਰ ਸਮੇਂ ਸਿਰ ਇਸ ਨੂੰ ਹੋਰ ਅੱਗੇ ਵਧਣ ਤੋਂ ਰੋਕਣ ਦੇ ਨਾਲ-ਨਾਲ ਮਿੱਟੀ ਦੇ ਬੋਰਿਆਂ, ਦਰੱਖਤਾਂ, ਲੋਹੇ ਦੇ ਕਰੇਟਾਂ ਆਦਿ ਨਾਲ ਬੰਨ੍ਹ ਨੂੰ ਸੁਰੱਖਿਅਤ ਕੀਤਾ ਗਿਆ। ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਇੰਡਸਟਰੀਅਲ ਟ੍ਰੇਨਿੰਗ ਬੋਰਡ ਦੇ ਵਾਈਸ ਚੇਅਰਮੈਨ ਲਲਿਤ ਮੋਹਨ ਪਾਠਕ ਨੇ ਬੰਨ੍ਹ ਨੂੰ ਢਾਅ ਵਾਲੀ ਜਗ੍ਹਾ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਬਹੁਤ ਹੀ ਸਮੇਂ ‘ਤੇ ਬੰਨ੍ਹ ਦੇ ਵੱਡੇ ਨੁਕਸਾਨ ਨੂੰ ਰੋਕਿਆ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ, ਪਿੰਡਾਂ ਦੇ ਲੋਕਾਂ ਅਤੇ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਲਗਾਤਾਰ ਬੰਨ੍ਹ ਦੀ ਮਜਬੂਤੀ ਲਈ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਸੂਬੇ ਦੇ ਲੋਕਾਂ ਨਾਲ ਚੱਟਾਨ ਵਾਂਗ ਖੜੀ ਹੈ ਅਤੇ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਲਈ ਪੂਰਨ ਤੌਰ ‘ਤੇ ਵਚਨਬੱਧ ਹੈ। ਜਲ ਸਰੋਤ ਵਿਭਾਗ ਦੇ ਐਸ.ਡੀ.ਓ ਹਰਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਪਾਣੀ ਦਾ ਪੱਧਰ 1.25 ਕਿਊਸਿਕ ਤੋਂ ਵਧ ਜਾਣ ਕਰਕੇ ਧੈਂਗੜਪੁਰ ਵਿਖੇ ਬੰਨ੍ਹ ਢਾਅ ਲੱਗਣੀ ਸ਼ੁਰੂ ਹੋਈ ਸੀ ਜਿਸ ਦਾ ਸਮੇਂ ਸਿਰ ਪਤਾ ਲੱਗਣ ‘ਤੇ ਪ੍ਰਸ਼ਾਸਨ ਅਤੇ ਲੋਕਾਂ ਨੇ ਰਲ ਕੇ ਬੰਨ੍ਹ ਨੂੰ ਹੋਰ ਨੁਕਸਾਨੇ ਜਾਣ ਤੋਂ ਰੋਕ ਲਿਆ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਘਟ ਹੋਣ ਕਰਕੇ ਕੋਈ ਖਤਰੇ ਵਾਲੀ ਗੱਲ ਨਹੀਂ ਜਾਪਦੀ ਅਤੇ ਬੰਨ੍ਹ ਨੂੰ ਹੋਰ ਮਜਬੂਤ ਕਰਨ ਲਈ ਵਿਭਾਗੀ ਟੀਮਾਂ ਅਤੇ ਪਿੰਡਾਂ ਦੇ ਲੋਕ ਲਗਾਤਾਰ ਕੰਮ ਕਰ ਰਹੇ ਹਨ।

# ਧੁੱਸੀ ਬੰਨ੍ਹ ਦੀਆਂ ਹੜਾਂ ਸੰਬੰਧੀ ਝੂਠੀਆਂ ਅਫਵਾਹਾਂ ਤੋਂ ਬਚੋ : ਜਲਾਲਪੁਰ



ਬਲਾਚੌਰ ,ਕਾਠਗੜ੍ਹ 2 ਸਤੰਬਰ (ਸੁਖਜੀਤ ਭਾਟੀਆ) ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਹੜਾਂ ਦੇ ਸੰਭਾਵੀ ਖਤਰੇ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਦੇ ਹਰੇਕ ਆਹੁਦੇਦਾਰ ਵਲੰਟੀਅਰ ਨੂੰ ਸੈਨਿਕਾਂ ਦੇ ਤਰਾਂ ਸੁਚੇਤ ਰਹਿਣ ਨੂੰ ਕਿਹਾ ਗਿਆ ਹੈ। ਇਸੇ ਲੜੀ ਤਹਿਤ ਅੱਜ ਸਤਨਾਮ ਜਲਾਲਪੁਰ ਜਿਲ੍ਹਾ ਪ੍ਰਧਾਨ ਤੇ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਨਵਾਂਸ਼ਹਿਰ ਨੇ ਬੇਲਾ ਤਾਜੋਵਾਲ ਤੇ ਏਡੀਬੀ ਬੇਲਾ ਤਾਜੋਵਾਲ ਦੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਦਾ ਜਾਇਜ਼ਾ ਲੈਂਦੇ ਹੋਏ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਬਲਾਚੌਰ ਹਲਕੇ ਵਿੱਚ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਦੀ ਸਥਿਤੀ ਬਿਲਕੁਲ ਠੀਕ ਹੈ। ਲੋਕਾਂ ਦੀਆਂ ਗੁਮਰਾਹਕੁੰਨ ਅਫਵਾਹਾਂ ਤੋਂ ਸਾਵਧਾਨ ਰਹੋ। ਜੇਕਰ ਫਿਰ ਵੀ ਤੁਹਾਨੂੰ ਕੋਈ ਪ੍ਰੇਸ਼ਾਨੀ ਆਉਂਦੀ ਹੈ ਤਾਂ ਤੁਸੀ ਮੇਰੇ ਜਾਂ ਆਮ ਆਦਮੀ ਪਾਰਟੀ ਦੇ ਕਿਸੇ ਵੀ ਵਲੰਟੀਅਰ ਜਾ ਆਹੁਦੇਦਾਰ ਨਾਲ ਰਾਬਤਾ ਕਰ ਸਕਦੇ ਹੋ। ਉਹ ਤੁਹਾਡੀ ਪੂਰੀ ਮਦਦ ਕਰਨਗੇ।ਸਤਨਾਮ ਜਲਾਲਪੁਰ ਨੇ ਕਿਹਾ ਕਿ ਪ੍ਰਸ਼ਾਸ਼ਨ ਵਲੋਂ ਸੰਭਾਵੀ ਹੜਾਂ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਲੋੜੀਂਦੀ ਮਸ਼ੀਨਰੀ, ਰੈਸਕਿਊ ਟੀਮਾਂ, ਰੇਤੇ ਦੇ ਥੈਲੇ, ਸੁਰਿਖਿਅਤ ਥਾਵਾਂ ਦੀ ਪਛਾਣ ਸਮੇਤ ਹੋਰ ਲੋੜਿਦਿਆਂ ਤਿਆਰੀਆਂ ਪਹਿਲਾਂ ਹੀ ਕੀਤੀਆਂ ਗਈਆਂ ਹਨ।

# ਬਰਸਾਤੀ ਮੌਸਮ ਵਿੱਚ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ

ਮਾਲੇਰਕੋਟਲਾ, 2 ਸਤੰਬਰ (ਚ.ਨ.ਸ.) ਬਰਸਾਤੀ ਮੌਸਮ ਦੌਰਾਨ ਲੋਕਾਂ ਦੀ ਸਿਹਤ ਦੀ ਸੰਭਾਲ ਲਈ ਸਿਹਤ ਮੰਤਰੀ ਡਾ. ਬਲਵੀਰ ਸਿੰਘ ਵੱਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਦੱਸਿਆ ਕਿ ਜ਼ਿਲ੍ਹਾ ਹਸਪਤਾਲ ਮਾਲੇਰਕੋਟਲਾ, ਕਮਿਊਨਿਟੀ ਸਿਹਤ ਕੇਂਦਰ ਅਹਿਮਦਗੜ੍ਹ ਅਤੇ ਅਮਰਗੜ੍ਹ ਵਿੱਚ ਵਿਸ਼ੇਸ਼ ਮੈਡੀਕਲ ਟੀਮਾਂ ਬਣਾਈਆਂ ਗਈਆਂ ਹਨ ਅਤੇ ਐਮਰਜੈਂਸੀ ਹਾਲਾਤਾਂ ਲਈ ਜ਼ਰੂਰੀ ਦਵਾਈਆਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਸਾਵਧਾਨੀ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਵਰਖਾ ਰੁੱਤ ਦੌਰਾਨ ਦੂਸ਼ਿਤ ਪਾਣੀ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਹੈਜ਼ਾ, ਟਾਈਫਾਇਡ, ਡਾਇਰੀਆ, ਪੀਲੀਆ ਆਦਿ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸੇ ਤਰ੍ਹਾਂ ਇਸ ਮੌਸਮ ਵਿੱਚ ਮੱਛਰਾਂ ਦੇ ਕੱਟਣ ਨਾਲ ਡੇਂਗੂ, ਚਿਕਨਗੁਨੀਆ, ਮਲੇਰੀਆ ਦਾ ਖ਼ਤਰਾ ਵੱਧ ਜਾਂਦਾ ਹੈ। ਇਨ੍ਹਾਂ ਤੋਂ ਬਚਾਅ ਲਈ ਜਾਗਰੂਕ ਹੋ ਕੇ ਕੂਲਰਾਂ ਵਿੱਚਲਾ ਪਾਣੀ ਹਫ਼ਤੇ ਵਿੱਚ ਇਕ ਵਾਰ ਜਰੂਰ ਬਦਲਿਆ ਜਾਵੇ, ਗਮਲਿਆਂ, ਟੁੱਟੇ-ਭੱਜੇ ਬਰਤਨਾਂ, ਘਰਾਂ-ਦਫਤਰਾਂ ਦੀਆਂ ਛੱਤਾਂ ਤੇ ਰੱਖੇ ਟਾਇਰਾਂ ਆਦਿ ਥਾਵਾਂ ਉੱਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਡੇਂਗੂ ਤੋਂ ਬਚਾਅ ਲਈ ਕੱਪੜੇ ਅਜਿਹੇ ਪਹਿਨੇ ਜਾਣ ਜਿਸ ਨਾਲ ਪੂਰਾ ਸਰੀਰ ਢੱਕਿਆ ਜਾ ਸਕੇ। ਇਸ ਤੋਂ ਇਲਾਵਾ ਸੌਣ ਵੇਲੇ ਮੱਛਰਦਾਨੀ ਦਾ ਇਸਤੇਮਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਮੌਸਮ ਵਿੱਚ ਖਾਣ-ਪੀਣ ਵਾਲੀਆਂ ਵਸਤਾਂ ਦੀ ਵਰਤੋਂ ਵੱਲ ਵਿਸ਼ੇਸ਼ ਧਿਆਨ ਰੱਖਣ ਦੀ ਜ਼ਰੂਰਤ ਹੁੰਦੀ ਹੈ। ਅਜਿਹੇ ਵਿੱਚ ਘਰ ਚ ਤਿਆਰ ਕੀਤੇ ਭੋਜਨ ਨੂੰ ਤਰਜੀਹ ਦੇਣੀ ਚਾਹੀਦੀ ਹੈ, ਬਾਹਰੀ ਖਾਣੇ ਅਤੇ ਜੰਕ-ਫੂਡ ਤੋਂ ਪ੍ਰਹੇਜ ਕਰਨਾ ਚਾਹੀਂਦਾ ਹੈ। ਉਹਨਾਂ ਕਿਹਾ ਕਿ ਖਾਣ-ਪੀਣ ਦੀਆਂ ਚੀਜ਼ਾਂ ਨੂੰ ਢੱਕ ਕੇ ਰੱਖਿਆ ਜਾਵੇ। ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜਿਆਂ ਅਤੇ ਨੱਕ ਵਿੱਚ ਖ਼ੂਨ ਦਾ ਵੱਗਣਾ ਆਦਿ ਦੇ ਲੱਛਣ ਦਿੱਸਣ ਤਾਂ ਇਹ ਡੇਂਗੂ ਬੁਖਾਰ ਹੋ ਸਕਦਾ ਹੈ। ਅਜਿਹੀ ਹਾਲਤ ਵਿੱਚ ਜਲਦ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਵਿੱਚ ਸੰਪਰਕ ਕਰਕੇ ਡਾਕਟਰੀ ਸਲਾਹ ਮੁਤਾਬਕ ਜਾਂਚ ਅਤੇ ਇਲਾਜ ਕਰਵਾਇਆ ਜਾਵੇ ।


**ਪੰਜਾਬ ਨੈਸ਼ਨਲ ਬੈਂਕ** pnb ...ਭਰੋਸੇ ਦਾ ਪ੍ਰਤੀਕ !

ਸਰਕਲ ਦਫਤਰ ਮੋਗਾ
ਚੌਥੀ ਮੰਜ਼ਿਲ, ਦਰਸ਼ਨ ਸਿੰਘ ਕੰਪਲੈਕਸ
ਜੀਟੀ ਰੋਡ, ਮੋਗਾ-142001

ਸੁਰੱਖਿਅਤ ਸੰਪੱਤੀਆਂ ਦੀ ਈ-ਨਿਲਾਮੀ ਵਿਕਰੀ ਲਈ 25.09.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ

ਈ-ਨਿਲਾਮੀ ਵਿਕਰੀ ਸੂਚਨਾ

## ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ)/ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਹਾਈਪੋਥੀਕੇਟਿਡ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ (ਆਂ), ਜਿਸ ਦਾ ਉਸਾਰੂ/ਭੌਤਿਕ/ਸੰਕੇਤਕ (ਜੋ ਵੀ ਲਾਗੂ ਹੋਵੇ) ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਸੰਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਇਸ ਦੇ ਬਕਾਇਆ ਦੀ ਵਸੂਲੀ ਦੇ ਲਈ ਨਿਮਨ ਸਾਰਣੀ ਵਿਚ ਦਰਸਾਈ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਵੇਚੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।

| ਲੜੀ ਨੰ. | ਕਰਜ਼ਦਾਰ ਦਾ ਨਾਮ ਅਤੇ ਬੈਂਕ ਸ਼ਾਖਾ ਦੇ ਵੇਰਵੇ | ਮਾਲਕ (ਾਂ)/ਸੰਪੱਤੀ (ਆਂ) ਦੇ ਗਿਰਵੀਕਾਰਾਂ ਦਾ ਨਾਮ | ਅਚੱਲ ਗਿਰਵੀ ਸੰਪੱਤੀ (ਆਂ) ਦੇ ਵੇਰਵੇ ਅਤੇ ਮਾਲਕ (ਾਂ)/ਗਿਰਵੀਕਾਰਾਂ ਦਾ ਨਾਮ | ੳ) ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ ਅ) ..... ਅਨੁਸਾਰ ਬਕਾਇਆ ਰਕਮ ੲ) ਸਰਫਾਇਸੀ ਐਕਟ 2002 ਦੀ ਧਾਰਾ 13 (4) ਦੇ ਅਧੀਨ ਕਬਜ਼ੇ ਦੀ ਮਿਤੀ ਸ) ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ਉਸਾਰੂ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਣੂੰ ਦੇਣਦਾਰੀਆਂ ਦੇ ਵੇਰਵੇ |
|---|---|---|---|---|---|---|---|
| 1. | ਮੰਗਲ ਸਿੰਘ ਬੀ/ਓ ਧਰਮਕੋਟ (148710) | 1. ਮੰਗਲ ਸਿੰਘ, ਵਾਰਡ ਨੰ. 13, ਮੁਹੱਲਾ ਕਮਾਓਂ ਦਾ, ਬੀਪੀਈਓ ਦਫ਼ਤਰ ਨੇੜੇ, ਢੋਲੇ ਵਾਲਾ ਰੋਡ, ਧਰਮਕੋਟ, ਜ਼ਿਲ੍ਹਾ ਮੋਗਾ, (ਪੰਜਾਬ)-142042। 2. ਚਰਨਜੀਤ ਕੌਰ ਪਤਨੀ ਮੰਗਲ ਸਿੰਘ, ਵਾਰਡ ਨੰ. 13, ਮੁਹੱਲੇ ਕਮਾਓਂ ਦਾ, ਬੀਪੀਈਓ ਦਫ਼ਤਰ ਨੇੜੇ, ਢੋਲੇ ਵਾਲਾ ਰੋਡ, ਧਰਮਕੋਟ, ਜ਼ਿਲ੍ਹਾ-ਮੋਗਾ, (ਪੰਜਾਬ)-142042। 3. ਅਰਸ਼ਦੀਪ ਸਿੰਘ, ਵਾਰਡ ਨੰ. 13, ਮੁਹੱਲਾ ਕੰਮੋਂ ਦਾ, ਬੀਪੀਈਓ ਦਫ਼ਤਰ ਨੇੜੇ, ਢੋਲੇ ਵਾਲਾ ਰੋਡ, ਧਰਮਕੋਟ, ਜ਼ਿਲ੍ਹਾ-ਮੋਗਾ, (ਪੰਜਾਬ)-142042। | ਚਰਨਜੀਤ ਕੌਰ ਪਤਨੀ ਮੰਗਲ ਸਿੰਘ ਦੇ ਨਾਮ 'ਤੇ ਵਾਰਡ ਨੰ: 13, ਮੁਹੱਲਾ ਕਮੋਆਂ ਦਾ, ਨੇੜੇ ਦਫ਼ਤਰ ਬੀ.ਪੀ.ਈ.ਓ.,ਢੋਲੇਵਾਲਾ ਰੋਡ, ਧਰਮਕੋਟ ਵਿਖੇ ਸਥਿਤ ਵਸੀਕਾ ਨੰ: 1274 ਮਿਤੀ 03.06.2011, ਦੇ ਅਧੀਨ ਸਾਲ 2012-13 ਦੀ ਜਮ੍ਹਾਂਬੰਦੀ ਅਨੁਸਾਰ ਖੇਵਟ ਨੰ. 1164, ਖਤੌਨੀ ਨੰ. 1236 ਦੇ ਅਨੁਸਾਰ ਖਸਰਾ ਨੰਬਰ 106//20/4 (0-18), 21/1(3-12), 107//16/2), (2-329), (1-329), 25/1(3-7), ਦੇ ਅਧੀਨ 12 ਕਨਾਲ 18 ਮਰਲੇ ਜ਼ਮੀਨ ਦੇ 44//2868 ਹਿੱਸੇ ਵਜੋਂ 4 ਮਰਲੇ (1100 ਵਰਗ ਫੁੱਟ) ਮਾਪ ਵਾਲਾ ਰਿਹਾਇਸ਼ੀ ਮਕਾਨ। ਹੇਠ ਲਿਖੇ ਅਨੁਸਾਰ ਹੱਦਬੰਦੀ : ਉੱਤਰ: ਸੇਮ ਨਾਲਾ, ਦੱਖਣ: ਗਲੀ, ਪੂਰਬ: ਪੱਬੀ, ਪੱਛਮ: ਸੁਖਮੰਦਰ ਸਿੰਘ। | ੳ. 26.05.2021, ਅ. ਰੁ. 7,19,743.48 (ਰੁ. ਸੱਤ ਲੱਖ ਉਨੀ ਹਜ਼ਾਰ ਸੱਤ ਸੌ ਤਰਤਾਲੀ ਅਤੇ ਅਠਤਾਲੀ ਪੈਸੇ ਕੇਵਲ) 31.03.2021 ਦੇ ਅਨੁਸਾਰ ਜਮ੍ਹਾਂ ਅਗਲੇਰਾ ਵਿਆਜ ਅਤੇ ਹੋਰ ਫੀਸਾਂ, ਮਨਫੀ ਵਸੂਲੀ (ਜੇਕਰ ਕੋਈ ਹੋਵੇ)। ੲ. 21.09.2021, ਸ. ਸੰਕੇਤਕ ਕਬਜ਼ਾ। | Rs. 10,27,000/- Rs. 1,02,700/- Rs. 10,270/- | 25.09.2025 11.00 AM to 04.00PM | ਜਾਣੂੰ ਨਹੀਂ |
| 2. | ਸ੍ਰੀ ਰਾਜਪਾਲ ਸਿੰਘ ਬੀ/ਓ ਦਫ਼ਤਰ ਨਿਹਾਲ ਸਿੰਘ ਵਾਲਾ (344700) | ਸ੍ਰੀ ਰਾਜਪਾਲ ਸਿੰਘ ਪੁੱਤਰ ਸੁਰਿੰਦਰ ਸਿੰਘ, ਪਿੰਡ ਕੁੱਸਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ 142055 | ਵਸੀਕਾ ਨੰਬਰ 1315 ਮਿਤੀ 27-09-2013 ਵਾਲਾ ਰਿਹਾਇਸ਼ੀ ਪਲਾਟ 17 ਮਰਲੇ (510 ਵਰਗ ਗਜ਼) ਦਾ 17/1160 ਹਿੱਸਾ 58 ਕਨਾਲ ਖ. ਨੰਬਰ 1//16(8-0), 17(8-0) 18/(3-19) 23/3(1-4) 24-(8-0) 25(8-0) 2//20 /2(2-8) 20/3/1(0-8) 20/3/2 (2-8), 71//25/2(0-13) 79//5(7-0) 6/1(6-0) 6/2(2-0), ਪਿੰਡ ਕੁੱਸਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਵਿਖੇ ਸਥਿਤ। ਮੋਗਾ। ਪੂਰਬ: ਰਾਮ ਜੀ ਦਾਸ, ਪੱਛਮ: ਗੁਰਦੇਵ ਰਾਮ, ਉੱਤਰ: ਪ੍ਰੀਤਮ ਦਾਸ, ਦੱਖਣ: ਲਾਂਘਾ। | ੳ. 30.10.2018 ਅ. ਰੁ. 8,25,072.86 ਜਮ੍ਹਾਂ 01.10.2018 ਤੋਂ ਪ੍ਰਭਾਵੀ ਭਾਵੀ ਵਿਆਜ + ਹੋਰ ਫੀਸਾਂ - ਵਸੂਲੀ, ਜੇਕਰ ਕੋਈ ਹੈ। ੲ. 11.11.2020, ਸ. ਸੰਕੇਤਕ ਕਬਜ਼ਾ | Rs. 26,05,000/- Rs. 2,60,500/- Rs. 26,050/- | 25.09.2025 11.00AM TO 04.00PM | ਜਾਣੂੰ ਨਹੀਂ |
| 3. | ਸੀਮਾ ਸੁਪਤਨੀ ਪ੍ਰੇਮ ਬੀ/ਓ ਫਿਰੋਜ਼ਪੁਰ ਮੋਚੀ ਬਜ਼ਾਰ (029910) | 1. ਸੀਮਾ ਪਤਨੀ ਪ੍ਰੇਮ ਭਾਰਤ ਨਗਰ ਗਲੀ ਮੱਸਾ ਸਿੰਘ ਵਾਲੀ ਫਿਰੋਜ਼ਪੁਰ-152001। 2. ਪ੍ਰੇਮ ਪੁੱਤਰ ਪ੍ਰੇਮ ਭਾਰਤ ਨਗਰ ਗਲੀ ਮੱਸਾ ਸਿੰਘ ਵਾਲੀ ਫਿਰੋਜ਼ਪੁਰ-152001 | ਵਸੀਕਾ ਨੰਬਰ 1937 ਮਿਤੀ 17-09-2020 ਦੇ ਅਧੀਨ ਸੀਮਾ ਪਤਨੀ ਪ੍ਰੇਮ ਦੇ ਨਾਮ ’ਤੇ 5 ਮਰਲੇ (28.5 X 47.5 ਫੁੱਟ) ਮਾਪਿਆ ਜਾਣ ਵਾਲਾ ਰਿਹਾਇਸ਼ੀ ਘਰ ਰੈਕਟ ਨੰ. 160/ਕਿਲਾ ਨੰਬਰ 7/1(3-11),7/3/1 (0-9) 14/2/1(0-5 45/ 765 ਹਿੱਸਾ 4 ਕਨਾਲ 5 ਮਰਲੇ ਭਾਰਤ ਨਗਰ ਫਿਰੋਜ਼ਪੁਰ ਵਿਖੇ ਸਥਿਤ ਸੀਮਾ ਹੇਠ ਲਿਖੇ ਅਨੁਸਾਰ ਹੈ: ਉੱਤਰ: ਬਲਦੇਵ ਸਿੰਘ, ਦੱਖਣ: ਗਲੀ, ਪੂਰਬ: ਜੱਗਾ, ਪੱਛਮ: ਗੁਰਪ੍ਰੀਤ। | ੳ. 26.12.2022, ਅ. ਰੁ. 5,12,528.41/- ਜਮ੍ਹਾਂ 26.12.2022 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਹੋਈ ਵਸੂਲੀ, ਜੇਕਰ ਕੋਈ ਹੋਵੇ। ੲ. 23.03.2023, ਸ. ਸੰਕੇਤਕ ਕਬਜ਼ਾ। | Rs. 10,90,000/- Rs. 1,09,000/- Rs. 10,900/- | 25.09.2025 11.00AM TO 04.00PM | ਜਾਣੂੰ ਨਹੀਂ |
| 4. | ਸ੍ਰੀ ਸੁਭਾਸ਼ ਚੰਦਰ ਬੀ/ਓ ਦਫ਼ਤਰ ਬਾਘਾ ਪੁਰਾਣਾ (63710) | ਸ੍ਰੀ ਸੁਭਾਸ਼ ਚੰਦਰ ਪੁੱਤਰ ਸ੍ਰੀ ਰਾਮਜੀ ਲਾਲ, ਗਲੀ ਸਾਹਮਣੇ ਛੱਤਾ ਖੂਹ, ਮੰਡੀਆਂ ਰੋਡ, ਬਾਘਾ ਪੁਰਾਣਾ | ਮਿਊਂਸਪਲ ਕਮੇਟੀ ਨੰ. ਬੀ.3/1860 ਵਾਲੀ 5 ਮਰਲੇ ਦੀ ਜਾਇਦਾਦ ਦਾ ਸਾਰਾ ਹਿੱਸਾ ਅਤੇ ਹੁਣ ਇਹ ਜਾਇਦਾਦ ਮਿਊਂਸਪਲ ਕਮੇਟੀ ਨੰ. ਬੀ.5/3314 (ਨੋਟੀਫਾਈਡ ਏਰੀਆ ਕਮੇਟੀ, ਬਾਘਾ ਪੁਰਾਣਾ) ਨੇੜੇ ਛੱਤ ਖੂਹ, ਮੰਦਰ ਰੋਡ ਵਿਖੇ ਸਥਿਤ ਹੈ।, ਬਾਘਾ ਪੁਰਾਣਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਦੇ ਨਾਮ 'ਤੇ ਵਿਕਰੀ ਡੀਡ ਨੰਬਰ 3459 ਮਿਤੀ 17.11.2004 ਅਨੁਸਾਰ। ਸੁਭਾਸ਼ ਚੰਦਰ ਪੁੱਤਰ ਰਾਮਜੀ ਲਾਲ, ਓਰੀਐਂਟਲ ਬੈਂਕ ਆਫ ਕਾਮਰਸ, ਬਾਘਾ ਪੁਰਾਣਾ ਕੋਲ ਗਿਰਵੀ ਰੱਖਿਆ ਹੋਇਆ ਹੈ ਅਤੇ ਹੇਠ ਲਿਖੇ ਅਨੁਸਾਰ ਸੀਮਾ: ਪੂਰਬ: ਸ੍ਰੀ ਹਰੀ ਸਿੰਘ, ਪੱਛਮ: ਸ੍ਰੀ ਗੁਰਨਾਮ ਸਿੰਘ, ਉੱਤਰ: ਗਲੀ, ਦੱਖਣੀ: ਸ੍ਰੀ ਦਲੀਪ ਸਿੰਘ | ੳ. 03.02.2014, ਅ. ਰੁ. 5,70,733/- ਜਮ੍ਹਾਂ 03.02.2014 ਤੋਂ ਪ੍ਰਭਾਵੀ ਭਾਵੀ ਵਿਆਜ + ਹੋਰ ਫੀਸਾਂ - ਵਸੂਲੀ, ਜੇਕਰ ਕੋਈ ਹੈ। ੲ. 25.01.2021, ਸ. ਸੰਕੇਤਕ ਕਬਜ਼ਾ | Rs. 7,52,000/- Rs. 75,200/- Rs. 7,520/- | 25.09.2025 11.00AM TO 04.00PM | ਜਾਣੂੰ ਨਹੀਂ |
| 5. | ਅੰਜੂ ਬਾਲਾ ਬੀ/ਓ ਗੁਰੂ ਹਰਸਹਾਏ (236100) | ਅੰਜੂ ਬਾਲਾ ਪਤਨੀ ਪਰਦੀਪ ਮਹਿਤਾ, ਮਹਿਤਾ ਗਲੀ, ਗੁਰੂਹਰਸਹਾਏ, (ਰੂਰਲ) ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ 152001 | ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ ਮਾਪ 02 ਮਰਲੇ 05 ਸਰਸਾਈ (11’6”X60’ ਮਾਪ ਦੇ ਅਨੁਸਾਰ) ਭਾਵ 23/11880, 66 ਕਨਾਲਾਂ ਦਾ ਹਿੱਸਾ ਜਿਸ ਵਿੱਚ ਸਾਲ 2018-19 ਲਈ ਜਮਾਂਬੰਦੀ ਅਨੁਸਾਰ ਕੁੱਲ ਖੇਵਟ ਨੰਬਰ 174, ਖਤੌਨੀ ਨੰਬਰ 376 ਤੋਂ 385 ਸ਼ਾਮਲ ਹਨ, ਪਿੰਡ ਮੋਹਨ ਕੇ ਉੱਤਰ, ਹੱਡਬਸਤ ਨੰਬਰ 168, ਤਹਿਸੀਲ ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ: ਸਵੈ-ਵਿਕਰੇਤਾ ਮਨਜੀਤ ਸਿੰਘ, ਪੱਛਮ: ਸਵੈ-ਖਰੀਦਦਾਰ ਅੰਜੂ ਬਾਲਾ, ਉੱਤਰ: ਗੋਲੂ ਕੇ ਰੋਡ, ਦੱਖਣ: ਨਿਤੀਅਨ ਕੁਮਾਰ - ਗੁਰਮੀਤ ਕੌਰ। | ੳ. 12.09.2023, ਅ. ਰੁ. 17,69,369.41 ਜਮ੍ਹਾਂ 01.10.2023 ਤੋਂ ਪ੍ਰਭਾਵੀ ਭਾਵੀ ਵਿਆਜ ਜਮ੍ਹਾਂ ਹੋਰ ਲਾਗਤਾਂ, ਮਨਫੀ ਵਸੂਲੀ, ਜੇਕਰ ਕੋਈ ਹੈ। ੲ. 22.12.2023, ਸ. ਭੌਤਿਕ ਕਬਜ਼ਾ | Rs. 13,10,000/- Rs. 1,31,000/- Rs. 13,100/- | 25.09.2025 11.00AM TO 04.00PM | ਜਾਣੂੰ ਨਹੀਂ |
| 6. | ਇੰਦਰ ਮੋਹਨ ਸਪੁੱਤਰ ਸ਼ਾਮ ਲਾਲ ਬੀ/ਓ ਫਿਰੋਜ਼ਪੁਰ ਮੋਚੀ ਬਜ਼ਾਰ (029910) | ਇੰਦਰ ਮੋਹਨ ਸਪੁੱਤਰ ਸ਼ਾਮ ਲਾਲ 170 ਅਜ਼ਾਦ ਨਗਰ, ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ ਪੰਜਾਬ-152002 | ਜਮਾਂਬੰਦੀ 2013-14 ਅਨੁਸਾਰ 2.87 ਮਰਲੇ (776 ਵਰਗ ਫੁੱਟ) ਦੀ ਰਿਹਾਇਸ਼ੀ ਜਾਇਦਾਦ, ਵਾਸਿਕਾ ਨੰਬਰ 5150 ਮਿਤੀ 16-11-2005, ਸੋਢੇ ਵਾਲਾ ਰੋਡ, ਸੁਖਦੇਵ ਗਲੀ ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ-152002 ਵਿਖੇ ਸਥਿਤ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਗਲੀ, ਦੱਖਣ: ਤਰਸੇਮ ਲਾਲ, ਪੂਰਬ: ਜੀਵਨ, ਪੱਛਮ: ਸ਼ਰਮਾ ਜੀ। | ੳ. 28.01.2022, ਅ. ਰੁ. 5,01,059/- ਜਮ੍ਹਾਂ 01.01.2022 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਵਸੂਲੀ, ਜੇਕਰ ਕੋਈ ਹੈ। ੲ. 27.04.2022, ਸ. ਸੰਕੇਤਕ ਕਬਜ਼ਾ | Rs. 5,28,000/- Rs. 52,800/- Rs. 5,280/- | 25.09.2025 11.00AM TO 04.00PM | ਜਾਣੂੰ ਨਹੀਂ |
| 7. | ਜਸਵੰਤ ਸਿੰਘ ਬੀ/ਓ ਧਰਮਕੋਟ (029910) | ਜਸਵੰਤ ਸਿੰਘ ਸਪੁੱਤਰ ਰਤਨ ਸਿੰਘ ਵਾਰਡ ਨੰ. 13, ਮੁਹੱਲਾ ਕਮਾਓਂ ਦਾ, ਨੇੜੇ ਬੀਪੀਈਓ ਦਫਤਰ, ਢੋਲੇ ਵਾਲਾ ਰੋਡ ਧਰਮਕੋਟ, ਜ਼ਿਲ੍ਹਾ ਮੋਗਾ (ਪੰਜਾਬ)-142042 | ਜਮਾਂਬੰਦੀ 2012-13 ਦੀ ਕਾਪੀ ਦੇ ਅਨੁਸਾਰ ਵਿਕਰੀ ਡੀਡ ਨੰ: 316 ਮਿਤੀ 14.05.2014 ਦੇ ਅਧੀਨ ਰਿਹਾਇਸ਼ੀ ਮਕਾਨ ਮਾਪਦੰਡ 09 ਮਰਲੇ 02 ਸਰਸਾਈ ਹੋਣ ਕਰਕੇ ਜ਼ਮੀਨ ਦਾ 83/2160 ਹਿੱਸਾ 12 ਕਨਾਲ ਵਾਲਾ ਖਸਰਾ ਨੰਬਰ 210//13(8-0) 18/1(4-0) ਖੇਵਟ ਨੰ: 2529, ਖਤੌਨੀ ਨੰ: 2799 ਵਿਆਦ ਇੰਤਕਾਲ ਨੰਬਰ 1918 ਦੇ ਅਨੁਸਾਰ, ਤਹਿਸੀਲ ਧਰਮਕੋਟ ਹੁਣ ਖੇਵਟ ਨੰ: 2018, ਖਤੌਨੀ ਨੰ: 2239,ਸਾਲ 2007-08 ਜਨੂਬੀ ਤਹਿਸੀਲ ਧਰਮਕੋਟ ਵਿਖੇ ਸਥਿਤ, , ਹੱਦਬੰਦੀ-, ਉੱਤਰ-ਬਹਾਰੀ ਲਾਲ, ਦੱਖਣ : ਬਿਹਾਰੀ ਲਾਲ, ਪੂਰਬ: ਬਿਹਾਰੀ ਲਾਲ, ਪੱਛਮ- ਗਲੀ। | ੳ. 26.09.2019, ਅ. ਰੁ. 9,25,167/- (ਰੁ. ਨੌ ਲੱਖ ਪੱਚੀ ਹਜ਼ਾਰ ਇਕ ਸੌ ਸਤਾਹਠ ਕੇਵਲ) 31.05.2016 ਦੇ ਅਨੁਸਾਰ ਜਮ੍ਹਾਂ ਅਗਲੇਰਾ ਵਿਆਜ ਅਤੇ ਹੋਰ ਫੀਸਾਂ, ਮਨਫੀ ਵਸੂਲੀ (ਜੇਕਰ ਕੋਈ ਹੈ)। ੲ. 06.03.2021, ਸ. ਸੰਕੇਤਕ ਕਬਜ਼ਾ | Rs. 21,64,000/- Rs. 2,16,400/- Rs. 21,640/- | 25.09.2025 11.00AM TO 04.00PM | ਜਾਣੂੰ ਨਹੀਂ |
| 8. | ਲੱਕੀ ਮੰਗੂ ਹਾਈ ਫਾਈ ਡੀਜੇ ਐਂਡ ਲਾਈਟ ਸਿਸਟਮ। ਬੀ/ਓ ਫਿਰੋਜ਼ਪੁਰ ਬਗਦਾਦੀ ਗੇਟ (345200) | 1. ਲੱਕੀ ਮੰਗੂ ਹਾਈ ਫਾਈ ਡੀਜੇ ਐਂਡ ਲਾਈਟ ਸਿਸਟਮ, ਗਾਂਧੀ ਨਗਰ, ਫਿਰੋਜ਼ਪੁਰ, ਪਿੰਨ-152001, 2. ਪਰਵਿੰਦਰ ਸਚਦੇਵਾ ਸਪੁੱਤਰੀ ਕ੍ਰਿਸ਼ਨ ਲਾਲ, ਈਐਸ 32-38/65, ਪੁਰੀ ਹਵੇਲੀ, ਗਲੀ ਸੋਢੀਆਂ ਵਾਲੀ, ਗਾਂਧੀ ਨਗਰ, ਫਿਰੋਜ਼ਪੁਰ, ਪਿੰਨ-152001 | ਰਿਹਾਇਸ਼ੀ ਮਕਾਨ ਨੰਬਰ ਈਐਸ 32-38/65 ਜਿਸਦਾ ਆਕਾਰ 2.55 ਮਰਲੇ (694.40 ਵਰਗ ਫੁੱਟ) ਹੈ: 1.03 ਮਰਲੇ ਦਾ ਹਿੱਸਾ ਵਿਕਰੀ ਡੀਡ ਨੰਬਰ 1074 ਮਿਤੀ 23.06.2015 ਦੇ ਅਨੁਸਾਰ 1.52 ਮਰਲੇ ਦਾ ਹਿੱਸਾ ਵਿਕਰੀ ਡੀਡ ਨੰਬਰ 1281 ਮਿਤੀ 15.07.2015 ਦੇ ਅਨੁਸਾਰ, ਪੁਰੀ ਹਵੇਲੀ ਦੇ ਖੇਤਰ ਵਿੱਚ ਸਥਿਤ, ਗਲੀ ਸੋਢੀਆਂ ਵਾਲੀ, ਗਾਂਧੀ ਨਗਰ, ਫਿਰੋਜ਼ਪੁਰ, ਪਰਮਿੰਦਰ ਸਚਦੇਵਾ ਪੁੱਤਰ ਕ੍ਰਿਸ਼ਨ ਲਾਲ ਦੇ ਨਾਮ ’ਤੇ ਸਥਿਤ, ਉੱਤਰ: ਅਨੰਤ ਰਾਮ, ਦੱਖਣ: ਰਸਤਾ, ਪੂਰਬ: ਪੰਜਾਬ ਰੋਡਵੇਜ਼, ਦਫ਼ਤਰ, ਪੱਛਮ: ਮਨਜੀਤ ਸਿੰਘ। | ੳ. 18.05.2021, ਅ. ਰੁ. 11,13,301/-, 31.03.2021 ਦੇ ਅਨੁਸਾਰ ਜਮ੍ਹਾਂ ਅਗਲੇਰਾ ਵਿਆਜ ਜਮ੍ਹਾਂ ਬੈਂਕ ਵੱਲੋਂ ਲਾਗੂ ਫੀਸਾਂ, ਮਨਫੀ ਪ੍ਰਾਪਤ ਹੋਈ ਵਸੂਲੀ ਜੇਕਰ ਕੋਈ ਹੋਵੇ। ੲ. 04.10.2021, ਸ. ਭੌਤਿਕ ਕਬਜ਼ਾ। | Rs. 7,92,000/- Rs. 79,200/- Rs. 7,920/- | 25.09.2025 11.00AM TO 04.00PM | ਜਾਣੂੰ ਨਹੀਂ |

**ਈ-ਨਿਲਾਮੀ ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ**

ਵਿਕਰੀ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ:
1. ਸੰਪੱਤੀਆਂ 'ਜਿਵੇਂ ਹੈ ਜਿਥੇ ਹੈ ਆਧਾਰ', 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
3. ਵਿਕਰੀ ਨਿਮਨ ਹਸਤਾਖ਼ਰੀ ਵੱਲੋਂ ਈ ਨਿਲਾਮੀ ਪਲੇਟਫਾਰਮ ਲਈ ਉਪਲਬਧ ਵੈਬਸਾਈਟ https://baanknet.com 'ਤੇ 25.09.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਦੇ ਵਿਚਕਾਰ ਕੀਤੀ ਜਾਵੇਗੀ।
4. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ https://baanknet.com ਅਤੇ www.pnbindia.in ਦਾ ਹਵਾਲਾ ਲਓ।

ਮਿਤੀ : 02.09.2025 ਸਥਾਨ : ਮੋਗਾ ਅਧਿਕਾਰਤ ਅਧਿਕਾਰੀ

# ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ 'ਤੇ ਕੇਂਦਰ ਸਰਕਾਰ ਚੁੱਪ ਕਿਉਂ : ਐਸ.ਕੇ.ਐਮ. ਗ਼ੈਰ ਸਿਆਸੀ



ਲੁਧਿਆਣਾ, 2 ਸਤੰਬਰ (ਰਵਿੰਦਰ ਸਿੰਘ ਨਿੱਝਰ) : ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਦੀ ਆਉਨਲਾਈਨ ਮੀਟਿੰਗ ਹੋਈ। 5 ਸਤੰਬਰ ਨੂੰ ਕਿਸਾਨ ਭਵਨ ਚੰਡੀਗੜ੍ਹ ਵਿਖੇ ਰੱਖੀ ਗਈ ਕਨਵੈਂਸ਼ਨ ਰੱਦ ਕਰਕੇ ਹਰੀਕੇ ਤਰਨਤਾਰਨ ਵਿਖੇ ਕੀਤੀ ਜਾਵੇਗੀ। ਮੀਟਿੰਗ ਪੰਜਾਬ ਵਿੱਚ ਆਏ ਹੜ੍ਹਾਂ ਨਾਲ ਪਿੰਡਾਂ ਦੇ ਪਿੰਡੇ ਤਬਾਹ, ਲੋਕ ਹੋਏ ਘਰੋਂ ਬੇਘਰ, ਕਿਸਾਨਾਂ ਦੀਆਂ ਜਿੱਥੇ ਫਸਲਾਂ ਦੀ ਬਰਬਾਦੀ ਜਾਨੀ ਤੇ ਮਾਲੀ ਨੁਕਸਾਨ ਬਹੁਤ ਜ਼ਿਆਦਾ ਹੋਇਆ, ਜਿਵੇਂ ਕਿ ਮਕਾਨ ਡਿੱਗ ਚੁੱਕੇ ਹਨ, ਪਸ਼ੂ ਪਾਣੀ ਦੀ ਚਪੇਟ ਵਿੱਚ ਆ ਗਏ, ਅਜੇ ਵੀ ਕਹਿਰ ਜਾਰੀ, ਪਾਣੀ ਦਿਨ ਪ੍ਰਤੀ ਦਿਨ ਵੱਧ ਰਿਹਾ, ਜਿੱਥੇ ਇਹ ਹੜ੍ਹ ਪੰਜਾਬ ਸਰਕਾਰ ਦੀਆਂ ਨਲਾਇਕੀਆਂ ਅਤੇ ਅਗਾਊਂ ਕੋਈ ਪ੍ਰਬੰਧ ਨਹੀਂ ਕੀਤੇ ਉਸ ਦੀ ਪੋਲ ਖੋਲ੍ਹ ਰਹੀਆਂ ਹਨ। ਉੱਥੇ ਸੈਂਟਰ ਸਰਕਾਰ ਤੋਂ ਕੋਈ ਬਿਆਨ ਨਹੀਂ,ਪੀ ਐਮ ਮੋਦੀ ਚੁੱਪ ਸਾਰਾ ਮੰਤਰੀ ਮੰਡਲ ਚੁੱਪ ਇਸ ਤੋਂ ਜ਼ਾਹਰ ਹੁੰਦਾ ਕਿ ਸਰਕਾਰਾਂ ਪੰਜਾਬ ਨੂੰ ਹੱਸਦਾ ਵੱਸਦਾ ਨਹੀਂ ਦੇਖਣਾ ਚਾਹੁੰਦੀਆਂ। ਕਿਉਂਕਿ ਜੇ ਕੋਈ ਵੀ ਕਾਰ ਕਿਸੇ ਸਟੇਟ ਵਿੱਚ ਨਹਿਰ ਵਿੱਚ ਡਿੱਗ ਜਾਂਦੀ ਹੈ, ਭਾਰਤ ਦੇ ਪ੍ਰਧਾਨ ਮੰਤਰੀ ਸੋਸ਼ਲ ਮੀਡੀਆ 'ਤੇ ਟਵੀਟ ਕਰਕੇ ਦੁੱਖ ਜ਼ਾਹਰ ਕਰਦੇ ਹਨ ਅਤੇ ਉਸੀ ਟਾਈਮ ਮੁਆਵਜੇ ਦਾ ਐਲਾਨ ਕਰਦੇ ਹਨ। ਪਰ ਹੁਣ ਦੀ ਚੁੱਪ ਤੋਂ ਕਈ ਸਵਾਲ ਖੜ੍ਹੇ ਹੁੰਦੇ ਹਨ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਜਿੰਨੀਆਂ ਵੀ ਸਰਕਾਰਾਂ ਆਈਆਂ ਉਹਨਾਂ ਨੇ ਸੈਂਟਰ ਦੀ ਤਰਜਮਾਨੀ ਕਰਦੇ ਪੰਜਾਬ ਦੇ ਪਾਣੀਆਂ ਨੂੰ ਲੁਟਾਇਆ। ਮੰਦਭਾਗੀ ਗੱਲ ਬੀ ਬੀ ਐਮ ਵੀ ਵਿੱਚ ਪੰਜਾਬ ਦਾ ਕੋਈ ਨੁਮਾਇੰਦਾ ਨਹੀਂ। 2023 ਦੇ ਹੜ੍ਹਾਂ ਤੋਂ ਬਾਅਦ ਕਿਸਾਨ ਅਜੇ ਡਿੱਗਦਾ ਢਹਿੰਦਾ ਖੜ੍ਹੇ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਸਰਕਾਰਾਂ ਦੀਆਂ ਗਲਤੀਆਂ ਨਾਲ ਫਿਰ 2025 ਵਿੱਚ ਕਹਿਰ ਬੀਤ ਗਿਆ। ਪੰਜਾਬ ਸਰਕਾਰ ਵੱਲੋਂ 2023 ਵਿੱਚ ਆਏ ਹੜ੍ਹਾਂ ਦੇ ਮੁਆਵਜੇ ਵਜੋਂ ਕਿਸਾਨਾਂ ਨੂੰ ਕੁਝ ਨਹੀਂ ਮਿਲਿਆ। ਪੰਜਾਬ ਸਰਕਾਰ ਵੀ ਅਜੇ ਤੱਕ ਮੁਆਵਜੇ 'ਤੇ ਚੁੱਪੀ ਧਾਰੀ ਬੈਠੀ ਹੈ। ਪੰਜਾਬ ਸਰਕਾਰ ਦੀਆਂ ਸੈਟੇਲਾਈਟਾਂ ਅਜੇ ਬੰਦ ਨੇ, ਝੋਨੇ ਦਾ ਸੀਜ਼ਨ ਆਉਣ ਵਾਲਾ ਹੈ, ਉਸ ਸਮੇਂ ਸੈਟੇਲਾਈਟਾਂ ਚਾਲੂ ਹੋ ਜਾਣਗੀਆਂ। ਕਿਉਂਕਿ ਕਿਸਾਨਾਂ ਨੂੰ ਕਰਿਮੀਕਲ ਦਿਖਾਇਆ ਜਾਵੇਗਾ। ਕਿਸਾਨ ਦਾ ਸ਼ੋਸਣ ਕਰਕੇ ਜੁਰਮਾਨੇ ਤੇ ਪਰਚੇ ਕੀਤੇ ਜਾਣਗੇ ।

ਭੋਲੇ ਭਾਲੇ ਕਿਸਾਨਾਂ ਅਤੇ ਕੁੱਝ ਸੰਸਥਾਵਾਂ ਵੱਲੋਂ ਆਮ ਲੋਕਾਂ ਦੀ ਮੱਦਦ ਨਾਲ ਹੜ੍ਹ ਪੀੜਤਾਂ ਨੂੰ ਸੁਰੱਖਿਅਤ ਜਗ੍ਹਾ 'ਤੇ ਲਿਆਂਦਾ ਜਾ ਰਿਹਾ ਹੈ ਅਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਪਰ ਸਰਕਾਰਾਂ ਦੇ ਮੰਤਰੀ ਐਮ ਐਲ ਏ ਅਤੇ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਫੋਟੋਆਂ ਖਿਚਾਉਣ ਵਿੱਚ ਲੱਗੇ ਹਨ।

ਆਗੂ ਸਾਹਿਬਾਨਾਂ ਦਾ ਕਹਿਣਾ ਹੈ ਕਿ ਹਾਈ ਕੋਰਟ ਦੇ ਮੌਜੂਦਾ ਜੱਜਾਂ ਤੋਂ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਸਮੇਂ ਹਾਜ਼ਰ ਆਗੂ ਸਾਹਿਬਾਨ ਇੰਦਰਜੀਤ ਸਿੰਘ ਕੋਟਬੁੱਢਾ, ਗੁਰਿੰਦਰ ਸਿੰਘ ਭੰਗੂ, ਸੁਖਜੀਤ ਸਿੰਘ ਹਰਦੋਝੰਡੇ, ਸੁਖਵਿੰਦਰ ਸਿੰਘ ਖੋਸਾ, ਲਖਵਿੰਦਰ ਸਿੰਘ ਔਲਖ, ਬਚਿੱਤਰ ਸਿੰਘ ਕੋਟਲਾ, ਸਤਨਾਮ ਸਿੰਘ ਤਰਨਤਾਰਨ, ਗੁਰਸੇਵਕ ਸਿੰਘ ਧਾਲੀਵਾਲ, ਸੁੱਚਾ ਸਿੰਘ ਲੱਧੂ, ਕੁਲਵਿੰਦਰ ਸਿੰਘ ਪੰਜੋਲਾ, ਜਸਵੀਰ ਸਿੰਘ ਝੰਡਾ, ਮਨਜੀਤ ਸਿੰਘ ਬਸੌਤ ਕੋਟ, ਕੁਲਦੀਪ ਸਿੰਘ, ਅੰਗਰੇਜ਼ ਸਿੰਘ ਆਦਿ ਆਗੂ ਹਾਜ਼ਰ ਸਨ।

# ਪੰਜਾਬ ਲਈ ਤੁਰੰਤ ਰਾਹਤ ਫੰਡ ਦਾ ਐਲਾਨ ਕੀਤਾ ਜਾਵੇ, ਅਮਰਜੀਤ ਸਿੰਘ ਟਿੱਕਾ ਦੀ ਪ੍ਰਧਾਨ ਮੰਤਰੀ ਨੂੰ ਅਪੀਲ



ਲੁਧਿਆਣਾ, 2 ਸਤੰਬਰ (ਰਵਿੰਦਰ ਸਿੰਘ ਨਿੱਝਰ) : ਪੰਜਾਬ ਭਾਜਪਾ ਦੇ ਕਾਰਜਕਾਰੀ ਮੈਂਬਰ ਅਤੇ ਸੀਨੀਅਰ ਆਗੂ ਅਮਰਜੀਤ ਸਿੰਘ ਟਿੱਕਾ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਆਏ ਹੜ੍ਹਾਂ ਨੂੰ ਕੌਮੀ ਆਫਤ ਐਲਾਨ ਕਰਕੇ ਵੱਡੇ ਪੱਧਰ 'ਤੇ ਰਾਹਤ ਫੰਡ ਜਾਰੀ ਕੀਤਾ ਜਾਵੇ। ਹੜ੍ਹ-ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦਾ ਜਨ-ਜੀਵਨ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਟਿੱਕਾ ਨੇ ਕਿਹਾ ਕਿ ਘਰ, ਖੇਤ, ਪਸ਼ੂ-ਧਨ ਅਤੇ ਰੋਜ਼ਗਾਰ ਦੇ ਸਾਧਨ ਬਰਬਾਦ ਹੋ ਗਏ ਹਨ। ਕੇਂਦਰ ਸਰਕਾਰ ਤੁਰੰਤ ਵੱਡੀ ਮੱਦਦ ਦੇਕੇ ਪੀੜਤਾਂ ਦੀ ਜ਼ਿੰਦਗੀ ਨੂੰ ਪਟਰੀ 'ਤੇ ਲਿਆ ਸਕਦੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੀ 'ਮਨ ਕੀ ਬਾਤ' ਵਿੱਚ ਸੇਵਾਦਾਰਾਂ ਦੀ ਸ਼ਲਾਘਾ ਨੂੰ ਸਰਾਹਿਆ, ਪਰ ਹੁਣ ਵੱਡੀ ਰਾਹਤ ਯੋਜਨਾ ਦੀ ਲੋੜ ਹੈ। ਟਿੱਕਾ ਨੇ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾਂ ਦੇਸ਼ ਦੀ ਤਰੱਕੀ ਲਈ ਯੋਗਦਾਨ ਦਿੱਤਾ, ਹੁਣ ਸਰਕਾਰ ਨੂੰ ਪੰਜਾਬ ਦਾ ਸਹਾਰਾ ਬਣਨਾ ਚਾਹੀਦਾ।

ਸਰਕਾਰੀ ਅੰਕੜਿਆਂ ਅਨੁਸਾਰ, ਹੜ੍ਹਾਂ ਨੇ 15,000 ਕਰੋੜ ਦਾ ਨੁਕਸਾਨ ਕੀਤਾ। 2 ਲੱਖ ਏਕੜ ਤੋਂ ਵੱਧ ਖੇਤੀਬਾੜੀ ਦੀ ਫਸਲ, 20,000 ਮਕਾਨ ਅਤੇ ਸੜਕਾਂ-ਪੁਲ ਤਬਾਹ ਹੋਏ। ਫਿਰੋਜ਼ਪੁਰ ਵਿੱਚ 40 ਪਿੰਡ, 50,000 ਏਕੜ ਫਸਲ ਬਰਬਾਦ ਹੋਈ। ਤਰਨਤਾਰਨ, ਗੁਰਦਾਸਪੁਰ, ਜਲੰਧਰ, ਰੂਪਨਗਰ ਅਤੇ ਹੋਸ਼ਿਆਰਪੁਰ ਵਿੱਚ ਵੀ ਭਾਰੀ ਨੁਕਸਾਨ ਹੋਇਆ। ਟਿੱਕਾ ਨੇ ਕਿਹਾ ਕਿ ਐਨ.ਡੀ.ਆਰ.ਐਫ. ਅਤੇ ਰਾਹਤ ਸਮੱਗਰੀ ਦੀ ਸਹਾਇਤਾ ਨਾਕਾਫੀ ਹੈ। ਵਿਸ਼ੇਸ਼ ਰਾਹਤ ਪੈਕੇਜ ਪੰਜਾਬੀਆਂ ਅਤੇ ਦੇਸ਼ ਲਈ ਹੌਸਲਾ ਵਧਾਏਗਾ।

# ਹੜ੍ਹਾਂ ਦੇ ਕਾਰਨਾਂ ਦੀ ਜਾਂਚ ਹੋਵੇ ਅਤੇ ਭਵਿੱਖ 'ਚ ਹੜ੍ਹ ਰੋਕਣ ਲਈ ਲੋੜੀਂਦੇ ਪ੍ਰਬੰਧ ਕੀਤੇ ਜਾਣ : ਬਖਤੜੀ ਵਾਲਾ



ਲੁਧਿਆਣਾ, 2 ਸਤੰਬਰ (ਰਵਿੰਦਰ ਸਿੰਘ ਨਿੱਝਰ) : ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਨਾਲ 1300 ਤੋਂ ਵੱਧ ਪਿੰਡ ਪ੍ਰਭਾਵਿਤ ਹੋਏ ਹਨ ਅਤੇ ਭਵਿੱਖ ਵਿੱਚ ਹੜ੍ਹਾਂ ਦਾ ਖਤਰਾ ਹੋਰ ਵੀ ਵੱਧ ਸਕਦਾ ਹੈ। ਲੋਕਾਂ ਵਿੱਚੋਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਕੁਝ ਲੋਕ ਇਸ ਇਹਨਾਂ ਹੜ੍ਹਾਂ ਦੇ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ ਅਤੇ ਕਈ ਲੋਕ ਪੰਜਾਬ ਸਰਕਾਰ ਅਤੇ ਅਫਸਰਸ਼ਾਹੀ ਨੂੰ ਜਿਨ੍ਹਾਂ ਨੇ ਕਿ ਪਹਿਲਾਂ ਪਾਣੀ ਨਹੀਂ ਛੱਡਿਆ ਜੇਕਰ ਥੋੜ੍ਹਾ ਥੋੜ੍ਹਾ ਪਾਣੀ ਛੱਡਦੇ ਰਹਿੰਦੇ ਤਾਂ ਅੱਜ ਹੜ੍ਹਾਂ ਦੀ ਨੌਬਤ ਨਾ ਆਉਂਦੀ। ਇਹ ਕਹਿਣਾ ਹੈ ਉੱਘੇ ਸਮਾਜ ਸੇਵਕ ਤੇ ਲੋਕ ਗਾਇਕ ਕਲਾ ਮੰਚ ਦੇ ਪ੍ਰਧਾਨ ਹਾਕਮ ਬਖਤੜੀ ਵਾਲੇ ਦਾ।

ਹਾਕਮ ਨੇ ਆਖਿਆ ਹੈ ਕਿ ਉਹਨਾਂ ਪੰਜਾਬੀਆਂ ਦੇ ਜਜ਼ਬੇ ਨੂੰ ਸਲਾਮ ਹੈ, ਜਿਹੜੇ ਕਿ ਆਪਣਾ ਆਪ ਭੁੱਲ ਕੇ ਹੜ੍ਹ ਪੀੜਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਏਡ ਸਮੇਤ ਅਨੇਕਾਂ ਜਥੇਬੰਦੀਆਂ ਤਨ ਮਨ ਧਨ ਨਾਲ ਹੜ੍ਹ ਪੀੜਤਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਜੇਕਰ ਇਹ ਜਥੇਬੰਦੀਆਂ ਨਾ ਹੁੰਦੀਆਂ ਅਤੇ ਹੜ੍ਹਪੀੜਤਾ ਨੂੰ ਸਿਰਫ ਸਰਕਾਰੀ ਸਹਾਇਤਾ ਤੇ ਨਿਰਭਰ ਕਰਨਾ ਪੈਂਦਾ ਤਾਂ ਨਤੀਜੇ ਬਹੁਤ ਦੁਖਦਾਈ ਅਤੇ ਭਿਅੰਕਰ ਹੋਣੇ ਸਨ। ਹਾਕਮ ਨੇ ਕਿਹਾ ਕਿ ਬੇਸ਼ੱਕ ਅੱਜ ਇਸ ਗੱਲ ਦੇ ਪੜਚੋਲ ਕਰਨ ਦਾ ਸਮਾਂ ਨਹੀਂ ਹੈ ਕਿ ਹੜ੍ਹ ਕਿਸ ਦੀ ਗਲਤੀ ਨਾਲ ਆਏ ਪ੍ਰੰਤੂ ਜੇਕਰ ਅਸੀਂ ਇਸ ਗੱਲ ਨੂੰ ਅਣਗੌਲਿਆ ਕਰ ਦੇਵਾਂਗੇ ਤਾਂ ਭਵਿੱਖ ਵਿੱਚ ਅਜਿਹੀਆਂ ਆਫਤਾਂ ਨੂੰ ਆਉਣ ਤੋਂ ਕਿਵੇਂ ਰੋਕਿਆ ਜਾ ਸਕੇਗਾ? ਉਹਨਾਂ ਕਿਹਾ ਕਿ ਅੱਜ ਜਿੱਥੇ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਨਾਲ ਮੱਦਦ ਕਰਨ ਦਾ ਸਮਾਂ ਹੈ, ਉੱਥੇ ਇਹਨਾਂ ਹੜ੍ਹਾਂ ਦੇ ਕਾਰਨਾਂ ਦੀ ਉੱਚ ਪੱਧਰੀ ਜਾਂਚ ਦੀ ਵੀ ਸਖ਼ਤ ਲੋੜ ਹੈ। ਕਿਉਂਕਿ ਜਿਸ ਦੀ ਜਾਂਚ ਕਰਕੇ ਕਸੂਰਵਾਰ ਵਿਅਕਤੀਆਂ ਨੂੰ ਸਜ਼ਾ ਨਾ ਦਿੱਤੀ ਗਈ ਤਾਂ ਭਵਿੱਖ ਵਿੱਚ ਪੰਜਾਬ ਵਿੱਚ ਅਜਿਹੇ ਹੜ੍ਹ ਵਾਰ ਵਾਰ ਆ ਸਕਦੇ ਹਨ। ਉਹਨਾਂ ਕਿਹਾ ਕਿ ਹੜ੍ਹਾਂ ਦੇ ਕਾਰਨਾਂ ਨੂੰ ਸਮਝ ਕੇ ਉਹਨਾਂ ਤੇ ਕਾਬੂ ਪਾਉਣ ਅਤੇ ਕਸੂਰਵਾਰ ਵਿਅਕਤੀਆਂ ਨੂੰ ਸਖਤ ਸਜ਼ਾਵਾਂ ਦੇਣਾ ਦੇਣ ਦੀ ਬੇਹੱਦ ਲੋੜ ਹੈ। ਉਹਨਾਂ ਕਿਹਾ ਕਿ ਕੀ ਉਹਨਾਂ ਲੋਕਾਂ ਦੇ ਤਰਕ ਵਿੱਚ ਕੁਝ ਸੱਚਾਈ ਹੈ ਜਿਹੜੇ ਕਹਿੰਦੇ ਹਨ ਕਿ ਇਹ ਹੜ੍ਹ ਜਾਣ ਬੁੱਝ ਕੇ ਲਿਆਂਦੇ ਗਏ ਹਨ। ਕਿਉਂਕਿ ਸਰਕਾਰਾਂ ਇਹ ਸੋਚਦੀਆਂ ਹਨ ਕਿਸਾਨਾਂ ਤੋਂ ਤਿੰਨ ਖੇਤੀ ਕਾਨੂੰਨ ਬਣਾ ਕੇ ਜਾਂ ਲੈਣ ਪੂਲਿੰਗ ਰਾਹੀਂ ਜ਼ਮੀਨਾਂ ਨਹੀਂ ਲਈਆਂ ਜਾ ਸਕੀਆਂ, ਹੁਣ ਅਜਿਹੇ ਹੜ੍ਹਾਂ ਤੋਂ ਬਾਅਦ ਲੋਕ ਖੁਦ ਕੰਨਾਂ ਨੂੰ ਹੱਥ ਲਾ ਕੇ ਕਹਿਣਗੇ, ਕਿ ਸਾਡੀਆਂ ਜ਼ਮੀਨਾਂ ਜਿਸ ਭਾਅ ਮਰਜ਼ੀ ਲੈਣੀਆਂ ਹਨ ਲੈ ਲਓ, ਤਾਂ ਕਿ ਅਸੀਂ ਇੱਥੋਂ ਜਾ ਕੇ ਕਿਸੇ ਸੁਰੱਖਿਅਤ ਥਾਂ 'ਤੇ ਵਸ ਸਕੀਏ।

# ਕੂੰਮਕਲਾਂ ਨੇੜੇ ਬਣੇ ਰੰਗਾਈ ਕਾਰਖ਼ਾਨੇ ਦੇ ਧੂੰਏਂ ਤੋਂ ਪਿੰਡ ਵਾਸੀ ਪ੍ਰੇਸ਼ਾਨ



ਸਾਹਨੇਵਾਲ ਕੁਹਾੜਾ, 2 ਸਤੰਬਰ (ਕੁਲਦੀਪ ਸਿੰਘ ਕੁਹਾੜਾ) : ਕੂੰਮਕਲਾਂ ਤੋਂ ਰਾਈਆਂ ਨੂੰ ਜਾਂਦੀ ਸੜਕ 'ਤੇ ਬਣੀ ਕੇ. ਡੀ. ਐਫ. ਪੀ. ਨਾਂ ਦੀ ਡਾਇੰਗ ਫੈਕਟਰੀ ਦੀ ਚਿਮਨੀ ਵਿੱਚੋਂ ਨਿਕਲਦੇ ਧੂੰਏ ਤੋਂ ਪਿੰਡ ਘੁਮੈਤ ਦੇ ਵਸਨੀਕ ਕਾਫੀ ਜ਼ਿਆਦਾ ਪ੍ਰੇਸ਼ਾਨ ਹਨ। ਪਿੰਡ ਵਾਸੀਆ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਤੇ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ ਇਸ ਫੈਕਟਰੀ ਦੇ ਧੂੰਏਂ ਤੋਂ ਇੰਨੇ ਜ਼ਿਆਦਾ ਪ੍ਰੇਸ਼ਾਨ ਹਾਂ ਕਿ ਅਸੀਂ ਆਪਣੇ ਕੱਪੜਿਆਂ ਨੂੰ ਧੋਅ ਕੇ ਬਾਹਰ ਸੁੱਕਣੇ ਨਹੀਂ ਪਾ ਸਕਦੇ। ਕਿਉਂਕਿ ਇਸ ਫੈਕਟਰੀ ਦੇ ਧੂੰਏਂ ਵਿੱਚ ਉਡਦੇ ਕਾਲੇ ਕਣ ਸਾਡੇ ਕੱਪੜਿਆਂ 'ਤੇ ਆਕੇ ਜੰਮ ਜਾਂਦੇ ਹਨ। ਕਈ ਵਾਰ ਹਵਾ ਦਾ ਰੁੱਖ ਸਾਡੇ ਘਰਾਂ ਵੱਲ ਨੂੰ ਹੋ ਜਾਂਦਾ ਹੈ, ਜਿਸ ਨਾਲ ਸਾਡੇ ਘਰਾਂ ਦੇ ਵਿਹੜੇ ਅਤੇ ਮਕਾਨਾਂ ਦੀਆਂ ਛੱਤਾਂ ਕਾਲਖ ਨਾਲ ਭਰ ਜਾਦੀਆਂ ਹਨ। ਕਿਉਂਕਿ ਇਹ ਫੈਕਟਰੀ ਸਾਡੇ ਪਿੰਡ ਦੀ ਵਸੋਂ ਤੋਂ ਥੋੜੀ ਦੂਰੀ 'ਤੇ ਹੀ ਹੈ। ਪਿੰਡ ਵਾਸੀਆਂ ਨੇ ਅੱਗੇ ਦੱਸਿਆ ਕਿ ਅਸੀਂ ਇਸ ਦੀ ਕਈ ਵਾਰ ਸ਼ਿਕਾਇਤ ਪ੍ਰਦੂਸ਼ਣ ਵਿਭਾਗ ਨੂੰ ਸ਼ਿਕਾਇਤ ਕੀਤੀ ਹੈ। ਪਰ ਉਹਨਾਂ ਵੱਲੋਂ ਨਾ ਕਦੇ ਇਸ ਦੀ ਜਾਂਚ ਕੀਤੀ ਹੈ ਤੇ ਨਾ ਹੀ ਇਸ ਖਿਲਾਫ ਕੋਈ ਬਣਦੀ ਕਾਰਵਾਈ ਕੀਤੀ ਹੈ। ਹੁਣ ਅਸੀਂ ਮੀਡੀਆ ਰਾਹੀਂ ਆਪਣੀ ਸ਼ਿਕਾਇਤ ਨੂੰ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ।

**ਕੀ ਕਹਿਣਾ ਪ੍ਰਦੂਸ਼ਣ ਵਿਭਾਗ ਦੇ ਅਧਿਕਾਰੀ ਦਾ :** ਜਦੋਂ ਇਸ ਸਬੰਧੀ ਪ੍ਰਦੂਸ਼ਣ ਵਿਭਾਗ ਦੇ ਐਕਸੀਅਨ ਸ੍ਰੀ ਰਿਤੇਸ਼ ਜੀ ਨਾਲ ਉਹਨਾਂ ਦੇ ਮੋਬਾਇਲ ਫੋਨ 'ਤੇ ਸੰਪਰਕ ਕੀਤਾ ਅਤੇ ਫੈਕਟਰੀ ਵਿੱਚੋਂ ਨਿਕਲਦੇ ਧੂਏ ਤੋਂ ਲੋਕਾਂ ਨੂੰ ਆ ਰਹੀ ਪਰੇਸ਼ਾਨੀ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਅਸੀਂ ਜ਼ਲਦ ਹੀ ਆਪਣੀ ਟੀਮ ਭੇਜ ਕੇ ਇਸ ਫੈਕਟਰੀ ਦੀ ਜਾਂਚ ਕਰਵਾਉਂਦੇ ਹਾਂ, ਅਗਰ ਇਸ ਦਾ ਧੂੰਆਂ ਪ੍ਰਦੂਸ਼ਣ ਫੈਲਾ ਰਿਹਾ ਹੋਇਆ ਤਾਂ ਇਸ ਖਿਲਾਫ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ। ਹੁਣ ਦੇਖਣਾ ਇਹ ਹੈ ਕਿ ਪ੍ਰਦੂਸ਼ਣ ਵਿਭਾਗ ਪਿੰਡ ਵਾਸੀਆਂ ਨੂੰ ਇਸ ਦੇ ਧੂੰਏ ਵਿੱਚੋ ਨਿਕਲਦੀ ਕਾਲਖ ਤੋਂ ਕਦੋਂ ਤੱਕ ਨਿਜਾਤ ਦਿਵਾਵੇਗਾ ਜਾਂ ਫਿਰ ਜਾਂਚ ਦੇ ਨਾਂ ਤੇ ਸਿਰਫ ਖਾਨਾਪੂਰਤੀ ਹੀ ਕਰੇਗਾ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

**ਕੀ ਕਹਿਣਾ ਫੈਕਟਰੀ ਮਾਲਕ ਦਾ :** ਜਦੋਂ ਇਸ ਸਬੰਧੀ ਫੈਕਟਰੀ ਦੇ ਮਾਲਕ ਨਵੀਨ ਗੁਪਤਾ ਦੇ ਮੋਬਾਇਲ ਫੋਨ 'ਤੇ ਫੈਕਟਰੀ ਵਿੱਚੋਂ ਨਿਕਲਦੇ ਧੂੰਏਂ ਨਾਲ ਫੈਲਦੇ ਪ੍ਰਦੂਸ਼ਣ ਤੋਂ ਪਿੰਡ ਵਾਸੀਆਂ ਨੂੰ ਆ ਰਹੀ ਪਰੇਸ਼ਾਨੀ ਬਾਰੇ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਅਸੀਂ ਆਪਣੀ ਫੈਕਟਰੀ ਨੂੰ ਪ੍ਰਦੂਸ਼ਣ ਵਿਭਾਗ ਤੋਂ ਮਨਜ਼ੂਰੀ ਲੈ ਕੇ ਹੀ ਲਗਾਇਆ ਹੈ। ਸਾਡੀ ਫੈਕਟਰੀ ਵਿੱਚੋਂ ਕੋਈ ਅਜਿਹਾ ਧੂੰਆਂ ਨਹੀਂ ਨਿਕਲਦਾ ਜਿਸ ਨਾਲ ਕਿਸੇ ਨੂੰ ਕੋਈ ਪਰੇਸ਼ਾਨੀ ਹੋਵੇ।

# ਅੰਮ੍ਰਿਤ ਸਾਗਰ ਪਰਿਵਾਰ ਨੇ ਨਿਵਾਜ਼ ਸਿੰਘ ਭਾਟੀਆ ਦੇ ਜਨਮ ਦਿਨ ਮੌਕੇ ਸੰਗਤਾਂ ਲਈ ਲੰਗਰ ਲਗਾਇਆ



ਲੁਧਿਆਣਾ, 2 ਸਤੰਬਰ (ਰਵਿੰਦਰ ਸਿੰਘ ਨਿੱਝਰ) : ਸਮੁੱਚੇ ਸੰਸਾਰ ਭਰ ਵਿੱਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਜੋੜਨ ਦਾ ਨਿੱਘਾ ਉਪਰਾਲਾ ਕਰ ਰਹੀ ਪ੍ਰਮੁੱਖ ਮਿਊਜ਼ਿਕ ਕੰਪਨੀ ਅੰਮ੍ਰਿਤ ਸਾਗਰ ਦੇ ਪ੍ਰੀਵਾਰ ਦੇ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਨਿੱਘੇ ਸਹਿਯੋਗ ਨਾਲ ਨਿਵਾਜ਼ ਸਿੰਘ ਭਾਟੀਆ ਦੇ ਜਨਮ ਦਿਨ ਨੂੰ ਗੁਰੂ ਸਾਹਿਬਾਂ ਦੀ ਅਸੀਸ ਨਾਲ ਮਨਾਉਂਦਿਆਂ ਸੰਗਤਾਂ ਲਈ ਅਟੁੱਟ ਲੰਗਰ ਲਗਾਉਣਾ ਸੇਵਾ ਕਾਰਜਾਂ ਦਾ ਇੱਕ ਉੱਦਮੀ ਉਪਰਾਲਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਗਿਆਨੀ ਸੁਖਵਿੰਦਰ ਸਿੰਘ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਨੇ ਬਲਬੀਰ ਸਿੰਘ ਭਾਟੀਆ ਦੇ ਗ੍ਰਹਿ ਵਿਖੇ ਗੁਰੂ ਦੇ ਅਟੁੱਟ ਲੰਗਰ ਨੂੰ ਵਰਤਾਉਣ ਲਈ ਸਤਿਗੁਰ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਸ.ਬਲਬੀਰ ਸਿੰਘ ਭਾਟੀਆ, ਕਰਨਪ੍ਰੀਤ ਸਿੰਘ ਭਾਟੀਆ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਵੱਲੋਂ ਪੂਰੀ ਸੇਵਾ ਭਾਵਨਾ ਦੇ ਨਾਲ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਲੰਗਰ ਲਗਾਉਣ ਦੀ ਸੇਵਾ ਕਰਨਾ, ਸੇਵਾ ਦੇ ਸੰਕਲਪ ਨਾਲ ਜੁੜਨ ਦੀ ਪ੍ਰਤੱਖ ਮਿਸਾਲ ਹੈ। ਇਸ ਮੌਕੇ ਮਨੀਕਰਨ ਸਿੰਘ ਹਰਬਿੰਦਰ ਸਿੰਘ, ਨਿਵਾਜ ਸਿੰਘ, ਅਸ਼ਮੀਤ ਕੌਰ,ਸਾਜ ਕੌਰ,ਜਪਨਾਜ਼ ਕੌਰ, ਦਲਜੀਤ ਕੌਰ,ਜਾਸਮੀਨ ਕੌਰ,ਸਾਕਸ਼ੀ ਗੁਪਤਾ, ਜਗਤਾਰ ਸਿੰਘ, ਰਤਨ ਸਿੰਘ, ਜਾਸਮੀਨ ਕੌਰ, ਸਾਕਸ਼ੀ ਗੁਪਤਾ, ਅਭਿਸ਼ੇਕ ਗੁਪਤਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਟ੍ਰੈਫ਼ਿਕ ਪੁਲਿਸ ਕਾਰ ਸਵਾਰਾਂ 'ਤੇ ਮਿਹਰਬਾਨ, ਦੋ ਪਹੀਆ ਚਾਲਕਾਂ ਨੂੰ ਕਰ ਰਹੀ ਹੈ ਪ੍ਰੇਸ਼ਾਨ

TRAFFIC POLICE LUDHIANA

ਲੁਧਿਆਣਾ, 2 ਸਤੰਬਰ (ਵਿਸ਼ਾਲ ਸ਼ਰਮਾ) : ਲੁਧਿਆਣਾ ਟਰੈਫਿਕ ਪੁਲਿਸ ਵੱਲੋਂ ਕਾਰ ਸਵਾਰਾਂ ਦੇ ਚਲਾਨ ਨਹੀਂ ਕੱਟ ਰਹੀ ਅਕਸਰ ਸੜਕ ਦੇ ਉੱਪਰ ਦੇਖਿਆ ਜਾਂਦਾ ਹੈ ਕਿ ਕਾਰ ਸਵਾਰ ਮੋਬਾਇਲ ਉੱਪਰ ਗੱਲ ਕਰਦੇ ਜਾ ਰਹੇ ਹੁੰਦੇ ਹਨ ਅਤੇ ਟੂ ਵਹੀਲਰ ਅਤੇ ਪੈਦਲ ਜਾ ਰਹੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਲੈਂਦੇ ਕਾਰ ਸਵਾਰ ਬੈਲਟ ਨਾ ਲਾਉਣਾ ਵੀ ਫੈਸ਼ਨ ਸਮਝਦੇ ਹਨ। ਟਰੈਫਿਕ ਪੁਲਿਸ ਦੇ ਮੁਲਾਜ਼ਮ ਉਹਨਾਂ ਨੂੰ ਦੇਖ ਕੇ ਵੀ ਅਣਦੇਖਾ ਕਰ ਦੇਂਦੇ ਹਨ। ਇਸਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਕਾਰ ਸਵਾਰ ਰਸੂਖਦਾਰ ਹੁੰਦੇ ਹਨ ਜੋ ਕਿ ਕਿਸੇ ਨਾ ਕਿਸੇ ਵੱਡੇ ਅਫਸਰ ਜਾਂ ਰਾਜਨੇਤਾ ਨਾਲ ਟਰੈਫਿਕ ਪੁਲਿਸ ਦੇ ਮੁਲਾਜ਼ਮਾਂ ਦੀ ਗੱਲ ਕਰਾ ਕੇ ਚਲਾਨ ਨਹੀਂ ਹੋਣ ਦਿੰਦੇ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਵੀ ਕੋਈ ਹਾਦਸਾ ਹੁੰਦਾ ਹੈ ਤਾਂ ਕਾਰ ਸਵਾਰ ਫੋਨ 'ਤੇ ਗੱਲ ਕਰ ਰਿਹਾ ਹੁੰਦਾ ਹੈ। ਜਿਸ ਦਾ ਖਮਿਆਜਾ ਟੂ ਵਹੀਲਰ ਜਾਂ ਪੈਦਲ ਜਾਨ ਵਾਲੇ ਨੂੰ ਭੁਗਤਣਾ ਪੈਂਦਾ ਹੈ। ਪਰ ਟਰੈਫਿਕ ਪੁਲਿਸ ਮੁਲਾਜ਼ਮਾਂ ਦੇ ਕੰਨ 'ਤੇ ਜੂੰਅ ਨਹੀਂ ਰੇਂਗਦੀ ਜੇ ਟਰੈਫਿਕ ਪੁਲਿਸ ਦੇ ਵੱਡੇ ਅਫਸਰ ਪਿਛਲੇ ਇਕ ਸਾਲ ਤੋਂ ਹੋਏ ਚਲਾਨਾਂ ਦਾ ਵੇਰਵਾ ਕਢਾਉਣ, ਤਾਂ ਉਸ ਵਿੱਚ 98% ਚਲਾਨ ਟੂ ਵੀਲਰ ਦੇ ਹੋਣਗੇ। ਟੂ ਵੀਹਲਰ ਵਾਲੇ ਤਾਂ ਪਹਿਲਾਂ ਹੀ ਮਾਤੜ ਸਾਥੀ ਹੁੰਦੇ ਹਨ। ਪਰ ਉਹ ਟਰੈਫਿਕ ਪੁਲਿਸ ਦੇ ਆਸਾਨੀ ਨਾਲ ਸ਼ਿਕਾਰ ਬਣ ਜਾਂਦੇ ਹਨ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਟੂ ਵੀਹਲਰ ਦਾ ਚਲਾਨ ਸਕੂਟਰ, ਮੋਟਰਸਾਇਕਲ ਦੀ ਅਸਲ ਕੀਮਤ ਤੋਂ ਕਈ ਗੁਣਾ ਜਿਆਦਾ ਹੁੰਦਾ ਹੈ। ਜਦੋਂ ਉਪਰ ਖੜ੍ਹੇ ਕਈ ਟੂ ਵੀਹਲਰ ਵਾਲਿਆਂ ਨਾਲ ਪੱਤਰਕਾਰਾਂ ਨੇ ਜਦੋਂ ਉਹਨਾਂ ਦੀ ਰਾਏ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਦਾ ਕਹਿਣਾ ਸੀ ਕਿ ਸਾਡੀ ਏਡੀਸੀਪੀ ਟਰੈਫਿਕ ਸਾਹਿਬ ਅੱਗੇ ਮੰਗ ਹੈ ਕਿ ਕਾਰ ਸਵਾਰਾਂ ਦੇ ਮੋਬਾਇਲ ਫੋਨ ਸੁਣਨ ਦੇ ਚਲਾਨ ਕੀਤੇ ਜਾਣ ਜਿਸ ਨਾਲ ਹਾਦਸਿਆਂ ਤੋਂ ਬਚਿਆ ਜਾ ਸਕੇ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵੰਡੀ ਰਾਹਤ ਸਮੱਗਰੀ



ਲੁਧਿਆਣਾ, 2 ਸਤੰਬਰ (ਵਿਸ਼ਾਲ ਸ਼ਰਮਾ) : ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਜਿਲ੍ਹਾ ਲੁਧਿਆਣਾ ਦੇ ਵੱਖ-ਵੱਖ ਸੰਭਾਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਵੰਡੀ ਗਈ। ਜਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ.ਐੱਲ.ਐੱਸ.ਏ.) ਲੁਧਿਆਣਾ ਹਰਪ੍ਰੀਤ ਕੌਰ ਰੰਧਾਵਾ ਅਤੇ ਸੀ.ਜੇ.ਐੱਮ-ਕਮ-ਸਕੱਤਰ ਡੀ.ਐੱਲ.ਐੱਸ.ਏ. ਮੈਡਮ ਸੁਮਿਤ ਸੱਭਰਵਾਲ ਦੀ ਅਗਵਾਈ ਹੇਠ ਡੀ.ਐਲ.ਐਸ.ਏ. ਦੇ ਸਟਾਫ ਮੈਂਬਰਾਂ ਅਤੇ ਪੈਰਾ ਲੀਗਲ ਵਲੰਟੀਅਰਾਂ ਦੀ ਟੀਮ ਵੱਲੋਂ ਲੋਕਾਂ ਨੂੰ ਖਾਣ-ਪੀਣ ਦੀਆਂ ਵਸਤਾਂ ਦੇ ਨਾਲ ਰਾਹਤ ਸਮੱਗਰੀ ਵੰਡੀ ਗਈ। ਮੌਜੂਦਾ ਸਮੇਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਪੈ ਰਿਆ ਹੈ ਅਤੇ ਮੌਸਮ ਵਿਭਾਗ ਵੱਲੋਂ ਆਗਾਮੀ ਦਿਨਾਂ ਵਿੱਚ ਵੀ ਇਹ ਸਥਿਤੀ ਬਰਕਰਾਰ ਰਹਿਣ ਦੀ ਸੰਭਾਵਨਾ ਜਤਾਈ ਗਈ ਹੈ। ਅਜਿਹੇ ਨਾਜ਼ੁਕ ਹਾਲਾਤਾਂ ਨੂੰ ਮੁੱਖ ਰੱਖਦਿਆਂ ਜਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਵੱਲੋਂ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਸਟਾਫ ਮੈਂਬਰਾਂ ਦੇ ਇੱਕ ਰਲੀਫ ਸੈੱਲ ਦਾ ਗਠਨ ਕੀਤਾ ਗਿਆ ਤਾਂ ਜੋ ਹੜ੍ਹ ਪੀੜ੍ਹਤ ਅਤੇ ਲੋੜਵੰਦ ਵਿਅਕਤੀਆਂ ਦੀ ਤੁਰੰਤ ਮੱਦਦ ਕੀਤੀ ਜਾ ਸਕੇ।

# ਹਲਕਾ ਆਤਮ ਨਗਰ ਦੀ ਟੀਮ ਗੋਗਾ ਰਾਸ਼ਨ ਸਮੱਗਰੀ ਲੈ ਕੇ ਹਰੀਕੇ ਪੱਤਣ ਰਵਾਨਾ



ਲੁਧਿਆਣਾ, 2 ਸਤੰਬਰ (ਰਵਿੰਦਰ ਸਿੰਘ ਨਿੱਝਰ) : ਕੌਂਸਲਰ ਸੋਹਣ ਸਿੰਘ ਗੋਗਾ, ਕੁਲਵੀਰ ਸਿੰਘ, ਚਤਰ ਸਿੰਘ, ਬਲਜੀਤ ਸਿੰਘ, ਦਵਿੰਦਰ ਸਰਮਾ, ਅਕਾਸ਼ ਵਰਮਾ, ਸਤਨਾਮ ਸਿੰਘ , ਗੁਰਜੀਤ ਸਿੰਘ, ਜਗਜੀਤ ਸਿੰਘ ਅਤੇ ਦੀਪਕ ਗੁਪਤਾ ਆਦਿ ਟੀਮ ਗੋਗਾ ਦੇ ਟੈਪੂ ਪਾਣੀ, ਸੁੱਕਾ ਦੁੱਧ, ਚਾਹ ਪੱਤੀ ਅਤੇ ਬਿਸਕੁਟ ਆਦਿ ਲੈ ਕੇ ਹੜ੍ਹ ਪੀੜਤ ਇਲਾਕੇ ਹਰੀ ਕੇ ਪੱਤਣ ਤਰਨਤਾਰਨ ਦੇ ਪਿੰਡਾਂ ਲਈ ਰਵਾਨਾ ਹੋਏ । ਗੋਗਾ ਨੇ ਦੱਸਿਆ ਕਿ ਹਰ ਤੀਸਰੇ ਦਿਨ ਸਮਗਰੀ ਭੇਜੀ ਜਾਵੇਗੀ। ਉਹਨਾਂ ਕਿਹਾ ਕਿ ਪੰਜਾਬੀ ਤਾਂ ਉਹ ਹਨ ਜਿਹੜੇ ਦੇਸ਼ਾਂ ਵਿਦੇਸ਼ਾਂ ਵਿੱਚ ਜਾਕੇ ਲੋੜਵੰਦਾ ਨਾਲ ਖੜ੍ਹੇ ਹਨ। ਇਸ ਮੌਕੇ ਸਾਰੇ ਹੜ੍ਹ ਪੀੜਤਾਂ ਦੀ ਘਰ ਵਾਪਸੀ ਲਈ ਅਰਦਾਸਾਂ ਕੀਤੀਆਂ ਅਤੇ ਗੋਗਾ ਨੇ ਦੱਸਿਆ ਕਿ ਘਰ ਵਾਪਸੀ ਤੱਕ ਸੇਵਾ ਜਾਰੀ ਰਹੇਗੀ।

# ਪੀ.ਏ.ਯੂ. ਲੁਧਿਆਣਾ 'ਚ ਟਰਾਂਸਫ਼ਰਾਂ ਨੂੰ ਲੈ ਕੇ ਵੱਡਾ ਘਪਲਾ




ਲੁਧਿਆਣਾ, 2 ਸਤੰਬਰ (ਵਿਸ਼ਾਲ ਸ਼ਰਮਾ) : ਲੁਧਿਆਣਾ ਪੀਏਯੂ ਵਿੱਚ ਟਰਾਂਸਫਰਾਂ ਨੂੰ ਲੈ ਕੇ ਇੱਕ ਵੱਡਾ ਘਪਲਾ ਸਾਹਮਣੇ ਆਇਆ ਹੈ, ਜਿਸ ਵਿੱਚ ਟਰੈਕਟਰ ਮਕੈਨਿਕ ਆਪਰੇਟਰ ਭੁਪਿੰਦਰ ਸਿੰਘ ਜਿਹੜਾ ਕਿ ਲੁਧਿਆਣਾ ਪੀਏਯੂ ਤੋਂ ਤਨਖਾਹ ਲੈ ਰਿਹਾ ਹੈ ਹਾਲਾਂਕਿ ਪੋਸਟ ਵੀ ਲੁਧਿਆਣਾ ਪੀਏਯੂ ਵਿਚ ਹੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਪੀਏਯੂ ਦੇ ਵੱਡੇ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਭੁਪਿੰਦਰ ਸਿੰਘ ਨੂੰ ਗੁਰਦਾਸਪੁਰ ਇਹੋ ਜਿਹੇ ਡਿਪਾਰਟਮੈਂਟ ਵਿੱਚ ਤੈਨਾਤ ਕੀਤਾ ਗਿਆ ਹੈ, ਜਿਸ ਵਿੱਚ ਇਹ ਪੋਸਟ ਹੈ ਹੀ ਨਹੀਂ ਅਤੇ ਟਰੈਕਟਰ ਵੀ ਨਹੀਂ ਹੈ। ਜਦੋਂ ਕਿ ਲੁਧਿਆਣਾ ਪੀਏਯੂ ਵਿੱਚ ਇਹ ਪੋਸਟ ਖਾਲੀ ਪਈ ਹੋਈ ਹੈ ਅਤੇ ਲੁਧਿਆਣਾ ਵਿੱਚ ਇਸ ਪੋਸਟ 'ਤੇ ਕੰਮ ਕਰਨ ਵਾਲਿਆਂ ਦੀ ਬਹੁਤ ਭਾਰੀ ਘਾਟ ਹੈ। ਇਸੇ ਤਰ੍ਹਾਂ ਦਾ ਇੱਕ ਹੋਰ ਟਰਾਂਸਫਰ ਘਪਲਾ ਸਾਹਮਣੇ ਆਇਆ ਹੈ ਕਿ ਸਟੋਰ ਪਰਚੇਜ਼ ਅਸਿਸਟੈਂਟ ਟੈਕਨੀਕਲ ਦੀ ਪੋਸਟ ਜੋ ਕਿ ਲੁਧਿਆਣਾ ਵਿੱਚ ਹੈ ਉਸ ਪੋਸਟ ਤੇ ਸਰਬਜੀਤ ਸਿੰਘ ਦੀ ਡਿਊਟੀ ਸੀ ਉਸ ਨੂੰ ਵੀ ਗੁਰਦਾਸਪੁਰ ਤੈਨਾਤ ਕੀਤਾ ਹੋਇਆ ਹੈ। ਹਾਲਾਂਕਿ ਉੱਥੇ ਇਹ ਪੋਸਟ ਹੈ ਹੀ ਨਹੀਂ ਅਤੇ ਉਹ ਤਨਖਾਹ ਲੁਧਿਆਣਾ ਪੀਏਯੂ ਤੋਂ ਲੈ ਰਿਹਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਦੋਨਾਂ ਕੇਸਾਂ ਵਿੱਚ ਪੋਸਟਾਂ ਗੁਰਦਾਸਪੁਰ ਵਿੱਚ ਨਹੀਂ ਹਨ। ਪਰ ਇਹ ਦੋਨੋਂ ਮੁਲਾਜ਼ਮ ਅਫਸਰਾਂ ਦੀ ਮਿਲੀ ਭੁਗਤ ਨਾਲ ਉੱਥੇ ਤੈਨਾਤ ਹਨ, ਜਿਸ ਨਾਲ ਕੀ ਲੁਧਿਆਣਾ ਪੀਏਯੂ ਨੂੰ ਭਾਰੀ ਵਿੱਤੀ ਨੁਕਸਾਨ ਹੋ ਰਿਹਾ ਹੈ। ਪੀਏਯੂ ਲੁਧਿਆਣਾ ਪਹਿਲਾਂ ਹੀ ਭਾਰੀ ਵਿੱਤੀ ਸੰਕਟ ਤੋਂ ਗੁਜ਼ਰ ਰਿਹਾ ਹੈ । ਅਤੇ ਮੁਲਾਜ਼ਮਾਂ ਦੀ ਘਾਟ ਵੀ ਪੇਸ਼ ਆ ਰਹੀ ਹੈ ਹੁਣ ਇਹ ਦੇਖਣ ਯੋਗ ਹੋਵੇਗਾ ਕਿ ਪੀਏਯੂ ਦੇ ਵਾਈਸ ਚਾਂਸਲਰ ਡਾਕਟਰ ਸਤਬੀਰ ਸਿੰਘ ਗੋਸਲ ਇਸ ਉੱਪਰ ਕੀ ਕਾਰਵਾਈ ਕਰਦੇ ਹਨ।

# ਅਰੋੜਾ 'ਤੇ ਡੀ.ਸੀ. ਨੇ ਧੁੱਸੀ ਬੰਨ੍ਹ ਦਾ ਨਿਰੀਖਣ ਕੀਤਾ, ਸਥਿਤੀ ਕਾਬੂ ਹੇਠ



ਲੁਧਿਆਣਾ, 2 ਸਤੰਬਰ (ਵਿਸ਼ਾਲ ਸ਼ਰਮਾ) : ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਧੁੱਸੀ ਬੰਨ੍ਹ ਵਿਖੇ ਸਥਿਤੀ ਦਾ ਜਾਇਜ਼ਾ ਲੈਣ ਲਈ ਪਿੰਡ ਸਸਰਾਲੀ ਕਲੋਨੀ ਦਾ ਦੌਰਾ ਕੀਤਾ। ਧੁੱਸੀ ਬੰਨ੍ਹ ਦਾ ਨਿਰੀਖਣ ਕਰਨ ਤੋਂ ਬਾਅਦ ਮੰਤਰੀ ਅਤੇ ਡੀ.ਸੀ ਨੇ ਸਥਾਨਕ ਨਿਵਾਸੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਦਰਿਆ ਦਾ ਪਾਣੀ ਬੰਨ੍ਹ ਦੇ ਪੱਧਰ ਤੋਂ ਕਾਫ਼ੀ ਹੇਠਾਂ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਢਾਂਚੇ ਨੂੰ ਮਜ਼ਬੂਤ ਕਰਨ ਲਈ ਜੰਗੀ ਪੱਧਰ 'ਤੇ ਮਜ਼ਬੂਤੀ ਦੇ ਯਤਨ ਜਾਰੀ ਹਨ।

ਜ਼ਿਲ੍ਹਾ ਪ੍ਰਸ਼ਾਸਨ ਨੇ ਹੜ੍ਹ ਦੇ ਜੋਖਮਾਂ ਨੂੰ ਘਟਾਉਣ ਅਤੇ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿਆਪਕ ਉਪਾਅ ਤਾਇਨਾਤ ਕੀਤੇ ਹਨ। ਜਿਸ ਵਿੱਚ ਰੋਪੜ ਅਤੇ ਹਿਮਾਚਲ ਪ੍ਰਦੇਸ਼ ਤੋਂ ਪ੍ਰਾਪਤ ਇੱਕ ਲੱਖ ਰੇਤ ਦੀਆਂ ਬੋਰੀਆਂ ਅਤੇ ਕਾਫ਼ੀ ਪੱਥਰ ਦੀ ਸਪਲਾਈ ਸ਼ਾਮਲ ਹੈ। ਕਈ ਵਿਭਾਗਾਂ ਦੀਆਂ ਸਮਰਪਿਤ ਟੀਮਾਂ ਲੁਧਿਆਣਾ ਵਿੱਚ ਬੰਨ੍ਹ ਦੇ ਨਾਲ-ਨਾਲ ਨਾਜ਼ੁਕ ਥਾਵਾਂ 'ਤੇ ਤਾਇਨਾਤ ਹਨ, ਜੋ ਸਥਿਤੀ ਨੂੰ ਕਾਬੂ ਹੇਠ ਰੱਖਣ ਲਈ 24 ਘੰਟੇ ਨਿਗਰਾਨੀ ਰੱਖਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਪ੍ਰਭਾਵਿਤ ਕਿਸਾਨਾਂ ਦੀ ਸਹਾਇਤਾ ਲਈ ਪ੍ਰਸ਼ਾਸਨ ਨੇ ਫਸਲਾਂ ਦੇ ਨੁਕਸਾਨ ਦਾ ਡੂੰਘਾਈ ਨਾਲ ਮੁਲਾਂਕਣ ਕਰਨ ਦੇ ਹੁਕਮ ਦਿੱਤੇ ਹਨ ਅਤੇ ਸਥਿਤੀ ਸਥਿਰ ਹੋਣ 'ਤੇ ਪੂਰਾ ਮੁਆਵਜ਼ਾ ਦੇਣ ਦੀ ਵਚਨਬੱਧਤਾ ਨੂੰ ਦੁਹਰਾਇਆ। ਲੁਧਿਆਣਾ ਦੀ ਸੁਰੱਖਿਆ ਲਈ ਅਸੀਸਾਂ ਦੀ ਮੰਗ ਕਰਦੇ ਹੋਏ ਮੰਤਰੀ ਅਰੋੜਾ ਅਤੇ ਡਿਪਟੀ ਕਮਿਸ਼ਨਰ ਜੈਨ ਨੇ ਪਿੰਡ ਸਸਰਾਲੀ ਵਿੱਚ ਸਤਲੁਜ ਦਰਿਆ ਦੇ ਨੇੜੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਉਨ੍ਹਾਂ ਨੇ ਪ੍ਰਸ਼ਾਸਨ ਦੇ ਯਤਨਾਂ ਵਿੱਚ ਸਰਗਰਮ ਸਹਿਯੋਗ ਲਈ ਪਿੰਡ ਦੀ ਪੰਚਾਇਤ ਅਤੇ ਯੂਥ ਕਲੱਬ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਸਨੀਕਾਂ ਨੂੰ ਸ਼ਾਂਤ ਰਹਿਣ ਅਤੇ ਸਹਿਯੋਗ ਕਰਨ ਦੀ ਅਪੀਲ ਕੀਤੀ। ਜੀਵਨ ਅਤੇ ਜੀਵਿਕਾ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

# ਪੰਜਾਬ 'ਚ ਹੜ੍ਹਾਂ ਦੀ ਮਾਰ ਝੱਲ ਰਹੇ ਡੇਅਰੀ ਫਾਰਮਰਾਂ ਲਈ ਅੱਗੇ ਆਈ ਪੀ.ਡੀ.ਐਫ਼.ਏ.



ਜਗਰਾਓਂ, 2 ਸਤੰਬਰ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੰਜਾਬ ਦੇ ਡੇਅਰੀ ਫਾਰਮਰਾਂ ਦੀ ਵੱਡੀ ਜਥੇਬੰਦੀ ਪੀਡੀਐਫਏ ਨੇ ਹੜ੍ਹਾਂ ਦੀ ਮਾਰ ਝੱਲ ਰਹੇ ਸੂਬੇ ਦੇ ਡੇਅਰੀ ਫਾਰਮਰਾ ਲਈ ਪੀਡੀਐਫਏ ਹੜ੍ਹ ਰਾਹਤ ਫੰਡ ਕਾਇਮ ਕੀਤਾ ਹੈ। ਜਿਸ ਵਿੱਚ ਪੀਡੀਐਫ ਸਮੇਤ ਪੀਡੀਐਫਏ ਦੇ ਮੈਂਬਰਾਂ ਨੇ 45 ਲੱਖ ਰੁਪਏ ਦਾ ਵੱਡਾ ਯੋਗਦਾਨ ਪਾਉਂਦਿਆਂ ਸੂਬੇ ਦੇ ਡੇਅਰੀ ਫਾਰਮਰਾ, ਡੇਅਰੀ ਕਿੱਤੇ ਨਾਲ ਜੁੜੀਆਂ ਕੰਪਨੀਆਂ ਨੂੰ ਅੱਗੇ ਵਧ ਕੇ ਵੱਡਾ ਯੋਗਦਾਨ ਪਾਉਣ ਦੀ ਅਪੀਲ ਕੀਤੀ ਹੈ। ਪੀਡੀਐਫਏ ਦੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦੀ ਅਗਵਾਈ ਹੇਠ ਜਥੇਬੰਦੀ ਦੀ ਹੋਈ ਮੀਟਿੰਗ ਵਿੱਚ ਹੜ੍ਹਾਂ ਨਾਲ ਚਾਰ ਚੁਫੇਰਿਓਂ ਘਿਰੇ ਪੰਜਾਬ ਸੁੱਖ ਦੀ ਅਰਦਾਸ ਮੰਗਦਿਆਂ ਸੂਬੇ ਭਰ ਦੇ ਡੇਅਰੀ ਫਾਰਮਰਾਂ ਇਸ ਦੁੱਖ ਦੀ ਘੜੀ ਵਿੱਚ ਚੱਟਾਨ ਵਾਂਗ ਖੜ੍ਹਨ ਦਾ ਫੈਸਲਾ ਕੀਤਾ।

ਜਥੇਬੰਦੀ ਨੇ ਹੜ੍ਹਾਂ ਦੇ ਹਾਲਾਤਾਂ 'ਤੇ ਚਰਚਾ ਕਰਦਿਆਂ ਮਹਿਸੂਸ ਕੀਤਾ, ਕਿ ਡੇਅਰੀ ਫਾਰਮਰ ਵੀ ਇਸ ਕੁਦਰਤ ਦੀ ਕਰੋਪੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਦੋ ਜਾਨਵਰਾਂ ਤੋਂ ਲੈ ਕੇ 200 ਜਾਨਵਰਾਂ ਤੱਕ ਦੇ ਵੱਡੇ ਡੇਅਰੀ ਫਾਰਮਰ ਵੀ ਇਸ ਬਿਪਤਾ ਵਿੱਚ ਘਿਰੇ ਹੋਏ ਹਨ ਜਿਨਾਂ ਨੂੰ ਵੱਡੀ ਰਾਹਤ ਦੀ ਲੋੜ ਹੈ। ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਨੇ ਦੱਸਿਆ ਕਿ ਜਦ ਦੀ ਪੀਡੀਐਫਏ ਹੋਂਦ ਵਿੱਚ ਆਈ ਤੋਂ ਲੈ ਕੇ ਇਹ ਪਹਿਲੀ ਵਾਰ ਹੈ ਕਿ ਜਥੇਬੰਦੀ ਨੇ ਫੰਡ ਮੰਗਿਆ ਹੋਵੇ। ਇਸ ਦਾ ਵੱਡਾ ਕਾਰਨ ਹੈ ਅੱਜ ਜਦੋਂ ਪੰਜਾਬ ਦਾ ਡੇਅਰੀ ਫਾਰਮਰ ਹੜ੍ਹਾਂ ਦੀ ਮਾਰ ਵਿੱਚ ਬੁਰੀ ਤਰ੍ਹਾਂ ਫਸ ਚੁੱਕਾ ਹੈ, ਨੂੰ ਇਸ ਮੁਸੀਬਤ ਦੀ ਘੜੀ ਵਿੱਚੋਂ ਕੱਢਣ ਲਈ ਡੇਅਰੀ ਫਾਰਮਰਾਂ ਦੀ ਸੰਸਥਾ ਪੀਡੀਐਫਏ ਨੂੰ ਵੀ ਵੱਡਾ ਯੋਗਦਾਨ ਪਾਉਣ ਦੀ ਲੋੜ ਹੈ। ਜਿਸ ਸਦਕਾ ਅੱਜ ਪੀਡੀਐਫਏ ਵੱਲੋਂ ਹੜ੍ਹ ਰਾਹਤ ਫੰਡ ਸ਼ੁਰੂ ਕੀਤਾ ਗਿਆ ਹੈ। ਇਸ ਦੇ ਲਈ ਸਾਰਿਆਂ ਨਾਲੋਂ ਪਹਿਲਾਂ ਪੀਡੀਐਫਏ, ਪੀਡੀਐਫਏ ਦੇ ਡੇਅਰੀ ਫਾਰਮਰਾਂ ਦੀ ਹੀ ਸੰਸਥਾ ਪ੍ਰੋਗਰੈਸਿਵ ਡੇਅਰੀ ਸਲਿਊਸ਼ਨ, (ਪੀਡੀਐਸ) ਪੀਡੀਐਫਏ ਦੇ ਕਮੇਟੀ ਮੈਂਬਰਾਂ ਵੱਲੋਂ 45 ਲੱਖ ਰੁਪਏ ਦੀ ਰਾਸ਼ੀ ਦਾ ਵੱਡਾ ਯੋਗਦਾਨ ਪਾਇਆ ਗਿਆ।

# ਜਵੱਦੀ ਟਕਸਾਲ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਦੇ ਚਾਰ ਟਰੱਕ ਰਵਾਨਾ



ਲੁਧਿਆਣਾ, 2 ਸਤੰਬਰ (ਕਰਨੈਲ ਸਿੰਘ ਐੱਮ.ਏ.) : ਗੁਰਬਾਣੀ ਪ੍ਰਚਾਰ ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਨਿਰੰਤਰ ਸੇਵਾਵਾਂ ਨਿਭਾਉਣ ਵਾਲੀ ਜਵੱਦੀ ਟਕਸਾਲ ਵੱਲੋਂ ਅੱਜ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪੀੜਤ ਹੋਏ ਲੋਕਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਦੇ ਭਰੇ ਚਾਰ ਟਰੱਕ ਰਵਾਨਾ ਕੀਤੇ। ਇਸ ਮੌਕੇ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਕਿਹਾ ਕਿ 'ਜਵੱਦੀ ਟਕਸਾਲ' ਕੌਮ ਦੀ ਆਪਣੀ ਸੰਸਥਾ ਹੈ, ਇਸ ਲਈ ਹਰ ਔਖੇ ਵੇਲੇ ਲੋਕਾਂ ਨਾਲ ਖੜ੍ਹਨਾ ਸਾਡਾ ਫਰਜ਼ ਬਣ ਜਾਂਦਾ ਹੈ, ਕਿ ਆਪਣੇ ਭੈਣ-ਭਰਾਵਾਂ ਦੀ ਸਹਾਇਤਾ ਲਈ ਕਦਮ ਵਧਾਈਏ। ਉਹਨਾਂ ਦੱਸਿਆ ਕਿ ਪ੍ਰਾਪਤ ਹੋ ਰਹੀਆਂ ਖਬਰਾਂ ਅਨੁਸਾਰ ਪੰਜਾਬ ਦੇ ਕਈ ਇਲਾਕੇ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਜਿਸ ਕਰਕੇ ਲੱਖਾਂ ਏਕੜ ਫਸਲ ਤਬਾਹ ਹੋ ਚੁੱਕੀ ਹੈ, ਕੀਮਤੀ ਮਸ਼ੀਨਰੀ ਬਰਬਾਦ ਹੋ ਚੁੱਕੀ ਹੈ, ਹੱਸਦੇ ਵੱਸਦੇ ਘਰਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ, ਲੋਕਾਂ ਦਾ ਕੀਮਤੀ ਸਰਮਾਇਆ ਮਾਲ ਡੰਗਰ ਹੜ੍ਹ ਦੇ ਪਾਣੀ ਵਿੱਚ ਰੁੜ੍ਹ ਗਿਆ ਹੈ।

ਇਸ ਲਈ ਆਪਣੇ ਭੈਣ-ਭਰਾਵਾਂ ਦੇ ਰਹਿਣ-ਸਹਿਣ, ਖਾਣ-ਪੀਣ ਅਤੇ ਹੋਰ ਲੋੜੀਦੀਆਂ ਵਸਤਾਂ ਉਹਨਾਂ ਹੜ੍ਹ ਪੀੜਤਾਂ ਤੱਕ ਭੇਜਣ ਲਈ 'ਜਵੱਦੀ ਟਕਸਾਲ' ਦੇ ਵਿਦਿਆਰਥੀ ਅਤੇ ਸੇਵਾਦਾਰ ਉਚੇਚੇ ਤੌਰ 'ਤੇ ਅੱਜ ਰਵਾਨਾ ਹੋਏ। ਇੱਕ ਸਵਾਲ ਦੇ ਜਵਾਬ ਵਿੱਚ ਬਾਬਾ ਜੀ ਨੇ ਦੱਸਿਆ ਕਿ ਰਾਹਤ ਸਮੱਗਰੀ 'ਚ ਤਰਪਾਲਾਂ, ਆਟਾ, ਚਾਵਲ, ਦਾਲਾਂ, ਚਾਹ ਪੱਤੀ, ਚੀਨੀ, ਸੁੱਕਾ ਦੁੱਧ, ਜੀਵਨ ਰਖਸ਼ਕ ਦਵਾਈਆਂ, ਬਿਸਤਰੇ, ਮੱਛਰ ਤੋਂ ਬਚਾਅ ਲਈ ਦਵਾਈਆਂ ਅਤੇ ਨਵੇਂ ਬਸਤਰ ਆਦਿ ਭੇਜੇ ਗਏ ਹਨ। ਉਨ੍ਹਾਂ ਪ੍ਰਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਗੁਰੂ ਸਾਹਿਬਾਨਾਂ ਦੀ ਵਰੋਸਾਈ ਧਰਤੀ ਪੰਜਾਬ ਦੇ ਲੋਕ ਲੇਹ ਲਦਾਖ, ਜੰਮੂ ਕਸ਼ਮੀਰ, ਕੇਰਲਾ, ਨੇਪਾਲ, ਮੇਘਾਲਿਆ, ਉਤਰਾਖੰਡ ਆਦਿ ਤੋਂ ਇਲਾਵਾ ਹਮੇਸ਼ਾਂ ਆਫਤਾਂ ਸਮੇਂ ਦੇਸ਼ ਦੁਨੀਆਂ ਅੰਦਰ ਪੀੜ੍ਹਤਾਂ ਨਾਲ ਖੜ੍ਹਦੇ ਆਏ ਹਨ, ਪਰ ਕਦੇ ਕੋਈ ਹੋਰ ਧਾਰਮਿਕ ਸੰਸਥਾ ਪੰਜਾਬੀਆਂ ਤੇ ਖਾਸਕਰ ਸਿੱਖਾਂ ਲਈ ਅੱਗੇ ਕਿਉਂ ਨਹੀਂ ਆਈ। ਇਸ ਕਰਕੇ ਹਜ਼ਾਰਾਂ ਲੋਕ ਜੋ ਬੇਘਰ ਹੋ ਚੁੱਕੇ ਨੇ, ਇਸੇ ਤਰ੍ਹਾਂ ਬੇਜਵਾਨ ਪਸ਼ੂ ਪਾਣੀ ਦੀ ਮਾਰ ਹੇਠ ਆ ਚੁੱਕੇ ਨੇ, ਬਿਪਤਾ ਦੇ ਇਸ ਵਕਤ ਵਿੱਚ ਅਸੀਂ ਉਹਨਾਂ ਪੀੜ੍ਹਤਾਂ ਦੇ ਨਾਲ ਖੜ੍ਹੀਏ, ਸਿਰ ਆਈ ਆਫਤ ਨਾਲ ਨਜਿੱਠਣਾ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਦੁੱਗਰੀ ਵਿਖੇ ਹਫ਼ਤਾਵਾਰੀ ਵਿਸ਼ੇਸ਼ ਕੀਰਤਨ ਸਮਾਗਮ : ਬੈਨੀਪਾਲ



ਲੁਧਿਆਣਾ, 2 ਸਤੰਬਰ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,ਅਰਬਨ ਅਸਟੇਟ, ਫੇਸ-1, ਦੁੱਗਰੀ ਵਿੱਚ ਹਫ਼ਤਾਵਾਰੀ ਵਿਸ਼ੇਸ਼ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਬੜੀ ਸ਼ਰਧਾ ਪੂਰਵਕ ਕਰਵਾਏ ਗਏ । ਜਿਨ੍ਹਾਂ ਵਿੱਚ ਸਵੇਰੇ ਅੰਮ੍ਰਿਤ ਵੇਲੇ ਤੋਂ ਗੁਰਬਾਣੀ ਦਾ ਪ੍ਰਵਾਹ ਆਰੰਭ ਹੋਇਆ। ਰੋਜ਼ਾਨਾ ਦੀ ਤਰ੍ਹਾਂ ਪਹਿਲਾਂ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕਰਵਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਦਿਲਬਾਗ ਸਿੰਘ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ । ਗਿਆਨੀ ਹਰਦੀਪ ਸਿੰਘ ਲੁਧਿਆਣੇ ਵਾਲਿਆਂ ਨੇ ਸੰਗਤਾਂ ਨਾਲ ਗੁਰਬਾਣੀ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ। ਸ਼ਾਮ ਦੇ ਪ੍ਰੋਗਰਾਮ ਵਿੱਚ ਗਿਆਨੀ ਸੰਦੀਪ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸੰਗਤਾਂ ਨਾਲ ਸੂਰਜ ਪ੍ਰਕਾਸ਼ ਦੀ ਕਥਾ ਦੀ ਵਿਆਖਿਆ ਕੀਤੀ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਸੋਦਰੁ ਰਹਿਰਾਸ ਦੀ ਚੌਂਕੀ ਤੋਂ ਬਾਅਦ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਸ੍ਰਵਣ ਕਰਵਾਇਆ ਅਤੇ ਗੁਰੂ ਜਸ ਨਾਲ ਜੋੜਿਆ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਕੀਤਾ । ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਵਰਿੰਦਰਮੋਹਨ ਸਿੰਘ ਅਤੇ ਤਰਲੋਕ ਸਿੰਘ ਸਚਦੇਵਾ ਨੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਦੇ ਕੀਰਤਨੀ ਜੱਥੇ ਨੂੰ ਸਨਮਾਨਿਤ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਸਮੇਂ ਸਿਰ ਗੁਰੂ ਘਰ ਆ ਕੇ ਕਥਾ ਅਤੇ ਕੀਰਤਨ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲਾ ਕਰਨ।

# ਵਿਧਾਇਕ ਛੀਨਾ ਵੱਲੋਂ ਗ਼ੈਰ-ਮਿਆਰੀ ਸੜਕ 'ਤੇ ਕਾਰਵਾਈ



ਲੁਧਿਆਣਾ, 2 ਸਤੰਬਰ (ਵਿਸ਼ਾਲ ਸ਼ਰਮਾ) : ਆਮ ਜਨਤਾ ਵੱਲੋਂ ਟੈਕਸ ਦੇ ਰੂਪ ਵਿੱਚ ਦਿੱਤੀ ਗਈ ਆਪਣੇ ਖੂਨ ਪਸੀਨੇ ਦੀ ਕਮਾਈ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ ਅਤੇ ਅਣਗਹਿਲੀ ਕਰਨ ਵਾਲਿਆਂ ਨਾਲ ਕਰੜੇ ਹੱਥੀਂ ਨਜਿੱਠਿਆ ਜਾਵੇਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ, ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਆਪਣੇ ਹਲਕੇ ਵਿੱਚ ਨਿਗਮ ਵੱਲੋਂ ਉਸਾਰੀ ਜਾ ਰਹੀ ਗੈਰ-ਮਿਆਰੀ ਸੜਕ 'ਤੇ ਕਾਰਵਾਈ ਕਰਦਿਆਂ ਕੀਤਾ।

ਵਿਧਾਇਕ ਛੀਨਾ ਨੇ ਦੱਸਿਆ ਕਿ ਨਗਰ ਨਿਗਮ ਵੱਲੋਂ ਕਰੀਬ 45 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਆਰ.ਸੀ.ਸੀ. ਸੜਕ ਵਿੱਚ ਖਾਮੀਆਂ ਪਾਈਆਂ ਗਈਆਂ। ਨਗਰ ਨਿਗਮ (ਬੀ ਐਂਡ ਆਰ) ਦੇ ਐਕਸੀਅਨ ਰਾਕੇਸ਼ ਸਿੰਗਲਾ ਦੀ ਮੌਜੂਦਗੀ ਵਿੱਚ ਸੜਕ ਦਾ ਜਦੋਂ ਜਾਇਜ਼ਾ ਲਿਆ ਗਿਆ ਤਾਂ ਨਿਰੀਖਣ ਦੌਰਾਨ ਪਾਇਆ ਗਿਆ ਕਿ ਠੇਕੇਦਾਰ ਨੇ ਹਾਲ ਹੀ ਵਿੱਚ ਹੋਈ ਬਾਰਿਸ਼ ਦੌਰਾਨ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਸੀ, ਸਿੱਟੇ ਵਜੋਂ ਸੜਕ ਦੀ ਗੁਣਵੱਤਾ 'ਤੇ ਗੰਭੀਰ ਪ੍ਰਭਾਵ ਪਿਆ ਹੈ। ਇਹ ਵੀ ਸਾਹਮਣੇ ਆਇਆ ਕਿ ਉਸਾਰੀ ਦਾ ਕੰਮ ਕਿਸੇ ਜ਼ਿੰਮੇਵਾਰ ਅਧਿਕਾਰੀ ਦੀ ਨਿਗਰਾਨੀ ਤੋਂ ਬਗੈਰ ਕੀਤਾ ਗਿਆ ਸੀ। ਵਿਧਾਇਕ ਛੀਨਾ ਵੱਲੋਂ ਤੁਰੰਤ ਐਕਸ਼ਨ ਲੈਂਦਿਆਂ ਪੂਰੀ ਸੜਕ ਪੁੱਟਵਾ ਕੇ ਮੁੜ ਤੋਂ ਸੜਕ ਦੇ ਨਿਰਮਾਣ ਦੇ ਹੁਕਮ ਜਾਰੀ ਕੀਤੇ ਅਤੇ ਠੇਕੇਦਾਰ ਨੂੰ ਨੋਟਿਸ ਵੀ ਕੱਢਿਆ ਗਿਆ, ਤਾਂ ਜੋ ਉਹ ਪੂਰੀ ਸੜਕ ਮੁੜ ਤੋਂ ਬਣਾਵੇ। ਵਿਧਾਇਕ ਛੀਨਾ ਨੇ ਕਿਹਾ ਕਿ ਹਲਕੇ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰਾਂ ਦੀ ਧਾਂਦਲੀ ਜਾਂ ਮਾੜੇ ਮਟੀਰੀਅਲ ਦੀ ਵਰਤੋਂ ਨੂੰ ਕਿਸੇ ਵੀ ਸੂਰਤ ਦੇ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਲੋਕਾਂ ਦੇ ਪੈਸੇ ਹਨ ਜੋ ਲੋਕਾਂ ਦੇ ਵਿਕਾਸ ਲਈ ਲਗਾਏ ਜਾ ਰਹੇ ਹਨ, ਉਹਨਾਂ ਦੀ ਦੁਰਵਰਤੋਂ ਨਹੀਂ ਹੋਣ ਦਿੱਤੀ ਜਾਵੇਗੀ।

# ਕੇਂਦਰ ਪੰਜਾਬ ਹੜ੍ਹਾਂ ਦੇ ਰਾਹਤ ਕਾਰਜਾਂ 'ਚ ਤੇਜ਼ੀ ਲਿਆਵੇ ਅਤੇ ਜਲਦੀ ਰਾਹਤ ਪੈਕੇਜ ਦਾ ਐਲਾਨ ਕਰੇ : ਸੰਤ ਸ਼ਮਸ਼ੇਰ ਸਿੰਘ ਜਗੇੜਾ



ਲੁਧਿਆਣਾ, 2 ਸਤੰਬਰ (ਕਰਨੈਲ ਸਿੰਘ ਐੱਮ.ਏ.) : ਸੰਤ ਸ਼ਮਸ਼ੇਰ ਸਿੰਘ ਜਗੇੜਾ ਪ੍ਰਧਾਨ ਇੰਟਰਨੈਸ਼ਨਲ ਸੰਤ ਸਮਾਜ ਨੇ ਅੱਜ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਆਏ ਹੜ੍ਹਾਂ ਕਰਕੇ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਵੇ ਅਤੇ ਇੱਕ ਰਾਹਤ ਪੈਕੇਜ ਫੌਰੀ ਤੌਰ 'ਤੇ ਪੰਜਾਬ ਲਈ ਐਲਾਨ ਕਰੇ, ਤਾਂ ਕਿ ਪੰਜਾਬ ਵਾਸੀਆਂ ਨੂੰ ਰਾਹਤ ਦਿੱਤੀ ਜਾ ਸਕੇ ਅਤੇ ਪੰਜਾਬੀਆਂ ਨੂੰ ਬੇਗਾਨਗੀ ਦਾ ਅਹਿਸਾਸ ਨਾ ਹੋਵੇ। ਉਹਨਾਂ ਆਖਿਆ ਕਿ ਪੰਜਾਬ ਸਰਕਾਰ ਵੀ ਆਪਣੇ ਰਾਹਤ ਕਾਰਜਾਂ 'ਚ ਤੇਜ਼ੀ ਲਿਆਵੇ, ਤਾਂ ਕਿ ਵੱਧ ਤੋਂ ਵੱਧ ਜਾਨਾਂ ਬਚਾਈਆਂ ਜਾ ਸਕਣ। ਸੰਤ ਜਗੇੜਾ ਨੇ ਆਖਿਆ ਕਿ ਸੰਤ ਸਮਾਜ ਵੀ ਇਸ ਉਜਾੜੇ ਵਿੱਚ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕਰੇਗਾ ਅਤੇ ਜਲਦ ਹੀ ਉਹ ਅਤੇ ਸੰਤ ਸਮਾਜ ਦੇ ਮੈਂਬਰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨਗੇ। ਉਹਨਾਂ ਆਖਿਆ ਕਿ ਇਸ ਵਕਤ ਹਰ ਰਾਜਨੀਤਕ ਪਾਰਟੀ ਨੂੰ ਰਾਜਨੀਤੀ ਖੇਡੇ ਬਿਨਾਂ ਪੰਜਾਬੀਆਂ ਦੀ ਮੱਦਦ ਕਰਨੀ ਚਾਹੀਦੀ ਹੈ।

ਉਹਨਾਂ ਸਮੁੱਚੇ ਪੰਜਾਬੀਆਂ, ਦਾਨੀ ਸੱਜਣਾਂ ਅਤੇ ਐਨ ਆਰ ਆਈ ਸੱਜਣਾਂ ਨੂੰ ਅਪੀਲ ਕੀਤੀ ਕਿ ਦਿਲ ਖੋਲ੍ਹ ਕੇ ਪੰਜਾਬ ਲਈ ਆਪਣਾ ਯੋਗਦਾਨ ਪਾਉਣ ਤਾਂ ਕਿ ਪੰਜਾਬ ਨੂੰ ਇਸ ਤ੍ਰਾਸਦੀ 'ਚੋਂ ਕੱਢਿਆ ਜਾ ਸਕੇ।

## ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਲਾਅ ਤੇ ਆਈਆਈਸੀ ਇਨੋਵੇਸ਼ਨ ਤੇ ਐਂਟਰਪ੍ਰੀਨਿਓਰਸ਼ਿਪ ਵੱਲੋਂ ਸਿਖਲਾਈ ਪ੍ਰੋਗਰਾਮ



ਮੰਡੀ ਗੋਬਿੰਦਗੜ੍ਹ, 2 ਸਤੰਬਰ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਸਕੂਲ ਆਫ਼ ਲਾਅ ਨੇ ਸੰਸਥਾ ਦੀ ਇਨੋਵੇਸ਼ਨ ਕੌਂਸਲ (ਆਈਆਈਸੀ) ਦੇ ਸਹਿਯੋਗ ਨਾਲ, ਫਤਿਹਗੜ੍ਹ ਸਾਹਿਬ ਦੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਸਰਕਾਰੀ ਐਲੀਮੈਂਟਰੀ ਸਕੂਲ, ਕੰਜਾਰੀ ਵਿੱਚ 'ਸਕੂਲਾਂ ਵਿੱਚ ਏਟੀਐਲ/ਐਸਆਈਸੀ ਨੂੰ ਸ਼ਾਮਲ ਕਰਕੇ ਇਨੋਵੇਸ਼ਨ ਤੇ ਐਂਟਰਪ੍ਰਨਿਓਰਸ਼ਿਪ ਆਊਟਰੀਚ' 'ਤੇ ਇੱਕ ਸਿਖਲਾਈ ਪ੍ਰੋਗਰਾਮ ਕਰਵਾਇਆ। ਇਸ ਪਹਿਲ ਦਾ ਉਦੇਸ਼ ਨੌਜਵਾਨ ਵਿਦਿਆਰਥੀਆਂ ਵਿੱਚ ਨਵੀਨਤਾ, ਰਚਨਾਤਮਕਤਾ ਤੇ ਉੱਦਮੀ ਸੋਚ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਆਊਟਰੀਚ ਪ੍ਰੋਗਰਾਮ ਨੇ ਸਕੂਲ ਪੱਧਰ 'ਤੇ ਸਮੱਸਿਆ-ਹੱਲ, ਡਿਜ਼ਾਈਨ ਸੋਚ ਤੇ ਲੀਡਰਸ਼ਿਪ ਦੇ ਸੱਭਿਆਚਾਰ ਨੂੰ ਪੈਦਾ ਕਰਨ ਵਿੱਚ ਅਟਲ ਟਿੰਕਰਿੰਗ ਲੈਬਜ਼ (ਏਟੀਐਲ) ਤੇ ਸਕੂਲ ਇਨੋਵੇਸ਼ਨ ਕੌਂਸਲਾਂ (ਐਸਆਈਸੀ) ਦੀਆਂ ਮਹੱਤਵਪੂਰਨ ਭੂਮਿਕਾਵਾਂ ਨੂੰ ਉਜਾਗਰ ਕੀਤਾ। ਇਨ੍ਹਾਂ ਸੈਸ਼ਨਾਂ ਦੀ ਅਗਵਾਈ ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਸਹਾਇਕ ਪ੍ਰੋਫੈਸਰ ਤੇ ਆਈਆਈਸੀ ਦੀਆਂ ਸਰਗਰਮ ਮੈਂਬਰਾਂ ਡਾ. ਆਰਤੀ ਤੇ ਡਾ. ਪ੍ਰਭਜੋਤ ਕੌਰ ਨੇ ਕੀਤੀ। ਸਰੋਤ ਵਿਅਕਤੀਆਂ ਨੇ ਵਿਦਿਆਰਥੀਆਂ ਨੂੰ ਵਿਹਾਰਕ ਗਤੀਵਿਧੀਆਂ, ਪ੍ਰਦਰਸ਼ਨਾਂ ਤੇ ਖੁੱਲ੍ਹੀ ਚਰਚਾ ਰਾਹੀਂ ਸ਼ਾਮਲ ਕੀਤਾ, ਰੋਜ਼ਾਨਾ ਜੀਵਨ ਵਿੱਚ ਨਵੀਨਤਾ ਦੀ ਵਿਹਾਰਕ ਸਾਰਥਕਤਾ ਤੇ ਕਰੀਅਰ ਮਾਰਗ ਵਜੋਂ ਉੱਦਮਤਾ ਦੀ ਵਿਸ਼ਾਲ ਸੰਭਾਵਨਾ 'ਤੇ ਜ਼ੋਰ ਦਿੱਤਾ। ਸੈਸ਼ਨਾਂ ਨੂੰ ਵਿਦਿਆਰਥੀਆਂ ਵੱਲੋਂ ਉਤਸ਼ਾਹਜਨਕ ਹੁੰਗਾਰਾ ਮਿਲਿਆ, ਜਿਨ੍ਹਾਂ ਨੇ ਸਰਗਰਮੀ ਨਾਲ ਹਿੱਸਾ ਲਿਆ ਤੇ ਆਪਣੀਆਂ ਰਚਨਾਤਮਕ ਯੋਗਤਾਵਾਂ ਦੀ ਪੜਚੋਲ ਕਰਨ ਵਿੱਚ ਡੂੰਘੀ ਦਿਲਚਸਪੀ ਦਿਖਾਈ। ਸਰਕਾਰੀ ਐਲੀਮੈਂਟਰੀ ਸਕੂਲ, ਕਾਂਝਰੀ ਦੇ ਈਟੀਟੀ ਅਧਿਆਪਕ ਨਰਿੰਦਰ ਸਿੰਘ ਨੇ ਦੇਸ਼ ਭਗਤ ਯੂਨੀਵਰਸਿਟੀ ਦੀ ਟੀਮ ਦਾ ਨੌਜਵਾਨਾਂ ਆਪਣੇ ਚੰਗੇ ਭਵਿੱਖ ਲਈ ਸਿਖਲਾਈ ਦੇਣ ਵਾਸਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪ੍ਰੋਗਰਾਮ ਨੇ ਉੱਚ ਵਿਦਿਅਕ ਸੰਸਥਾਵਾਂ ਤੇ ਜ਼ਮੀਨੀ ਸਕੂਲਾਂ ਵਿਚਕਾਰ ਸਹਿਯੋਗ ਨੂੰ ਸਫਲਤਾਪੂਰਵਕ ਉਤਸ਼ਾਹਿਤ ਕਰਦਿਆਂ ਸ਼ੁਰੂਆਤੀ ਵਿਦਿਅਕ ਪੜਾਅ 'ਤੇ ਨਵੀਨਤਾ ਤੇ ਉਦਮਤਾ ਈਕੋਸਿਸਟਮ ਨੂੰ ਮਜ਼ਬੂਤ ਕੀਤਾ।

## ਅੱਖਾਂ ਦਾਨ ਮੁਹਿੰਮ ਨੂੰ ਇੱਕ ਪ੍ਰਸਿੱਧ ਲਹਿਰ ਬਣਾਉਣ ਦੀ ਲੋੜ ਹੈ: ਐਸ.ਐਮ.ਓ. ਡਾ. ਗੋਇਲ



ਫਾਜ਼ਿਲਕਾ, 2 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਰਾਸ਼ਟਰੀ ਅੱਖਾਂ ਦਾਨ ਪੰਦਰਵਾੜੇ ਪ੍ਰੋਗਰਾਮ ਅਨੁਸਾਰ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਖੂਈਖੇੜਾ ਵਿੱਚ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਅਰਪਿਤ ਗੁਪਤਾ, ਸਹਾਇਕ ਸਿਵਲ ਸਰਜਨ/ਸੀਨੀਅਰ ਮੈਡੀਕਲ ਅਫ਼ਸਰ ਡਾ. ਰੋਹਿਤ ਗੋਇਲ ਦੀ ਨਿਗਰਾਨੀ ਹੇਠ ਇੱਕ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ ਇਸ ਅੱਖ ਦਾਨ ਪੰਦਰਵਾੜੇ ਦੇ ਮੌਕੇ 'ਤੇ ਐਸਐਮਓ ਡਾ. ਗੋਇਲ ਨੇ ਕਿਹਾ ਕਿ ਅੱਖਾਂ ਮੌਤ ਤੋਂ ਬਾਅਦ ਹੀ ਦਾਨ ਕੀਤੀਆਂ ਜਾ ਸਕਦੀਆਂ ਹਨ ਤੇ ਦਾਨ ਮੌਤ ਦੇ 4 ਤੋਂ 6 ਘੰਟਿਆਂ ਦੇ ਅੰਦਰ ਕੀਤਾ ਜਾਣਾ ਚਾਹੀਦਾ ਹੈ। ਭਾਵੇਂ ਕਿਸੇ ਕੋਲ ਐਨਕ ਹੋਵੇ ਜਾਂ ਅੱਖਾਂ ਦਾ ਆਪ੍ਰੇਸ਼ਨ ਹੋਇਆ ਹੋਵੇ ਜਾਂ ਲੈਂਸ ਲੱਗੇ ਹੋਣ, ਅੱਖਾਂ ਫਿਰ ਵੀ ਦਾਨ ਕੀਤੀਆਂ ਜਾ ਸਕਦੀਆਂ ਹਨ। ਕਿਉਂਕਿ ਇੱਕ ਵਿਅਕਤੀ ਦੀਆਂ ਅੱਖਾਂ ਦਾਨ ਕਰਨ ਨਾਲ ਦੋ ਲੋਕਾਂ ਦੀ ਜ਼ਿੰਦਗੀ ਰੋਸ਼ਨ ਹੋ ਸਕਦੀ ਹੈ। ਅੱਖਾਂ ਦਾਨ ਮੁਹਿੰਮ ਨੂੰ ਇੱਕ ਪ੍ਰਸਿੱਧ ਲਹਿਰ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਡਾ. ਰੋਹਿਤ ਗੋਇਲ ਨੇ ਕਿਹਾ ਕਿ ਲੋਕਾਂ ਨੂੰ ਇਸ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ। ਟੀਮ ਵੱਲੋਂ ਅੱਖਾਂ ਦਾਨ ਦੀ ਪ੍ਰਕਿਰਿਆ 15 ਤੋਂ 20 ਮਿੰਟਾਂ ਵਿੱਚ ਪੂਰੀ ਕੀਤੀ ਜਾਂਦੀ ਹੈ। ਨੇਤਰ ਵਿਗਿਆਨੀ ਮਨਦੀਪ ਸਿੰਘ ਤੇ ਬਲਾਕ ਮਾਸ ਮੀਡੀਆ ਇੰਚਾਰਜ ਬੀਈਈ ਸੁਸ਼ੀਲ ਕੁਮਾਰ ਨੇ ਕਿਹਾ ਕਿ ਇਸ ਵਿਭਾਗ ਵੱਲੋਂ 8 ਸਤੰਬਰ ਤੱਕ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ।

## ਡੀ.ਸੀ. ਤੇ ਐਸ.ਐਸ.ਪੀ. ਵੱਲੋਂ ਅਗਲੇਰੇ ਬੰਨ੍ਹਾਂ 'ਤੇ ਪਹੁੰਚ ਕੇ ਰਾਹਤ ਕਾਰਜਾਂ ਦਾ ਜਾਇਜ਼ਾ

☛ ਲੋੜਵੰਦਾਂ ਨੂੰ 6196 ਰਾਸ਼ਨ ਕਿੱਟਾਂ, 3278 ਬੈਗ ਕੈਟਲ ਫੀਡ ਤਕਸੀਮ: ਅਮਰਪ੍ਰੀਤ ਕੌਰ ਸੰਧੂ



ਫਾਜ਼ਿਲਕਾ, 2 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਤੇ ਐਸਐਸਪੀ ਗੁਰਮੀਤ ਸਿੰਘ ਨੇ ਅੱਜ ਸਰਹੱਦੀ ਪਿੰਡਾਂ ਵਿਚ ਅਗਲੇਰੇ ਬੰਨ੍ਹਾਂ 'ਤੇ ਪਹੁੰਚ ਕੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਹੜ ਪ੍ਰਭਾਵਿਤਾਂ ਤੱਕ ਰਾਹਤ ਸਮੱਗਰੀ ਦੀ ਪਹੁੰਚ ਯਕੀਨੀ ਬਣਾਉਣ ਦੇ ਉਦੇਸ਼ ਨਾਲ ਲਗਾਤਾਰ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਹੁਣ ਤੱਕ 6196 ਰਾਸ਼ਨ ਕਿੱਟਾਂ ਦੀ ਵੰਡ ਕੀਤੀ ਗਈ ਹੈ ਜਦ ਕਿ ਮਵੇਸੀਆਂ ਲਈ 3278 ਬੈਗ ਕੈਟਲ ਫੀਡ ਦੀ ਵੰਡ ਕੀਤੀ ਗਈ ਹੈ। ਇਸ ਤੋਂ ਬਿਨ੍ਹਾਂ 1118 ਕੁਇੰਟਲ ਹਰਾ ਚਾਰਾ ਤੇ ਰਾਹਤ ਕੈਂਪਾਂ ਵਿਚ ਜ਼ਰੂਰਤ ਅਨੁਸਾਰ ਤੂੜੀ ਮੁਹੱਈਆ ਕਰਵਾਈ ਜਾ ਰਹੀ ਹੈ। ਜ਼ਿਲ੍ਹੇ ਦੀ 21562 ਅਬਾਦੀ ਹੜ੍ਹਾਂ ਨਾਲ ਪ੍ਰਭਾਵਿਤ ਹੈ ਤੇ 2422 ਲੋਕਾਂ ਨੂੰ ਪ੍ਰਭਾਵਿਤ ਪਿੰਡਾਂ ਵਿੱਚੋਂ ਐਨਡੀਆਰਐਫ ਤੇ ਆਰਮੀ ਦੀਆਂ ਟੀਮਾਂ ਰਾਹੀਂ ਜ਼ਿਲ੍ਹਾ ਪ੍ਰਸ਼ਾਸਨ ਨੇ ਸੁਰੱਖਿਅਤ ਬਾਹਰ ਕੱਢਿਆ ਹੈ। 1304 ਲੋਕ ਰਾਹਤ ਕੈਂਪਾਂ ਵਿਚ ਰਹਿ ਰਹੇ ਹਨ ਜਿਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਲੰਗਰ ਤੇ ਹੋਰ ਜ਼ਰੂਰੀ ਸੁਵਿਧਾ ਦਿੱਤੀ ਜਾ ਰਹੀ ਹੈ। ਇਸ ਦੌਰਾਨ ਡਿਪਟੀ ਕਮਿਸ਼ਨਰ ਤੇ ਐਸਐਸਪੀ ਨੇ ਨੂਰ ਸ਼ਾਹ ਵਿਖੇ ਬੰਨ੍ਹ 'ਤੇ ਪਹੁੰਚ ਕੇ ਰਾਹਤ ਕਾਰਜਾਂ ਵਿਚ ਲੱਗੀਆਂ ਟੀਮਾਂ ਦੀ ਹੌਂਸਲਾ ਅਫਜ਼ਾਈ ਕੀਤੀ ਤੇ ਇੱਥੇ ਲੋਕਾਂ ਨਾਲ ਗੱਲਬਾਤ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਢਾਣੀ ਬਚਨ ਸਿੰਘ ਦਾ ਦੌਰਾ ਕਰਕੇ ਪਿੰਡ ਵਾਸੀਆਂ ਦਾ ਹਾਲਚਾਲ ਜਾਣਿਆ ਤੇ ਫਿਰ ਕਾਵਾਂ ਵਾਲੀ ਪੱਤਣ 'ਤੇ ਸਥਿਤੀ ਦਾ ਜਾਇਜ਼ਾ ਲਿਆ। ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਐਨਡੀਆਰਐਫ, ਆਰਮੀ ਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਕਿਸ਼ਤੀਆਂ ਕਰੀਕ ਪਾਰ ਦੇ ਪਿੰਡਾਂ ਤੱਕ ਰਸਦ ਪਹੁੰਚਾਉਣ ਲਈ ਲਗਾਈਆਂ ਗਈਆਂ ਹਨ। ਇਸ ਮੌਕੇ ਸਹਾਇਕ ਕਮਿਸ਼ਨਰ ਜਨਰਲ ਅਮਨਦੀਪ ਸਿੰਘ ਮਾਵੀ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ।

## ਫ਼ਰਜ਼ੀ ਪਾਸਪੋਰਟ ਨਾਲ ਭਾਰਤ 'ਚ ਦਾਖ਼ਲ ਹੋਣ 'ਤੇ ਹੋਵੇਗੀ ਸੱਤ ਸਾਲ ਤੱਕ ਦੀ ਜੇਲ੍ਹ

ਨਵੀਂ ਦਿੱਲੀ, 2 ਸਤੰਬਰ (ਚ.ਨ.ਸ.): ਭਾਰਤ 'ਚ ਦਾਖ਼ਲ ਹੋਣ ਦੇਸ਼ 'ਚ ਰਹਿਣ ਜਾਂ ਦੇਸ਼ ਤੋਂ ਬਾਹਰ ਜਾਣ ਲਈ ਜਾਅਲੀ ਪਾਸਪੋਰਟ ਜਾਂ ਵੀਜ਼ੇ ਦੀ ਵਰਤੋਂ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਹੁਣ ਸੱਤ ਸਾਲਾਂ ਤੱਕ ਦੀ ਜੇਲ੍ਹ ਤੇ 10 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਸੋਮਵਾਰ ਨੂੰ ਵਿਦੇਸ਼ੀਆਂ ਤੇ ਇਮੀਗ੍ਰੇਸ਼ਨ ਸਬੰਧਤ ਮਾਮਲਿਆਂ ਨੂੰ ਰੈਗੂਲੇਟ ਕਰਨ ਵਾਲਾ ਨਵਾਂ ਕਾਨੂੰਨ ਲਾਗੂ ਹੋ ਗਿਆ। ਇਮੀਗ੍ਰੇਸ਼ਨ ਤੇ ਵਿਦੇਸ਼ੀ ਐਕਟ, 2025 ਬਜਟ ਸੈਸ਼ਨ ਦੌਰਾਨ ਸੰਸਦ ਵੱਲੋਂ ਪਾਸ ਕੀਤਾ ਗਿਆ ਸੀ ਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਚਾਰ ਅਪ੍ਰੈਲ, 2025 ਨੂੰ ਇਸ ਨੂੰ ਆਪਣੀ ਮਨਜ਼ੂਰੀ ਦਿੱਤੀ ਸੀ। ਗ੍ਰਹਿ ਮੰਤਰਾਲੇ ਦੇ ਐਡੀਸ਼ਨਲ ਸਕੱਤਰ ਨਿਤੇਸ਼ ਕੁਮਾਰ ਵਿਆਸ ਨੇ ਇਕ ਸਤੰਬਰ, 2025 ਤੋਂ ਐਕਟ ਦੀਆਂ ਮਦਾਂ ਲਾਗੂ ਹੋਣ ਦੀ ਤਰੀਕ ਤੈਅ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ। ਫਿਲਹਾਲ, ਇਸ ਕਾਨੂੰਨ 'ਚ ਹੋਟਲਾਂ, ਯੂਨੀਵਰਸਿਟੀਆਂ ਤੇ ਹੋਰ ਵਿੱਦਿਅਕ ਅਦਾਰਿਆਂ, ਹਸਪਤਾਲਾਂ ਤੇ ਨਰਸਿੰਗ ਹੋਮਾਂ ਵੱਲੋਂ ਵਿਦੇਸ਼ੀਆਂ ਦੇ ਬਾਰੇ ਜਾਣਕਾਰੀ ਲਾਜ਼ਮੀ ਤੌਰ 'ਤੇ ਦੇਣ ਦੀ ਵੀ ਵਿਵਸਥਾ ਹੈ ਤਾਂ ਜੋ ਤੈਅ ਸਮੇਂ ਤੋਂ ਜ਼ਿਆਦਾ ਸਮੇਂ ਤੱਕ ਠਹਿਰਣ ਵਾਲੇ ਵਿਦੇਸ਼ੀਆਂ 'ਤੇ ਨਜ਼ਰ ਰੱਖੀ ਜਾ ਸਕੇ। ਸਾਰੀਆਂ ਅੰਤਰਰਾਸ਼ਟਰੀ ਏਅਰਲਾਈਨਾਂ ਤੇ ਜਹਾਜ਼ਾਂ ਨੂੰ ਭਾਰਤ 'ਚ ਕਿਸੇ ਬੰਦਰਗਾਹ ਜਾਂ ਸਥਾਨ 'ਤੇ ਕਿਸੇ ਨਾਗਰਿਕ ਅਥਾਰਟੀ ਜਾਂ ਇਮੀਗ੍ਰੇਸ਼ਨ ਅਧਿਕਾਰੀ ਨੂੰ ਯਾਤਰੀਆਂ ਤੇ ਚਾਲਕ ਦਲ ਦੀ ਸੂਚੀ 'ਤੇ ਅਗਾਊਂ ਸੂਚਨਾ ਪੇਸ਼ ਕਰਨੀ ਪਵੇਗੀ।

## 18ਵਾਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ ਮੁਲਤਵੀ, ਹੜ੍ਹ ਪੀੜਤ ਪਿੰਡਾਂ ਨੂੰ ਗੋਦ ਲੈਣ ਦਾ ਐਲਾਨ



ਫਾਜ਼ਿਲਕਾ, 2 ਸਤੰਬਰ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਨੇ ਜਾਨੀ ਤੇ ਮਾਲੀ ਵੱਡਾ ਨੁਕਸਾਨ ਕੀਤਾ ਹੈ, ਜਿਸ ਨਾਲ ਹਰ ਪੰਜਾਬੀ ਦਾ ਦਿਲ ਦੁੱਖੀ ਹੈ। ਇਸ ਦੁੱਖ ਭਰੇ ਸਮੇਂ ਵਿੱਚ ਲੋਕਾਂ ਦੀ ਭਲਾਈ ਲਈ ਯਤਨਸ਼ੀਲ ਦੇਸ਼ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫੇਅਰ ਕੌਂਸਲ ਨੇ ਲੋਕਾਂ ਨਾਲ ਹਮਦਰਦੀ ਤੇ ਸੰਵੇਦਨਾ ਜਤਾਉਂਦਿਆਂ ਵੱਡਾ ਫੈਸਲਾ ਕੀਤਾ ਹੈ ਕਿ 10 ਸਤੰਬਰ 2025 ਨੂੰ ਕੋਟਕਪੂਰਾ ਵਿਖੇ ਹੋਣ ਜਾ ਰਿਹਾ '18ਵਾਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ' ਹੁਣ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਸੰਸਥਾ ਦੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ (ਆਈਐਫਐਸ, ਰਿਟਾਇਰਡ) ਨੇ ਸਪੱਸ਼ਟ ਕਿਹਾ ਕਿ "ਜਦ ਤੱਕ ਪੰਜਾਬ ਖੁਸ਼ਹਾਲ ਤੇ ਸੁਖੀ ਨਹੀਂ ਹੋ ਜਾਂਦਾ, ਅਸੀਂ ਰਾਜ ਪੁਰਸਕਾਰ ਸਮਾਰੋਹ ਮਨਾਉਣ ਦੀ ਬਜਾਏ ਲੋਕਾਂ ਦੇ ਦੁੱਖ ਵਿੱਚ ਸਾਥ ਨਿਭਾਵਾਂਗੇ। ਲੋਕਾਂ ਦੇ ਦਰਦ ਵਿੱਚ ਖੜ੍ਹਨਾ ਹੀ ਸਾਡਾ ਅਸਲ ਧਰਮ ਤੇ ਸਾਡੀ ਸੰਸਥਾ ਦਾ ਮੁੱਖ ਉਦੇਸ਼ ਹੈ ਉਨ੍ਹਾਂ ਨੇ ਕਿਹਾ ਕਿ ਕੌਂਸਲ ਵੱਲੋਂ ਹੜ੍ਹਾਂ ਕਰਕੇ ਪ੍ਰਭਾਵਿਤ ਹੋਏ ਕੁਝ ਪਿੰਡਾਂ ਨੂੰ ਅਡੋਪਟ ਕਰਕੇ ਉਥੇ ਰਾਹਤ ਤੇ ਪੁਨਰਵਾਸ ਕਾਰਜ ਸ਼ੁਰੂ ਕੀਤੇ ਜਾਣਗੇ। ਸੰਸਥਾ ਵੱਲੋਂ ਅਪਣਾਏ ਗਏ ਪਿੰਡਾਂ ਦੇ ਵਸਨੀਕਾਂ ਨੂੰ ਪੁੱਛ ਕੇ ਉਨ੍ਹਾਂ ਦੀ ਲੋੜ ਅਨੁਸਾਰ ਮਦਦ ਕੀਤੀ ਜਾਵੇਗੀ। ਮਦਦ ਵਿੱਚ ਫਸਲਾਂ ਲਈ ਬੀਜ, ਪਸ਼ੂਆਂ ਲਈ ਚਾਰਾ, ਦਵਾਈਆਂ, ਕੱਪੜੇ, ਰਾਸ਼ਨ ਤੇ ਫਰਨੀਚਰ ਆਦਿ ਲੋੜਵੰਦ ਸਮੱਗਰੀ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਪ੍ਰੋਫੈਸਰ ਬਾਈ ਭੋਲਾ ਯਮਲਾ ਨੇ ਦੇਸ਼-ਵਿਦੇਸ਼ ਦੀਆਂ ਸਾਰੀਆਂ ਸੰਸਥਾਵਾਂ ਅਤੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਇੱਕ-ਇੱਕ ਪਿੰਡ ਅਡੋਪਟ ਕਰਕੇ ਪੰਜਾਬ ਤੇ ਪੰਜਾਬੀਆਂ ਦੀ ਮਦਦ ਕਰਨ। ਭੋਲਾ ਯਮਲਾ ਨੇ ਸੰਸਥਾ ਦੇ ਆਪਣੇ ਮੈਂਬਰਾਂ, ਅਹੁਦੇਦਾਰਾਂ ਤੇ ਜ਼ਿਲ੍ਹਾ ਇਕਾਈਆਂ ਨੂੰ ਵਿਸ਼ੇਸ਼ ਅਪੀਲ ਕੀਤੀ ਹੈ ਕਿ ਉਹ ਆਪਣੇ ਖੇਤਰਾਂ ਵਿੱਚ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਅੱਗੇ ਆਉਣ। ਉਨ੍ਹਾਂ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਇੰਡਕ ਆਰਟਸ ਵੈਲਫੇਅਰ ਕੌਂਸਲ ਕੇਵਲ ਕਲਾ ਤੇ ਸੱਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਹੀ ਨਹੀਂ ਸਗੋਂ ਲੋਕਾਂ ਦੇ ਹਰ ਦੁੱਖ-ਸੁੱਖ ਵਿੱਚ ਸਾਥ ਨਿਭਾਉਣ ਲਈ ਯਤਨਸ਼ੀਲ ਹੈ। ਅੱਜ ਜਦੋਂ ਪੰਜਾਬੀ ਭਰਾ-ਭੈਣ ਮੁਸ਼ਕਲ ਵਿੱਚ ਹਨ, ਉਨ੍ਹਾਂ ਨਾਲ ਖੜ੍ਹਨਾ ਹੀ ਸਾਡਾ ਸਭ ਤੋਂ ਵੱਡਾ ਸਨਮਾਨ ਤੇ ਸੇਵਾ ਹੈ।

## ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਾਹਤ ਕਾਰਜ ਜਾਰੀ: ਡੀ.ਸੀ.

☛ 3400 ਤੋਂ ਵੱਧ ਹੜ੍ਹ ਪੀੜਤਾਂ ਨੂੰ ਕੀਤਾ ਗਿਆ ਰੈਸਕਿਊ



ਫ਼ਿਰੋਜ਼ਪੁਰ, 2 ਸਤੰਬਰ (ਤਿਵਾੜੀ): ਸਤਲੁਜ ਦਰਿਆ ਦੇ ਪਾਣੀ ਦੀ ਮਾਰ ਹੇਠ ਆਏ ਲੋਕਾਂ ਨੂੰ ਰਾਹਤ ਮੁਹੱਈਆ ਕਰਵਾਉਣ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਦਿਨ-ਰਾਤ ਰਾਹਤ ਕਾਰਜ ਕੀਤੇ ਜਾ ਰਹੇ ਹਨ ਤੇ ਲੋਕਾਂ ਨੂੰ ਰਾਹਤ ਸਮੱਗਰੀ ਨਿਰਵਿਘਨ ਮੁਹੱਈਆ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੇ ਕਰੀਬ 112 ਪਿੰਡਾਂ ਦੇ 28,240 ਲੋਕ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਆਰਮੀ, ਐਨਡੀਆਰਐਫ, ਬੀਐਸਐਫ ਤੇ ਪੰਜਾਬ ਪੁਲਿਸ ਦੇ ਸਹਿਯੋਗ ਦੇ ਨਾਲ 3410 ਹੜ੍ਹ ਪੀੜਤਾਂ ਨੂੰ ਰੈਸਕਿਊ ਕਰਕੇ ਪਾਣੀ ਵਿੱਚੋਂ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਬਣਾਏ ਗਏ ਵੱਖ-ਵੱਖ ਰਾਹਤ ਕੈਂਪਾਂ ਵਿੱਚ ਰਹਿ ਰਹੇ ਲੋਕਾਂ ਨੂੰ ਹਰ ਲੋੜੀਂਦੀ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤਾਂ ਨੂੰ ਸੁੱਕਾ ਰਾਸ਼ਨ ਤੇ ਪਸ਼ੂਆਂ ਲਈ ਚਾਰਾ ਵੀ ਮੁਹੱਈਆ ਕਰਵਾਇਆ ਗਿਆ ਹੈ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਦੱਸਿਆ ਕਿ ਪਿੰਡ ਹਬੀਬ ਕੇ ਵਿਖੇ 10 ਲਾਈਫ ਜੈਕਟਾਂ ਸਮੇਤ 01 ਬੋਟ ਦੀ ਜ਼ਰੂਰਤ ਸੀ, ਜੋ ਮੌਕੇ 'ਤੇ ਮੁਹੱਈਆ ਕਰਵਾਈ ਗਈ ਹੈ। ਸਰਕਾਰੀ ਸਕੂਲ ਬਾਰੇ ਕੇ ਵਿਖੇ ਬਣਾਏ ਗਏ ਰਾਹਤ ਕੈਂਪ ਵਿੱਚ ਰੱਖੇ ਗਏ 250 ਤੋਂ ਵੱਧ ਹੜ੍ਹ ਪੀੜਤਾਂ ਨੂੰ ਨਾਸ਼ਤਾ, ਦੁਪਹਿਰ ਤੇ ਰਾਤ ਦਾ ਖਾਣਾ ਮੁਹੱਈਆ ਕਰਵਾਇਆ ਜਾ ਰਿਹਾ ਹੈ ਤੇ ਇਸੇ ਜਗ੍ਹਾ 'ਤੇ ਸਿਹਤ ਵਿਭਾਗ ਵੱਲੋਂ ਇੱਕ ਮੈਡੀਕਲ ਕੈਂਪ ਵੀ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜੇਕਰ ਹੋਰ ਬਾਰਿਸ਼ ਹੁੰਦੀ ਹੈ ਤਾਂ ਇਸ ਸਬੰਧੀ ਅਧਿਕਾਰੀਆਂ ਨੂੰ ਸੁਚੇਤ ਰਹਿਣ ਲਈ ਕਿਹਾ ਗਿਆ ਹੈ ਤੇ ਪਿੰਡ ਵਾਸੀਆਂ ਦੀ ਜ਼ਰੂਰਤ ਅਨੁਸਾਰ ਹਰ ਸਹਾਇਤਾ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੰਮ ਕਰ ਰਹੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕੱਪੜੇ, ਚਾਦਰਾਂ, ਸੈਨੇਟਰੀ ਨੈਪਕਿਨ ਸਮੇਤ ਹਰ ਤਰ੍ਹਾਂ ਦਾ ਜ਼ਰੂਰੀ ਸਮਾਨ ਮੁਹੱਈਆ ਕਰਵਾਉਣ ਲਈ ਕਿਹਾ ਗਿਆ ਹੈ। ਪਿੰਡ ਰੁਕਨੇ ਵਾਲਾ ਅਤੇ ਮਹਿਮੂਦ ਵਾਲਾ ਵਿਖੇ ਬੰਨ ਤੇ 50-50 ਕੁਅੰਟਲ ਮੱਕੀ ਦਾ ਆਚਾਰ ਮੁਹੱਈਆ ਕਰਵਾਇਆ ਗਿਆ ਹੈ। ਹੜ੍ਹਾਂ ਸਬੰਧੀ ਕੋਈ ਜਾਣਕਾਰੀ ਜਾਂ ਲੋੜ ਪੈਣ 'ਤੇ ਕੰਟਰੋਲ ਰੂਮ ਦੇ ਨੰਬਰ 01632-244017 'ਤੇ ਸੰਪਰਕ ਕੀਤਾ ਜਾ ਸਕਦਾ ਹੈ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵੀ ਰਾਬਤਾ ਕੀਤਾ ਜਾ ਸਕਦਾ ਹੈ।

## ਪਾਵਰਕਾਮ ਤੇ ਟਰਾਂਸਕੋ ਪਾਵਰਕਾਮ ਦੇ ਕੱਚੇ ਮੁਲਾਜ਼ਮਾਂ ਨੇ ਕੀਤੀ ਮੀਟਿੰਗ



ਜ਼ੀਰਾ, 2 ਸਤੰਬਰ (ਦੀਪਕ ਭਾਰਗੋ): ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਜ਼ੀਰਾ ਡਵੀਜ਼ਨ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਸਰਕਲ ਆਗੂ ਅਤੇ ਡਵੀਜ਼ਨ ਆਗੂ ਹਾਜ਼ਰ ਰਹੇ, ਜਿਸ ਵਿੱਚ ਜਥੇਬੰਦੀ ਵੱਲੋਂ ਕੱਚੇ ਕਾਮਿਆਂ ਨੂੰ ਪੱਕਾ ਕਰਵਾਉਣ ਸਬੰਧੀ ਜਾਣਕਾਰੀ ਦਿੱਤੀ ਗਈ। ਜਿਸ ਵਿੱਚ ਟੈਲੀ ਪਰਫੋਰਮੈਂਸ ਗਲੋਬਲ ਬਿਜਨਸ ਪ੍ਰਾਈਵੇਟ ਲਿਮਟਿਡ ਰਾਹੀਂ ਭਰਤੀ ਵੱਖ-ਵੱਖ ਪੋਸਟਾਂ 'ਤੇ ਕੰਮ ਕਰਦੇ ਕਾਮਿਆਂ ਨੂੰ ਯੂਨੀਅਨ ਵਿੱਚ ਸ਼ਾਮਲ ਕਰਵਾਇਆ ਗਿਆ ਤੇ ਉਨ੍ਹਾਂ ਨੂੰ ਜਥੇਬੰਦੀ ਦੇ ਆਗੂਆਂ ਨੇ ਭਰੋਸਾ ਦਿਵਾਇਆ ਕਿ ਕਿਸੇ ਵੀ ਤਰ੍ਹਾਂ ਦੀ ਲੋੜ ਪੈਣ 'ਤੇ ਜਥੇਬੰਦੀ ਮੋਢੇ ਨਾਲ ਮੋਢਾ ਲਗਾ ਕੇ ਕੰਮ ਕਰੇਗੀ। ਇਸ ਮੌਕੇ ਸਰਕਲ ਪ੍ਰਧਾਨ ਸ਼ੇਰ ਸਿੰਘ, ਵਿਸ਼ਾਲ ਤੇਜੀ, ਡਵੀਜ਼ਨ ਪ੍ਰਧਾਨ ਨਛੱਤਰ ਸਿੰਘ, ਸਬ ਡਵੀਜ਼ਨ ਪ੍ਰਧਾਨ ਗੁਰਜੰਟ ਸਿੰਘ, ਸੁਮਿੰਦਰ ਸਿੰਘ, ਹਰਜਿੰਦਰ ਸਿੰਘ, ਸਾਹਿਲ ਸ਼ਰਮਾ, ਪ੍ਰਦੀਪ ਕੁਮਾਰ, ਵਿੱਕੀ, ਅਨਿਲ ਕੁਮਾਰ, ਮੱਖਣ ਸਿੰਘ, ਹਰਪ੍ਰੀਤ ਸਿੰਘ, ਗੁਰਭੇਜ ਸਿੰਘ, ਗੁਰਵਿੰਦਰ ਸਿੰਘ, ਜਸਵੰਤ ਸਿੰਘ, ਗੁਰਜੰਟ ਸਿੰਘ ਕਾਮੇ ਹਾਜ਼ਰ ਰਹੇ।

## ਕਾਂਗਰਸ ਪਾਰਟੀ ਹੀ ਦੇਸ਼ ਤੇ ਪੰਜਾਬ ਦਾ ਭਲਾ ਕਰ ਸਕਦੀ ਹੈ: ਡਾ. ਅਮਰ ਸਿੰਘ, ਰਣਦੀਪ ਸਿੰਘ

☛ ਮਹਿਮੂਦਪੁਰ ਦੀ ਅਨੁਸੂਚਿਤ ਜਾਤੀ ਧਰਮਸ਼ਾਲਾ ਲਈ ਦਿੱਤੀ 5 ਲੱਖ ਦੀ ਗ੍ਰਾਂਟ



ਅਮਲੋਹ, 2 ਸਤੰਬਰ (ਜਸਵੰਤ ਸਿੰਘ): ਕਾਂਗਰਸ ਪਾਰਟੀ ਕਹਿਣੀ ਤੇ ਕਰਨੀ ਦੀ ਪਰਪੱਕ ਹੈ, ਜਿਸ ਨੇ ਹਮੇਸ਼ਾ ਹੀ ਪੰਜਾਬ ਅਤੇ ਦੇਸ਼ ਦੇ ਹਿੱਤਾਂ ਲਈ ਕੰਮ ਕੀਤਾ ਜਦੋਂ ਕਿ ਕੇਂਦਰ ਦੀ ਭਾਜਪਾ ਤੇ ਪੰਜਾਬ ਦੀ ਆਪ ਸਰਕਾਰ ਦੀ ਕਾਰਗੁਜ਼ਾਰੀ ਤੋਂ ਅੱਜ ਸੂਬੇ ਤੇ ਦੇਸ਼ ਦੇ ਲੋਕ ਜਾਣੂ ਹੋ ਚੁੱਕੇ ਹਨ, ਜਿਸ ਕਾਰਣ ਪੰਜਾਬ ਦੀਆਂ 2027 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਸ਼ਾਨਦਾਰ ਜਿੱਤ ਹਾਸਲ ਕਰਕੇ ਆਪਣੀ ਸਰਕਾਰ ਕਾਇਮ ਕਰੇਗੀ। ਇਹ ਗੱਲ ਫ਼ਤਹਿਗੜ੍ਹ ਸਾਹਿਬ ਹਲਕੇ ਦੇ ਲੋਕ ਸਭਾ ਮੈਂਬਰ ਡਾ. ਅਮਰ ਸਿੰਘ ਨੇ ਅਮਲੋਹ ਹਲਕੇ ਦੇ ਪਿੰਡ ਮਹਿਮੂਦਪੁਰ ਵਿਚ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਦੀ ਅਗਵਾਈ ਹੇਠ ਰੱਖੇ ਇਕ ਸਮਾਗਮ ਮੌਕੇ ਕਹੀ। ਉਨ੍ਹਾਂ ਲੋਕਾਂ ਨੂੰ ਕਾਂਗਰਸ ਪਾਰਟੀ ਦਾ ਡੱਟ ਕੇ ਸਾਥ ਦੇਣ ਦੀ ਅਪੀਲ ਕੀਤੀ ਤੇ ਆਪਣੇ ਐਮ.ਪੀ. ਕੋਟੇ ਵਿਚੋਂ ਪਿੰਡ ਮਹਿਮੂਦਪੁਰ ਦੀ ਅਨੁਸੂਚਿਤ ਜਾਤੀ ਦੀ ਧਰਮਸ਼ਾਲਾ ਲਈ ਸਾਬਕਾ ਮੰਤਰੀ ਰਣਦੀਪ ਸਿੰਘ ਨਾਭਾ ਵੱਲੋਂ ਐਲਾਨੀ 5 ਲੱਖ ਰੁਪਏ ਦੀ ਗਰਾਂਟ ਰਾਸ਼ੀ ਦਾ ਪ੍ਰਵਾਨਗੀ ਪੱਤਰ ਵੀ ਦਿੱਤਾ। ਉਨ੍ਹਾਂ ਭਰੋਸਾ ਦਿੱਤਾ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਬਲਾਕ ਕਾਂਗਰਸ ਅਮਲੋਹ ਦੇ ਪ੍ਰਧਾਨ ਜਗਵੀਰ ਸਿੰਘ ਸਲਾਣਾ, ਸਰਪੰਚ ਹਰਬੰਸ ਕੌਰ ਮਹਿਮੂਦਪੁਰ, ਸਾਬਕਾ ਸਰਪੰਚ ਹਰਦੀਪ ਸਿੰਘ, ਪੰਚ ਸਿਕੰਦਰ ਸਿੰਘ, ਜਗਤਾਰ ਸਿੰਘ ਤੰਗਰਾਲਾ, ਜਸਪਾਲ ਸਿੰਘ ਜੱਗਾ ਸਮਸਪੁਰ, ਗੁਰਮੀਤ ਸਿੰਘ ਟਿੱਬੀ, ਗੁਰਮੀਤ ਸਿੰਘ ਗਰੇਵਾਲ, ਗੁਰਦਰਸ਼ਨ ਸਿੰਘ, ਬਲਵਿੰਦਰ ਸਿੰਘ ਪੰਮਾ, ਪਾਖਰ ਸਿੰਘ ਘਟੀਡ, ਰਾਮ ਸਿੰਘ ਤੇ ਜੱਗੀ ਸ਼ੇਰਗੜ੍ਹ ਹਾਜ਼ਰ ਸਨ।

## 'ਆਪ' ਵੱਲੋਂ ਗੋਪਾਲ ਕਿਸ਼ਨ ਸ਼ੈਲੀ ਜੈਤੋ ਟਰੇਡ ਵਿੰਗ ਦੇ ਇੰਚਾਰਜ ਨਿਯੁਕਤ



ਜੈਤੋ, 2 ਸਤੰਬਰ (ਸੰਜੀਵ ਗੋਇਲ/ਵਿਪਨ ਗੋਇਲ): ਜੈਤੋ ਦੇ ਸਰਗਰਮ ਆਗੂ ਗੋਪਾਲ ਕਿਸ਼ਨ ਉਰਫ਼ ਸ਼ੈਲੀ ਨੂੰ ਆਮ ਆਦਮੀ ਪਾਰਟੀ ਵੱਲੋਂ ਜੈਤੋ ਟਰੇਡ ਵਿੰਗ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ 'ਤੇ ਜੈਤੋ ਵਿੱਚ ਖੁਸ਼ੀ ਦੀ ਲਹਿਰ ਦੌੜ ਪਈ ਹੈ। ਇਸ ਮੌਕੇ ਹਲਕਾ ਵਿਧਾਇਕ ਅਮੋਲਕ ਸਿੰਘ ਨੇ ਗੋਪਾਲ ਕਿਸ਼ਨ ਸ਼ੈਲੀ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ, ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਦੂਜੇ ਪਾਸੇ, ਗੋਪਾਲ ਕਿਸ਼ਨ ਸ਼ੈਲੀ ਨੇ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਹਲਕਾ ਵਿਧਾਇਕ ਅਮੋਲਕ ਸਿੰਘ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਨੂੰ ਜੋ ਜ਼ੁਮੇਵਾਰੀ ਦਿੱਤੀ ਹੈ, ਮੈਂ ਉਸ 'ਤੇ ਪੂਰਾ ਖਰਾ ਉਤਰਾਂਗਾ। ਉਨ੍ਹਾਂ ਨੇ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਮੈਂ ਹਰ ਸੰਭਵ ਕੋਸ਼ਿਸ਼ ਕਰਾਂਗਾ।

## ਜੁਗਰਾਜ ਸਿੰਘ ਨੂੰ ਕਿਸਾਨ ਕੋਆਰਡੀਨੇਟਰ ਤੇ ਸ਼ੰਮੀ ਜੈਨ ਨੂੰ ਟਰੇਡ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ



ਜ਼ੀਰਾ, 2 ਸਤੰਬਰ (ਦੀਪਕ ਭਾਰਗੋ): ਪੰਜਾਬ ਸਰਕਾਰ ਵੱਲੋਂ ਪਾਰਟੀ ਦੀ ਮਜ਼ਬੂਤੀ ਵਾਸਤੇ ਸਮੇਂ ਸਮੇਂ 'ਤੇ ਪਾਰਟੀ ਵਿੱਚ ਚੰਗੇ ਕੰਮ ਕਰਨ ਵਾਲਿਆਂ ਦੀਆਂ ਅਲੱਗ ਅਲੱਗ ਤਰੀਕੇ ਨਾਲ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਤੇ ਯੂਥ ਆਗੂ ਸ਼ੰਕਰ ਕਟਾਰੀਆ ਦੀ ਅਗਵਾਈ ਵਿੱਚ ਚੰਗੇ ਕੰਮ ਕਰਨ ਵਾਲਿਆਂ ਦੀਆਂ ਨਿਯੁਕਤੀਆਂ ਕਰਨ ਵਾਸਤੇ ਲਿਸਟਾਂ ਬਣਾਈਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਹਾਈਕਮਾਂਡ ਤੱਕ ਭੇਜਿਆ ਜਾਂਦਾ ਹੈ ਤੇ ਹਾਈਕਮਾਂਡ ਵੱਲੋਂ ਉਨ੍ਹਾਂ ਦੇ ਕੰਮ ਦੇ ਆਧਾਰ 'ਤੇ ਉਨ੍ਹਾਂ ਨੂੰ ਅਲੱਗ ਅਲੱਗ ਵਿਭਾਗਾਂ ਵਿੱਚ ਨਿਯੁਕਤ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਜ਼ੀਰਾ ਹਲਕੇ ਦੇ ਕਿਸਾਨ ਵਿੰਗ ਕੋਆਰਡੀਨੇਟਰ ਵਜੋਂ ਸਰਪੰਚ ਜੁਗਰਾਜ ਸਿੰਘ ਵਾੜਾ ਵਰਿਆਮ ਸਿੰਘ ਵਾਲਾ ਤੇ ਟਰੇਡ ਯੂਨੀਅਨ ਵਿੰਗ ਕੋਆਰਡੀਨੇਟਰ ਹਲਕਾ ਜ਼ੀਰਾ ਦੇ ਸ਼ਮੀ ਜੈਨ ਨੂੰ ਨਿਯੁਕਤ ਕੀਤਾ ਜੋ ਪਹਿਲਾਂ ਵੀ ਅਲੱਗ ਅਲੱਗ ਅਹੁਦਿਆਂ 'ਤੇ ਕੰਮ ਕਰ ਰਹੇ ਨੇ ਤੇ ਆਪਣੇ ਕੰਮ ਨੂੰ ਬਾਖੂਬੀ ਨਿਭਾ ਰਹੇ ਹਨ। ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਨੇ ਕਿਹਾ ਕਿ ਇਹ ਨਿਯੁਕਤੀਆਂ ਕਰਨ ਨਾਲ ਪਾਰਟੀ ਨੂੰ ਜਿੱਥੇ ਬਲ ਮਿਲੇਗਾ, ਉਥੇ ਲੋਕਾਂ ਦੀਆਂ ਸਮੱਸਿਆਵਾਂ ਪਾਰਟੀ ਪਲੇਟਫਾਰਮ 'ਤੇ ਲੈ ਕੇ ਜਾਣ ਦੇ ਇਹ ਸਕਸ਼ਮ ਹੋਣਗੇ। ਇਸ ਮੌਕੇ ਇਨ੍ਹਾਂ ਅਹੁਦੇਦਾਰਾਂ ਵੱਲੋਂ ਕਿਹਾ ਗਿਆ ਕਿ ਜੋ ਪਾਰਟੀ ਨੇ ਸਾਨੂੰ ਮਾਣ ਬਖਸ਼ਿਆ ਹੈ, ਅਸੀਂ ਉਸ ਦੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗੇ ਤੇ ਪਾਰਟੀ ਨੂੰ ਅੱਗੇ ਲੈ ਕੇ ਜਾਣ ਵਾਸਤੇ ਹਰ ਪ੍ਰਿਆਸ ਕਰਾਂਗੇ। ਇਸ ਮੌਕੇ ਉਨ੍ਹਾਂ ਨੂੰ ਵਧਾਈ ਦੇਣ ਵਾਲਿਆਂ ਵਿੱਚ ਹਰ ਭਗਵਾਨ ਸਿੰਘ ਭੋਲਾ, ਮਨਪ੍ਰੀਤ ਸਿੰਘ ਸੇਖਵਾਂ, ਦਰਬਾਰਾ ਸਿੰਘ ਪੀਐਸਓ, ਉਧਮ ਸਿੰਘ ਠੱਠਾ, ਰਾਮ ਸਿੰਘ ਲੌਂਗੋਦੇਵਾ, ਗੁਰਪ੍ਰੀਤ ਗੋਪੀ ਪ੍ਰਧਾਨ ਟਰੱਕ ਯੂਨੀਅਨ, ਧਰਮਪਾਲ ਚੁੱਘ ਸਾਬਕਾ ਪ੍ਰਧਾਨ ਨਗਰ ਕੌਂਸਲ ਜ਼ੀਰਾ, ਸਰਬਜੀਤ ਸ਼ਰਮਾ, ਲੱਕੀ ਸ਼ਰਮਾ, ਲੱਕੀ ਪਾਸੀ, ਸੁੱਖ ਜ਼ੀਰਾ, ਟੋਨੀ ਜ਼ੀਰਾ, ਸਰਪੰਚ ਤੀਰਥ ਸਿੰਘ ਫੇਰੋਕੇ, ਸਰਪੰਚ ਜੱਸਾ ਮੱਲੋਕੇ, ਸਰਪੰਚ ਰਣਬੀਰ ਸਿੰਘ ਬਾਠ, ਸਰਪੰਚ ਕਾਬਲ ਸਿੰਘ ਟਿੰਡਵਾਂ, ਸਰਪੰਚ ਬੋਹੜ ਸਿੰਘ ਰਟੋਲਬੇਟ, ਹਰਬੰਸ ਸਿੰਘ ਬੰਬ, ਮਨਦੀਪ ਸਿੰਘ ਕੋਠੇ ਗਾਦੜੀ ਵਾਲਾ, ਸਰਪੰਚ ਦਲਜੀਤ ਸਿੰਘ ਕੁਹਾਲਾ, ਸਰਪੰਚ ਬਲਜੀਤ ਸਿੰਘ ਕੋਠੇ ਅੰਬਰਹਰ, ਸਰਪੰਚ ਜਸਵੀਰ ਸਿੰਘ ਬੂਲ੍ਹੇ, ਬਲਵੰਤ ਸਿੰਘ ਮਹੱਕ ਪ੍ਰਧਾਨ ਟਰੱਕ ਯੂਨੀਅਨ, ਪ੍ਰਧਾਨ ਗੁਰਪ੍ਰੀਤ ਸਿੰਘ ਜੱਜ ਨਗਰ ਕੌਂਸਲ ਜ਼ੀਰਾ, ਸਰਪੰਚ ਸਤਨਾਮ ਸਿੰਘ ਮਨਸੂਰਵਾਲ, ਸਰਪੰਚ ਦਲਜੀਤ ਸਿੰਘ ਅਵਾਨ, ਸੁਆਮੀ ਬੋੜਾ ਵਾਲੀ, ਮੇਜਰ ਸਿੰਘ ਭੁੱਲਰ ਪੀਏ, ਸਰਪੰਚ ਗੁਰਮਨ ਸਿੰਘ ਖਹਿਰਾ ਪੀਏ, ਦਵਿੰਦਰ ਸਿੰਘ ਬੂਲੇ, ਪ੍ਰਧਾਨ ਮਹਾਵੀਰ ਦੂਲੇ ਵਾਲਾ, ਸਰਪੰਚ ਰਘਬੀਰ ਸਿੰਘ ਬੱਬੂ ਸ਼ਹਿਜ਼ਾਦਾ, ਸਰਪੰਚ ਗਗਨਦੀਪ ਮਨਸੂਰ ਦੇਵਾ, ਰਾਜਾ ਗੋਗੋਆਣੀ, ਗੁਰਵਿੰਦਰ ਪੰਡੋਰੀ, ਰਜੀਵ ਬਾਂਸਲ ਪ੍ਰਧਾਨ ਸਾਵਨ ਮੱਲ, ਸੱਤੂ ਸਨੇਰ, ਕੁਲਦੀਪ ਸਿੰਘ, ਅੰਗਰੇਜ ਸਿੰਘ ਬਘੇਲੇ ਵਾਲਾ, ਗੁਰਪ੍ਰੀਤ ਸਿੰਘ ਨਾਮਦੇਵ, ਹਰਜਿੰਦਰ ਸਹੋਤਾ, ਸਰਪੰਚ ਇਕਬਾਲ ਸਿੰਘ ਖੋਸਾ ਨੀਲੇਵਾਲਾ, ਸਰਪੰਚ ਸੁਖਚੈਨ ਸਿੰਘ ਲੋਹਕਾ, ਤਰਸੇਮ ਸਿੰਘ ਲੋਹਕਾ, ਸਰਪੰਚ ਗੁਰਜੀਤ ਕਿਲੀ, ਸਰਪੰਚ ਬੂਟਾ ਬਾਠ ਨੌਰੰਗ ਸਿੰਘ ਵਾਲਾ, ਬਲਜਿੰਦਰ ਗਿੱਲ ਨੰਬਰਦਾਰ, ਸੁੱਖ ਕਲਗੀਧਰ, ਲਾਡੀ ਕਲਗੀਧਰ, ਗੁਰਚਰਨ ਸਿੰਘ ਪ੍ਰਧਾਨ, ਰਮੇਸ਼ ਕੁਮਾਰ, ਤਰਸੇਮ ਜੁਨੇਜਾ ਗੋਬਿੰਦਾਂ ਕਲਾਥ ਹਾਊਸ, ਸਰਪੰਚ ਸਰਬਜੀਤ ਗਾਦੜੀਵਾਲਾ, ਸਤਨਾਮ ਸਿੰਘ ਕੋਠੇ ਗਾਦੜੀਵਾਲਾ ਨੇ ਸ਼ੁਭ ਕਾਮਨਾਵਾਂ ਦਿੱਤੀਆਂ।

## ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਮੁੱਖ ਮੰਤਰੀ ਰਾਹਤ ਫੰਡ 'ਚ ਦਿੱਤੀ ਇੱਕ ਸਾਲ ਦੀ ਤਨਖਾਹ

ਹੁਸ਼ਿਆਰਪੁਰ, 2 ਸਤੰਬਰ (ਪਰਮਿੰਦਰ ਘੁੰਮਣ): ਮਨੁੱਖਤਾ ਤੇ ਸਮਾਜਿਕ ਚਿੰਤਾ ਨੂੰ ਤਰਜੀਹ ਦਿੰਦਿਆਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਇਕ ਵੱਡਾ ਮਾਨਵਤਾਵਾਦੀ ਕਦਮ ਚੁੱਕਿਆ ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਆਪਣੀ ਇਕ ਸਾਲ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਵਿਚ ਦਾਨ ਕੀਤੀ ਹੈ। ਉਨ੍ਹਾਂ ਨੇ ਇਹ ਚੈੱਕ ਕੱਲ੍ਹ ਟਾਂਡਾ ਦੇ ਦੌਰੇ 'ਤੇ ਆਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸੌਂਪਿਆ। ਡਾ. ਰਵਜੋਤ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਦੀ ਕੁੱਲ ਸਾਲਾਨਾ ਤਨਖਾਹ 12 ਲੱਖ ਰੁਪਏ ਹੈ, ਜੋ ਉਨ੍ਹਾਂ ਨੇ ਮੁੱਖ ਮੰਤਰੀ ਰਾਹਤ ਫੰਡ ਨੂੰ ਸਮਰਪਿਤ ਕੀਤੀ ਹੈ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਆਈ ਕੁਦਰਤੀ ਆਫ਼ਤ ਨੇ ਆਮ ਲੋਕਾਂ ਦਾ ਭਾਰੀ ਨੁਕਸਾਨ ਕੀਤਾ ਹੈ। ਅਜਿਹੇ ਸਮੇਂ ਵਿੱਚ ਸਰਕਾਰ ਅਤੇ ਸਮਾਜ ਦੇ ਹਰ ਵਰਗ ਨੂੰ ਮਿਲ ਕੇ ਰਾਹਤ ਅਤੇ ਪੁਨਰਵਾਸ ਕਾਰਜਾਂ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇੱਕ ਇਨਸਾਨ ਹੋਣ ਦੇ ਨਾਤੇ ਹਰੇਕ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਉਹ ਲੋੜਵੰਦਾਂ ਨਾਲ ਖੜ੍ਹਾ ਹੋਵੇ ਅਤੇ ਉਨ੍ਹਾਂ ਦੇ ਦਰਦ ਅਤੇ ਦੁੱਖ ਵਿੱਚ ਸ਼ਰੀਕ ਹੋਵੇ। ਕੈਬਨਿਟ ਮੰਤਰੀ ਨੇ ਇਹ ਵੀ ਅਪੀਲ ਕੀਤੀ ਕਿ ਸਮਰੱਥ ਲੋਕਾਂ ਅਤੇ ਸਮਾਜਿਕ ਸੰਗਠਨਾਂ ਨੂੰ ਅੱਗੇ ਆ ਕੇ ਮੁੱਖ ਮੰਤਰੀ ਰਾਹਤ ਫੰਡ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਸਿਰ ਮਦਦ ਮਿਲ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਹਰ ਸੰਭਵ ਕਦਮ ਚੁੱਕ ਰਹੀ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਰਾਹਤ ਕਾਰਜਾਂ ਵਿੱਚ ਪੂਰੀ ਤਰ੍ਹਾਂ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਹ ਯੋਗਦਾਨ ਸਿਰਫ਼ ਵਿੱਤੀ ਸਹਾਇਤਾ ਤੱਕ ਸੀਮਤ ਨਹੀਂ ਹੈ, ਸਗੋਂ ਇਹ ਇੱਕ ਸੰਦੇਸ਼ ਹੈ ਕਿ ਪੰਜਾਬ ਦਾ ਹਰ ਨਾਗਰਿਕ ਇਸ ਮੁਸ਼ਕਲ ਸਮੇਂ ਵਿੱਚ ਇੱਕ ਦੂਜੇ ਦੇ ਨਾਲ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਇਕੱਠੇ ਮਿਲ ਕੇ ਅਸੀਂ ਇਸ ਆਫ਼ਤ ਨੂੰ ਦੂਰ ਕਰਾਂਗੇ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਆਮ ਜ਼ਿੰਦਗੀ ਵਿੱਚ ਵਾਪਸ ਲਿਆਉਣ ਵਿੱਚ ਸਫਲ ਹੋਵਾਂਗੇ।

## ਰਿਮਟ ਯੂਨੀਵਰਸਿਟੀ ਵਿਖੇ ਉੱਚ ਸਿੱਖਿਆ ਕਰੀਅਰ ਦੇ ਮੌਕਿਆਂ 'ਤੇ ਕਾਊਂਸਲਿੰਗ ਸੈਸ਼ਨ ਦਾ ਆਯੋਜਨ




ਮੰਡੀ ਗੋਬਿੰਦਗੜ੍ਹ, 2 ਸਤੰਬਰ (ਸੂਦ): ਰਿਮਟ ਯੂਨੀਵਰਸਿਟੀ ਦੇ ਸਿਖਲਾਈ ਤੇ ਪਲੇਸਮੈਂਟ ਵਿਭਾਗ ਨੇ ਸਕੂਲ ਆਫ਼ ਆਰਟ ਐਂਡ ਡਿਜ਼ਾਇਨ ਤੇ ਆਈਡੀਪੀ ਦੇ ਸਹਿਯੋਗ ਨਾਲ 'ਉੱਚ ਸਿੱਖਿਆ ਕੈਰੀਅਰ ਦੇ ਮੌਕੇ' ਵਿਸ਼ੇ 'ਤੇ ਕਾਊਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਗਲੋਬਲ ਐਕਸਪੋਜ਼ਰ ਪ੍ਰਦਾਨ ਕਰਨਾ ਤੇ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਦੀਆਂ ਸੰਭਾਵਨਾਵਾਂ ਤੋਂ ਜਾਣੂ ਕਰਵਾਉਣਾ ਸੀ। ਸਮਾਗਮ ਵਿੱਚ ਕੈਨੇਡਾ ਤੇ ਆਸਟਰੇਲੀਆ ਦੇ ਨਾਮਵਰ ਕਾਲਜਾਂ ਦੇ ਪ੍ਰਤੀਨਿੱਧੀਆਂ ਨੇ ਸ਼ਿਰਕਤ ਕੀਤੀ ਤੇ ਦਾਖਲਾ ਪ੍ਰਕਿਰਿਆ, ਪਾਠਕ੍ਰਮ, ਸਕਾਲਰਸ਼ਿਪ ਤੇ ਕਰੀਅਰ ਮਾਰਗਾਂ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਜੀਵੰਤ ਗੱਲਬਾਤ ਦਾ ਮੌਕਾ ਮਿਲਿਆ ਤੇ ਵਿਦੇਸ਼ਾਂ ਵਿੱਚ ਸਿੱਖਿਆ ਨਾਲ ਸਬੰਧਤ ਕਈ ਸਵਾਲ ਪੁੱਛੇ। ਸਿੱਖਿਆ, ਨਰਸਿੰਗ, ਫਾਰਮੇਸੀ, ਕਾਨੂੰਨ, ਪ੍ਰਬੰਧਨ, ਕੰਪਿਊਟਰ ਐਪਲੀਕੇਸ਼ਨ, ਇੰਜੀਨੀਅਰਿੰਗ ਤੇ ਕਲਾ ਵਿਭਾਗਾਂ ਦੇ ਵਿਦਿਆਰਥੀਆਂ ਨੇ ਇਸ ਮੌਕੇ ਸਰਗਰਮੀ ਨਾਲ ਹਿੱਸਾ ਲਿਆ। ਵਿਭਾਗਾਂ ਦੇ ਮੁਖੀ, ਡੀਨ ਤੇ ਪ੍ਰੋਫੈਸਰਾਂ ਦੀ ਮੌਜੂਦਗੀ ਨੇ ਵਿਦਿਆਰਥੀਆਂ ਦੇ ਉਤਸ਼ਾਹ ਨੂੰ ਹੋਰ ਵਧਾਇਆ। ਕਾਊਂਸਲਿੰਗ ਸੈਸ਼ਨ ਵਿਦਿਆਰਥੀਆਂ ਲਈ ਵਧੇਰੇ ਲਾਭਦਾਇਕ ਤੇ ਪ੍ਰੇਰਨਾਦਾਇਕ ਸਾਬਤ ਹੋਇਆ। ਇਸ ਸਮਾਗਮ ਨੇ ਵਿਦਿਆਰਥੀਆਂ ਨੂੰ ਬਹੁ-ਪੱਖੀ ਸਿੱਖਿਆ ਤੇ ਕਰੀਅਰ-ਆਧਾਰਤ ਮੌਕੇ ਪ੍ਰਦਾਨ ਕਰਨ ਲਈ ਨਿਰੰਤਰ ਯਤਨਸ਼ੀਲ ਰਹਿਣ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।

## ਹੜ੍ਹ ਪੀੜਤਾਂ ਲਈ ਰਾਹਤ ਕੈਂਪ ਲਗਾ ਕੇ ਸਹਾਇਤਾ ਕੀਤੀ ਜਾ ਰਹੀ ਹੈ: ਪਵਿੱਤਰਜੀਤ ਸਿੰਘ ਬਹਾਦਰਪੁਰ



ਰਈਆ, 2 ਸਤੰਬਰ (ਰਾਕੇਸ਼ ਸਲਵਾਨ): ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਮੈਂਬਰ ਪਾਲਟੀਮੈਂਟ ਖਡੂਰ ਸਾਹਿਬ ਦੀ ਅਗਵਾਈ ਹੇਠ ਹੜ੍ਹ ਪੀੜਤ ਪਿੰਡਾਂ ਨੂੰ ਪਸ਼ੂਆਂ ਲਈ ਆਚਾਰ, ਚੋਕਰ, ਤੂੜੀ, ਪੀਣ ਵਾਲਾ ਪਾਣੀ, ਰਾਸ਼ਨ, ਲੰਗਰ ਤੇ ਹੋਰ ਜ਼ਰੂਰੀ ਵਸਤਾਂ ਸੰਗਤਾਂ ਅਤੇ ਪਾਰਟੀ ਦੇ ਸੇਵਾਦਾਰਾਂ ਦੇ ਸਹਿਯੋਗ ਨਾਲ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਹ ਜਾਣਕਾਰੀ ਹਲਕੇ ਦੇ ਸਰਕਲ ਪ੍ਰਧਾਨ ਪਵਿੱਤਰਜੀਤ ਸਿੰਘਬਹਾਦਰਪੁਰ ਹੁਣਾ ਦਿੰਦਿਆਂ ਦੱਸਿਆ ਕਿ ਫ਼ਾਜ਼ਿਲਕਾ, ਫ਼ਿਰੋਜ਼ਪੁਰ, ਤਰਨਤਾਰਨ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਕਪੂਰਥਲਾ ਜ਼ਿਲ੍ਹਿਆਂ ਵਿੱਚ ਰਾਹਤ ਕੈਂਪ ਚੱਲ ਰਹੇ ਹਨ। ਇਨ੍ਹਾਂ ਕੈਂਪਾਂ ਰਾਹੀਂ ਰੋਜ਼ਾਨਾ ਹੜ ਪੀੜਤ ਪਰਿਵਾਰਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। 7 ਜ਼ਿਲ੍ਹਿਆਂ 'ਚ ਵੱਖ-ਵੱਖ ਜਗ੍ਹਾ 'ਤੇ 15 ਰਾਹਤ ਕੈਂਪ ਲੱਗੇ ਹੋਏ ਹਨ। ਵੱਖ-ਵੱਖ ਟੀਮਾਂ ਬਣਾ ਕੇ ਲਗਾਤਾਰ ਪਾਰਟੀ ਦੇ ਸੇਵਾਦਾਰ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਪੰਜਾਬ ਵਾਸੀਆਂ ਨੂੰ ਐਨਆਰਆਈ ਭਰਾਵਾਂ ਨੂੰ ਅਪੀਲ ਕਰਦੇ ਹਾਂ ਪਾਣੀ ਦੀ ਮਾਰ ਹੇਠਾਂ ਆਏ ਪਿੰਡਾਂ ਦੀ ਵੱਧ ਤੋਂ ਵੱਧ ਮਦਦ ਕਰੀਏ। ਇਸ ਔਖੀ ਘੜੀ ਵਿੱਚ ਆਪਾਂ ਆਪਣੇ ਭਰਾਵਾਂ ਦੀ ਬਾਂਹ ਫੜੀਏ ਤਾਂ ਜੋ ਉਹਨਾਂ ਦੀ ਵੱਧ ਤੋਂ ਵੱਧ ਸਹਾਇਤਾ ਹੋ ਸਕੇ।

## ਨਵੇਂ ਪੰਜਾਬ ਵੱਲ ਕਦਮ: ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਡੀ.ਸੀ. ਨਾਲ ਵਿਸਥਾਰਪੂਰਵਕ ਚਰਚਾ



ਬੜੂ ਸਾਹਿਬ, 2 ਸਤੰਬਰ (ਅੰਮ੍ਰਿਤਪਾਲ ਸਿੰਘ): ਪਿਛਲੇ ਕੁੱਝ ਦਿਨਾਂ ਤੋਂ ਰਾਵੀ ਤੇ ਸਤਲੁਜ ਦਰਿਆ ਦੇ ਬੰਨ੍ਹ ਟੁੱਟਣ ਕਰਕੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਹੜ੍ਹ ਆਏ ਹੋਏ ਹਨ। ਪੰਜਾਬ ਦੇ ਮਾਝਾ ਤੇ ਦੋਆਬਾ ਖੇਤਰ ਵਿੱਚ ਹੜ੍ਹ ਵਾਲੀ ਸਥਿਤੀ ਬਣੀ ਹੋਈ ਹੈ, ਉਸੇ ਤਹਿਤ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਫਾਜ਼ਿਲਕਾ ਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਕਈ ਪਿੰਡਾਂ 'ਚ ਵੀ ਹੜ੍ਹਾਂ ਦੀ ਸਥਿਤੀ ਬੜਾ ਭਿਆਨਕ ਰੂਪ ਧਾਰ ਗਈ। ਇਸਦੇ ਸਬੰਧ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਗੁਰਦਾਸਪੁਰ ਵਿਖੇ ਪ੍ਰੈਸ ਕਾਨਫਰੰਸ ਕੀਤੀ ਗਈ। ਜਿਸ ਵਿੱਚ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਅਕਾਲ ਸੇਵਾ ਟੀਮ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਗੁਰਦਾਸਪੁਰ ਜ਼ਿਲ੍ਹੇ ਅਧੀਨ ਦੀਨਾਨਗਰ, ਡੇਰਾ ਬਾਬਾ ਨਾਨਕ, ਪਠਾਨਕੋਟ ਦੇ ਇਲਾਕੇ ਵਿੱਚੋਂ ਅੰਮ੍ਰਿਤਸਰ ਜ਼ਿਲ੍ਹੇ ਅਧੀਨ ਪੈਂਦੇ ਅਜਨਾਲਾ ਤੇ ਰਮਦਾਸ ਇਲਾਕੇ ਵਿੱਚੋਂ ਫਿਰੋਜ਼ਪੁਰ ਦੇ ਇਲਾਕੇ ਤੇ ਫਾਜ਼ਿਲਕਾ ਜ਼ਿਲ੍ਹੇ ਅਧੀਨ ਪਿੰਡਾਂ ਵਿੱਚ ਹੜ੍ਹ ਪੀੜਤਾਂ ਨੂੰ ਘਰੋਂ-ਘਰੀ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ, ਪਸ਼ੂਆਂ ਲਈ ਚਾਰਾ ਆਦਿ ਲੈ ਕੇ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਇਨ੍ਹਾਂ ਪਿੰਡਾਂ ਵਿੱਚੋਂ ਹੁਣ ਤੱਕ 1200 ਤੋਂ ਵੱਧ ਵਿਅਕਤੀਆਂ ਅਤੇ ਛੋਟੇ ਮਾਲ ਪਸ਼ੂਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਇਆ ਗਿਆ। ਇਹ ਟੀਮ ਸਥਾਨਕ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਨੂੰ ਪੁੱਜੀ ਪਹਿਲੀ ਟੀਮ ਹੈ, ਜੋ ਲੰਗਰ ਦੇ ਨਾਲ-ਨਾਲ ਹੋਰ ਵੀ ਜ਼ਰੂਰਤਾਂ ਨੂੰ ਪੂਰੀਆਂ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਭਰੋਸਾ ਦਿੱਤਾ ਜਾਂਦਾ ਹੈ ਕਿ ਜਿਹੜੇ ਖੇਤਰਾਂ ਵਿੱਚ ਪਾਣੀ ਦਾ ਪੱਧਰ ਘੱਟ ਚੁੱਕਾ ਹੈ, ਉਨ੍ਹਾਂ ਖੇਤਰਾਂ ਵਿੱਚ ਹੜ੍ਹ ਦੇ ਪਾਣੀ ਨਾਲ ਹੋਏ ਨੁਕਸਾਨ ਕਰਕੇ ਜਿਸ-ਜਿਸ ਪਿੰਡ ਵਿੱਚ ਮੱਦਦ ਦੀ ਲੋੜ ਹੈ, ਉਨ੍ਹਾਂ ਦੀ ਮਦਦ ਕਰਕੇ ਨਵਾਂ ਪੰਜਾਬ ਸਿਰਜਿਆ ਜਾ ਸਕੇ, ਉਨ੍ਹਾਂ ਦਾ ਮੁੜ ਵਸੇਵਾ ਕੀਤਾ ਜਾ ਸਕੇ। ਇਸ ਮੌਕੇ ਮਾਨਯੋਗ ਡੀ.ਸੀ. ਦਲਵਿੰਦਰ ਸਿੰਘ (ਡਿਪਟੀ ਕਮਿਸ਼ਨਰ ਗੁਰਦਾਸਪੁਰ) ਨਾਲ ਮੁਲਾਕਾਤ ਕੀਤੀ ਗਈ ਤੇ ਅਗਾਂਹ ਆਉਣ ਵਾਲੇ ਦਿਨਾਂ ਵਿੱਚ ਟਰੱਸਟ ਵੱਲੋਂ ਹੜ੍ਹ ਪੀੜਤਾਂ ਲਈ ਜੋ ਕਾਰਜ ਕੀਤੇ ਜਾਣੇ ਹਨ, ਉਨ੍ਹਾਂ ਸਬੰਧੀ ਚਰਚਾ ਕੀਤੀ ਗਈ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਵਾਰ ਜਦੋਂ ਇਨ੍ਹਾਂ ਇਲਾਕਿਆਂ ਵਿੱਚ ਹੜ੍ਹ ਆਏ ਸਨ ਤਾਂ ਟਰੱਸਟ ਦੀ ਅਕਾਲ ਸੇਵਾ ਟੀਮ ਵੱਲੋਂ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਹਰ ਸੰਭਵ ਮੱਦਦ ਕੀਤੀ ਗਈ ਸੀ ਤੇ ਅੱਜ ਵੀ ਕਰ ਰਿਹਾ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਵਿੱਦਿਅਕ ਖੇਤਰ ਦੇ ਨਾਲ-ਨਾਲ ਜਦੋਂ ਵੀ ਦੇਸ਼ ਵਿੱਚ ਕਿਸੇ ਤਰ੍ਹਾਂ ਦੀ ਕੁਦਰਤੀ ਆਫ਼ਤ ਆਈ ਹੈ ਤਾਂ ਟਰੱਸਟ ਦੇ ਸੇਵਾਦਾਰਾਂ ਨੇ ਮੱਦਦ ਲਈ ਅੱਗੇ ਹੋ ਕੇ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸਭ ਦੀ ਚੜ੍ਹਦੀਕਲਾ ਦੀ ਅਰਦਾਸ ਕਰਦੇ ਹਾਂ।

## ਸੈਕਰਡ ਹਾਰਟ ਸਕੂਲ ਦੀ ਪ੍ਰਿੰਸੀਪਲ ਦਿਵਿਆ ਮਹਿਤਾ ਦਾ 'ਗਲੋਬਲ ਐਜੂਕੇਟਰਜ਼ ਐਕਸੀਲੈਂਸ ਐਵਾਰਡ' ਨਾਲ ਸਨਮਾਨ



ਮੰਡੀ ਗੋਬਿੰਦਗੜ੍ਹ, 2 ਸਤੰਬਰ (ਸੂਦ): ਸੈਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ, ਜਲਾਲਪੁਰ ਦੀ ਪ੍ਰਿੰਸੀਪਲ ਦਿਵਿਆ ਮਹਿਤਾ ਨੂੰ ਸਿੱਖਿਆ ਦੇ ਖੇਤਰ ਵਿੱਚ 25 ਸਾਲਾਂ ਦੀ ਸਮਰਪਿਤ ਸੇਵਾ ਪੂਰੀ ਕਰਨ ਲਈ ਬੈਸਟ ਪ੍ਰਿੰਸੀਪਲ ਵਜੋਂ 'ਗਲੋਬਲ ਐਜੂਕੇਟਰਜ਼ ਐਕਸੀਲੈਂਸ ਐਵਾਰਡ' ਦੁਆਰਾ ਆਲ ਇੰਡੀਆ ਸਕੂਲ ਐਸੋਸੀਏਸ਼ਨ ਵਲੋਂ ਸਨਮਾਨਤ ਕੀਤਾ ਗਿਆ। ਉਸ ਦੀ ਅਟੱਲ ਸਮਰਪਣ ਭਾਵਨਾ ਤੇ ਅਣਥੱਕ ਕੋਸ਼ਿਸ਼ਾਂ ਦੀ ਸਮਾਗਮ ਦੌਰਾਨ ਬੁਲਾਰਿਆਂ ਨੇ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੌਜਵਾਨ ਮਨਾਂ ਨੂੰ ਸੰਵਾਰਿਆ ਤੇ ਸੰਸਥਾ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਹੇਠ ਸਕੂਲ ਨਾ ਸਿਰਫ਼ ਅਕਾਦਮਿਕ ਪੱਖੋਂ ਮੋਹਰੀ ਰਿਹਾ ਸਗੋਂ ਸੱਭਿਆਚਾਰਕ ਤੇ ਸਹਿਯੋਗੀ ਗਤੀਵਿਧੀਆਂ ਵਿੱਚ ਵੀ ਆਪਣੀ ਖਾਸ ਪਛਾਣ ਬਣਾਈ। ਸਕੂਲ ਹਰ ਸਾਲ ਕਾਮਯਾਬੀ ਦੇ ਨਵੇਂ ਮਾਪਦੰਡ ਸਥਾਪਤ ਕਰਦਾ ਆ ਰਿਹਾ ਹੈ। ਇਹ ਸਨਮਾਨ ਉਨ੍ਹਾਂ ਦੀ ਹੌਸਲੇ, ਜਜ਼ਬੇ ਤੇ ਸਥਿਰਤਾ ਦਾ ਪ੍ਰਮਾਣ ਹੈ, ਜਿਸ ਨਾਲ ਉਨ੍ਹਾਂ ਸਕੂਲ ਨੂੰ ਉੱਚਾਈਆਂ ਤੱਕ ਪਹੁੰਚਾਇਆ। ਮੈਨੇਜਿੰਗ ਡਾਇਰੈਕਟਰ ਜੇਪੀਐਸ ਜੋਲੀ, ਡਿਪਟੀ ਮੈਨੇਜਿੰਗ ਡਾਇਰੈਕਟਰ ਸਤਿੰਦਰਜੀਤ ਜੋਲੀ ਤੇ ਪ੍ਰੈਜ਼ੀਡੈਂਟ ਮਿਸ ਨਵੇਰਾ ਜੋਲੀ ਨੇ ਪ੍ਰਿੰਸੀਪਲ ਮਹਿਤਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਐਵਾਰਡ ਨਾ ਸਿਰਫ਼ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੇ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦਾ ਹੈ ਸਗੋਂ ਸਕੂਲ ਦੀ ਸਾਂਝੀ ਯਾਤਰਾ ਨੂੰ ਵੀ ਉਜਾਗਰ ਕਰਦਾ ਹੈ ਜੋ ਉਤਕ੍ਰਿਸ਼ਟਤਾ ਤੇ ਵਿਦਿਆਰਥੀਆਂ ਦੇ ਸਮੂਹਿਕ ਵਿਕਾਸ ਲਈ ਹੈ।

# ਭਗਵੰਤ ਸਿੰਘ ਮਾਨ ਨੇ ਸ੍ਰੀ ਹਰਗੋਬਿੰਦਪੁਰ ਸਾਹਿਬ ਤੇ ਹੁਸ਼ਿਆਰਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਕੀਤਾ ਦੌਰਾ

### ☛ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦੀਆਂ ਗਿਰਦਾਵਰੀਆਂ ਕਰਵਾ ਕੇ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ: ਮੁੱਖ ਮੰਤਰੀ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 2 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ): ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸ੍ਰੀ ਹਰਗੋਬਿੰਦਪੁਰ ਸਾਹਿਬ ਤੇ ਹੁਸ਼ਿਆਰਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਸੀਨੀਅਰ ਆਗੂ ਡਾ. ਕਮਲਜੀਤ ਸਿੰਘ ਕੇਜੇ ਵੀ ਮੌਜੂਦ ਸਨ। ਇਸ ਦੌਰਾਨ ਮੁੱਖ ਮੰਤਰੀ ਨੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਸਰਕਾਰੀ ਹਾਈ ਸਕੂਲ, ਮਿਆਣੀ ਦੇ ਰਾਹਤ ਕੈਂਪ ਵਿਖੇ ਰਹਿ ਰਹੇ ਹੜ੍ਹ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਦੁੱਖ-ਤਕਲੀਫ਼ਾਂ ਸੁਣੀਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਜਾਬ ਹੁਣ ਤਕ ਦੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ। ਇਸ ਨਾਲ ਹੀ ਉਨ੍ਹਾਂ ਨੇ



ਲੋਕਾਂ ਨੂੰ ਭਰੋਸਾ ਦਿੱਤਾ ਕਿ ਸੰਕਟ ਦੀ ਇਸ ਘੜੀ ਵਿਚ ਸੂਬਾ ਸਰਕਾਰ ਉਨ੍ਹਾਂ ਨਾਲ ਡਟ ਕੇ ਖੜ੍ਹੀ ਹੈ ਤੇ ਇਸ ਸੰਕਟ ਵਿੱਚੋਂ ਕੱਢਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਨੀਵੇਂ ਇਲਾਕਿਆਂ ਵਿੱਚੋਂ ਲੋਕਾਂ ਨੂੰ ਕੱਢਣ 'ਤੇ ਉਨ੍ਹਾਂ ਨੂੰ ਤੁਰੰਤ ਰਾਹਤ ਦੇਣ ਲਈ ਪਹਿਲਾਂ ਹੀ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜ਼ਿਲ੍ਹਿਆਂ ਦਾ ਸਾਰੇ ਵਿਭਾਗਾਂ ਨੂੰ ਆਪਸ ਤਾਲਮੇਲ ਨਾਲ ਫੀਲਡ ਵਿਚ ਹੋ ਕੇ ਬਚਾਅ ਤੇ ਰਾਹਤ ਕਾਰਜਾਂ ਲਈ ਆਖਿਆ ਗਿਆ ਹੈ ਤਾਂ ਜੋ ਲੋਕਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਹੋਏ ਨੁਕਸਾਨ ਦੇ ਇੱਕ ਇੱਕ ਪੈਸਾ ਭਰਪਾਈ ਕਰੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੁਦਰਤੀ ਆਫਤ ਨਾਲ ਪੈਦਾ ਹੋਈ ਸਥਿਤੀ ਤੇ ਉਹ ਨਿਰੰਤਰ ਨਜ਼ਰ ਰੱਖ ਰਹੇ ਹਨ। ਉਨ੍ਹਾਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸਾਨਾਂ ਦਾ ਹੋਏ ਨੁਕਸਾਨ ਦਾ ਸਪੈਸ਼ਲ ਗਿਰਦਾਵਰੀਆਂ ਕਰਵਾ ਕੇ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ। ਇਸ ਮੌਕੇ 'ਤੇ ਡਾ. ਕਮਲਜੀਤ ਸਿੰਘ ਕੇਜੇ ਸਾਬਕਾ ਅਬਜਰਵਰ ਤੇ ਸੀਨੀਅਰ ਆਗੂ ਆਮ ਆਦਮੀ ਪਾਰਟੀ ਸ੍ਰੀ ਹਰਗੋਬਿੰਦ ਸਾਹਿਬ ਨੇ ਕਿਹਾ ਕਿ ਜਿਵੇਂ ਕਿ ਪਹਿਲਾਂ ਵਾਂਗ ਮੁੱਖ ਮੰਤਰੀ ਜਦੋਂ ਕਿਤੇ ਬਿਪਤਾ ਦੀ ਘੜੀ ਜਾਂ ਕੁਦਰਤੀ ਆਫਤਾਂ ਆਉਂਦੀਆਂ ਸਨ। ਹੈਲੀਕਾਪਟਰ ਤੇ ਹਵਾਈ ਦੌਰ ਕਰਕੇ ਮੁੜ ਜਾਂਦੇ ਸਨ ਪਰ ਮੁੱਖ ਮੰਤਰੀ ਭਗਵੰਤ ਮਾਨ ਸਭ ਲੋਕਾਂ ਦੀ ਦੁੱਖ ਦਰਦ ਗਰਾਊਂਡ ਜ਼ੀਰੋ ਤੇ ਆ ਕੇ ਸੁਣ ਰਹੇ ਹਨ ਤੇ ਡਾ. ਕੇਜੇ ਨੇ ਕਿਹਾ ਕਿ ਸਾਰੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੇ ਸੰਪਰਕ ਵਿੱਚ ਰਹਿਣ ਲਈ ਕਿਹਾ ਹੜ੍ਹ 'ਤੇ ਪ੍ਰਸ਼ਾਸਨ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦਾ ਪਾਲਣਾ ਕੀਤਾ ਜਾਵੇ।

# ਹੜ੍ਹਾਂ ਦੇ ਦਿਨਾਂ 'ਚ 5 ਮਿੰਟਾਂ 'ਚ ਪਾਕਿਸਤਾਨ ਪਹੁੰਚ ਜਾਂਦੇ ਨੇ ਤਸਕਰ

ਫਿਰੋਜ਼ਪੁਰ, 2 ਸਤੰਬਰ (ਚ.ਨ.ਸ.): ਹਿੰਦ ਪਾਕਿ ਕੌਮਾਂਤਰੀ ਸਰਹੱਦ ਦੇ ਫਿਰੋਜ਼ਪੁਰ ਸੈਕਟਰ ਵਿਚ ਕਈ ਥਾਈਂ ਪਾਕਿਸਤਾਨ ਦਾਖਲ ਹੁੰਦਾ ਦਰਿਆ ਸੁਰੱਖਿਆ ਏਜੰਸੀਆਂ ਲਈ ਸਿਰਦਰਦ ਬਣਿਆ ਹੋਇਆ ਹੈ। ਹੜ੍ਹਾਂ ਦੇ ਦਿਨਾਂ ਵਿਚ ਜਾਂ ਹਰ ਸਾਲ ਬਰਸਾਤਾਂ ਵਿਚ ਵਧਿਆ ਪਾਣੀ ਦਾ ਪੱਧਰ ਸਰਹੱਦੀ ਇਲਾਕਿਆਂ ਵਿਚ ਰਹਿੰਦੇ ਨਸ਼ਾ ਤਸਕਰਾਂ ਲਈ ਵਰਦਾਨ ਸਾਬਤ ਹੁੰਦਾ ਹੈ। ਦਰਿਆ ਸਤਲੁਜ ਵਿਚ ਪਾਣੀ ਦਾ ਪੱਧਰ ਵਧਣ ਅਤੇ ਕੰਡਿਆਲੀ ਤਾਰ ਡੁੱਬਣ ਹੋਣ ਕਾਰਨ ਭਾਰਤੀ ਸਮੱਗਲਰਾਂ ਵੱਲੋਂ ਪਾਕਿਸਤਾਨ ਦਾਖਲ ਹੋਣਾ ਸੌਖਾ ਹੋ ਜਾਂਦਾ ਹੈ। ਭੂਗੋਲਿਕ ਹਾਲਾਤ ਅਜਿਹੇ ਹਨ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੀ ਦਰਿਆ ਸਤਲੁਜ ਕਈ ਥਾਈਂ 'ਸੱਪ ਵਲਾਵੇਂ' ਖਾਂਦਾ ਪਾਕਿਸਤਾਨ ਵਿਚ ਦਾਖਲ ਹੁੰਦਾ ਹੈ ਅਤੇ ਕਈ ਥਾਈਂ ਵਾਪਸ ਆਉਂਦਾ ਹੈ। ਅਜਿਹੇ ਵਿਚ ਤੈਰਾਕੀ ਦੇ ਚੰਗੀ ਤਰ੍ਹਾਂ ਜਾਣੂ ਨਸ਼ਾ ਤਸਕਰ ਹੜ੍ਹ ਦੇ ਦਿਨਾਂ ਦੌਰਾਨ ਵਾਰ-ਵਾਰ ਪਾਕਿਸਤਾਨ ਜਾਂਦੇ ਹਨ ਅਤੇ ਵਾਪਸ ਭਾਰਤ ਵਿੱਚ ਆ ਕੇ ਹੈਰੋਇਨ ਦੀਆਂ ਖੇਪਾਂ ਛੱਡ ਜਾਂਦੇ ਹਨ। ਇਸ ਸਬੰਧੀ ਪੁਲਿਸ ਅਤੇ ਬੀਐਸਐਫ ਨੂੰ ਪਤਾ ਹੋਣ ਦੇ ਬਾਵਜੂਦ ਹੜ੍ਹਾਂ ਦੇ ਦਿਨਾਂ ਵਿਚ ਉਨ੍ਹਾਂ ਤਸਕਰਾਂ 'ਤੇ ਸਿੱਧਾ ਕੰਟਰੋਲ ਕਰਨਾ ਔਖਾ ਹੋ ਜਾਂਦਾ ਹੈ। ਇਸ ਸਬੰਧੀ ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਮੁਤਾਬਕ ਪੁਲਿਸ ਬੀਐਸਐਫ ਨਾਲ ਮਿਲ ਕੇ ਤਸਕਰਾਂ 'ਤੇ ਨਿਗ੍ਹਾ ਰੱਖ ਰਹੀ ਹੈ। ਦਿਲਚਸਪ ਹੈ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਪਿੰਡ ਬਸਤੀ ਰਾਮ ਲਾਲ ਅਤੇ ਮੁੱਠਿਆਂ ਵਾਲਾ ਕੋਲੋਂ ਹੜ੍ਹਾਂ ਦੇ ਦਿਨਾਂ ਵਿਚ ਤਸਕਰ ਦਰਿਆ ਰਾਹੀਂ ਪਾਕਿਸਤਾਨ ਪਹੁੰਚਦੇ ਹਨ। ਇੱਥੋਂ ਪਾਕਿਸਤਾਨ ਦਾ ਬਾਰਡਰ ਮਹਿਜ 25-30 ਮੀਟਰ ਦੀ ਦੂਰੀ 'ਤੇ ਹੈ। ਇਸੇ ਤਰ੍ਹਾਂ ਜਦੋਂ ਪਾਕਿਸਤਾਨ ਤੋਂ ਵਾਪਸ ਭਾਰਤ ਅੰਦਰ ਦਾਖਲ ਹੋਣਾ ਹੁੰਦਾ ਹੈ ਤਾਂ ਉਹ 'ਓਲਡ ਮੁਹੰਮਦੀ ਵਾਲਾ' ਚੌਂਕੀ ਤੋਂ ਵਾਪਸੀ ਕਰਦੇ ਹੋਏ ਟੇਡੀ ਵਾਲਾ ਪਿੰਡ ਵਿੱਚ ਦਾਖਲ ਹੁੰਦੇ ਹਨ। ਹੜ੍ਹਾਂ ਵਿਚ ਚੜ੍ਹਦੇ ਜਲ-ਥਲ ਇਕ ਹੋਇਆ ਹੋਣ ਕਾਰਨ ਸਮੱਗਲਰਾਂ ਨੂੰ ਸਿੱਧੇ ਤੌਰ 'ਤੇ ਫੜਨਾ ਔਖਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਬੀਐਸਐਫ, ਫੌਜ ਅਤੇ ਪੁਲਿਸ ਜਦੋਂ ਹੜ੍ਹਾਂ 'ਤੋਂ ਲੋਕਾਂ ਨੂੰ ਬਚਾਉਣ ਵਿਚ ਰੁੱਝੀ ਹੁੰਦੀ ਹੈ ਤਾਂ ਉਨ੍ਹਾਂ ਉਨ੍ਹਾਂ ਦੀ ਪਹਿਲ ਮਨੁੱਖੀ ਜ਼ਿੰਦਗੀਆਂ ਬਚਾਉਣਾ ਹੁੰਦਾ ਹੈ। ਸੁਰੱਖਿਆ ਏਜੰਸੀਆਂ ਅਨੁਸਾਰ ਹੜ੍ਹ ਦੇ ਦਿਨਾਂ ਵਿੱਚ ਪਾਣੀ ਨਾਲ ਵਧੀਆਂ ਮੁਸ਼ਕਲਾਂ ਦੇ ਨਾਲ ਹੀ ਤਸਕਰੀ ਦੀਆਂ ਚਾਲਾਂ ਵਿੱਚ ਵੀ ਤੇਜ਼ੀ ਆ ਜਾਂਦੀ ਹੈ। ਇਸ ਲਈ ਪੁਲਿਸ ਅਤੇ ਬੀਐਸਐਫ ਨੇ ਸਖ਼ਤ ਪ੍ਰਬੰਧ ਕਰਦੇ ਹੋਏ ਪਿੰਡ-ਪਿੰਡ ਖਾਸ ਨਿਗਰਾਨੀ ਵਧਾ ਦਿੱਤੀ ਹੈ। **ਲਾਵਾਰਸ ਬੇੜੀਆਂ ਤੇ ਕਲਾਲੀ ਬੂਟੀ ਦੀ ਵੀ ਕਰਦੇ ਹਨ ਵਰਤੋਂ:** ਦਿਲਚਸਪ ਹੈ ਕਿ ਹੜ੍ਹਾਂ ਦੇ ਦਿਨਾਂ ਵਿਚ ਸਿੱਧੇ ਤੌਰ 'ਤੇ ਮਹਿਜ਼ ਪੰਜ ਮਿੰਟਾਂ 'ਚ ਪਾਕਿਸਤਾਨ ਪਹੁੰਚ ਜਾਂਦੇ ਜਾਂ ਇੰਨੇ ਹੀ ਸਮੇਂ ਵਿਚ ਤੈਰ ਕੇ ਵਾਪਸ ਆ ਜਾਂਦੇ ਸਮੱਗਲਰ ਆਮ ਦਿਨਾਂ ਵਿਚ ਨਸ਼ੇ ਦੀਆਂ ਖੇਪਾਂ ਨੂੰ ਲਿਆਉਣ ਲਈ ਲਾਵਾਰਸ ਬੇੜੀਆਂ ਅਤੇ ਕਲਾਲੀ ਬੂਟੀ ਵਰਗੀ ਕੁਦਰਤੀ ਸਾਧਨਾਂ ਦੀ ਵਰਤੋਂ ਵੀ ਕਰਦੇ ਹਨ, ਜਿਸ ਕਾਰਨ ਇਨ੍ਹਾਂ ਨੂੰ ਫੜਨਾ ਮੁਸ਼ਕਲ ਹੋ ਜਾਂਦਾ ਹੈ। ਤਸਕਰ ਲਾਵਾਰਿਸ ਬੇੜੀਆਂ ਦੇ ਥੱਲੇ ਨਸ਼ੇ ਦੀਆਂ ਖੇਪਾਂ ਬੰਨ੍ਹ ਕੇ ਭਾਰਤ ਵੱਲ ਛੱਡ ਦਿੰਦੇ ਹਨ। ਇਸੇ ਤਰ੍ਹਾਂ ਕਲਾਲੀ ਬੂਟੀ ਦੇ ਹੇਠਾਂ ਹੈਰੋਇਨ ਦੇ ਪੈਕੇਟ ਬੰਨ੍ਹ ਕੇ ਪਾਣੀ ਵਿਚ ਛੱਡ ਦਿੱਤੇ ਜਾਂਦੇ ਹਨ। **ਬੀਐਸਐਫ ਨਾਲ ਮਿਲ ਕੇ ਹਰ ਹਿਲਜੁਲ 'ਤੇ ਨਿਗ੍ਹਾ ਰੱਖ ਰਹੀ ਹੈ ਪੁਲਿਸ: ਐਸਐਸਪੀ ਭੁਪਿੰਦਰ ਸਿੰਘ ਸਿੱਧੂ:** ਜ਼ਿਲ੍ਹਾ ਪੁਲਿਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਪੁਲਿਸ ਆਪਣੇ ਨੈੱਟਵਰਕ ਜ਼ਰੀਏ ਤੇ ਬੀਐਸਐਫ ਨਾਲ ਮਿਲ ਕੇ ਅਜਿਹੇ ਅਨਸਰਾਂ 'ਤੇ ਪੂਰੀ ਨਿਗ੍ਹਾ ਰੱਖ ਰਹੀ ਹੈ। ਇਸ ਲਈ ਪੁਲਿਸ ਤੇ ਬੀਐਸਐਫ ਨੇ ਸਖ਼ਤ ਪ੍ਰਬੰਧ ਕਰਦੇ ਹੋਏ ਪਿੰਡ-ਪਿੰਡ ਖਾਸ ਨਿਗਰਾਨੀ ਵਧਾ ਦਿੱਤੀ ਹੈ। ਹਾਲ ਹੀ ਵਿੱਚ ਬੀਐਸਐਫ ਤੇ ਪੰਜਾਬ ਪੁਲਿਸ ਨੇ ਸਾਂਝੀ ਕਾਰਵਾਈ ਕਰਦਿਆਂ ਇਕ ਤਸਕਰ ਨੂੰ 7 ਕਿੱਲੋ ਹੈਰੋਇਨ ਸਣੇ ਗ੍ਰਿਫ਼ਤਾਰ ਕੀਤਾ ਹੈ।

# ਆਓ ਸਾਰੇ ਰਲ ਮਿਲ ਕੇ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰੀਏ: ਕੁਲਵਿੰਦਰ ਸਿੰਘ ਭਾਰਟਾ



ਨਵਾਂਸ਼ਹਿਰ, 2 ਸਤੰਬਰ (ਰੋਸ਼ਨ ਲਾਲ ਸ਼ੂਮਨ): ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੇ ਭਾਰੀ ਮੀਂਹ ਕਾਰਨ ਆਮ ਜਨਜੀਵਨ ਜਿੱਥੇ ਠੱਪ ਹੋ ਕੇ ਰਹਿ ਗਿਆ ਹੈ, ਉਥੇ ਪੰਜਾਬ ਵਿੱਚ ਹੜ੍ਹ ਵਰਗੇ ਹਾਲਾਤ ਬਣ ਗਏ ਹਨ ਤੇ ਕਈ ਪਿੰਡਾਂ ਵਿੱਚ ਹੜ੍ਹ ਆ ਗਏ ਹਨ। ਹਾਲਾਤ ਇਹ ਬਣ ਗਏ ਹਨ ਕਿ ਪਿੰਡਾਂ ਦਾ ਸੰਪਰਕ ਟੁੱਟ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਲੋਕ ਭਲਾਈ ਸੇਵਾ ਸੁਸਾਇਟੀ ਦੇ ਸਰਪ੍ਰਸਤ ਸਮਾਜ ਸੇਵੀ ਕੁਲਵਿੰਦਰ ਸਿੰਘ ਭਾਰਟਾ ਨੇ ਆਪਣੇ ਸਾਥੀਆਂ ਸਮੇਤ ਦੱਸਿਆ ਕਿ ਇਸ ਆਫਤ ਦੀ ਘੜੀ ਵਿੱਚ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇ। ਉਨ੍ਹਾਂ ਕਿਹਾ ਸੀ ਸੜਕਾਂ 'ਤੇ ਪਾਣੀ ਭਰ ਗਿਆ ਹੈ ਲੋਕਾਂ ਦੇ ਘਰਾਂ ਵਿੱਚ ਪਾਣੀ ਆ ਗਿਆ, ਜਿਸ ਕਰਕੇ ਲੋਕ ਘਰ ਤੋਂ ਬੇ-ਘਰ ਹੋ ਗਏ ਹਨ। ਸ੍ਰ. ਭਾਰਟਾ ਨੇ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਗਈ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇ। ਸ੍ਰ. ਭਾਰਟਾ ਨੇ ਕਿਹਾ ਕਿਉਂਕਿ ਜਦੋਂ ਵੀ ਕਿਤੇ ਦੇਸ਼ ਵਿੱਚ ਆਫਤ ਆਉਂਦੀ ਹੈ ਤਾਂ ਪੰਜਾਬੀ ਹਮੇਸ਼ਾ ਅੱਗੇ ਹੋ ਕੇ ਲੋਕਾਂ ਦੀ ਸਹਾਇਤਾ ਕਰਦੇ ਹਨ। ਅੱਜ ਹੁਣ ਫਿਰ ਪੰਜਾਬ ਦੇ ਹੜ੍ਹ ਵਰਗੇ ਹਾਲਾਤ ਬਣ ਗਏ ਹਨ ਆਓ ਸਾਰੇ ਰਲ ਮਿਲ ਕੇ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰੀਏ। ਇਸ ਮੌਕੇ ਥਾਣਾ ਸਿਟੀ ਬੰਗਾ ਦੇ ਵਰਿੰਦਰ ਕੁਮਾਰ ਸੰਤੋਖ ਸਿੰਘ ਤਾਜਪੁਰੀ ਸਰਬਜੀਤ ਸਾਬੀ ਰਾਮ ਕੁਮਾਰ ਸਲੋਹ ਸਾਬਕਾ ਚੇਅਰਮੈਨ ਹਰਬੰਸ ਲਾਲ ਆਦਿ ਹਾਜ਼ਰ ਸਨ।

# ਕਿਸਾਨਾਂ ਲਈ ਖੁੱਲ੍ਹੇਗਾ ਇੱਕ ਵੱਖ ਪੋਰਟਲ

ਨਵੀਂ ਦਿੱਲੀ, 2 ਸਤੰਬਰ (ਚ.ਨ.ਸ): ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨਾਂ ਦੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਦੇ ਹੱਲ ਲਈ ਇਕ ਸਮਰਪਿਤ ਪੋਰਟਲ ਦਾ ਐਲਾਨ ਕੀਤਾ ਹੈ। ਹੁਣ ਤੱਕ ਸ਼ਿਕਾਇਤਾਂ ਅਲੱਗ-ਅਲੱਗ ਪੋਰਟਲਾਂ ਤੇ ਕਾਲ ਸੈਂਟਰਾਂ ਰਾਹੀਂ ਆਉਂਦੀਆਂ ਸਨ, ਜਿਨ੍ਹਾਂ ਤੇ ਕਾਰਵਾਈ ਦੀ ਰਫ਼ਤਾਰ ਹੌਲੀ ਤੇ ਟਰੈਕਿੰਗ ਮੁਸ਼ਕਲ ਹੁੰਦੀ ਸੀ। ਏਕੀਕ੍ਰਿਤ ਪੋਰਟਲ ਕਿਸਾਨਾਂ ਨੂੰ ਨਾ ਸਿਰਫ ਰੀਅਲ ਟਾਈਮ ਹੱਲ ਦੇਵੇਗਾ, ਬਲਕਿ ਕੇਂਦਰ ਸਰਕਾਰ ਨੂੰ ਸ਼ਿਕਾਇਤਾਂ ਦਾ ਕੇਂਦਰੀਕ੍ਰਿਤ ਡਾਟਾ ਵੀ ਉਪਲੱਬਧ ਕਰਾਏਗਾ। ਇਹ ਕਦਮ ਸਿਰਫ ਤਕਨੀਕੀ ਸੁਵਿਧਾ ਨਹੀਂ ਹੈ, ਬਲਕਿ ਖੇਤੀ ਤੇ ਕਿਸਾਨ ਭਲਾਈ ਮੰਤਰਾਲੇ ਦੀ ਕਾਰਜਸ਼ੈਲੀ 'ਚ ਪਾਰਦਰਸ਼ਿਤਾ ਤੇ ਜਵਾਬਦੇਹੀ ਲਿਆਉਣ ਲਈ ਵੱਡੀ ਪਹਿਲ ਹੈ। ਹੜ੍ਹਾਂ ਨਾਲ ਪ੍ਰਭਾਵਿਤ ਕਿਸਾਨਾਂ ਦੀ ਮਦਦ ਕਰੇਗੀ, ਸ਼ਿਕਾਇਤਾਂ ਤੇ ਸਮੱਸਿਆਵਾਂ ਦਾ ਸਮੇਂ 'ਤੇ ਹਲ ਕੀਤਾ ਜਾਵੇਗਾ। ਦਿੱਲੀ 'ਚ ਖੇਤੀ ਮੰਤਰਾਲੇ ਦੀ ਇਕ ਉੱਚ ਪੱਧਰੀ ਬੈਠਕ 'ਚ ਸਾਹਮਣੇ ਆਇਆ ਕਿ ਕਿਸਾਨਾਂ ਦੀਆਂ ਜ਼ਿਆਦਾਤਰ ਸ਼ਿਕਾਇਤਾਂ ਘਟੀਆ ਖਾਦ, ਬੀਜ ਤੇ ਕੀਟਨਾਸ਼ਕਾਂ ਨਾਲ ਜੁੜੀਆਂ ਹਨ। ਹਰ ਸਮੱਸਿਆ ਸਿਰਫ ਸਥਾਨਕ ਪੱਧਰ ਦੀ ਨਿਗਰਾਨੀ 'ਚ ਢਿੱਲ ਨਹੀਂ, ਬਲਕਿ ਸੂਬਿਆਂ ਦੀਆਂ ਨਕਾਰਾ ਤੇ ਬੇਲਗਾਮ ਸਰਗਰਮੀਆਂ ਦਾ ਨਤੀਜਾ ਹੈ। ਸ਼ਿਵਰਾਜ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤਾ ਕਿ ਅਜਿਹੀਆਂ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਹੋਵੇ ਤੇ ਸੂਬਿਆਂ ਨੂੰ ਵੀ ਇਸ ਵਿਚ ਸਰਗਰਮ ਭੂਮਿਕਾ ਨਿਭਾਉਣੀ ਪਵੇਗੀ। ਦੂਜੀ ਵੱਡੀ ਚੁਣੌਤੀ ਕੁਦਰਤੀ ਆਫਤਾਂ ਦੀ ਹੈ। ਪੰਜਾਬ ਸਮੇਤ ਕਈ ਸੂਬਿਆਂ 'ਚ ਹੜ੍ਹ ਨਾਲ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਮੰਤਰੀ ਦਾ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਦਾ ਐਲਾਨ ਤੇ ਪ੍ਰਭਾਵਿਤ ਕਿਸਾਨਾਂ ਨੂੰ ਹਰ ਸੰਭਵ ਮਦਦ ਦਾ ਭਰੋਸਾ ਕੇਂਦਰ ਦੀਆਂ ਤਰਜੀਹਾਂ ਨੂੰ ਸਾਹਮਣੇ ਲਿਆਉਂਦਾ ਹੈ।

# 83 ਮੈਡੀਕਲ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਦਿਨ-ਰਾਤ ਦਿੱਤੀਆਂ ਜਾ ਰਹੀਆਂ ਨੇ ਸਿਹਤ ਸੇਵਾਵਾਂ : ਡੀ.ਸੀ.

ਗੁਰਦਾਸਪੁਰ, 2 ਸਤੰਬਰ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ। ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਖ-ਵੱਖ ਥਾਵਾਂ ਤੇ ਰਾਹਤ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ, ਉਥੇ ਸਿਹਤ ਵਿਭਾਗ ਵੱਲੋਂ ਵੀ



ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ 43 ਪੱਕੇ ਮੈਡੀਕਲ ਕੈਂਪ ਲਗਾਏ ਗਏ ਹਨ, ਜਿੱਥੇ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਇਲਾਜ ਕਰਨ ਦੇ ਨਾਲ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸਿਹਤ ਵਿਭਾਗ ਦੀਆਂ 40 ਮੋਬਾਇਲ ਟੀਮਾਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਜਾ ਕੇ ਲੋਕਾਂ ਨੂੰ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਸਿਹਤ ਵਿਭਾਗ ਦੀਆਂ 6 ਜਣਕ 108 ਵਾਲੀਆਂ 18 ਐਂਬੂਲੈਂਸ ਲੋਕਾਂ ਦੀ ਸੇਵਾ ਵਿੱਚ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਪਾਣੀ ਦੀ ਸੈਂਪਲਿੰਗ ਲਈ ਟੀਮਾਂ ਨੂੰ ਆਨ ਸਪੌਟ ਵਾਟਰ ਟੈਸਟਿੰਗ ਕਿੱਟਾਂ ਦਿੱਤੀਆਂ ਗਈਆਂ ਹਨ, ਜਿਸ ਨਾਲ ਮੌਕੇ 'ਤੇ ਹੀ ਪੀਣ ਵਾਲੇ ਪਾਣੀ ਦੀ ਗੁਣਵੱਤਾ ਚੈਕ ਕੀਤੀ ਜਾ ਰਹੀ ਹੈ। ਸਿਹਤ ਵਿਭਾਗ ਵੱਲੋਂ ਪਾਣੀ ਦੀ ਕਲੋਰੀਨੇਸ਼ਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਵਿੱਚ ਦਿਨ-ਰਾਤ ਹਾਜ਼ਰ ਹੈ।

# ਜ਼ਿਲ੍ਹਾ ਪ੍ਰਸ਼ਾਸਨ ਨੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਪਸ਼ੂਆਂ ਦੇ ਇਲਾਜ ਲਈ 24 ਟੀਮਾਂ ਲਗਾਈਆਂ

ਗੁਰਦਾਸਪੁਰ, 2 ਸਤੰਬਰ (ਜਗੀਰ ਸਿੰਘ ਮੰਡ/ਨਾਹਰ): ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ



ਵਿੱਚ ਜਿੱਥੇ ਇਨਸਾਨੀ ਜ਼ਿੰਦਗੀਆਂ ਨੂੰ ਬਚਾਉਣ ਲਈ ਦਿਨ-ਰਾਤ ਰਾਹਤ ਕਾਰਜ ਚਲਾਏ ਜਾ ਰਹੇ ਹਨ, ਉਥੇ ਪਸ਼ੂਆਂ ਦੇ ਬਚਾਅ ਲਈ ਵੀ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਦੇ ਇਲਾਜ ਲਈ 24 ਟੀਮਾਂ ਗਠਿਤ ਕੀਤੀਆਂ ਹਨ, ਜੋ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹਰੇਕ ਕਿਸਾਨ ਦੇ ਘਰ ਤੱਕ ਪਹੁੰਚ ਕੇ ਉਨ੍ਹਾਂ ਦੇ ਪਸ਼ੂਆਂ ਦਾ ਇਲਾਜ ਕਰ ਰਹੀਆਂ ਤੇ ਨਾਲ ਹੀ ਪਸ਼ੂਆਂ ਨੂੰ ਚਾਰਾ ਤੇ ਫੀਡ ਵੰਡੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਇਸ ਸੰਕਟ ਦੀ ਘੜੀ ਨੂੰ ਪੂਰੀ ਸਮਰੱਥਾ ਨਾਲ ਨਜਿੱਠ ਰਿਹਾ ਹੈ ਤੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# ਸਤਲੁਜ ਦਰਿਆ ਦੇ ਵਧੇ ਪਾਣੀ ਦਾ ਪੱਧਰ ਘਟਿਆ: ਡੀ.ਸੀ.

### ☛ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਬੇਲਾ ਤਾਜੋਵਾਲ ਤੇ ਧੈਂਗੜਪੁਰ ਵਿਖੇ ਬੰਨ੍ਹ ਦੀ ਮਜ਼ਬੂਤੀ ਲਈ ਚੱਲ ਰਹੇ ਕੰਮਾਂ ਦਾ ਲਿਆ ਜਾਇਜ਼ਾ

ਨਵਾਂਸ਼ਹਿਰ, 2 ਸਤੰਬਰ (ਸੁਖਦੇਵ ਸਿੰਘ ਉੜਾਪੜ): ਡੀ.ਸੀ. ਅੰਕੁਰਜੀਤ



ਸਿੰਘ ਨੇ ਅੱਜ ਪਿੰਡ ਬੇਲਾ ਤਾਜੋਵਾਲ ਤੇ ਧੈਂਗੜਪੁਰ ਵਿਖੇ ਸਤਲੁਜ ਦਰਿਆ ਦੇ ਬੰਨ੍ਹ ਦੀ ਹੋਰ ਮਜ਼ਬੂਤੀ ਦੇ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਮੌਜੂਦਾ ਸਮੇਂ ਦਰਿਆ 'ਚ ਪਾਣੀ ਦੇ ਵਹਾਅ ਦਾ ਪੱਧਰ 65 ਹਜ਼ਾਰ ਕਿਊਸਿਕ ਦੇ ਨੇੜੇ ਹੈ ਜੋ ਕਿ ਬੀਤੀ ਰਾਤ 1.25 ਲੱਖ ਕਿਊਸਿਕ ਸੀ। ਦਰਿਆ ਵਿੱਚ ਪਾਣੀ ਦੇ ਪੱਧਰ ਘਟਣ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਬੀਤੇ 24 ਘੰਟਿਆਂ ਦੌਰਾਨ ਪਾਣੀ ਦੇ ਪੱਧਰ ਵਿੱਚ ਹੋਏ ਦੁੱਗਣੇ ਵਾਧੇ ਨਾਲ ਬੇਲਾ ਤਾਜੋਵਾਲ ਤੇ ਧੈਂਗੜਪੁਰ ਵਿਖੇ ਬੰਨ੍ਹ ਨੂੰ ਥੋੜਾ ਨੁਕਸਾਨ ਪੁੱਜਾ ਸੀ ਜੋ ਪ੍ਰਸ਼ਾਸਨਿਕ ਟੀਮਾਂ, ਪਿੰਡ ਵਾਸੀਆਂ, ਸਮਾਜਿਕ ਸੰਸਥਾਵਾਂ ਤੇ ਸਿਆਸੀ ਨੁਮਾਇੰਦਿਆ ਦੇ ਸਹਿਯੋਗ ਨਾਲ ਠੀਕ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀ ਤੇ ਪਿੰਡਾਂ ਦੇ ਵਸਨੀਕ ਲਗਾਤਾਰ ਕੰਮ ਕਰਕੇ ਬੰਨ੍ਹ ਦੀ ਮਜ਼ਬੂਤੀ ਨੂੰ ਯਕੀਨੀ ਬਣਾ ਰਹੇ ਹਨ। ਲੋਕਾਂ ਨੂੰ ਅਪੀਲ ਕੀਤੀ ਕਿ ਪ੍ਰਸ਼ਾਸਨ ਵੱਲੋਂ ਲਗਾਤਾਰ ਸਥਿਤੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਤੇ ਲੋਕਾਂ ਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਬਲਾਚੌਰ ਦੇ ਬੇਲਾ ਤਾਜੋਵਾਲ ਤੇ ਧੈਂਗੜਪੁਰ ਤੋਂ ਇਲਾਵਾ ਨਵਾਂਸ਼ਹਿਰ ਦੇ ਦਰਿਆਪੁਰ, ਤਲਵੰਡੀ ਸੀਬੂ ਤੇ ਬੁਰਜ ਟਹਿਲ ਦਾਸ ਵਿਖੇ ਐਸ.ਡੀ.ਐਮਜ਼ ਦੀ ਅਗਵਾਈ ਹੇਠ ਲਗਾਤਾਰ ਬੋਰੇ ਲਾਉਣ ਤੇ ਬੰਨ੍ਹ ਦੀ ਮਜਬੂਤੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਥਾਂ 'ਤੇ ਹੜ੍ਹ ਦੀ ਸਥਿਤੀ ਦਾ ਖਦਸ਼ਾ ਜਾਹਰ ਹੁੰਦਾ ਹੈ ਤਾਂ ਉਹ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਜਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ 24/7 ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦੇ ਨੰਬਰ01823-220645 'ਤੇ ਸੂਚਨਾ ਦੇਣ। ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਬਲਾਚੌਰ ਦੇ ਐਸ.ਡੀ.ਐਮ ਕ੍ਰਿਤਿਕਾ ਗੋਇਲ, ਐਸ.ਡੀ.ਐਮ. ਅਨਮਜਯੋਤ ਕੌਰ ਮੌਜੂਦ ਸਨ।

# ਸਮਾਜ ਸੇਵੀ ਸੰਸਥਾਵਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਸਹਾਇਤਾ ਸਮੱਗਰੀ ਵੰਡਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਧਿਕਾਰੀਆਂ ਦੇ ਨੰਬਰ ਜਾਰੀ

ਬਟਾਲਾ, 2 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਧੰਨਪਾਲ ਕਲਸੀ): ਦਲਵਿੰਦਰਜੀਤ ਸਿੰਘ, ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਰਾਹਤ ਕਾਰਜਾਂ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਪੱਧਰ 'ਤੇ ਤਹਿਸੀਲ ਪੱਧਰਾਂ 'ਤੇ ਸਹਾਇਤਾ ਸੈੱਲਾਂ ਦਾ ਗਠਿਨ ਕੀਤਾ ਹੈ। ਇਨ੍ਹਾਂ ਸਹਾਇਤਾ ਸੈਲਾਂ ਤੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੇਵਾ ਕਰਨ ਆਉਣ ਵਾਲੀਆਂ ਸੰਸਥਾਵਾਂ ਹੜ੍ਹ ਪੀੜ੍ਹਤਾਂ ਦੀ ਲੋੜ, ਕਿਸ ਇਲਾਕੇ ਵਿੱਚ ਰਾਹਤ ਸਮਗਰੀ ਵੰਡੀ ਜਾਣੀ ਹੈ, ਰੈਸਕਿਊ ਤੇ ਰਿਲੀਫ ਓਪਰੇਸ਼ਨ, ਸਿਹਤ ਸੇਵਾਵਾਂ, ਪੀਣ ਵਾਲੇ ਪਾਣੀ ਤੇ ਹੋਰ ਖਾਣ-ਪੀਣ ਦੇ ਸਮਾਨ, ਪਸ਼ੂਆਂ ਲਈ ਦਵਾਈਆਂ, ਹੜ੍ਹ ਪ੍ਰਭਾਵਿਤ ਲੋਕਾਂ ਲਈ ਬਣਾਏ ਰਾਹਤ ਕੈਂਪਾਂ, ਹਾਈਜੀਨ ਤੇ ਸੈਨੇਟਰੀ ਕਿੱਟਾਂ ਸਮੇਤ ਰਾਹਤ ਕਾਰਜਾਂ ਸਬੰਧੀ ਜਾਣਕਾਰੀ ਹਾਸਲ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ



ਹੜ੍ਹ ਪੀੜ੍ਹਤਾਂ ਲਈ ਵੰਡੀ ਜਾ ਰਹੀ ਰਾਹਤ ਸਮਗਰੀ ਦੀ ਵੰਡ ਲਈ ਜ਼ਿਲ੍ਹਾ ਪੱਧਰ 'ਤੇ ਨਵਜੋਤ ਸ਼ਰਮਾ, ਪੀ.ਸੀ.ਐਸ., ਜ਼ਿਲ੍ਹਾ ਟਰਾਂਸਪੋਰਟ ਅਫ਼ਸਰ (ਮੋਬਾਈਲ ਨੰਬਰ 96469-62024) ਤੇ ਹਰਪ੍ਰੀਤ ਸਿੰਘ, ਡੀ.ਡੀ.ਪੀ.ਓ. (ਮੋਬਾਈਲ ਨੰਬਰ 88723-00819) ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਤਹਿਸੀਲ ਦੀਨਾਨਗਰ ਲਈ ਬਲਵਿੰਦਰ ਸਿੰਘ, ਤਹਿਸੀਲਦਾਰ ਦੀਨਾਨਗਰ (ਮੋਬਾਈਲ 99884-90394) ਤੇ ਕੰਵਲਪ੍ਰੀਤ ਸਿੰਘ, ਇੰਸਪੈਕਟਰ ਸਹਿਕਾਰਤਾ (ਮੋਬਾਈਲ ਨੰਬਰ 70093-10141) ਨੂੰ ਨੋਡਲ ਅਫ਼ਸਰ ਲਗਾਇਆ ਗਿਆ ਹੈ। ਡੇਰਾ ਬਾਬਾ ਨਾਨਕ ਤਹਿਸੀਲ ਲਈ ਤਹਿਸੀਲਦਾਰ ਲਛਮਣ ਸਿੰਘ (ਮੋਬਾਈਲ ਨੰਬਰ 98143 90 280) ਤੇ ਸਰਬਜੀਤ ਸਿੰਘ ਕਲੱਰਕ ਮੋਬਾਇਲ ਨੰਬਰ (90 285 40 001) ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ। ਕਲਾਨੌਰ ਤਹਿਸੀਲ ਲਈ ਨੈਬ ਤਹਿਸੀਲਦਾਰ ਜਗਦੀਪ ਇੰਦਰ ਸਿੰਘ ਮੋਬਾਇਲ ਨੰਬਰ (9814039922) 'ਤੇ ਕਾਨੂੰਗੋ ਕੁਲਬੀਰ ਸਿੰਘ ਮੋਬਾਈਲ ਨੰਬਰ (98779 14 4 64) ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੇਵਾ ਕਰਨ ਆਉਣ ਵਾਲੇ ਵਿਅਕਤੀਆਂ ਤੇ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੜ੍ਹ ਪੀਸਾਂ ਦੀ ਸਹਾਇਤਾ ਕਰਨ ਤੋਂ ਪਹਿਲਾਂ ਸਬੰਧ ਰੱਖ ਕੇ ਵਿੱਚ ਉਪਰੋਕਤ ਦਿੱਤੇ ਗਏ ਨੰਬਰਾਂ ਉਪਰ ਜਰੂਰ ਸੰਪਰਕ ਕਰ ਲੈਣ, ਤਾਂ ਜੋ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਲੋੜਵੰਦਾਂ ਦੀਸੂਚਨਾ ਦੇਣ ਦੇ ਨਾਲ ਹੋਰ ਲੋੜੀ ਦੀ ਸਹਾਇਤਾ ਦਿੱਤੀ ਜਾ ਸਕੇ।

# ਸੀਨੀਅਰ ਆਈ.ਏ.ਐਸ. ਅਧਿਕਾਰੀ ਵਰੁਣ ਰੂਜ਼ਮ ਤੇ ਬਸੰਤ ਗਰਗ ਨੇ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲਿਆ




ਡੇਰਾ ਬਾਬਾ ਨਾਨਕ, 2 ਸਤੰਬਰ (ਹੈਪੀ ਕੋਟਲੀ): ਪੰਜਾਬ ਸਰਕਾਰ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਵਰੁਣ ਰੂਜ਼ਮ ਤੇ ਬਸੰਤ ਗਰਗ ਵੱਲੋਂ ਅੱਜ ਡੇਰਾ ਬਾਬਾ ਨਾਨਕ ਵਿਖੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ, ਐਸ.ਡੀ.ਐਮ. ਡੇਰਾ ਬਾਬਾ ਨਾਨਕ ਡਾ. ਆਦਿੱਤਯ ਸ਼ਰਮਾ, ਐਸ.ਡੀ.ਐਮ. ਫ਼ਤਹਿਗੜ੍ਹ ਚੂੜੀਆਂ ਗੁਰਮੰਦਰ ਸਿੰਘ ਵੀ ਮੌਜੂਦ ਸਨ। ਸੀਨੀਅਰ ਆਈ.ਏ.ਐਸ. ਅਧਿਕਾਰੀ ਵਰੁਣ ਰੂਜ਼ਮ ਤੇ ਬਸੰਤ ਗਰਗ ਵੱਲੋਂ ਸਭ ਤੋਂ ਪਹਿਲਾਂ ਬੀ.ਡੀ.ਪੀ.ਓ. ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਜਾਣਕਾਰੀ ਹਾਸਲ ਕੀਤੀ ਗਈ ਤੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੀਤੇ ਜਾ ਰਹੇ ਰਾਹਤ ਕਾਰਜਾਂ ਦੀ ਸਮੀਖਿਆ ਕੀਤੀ। ਵਰੁਣ ਰੂਜ਼ਮ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਇਹ ਯਕੀਨੀ ਬਣਾਉਣ ਕਿ ਪੰਜਾਬ ਸਰਕਾਰ ਵੱਲੋਂ ਭੇਜੀ ਜਾ ਰਹੀ ਰਾਹਤ ਸਮਗਰੀ ਹਰ ਲੋੜਵੰਦ ਤੱਕ ਪਹੁੰਚੇ। ਉਨ੍ਹਾਂ ਕਿਹਾ ਕਿ ਹੜ੍ਹ ਦਾ ਪਾਣੀ ਉਤਰਨ ਤੋਂ ਬਾਅਦ ਹੋਰ ਵੀ ਚੁਣੌਤੀਆਂ ਆਉਣਗੀਆਂ ਜਿਸ ਲਈ ਵੀ ਜ਼ਿਲ੍ਹਾ ਪ੍ਰਸ਼ਾਸਨ ਤਿਆਰ ਰਹੇ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੱਛਰਾਂ ਦੀ ਰੋਕਥਾਮ ਲਈ ਸਪਰੇਅ ਕੀਤੀ ਜਾਵੇ, ਪੀਣ ਵਾਲੇ ਪਾਣੀ ਦੇ ਸੈਂਪਲ ਲੈਣ ਦੇ ਨਾਲ ਸਾਫ਼ ਤੇ ਸ਼ੁੱਧ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ। ਪਸ਼ੂਆਂ ਦੇ ਇਲਾਜ ਅਤੇ ਉਨ੍ਹਾਂ ਦੇ ਚਾਰੇ ਦਾ ਵੀ ਪ੍ਰਬੰਧ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਕੀਤੇ ਗਏ ਬਚਾਅ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ 'ਚ ਦਿਨ-ਰਾਤ ਲੱਗੀਆਂ ਹੋਈਆਂ ਹਨ ਤੇ ਪ੍ਰਸ਼ਾਸਨ ਵੱਲੋਂ ਹਰ ਲੋੜਵੰਦ ਤੱਕ ਰਾਹਤ ਸਮਗਰੀ ਪਹੁੰਚਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਕਾਰਜਾਂ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਤੋਂ ਬਾਅਦ ਸੀਨੀਅਰ ਆਈ.ਏ.ਐਸ. ਅਧਿਕਾਰੀ ਵਰੁਣ ਰੂਜ਼ਮ ਤੇ ਬਸੰਤ ਗਰਗ ਵੱਲੋਂ ਹੜ੍ਹ ਕਾਰਨ ਡੇਰਾ ਬਾਬਾ ਨਾਨਕ ਦੇ ਨਾਲ ਲੱਗਦੇ ਇਲਾਕੇ ਤੇ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ।

# ਪੰਜਾਬ ਦੀ ਭਲਾਈ ਲਈ ਅਰਦਾਸ ਬੇਨਤੀ ਕੀਤੀ

ਭੋਗਪੁਰ, 2 ਸਤੰਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਨਗਰ ਖੇੜਾ (ਖਵਾਜਾ ਜੀ) ਦੇ ਛਿਮਾਹੀ ਭੰਡਾਰੇ 'ਤੇ ਚੌਂਕੀ ਸਮਾਗਮ ਮੌਕੇ ਉੱਘੇ ਸਮਾਜ ਸੇਵੀ ਐਮ.ਪੀ. ਜੱਸੜ, ਪੰਜਾਬ ਸਟੇਟ ਚੇਅਰਮੈਨ (ਯੂਥ ਪਾਲਿਸੀ ਰਿਸਰਚ ਡਿਪਾਰਟਮੈਂਟ ਅਤੇ ਜਨਰਲ ਸੈਕ੍ਰੇਟਰੀ, ਪੰਜਾਬ ਯੂਥ ਐਂਡ ਸਪੋਰਟਸ ਕਲੱਬਜ਼ ਸੈੱਲ (ਪੀ.ਪੀ.ਸੀ.ਸੀ.), ਨੇ ਖਵਾਜਾ ਜੀ ਦੇ ਨਤਮਸਤਕ ਹੋ ਕੇ ਹਾਜ਼ਰੀ ਲਗਾਈ। ਪੰਜਾਬ ਦੀ ਸੁਖਸ਼ਾਂਤੀ ਤੇ ਤਰੱਕੀ ਲਈ, ਖ਼ਾਸਕਰ ਪੰਜਾਬ ਭਰ ਦੇ ਹਾਲੀਆ ਹੜ੍ਹ ਤੇ ਆਫਤਾਂ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਸੁਰੱਖਿਆ ਭਲਾਈ ਲਈ ਦੁਆ-ਅਰਦਾਸ ਬੇਨਤੀ ਕੀਤੀ। ਸਮਾਗਮ ਦੌਰਾਨ ਵਰੁਣ ਦੇਵ ਨਗਰ ਖੇੜਾ ਵੈਲਫੇਅਰ ਸੋਸਾਇਟੀ (ਰਜਿ.) ਵੱਲੋਂ ਐਮ.ਪੀ. ਜੱਸੜ ਨੂੰ ਸਿਰਪਾਓ ਨਾਲ ਸਨਮਾਨਤ ਕੀਤਾ ਗਿਆ। ਜੱਸੜ ਨੇ ਸੋਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ (ਟੋਨੀ), ਉਪ-ਪ੍ਰਧਾਨ ਰਮਨੀਸ਼ ਚੌਹਾਨ (ਭੋਲਾ), ਚੇਅਰਮੈਨ ਮਨੀਸ਼ ਟੌਂਕ, ਖਜਾਨਚੀ ਸੁਨੀਲ ਕੁਮਾਰ, ਪ੍ਰਬੰਧਕ ਪ੍ਰਦੀਪ ਕੁਮਾਰ ਅਤੇ ਲਖਵਿੰਦਰ ਸਿੰਘ (ਲੱਕੀ) ਸਮੇਤ ਸਾਰੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸੰਬੋਧਨ ਵਿੱਚ ਜੱਸੜ ਨੇ ਕਿਹਾ ਕਿ ਪੰਜਾਬ ਭਰ ਦੇ ਸਮਾਜ ਸੇਵੀ



ਹੜ੍ਹ-ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਅਧਿਕਾਰੀਆਂ ਨੂੰ ਅਪੀਲ ਕੀਤੀ ਕਿਹਾ ਕੇ ਹੜ੍ਹ ਤੇ ਹੋਰ ਆਫਤਾਂ ਨਾਲ ਪ੍ਰਭਾਵਿਤ ਪਰਿਵਾਰਾਂ ਦੀ ਸੁਰੱਖਿਆ ਲਈ ਵੱਡਾ ਵਿਸ਼ੇਸ਼ ਰਾਹਤ ਪੈਕਜ ਜਲਦ ਤੋਂ ਜਲਦ ਜਾਰੀ ਕੀਤਾ ਜਾਵੇ। ਜੱਸੜ ਨੇ ਇਹ ਵੀ ਕਿਹਾ ਕਿ ਜੇ ਗਰਦੋਰੀਆਂ (ਅਨੁਮਾਨ) ਮੁਤਾਬਕ ਬਣੀ ਹੋਈ ਰਕਮ ਪਹਿਲਾਂ ਹੀ ਮੌਜੂਦ ਹੈ, ਤਾਂ ਉਸਨੂੰ ਤੁਰੰਤ ਰਿਲੀਜ਼ ਕੀਤਾ ਜਾਵੇ। ਨਾਲ ਹੀ, ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਮੁਆਵਜ਼ਿਆਂ ਤੇ ਰਾਹਤ ਪੈਕੇਜਾਂ ਨੂੰ ਪ੍ਰਾਥਮਿਕਤਾ ਦੇ ਕੇ ਤੁਰੰਤ ਜਾਰੀ ਕੀਤਾ ਜਾਵੇ। ਇਸ ਮੌਕੇ 'ਤੇ ਬੱਗੂ, ਜਸ਼ਨ, ਸੁੱਖਾ, ਵਿਵੇਕ ਕੌਸ਼ਲ, ਕਮਲ, ਮੰਤੂ ਆਦਿ ਮੌਜੂਦ ਸਨ।

# ਸਤਲੁਜ ਦਰਿਆ ਬੰਨ੍ਹ 'ਤੇ 'ਆਪ' ਦੀ ਟੀਮ ਵੱਲੋਂ ਦੌਰਾ

ਭੋਗਪੁਰ, 2 ਸਤੰਬਰ (ਅਮਰਜੀਤ ਸਿੰਘ ਸੈਣੀ): ਭੋਗਪੁਰ ਤੋਂ ਸਤਲੁਜ ਦਰਿਆ ਬੰਨ੍ਹ 'ਤੇ ਜ਼ਿਲ੍ਹਾ ਸਕੱਤਰ 'ਆਪ' ਮਦਨ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਵਿਸ਼ੇਸ਼ ਟੀਮ ਵੱਲੋਂ ਦੌਰਾ ਕੀਤਾ ਗਿਆ। ਹਲਾਤਾਂ ਦੀ ਸਮੀਖਿਆ ਕੀਤੀ, ਪਿੰਡਾਂ ਵਾਲਿਆਂ ਨੇ ਮਦਦ ਦੀ ਮੰਗ ਕੀਤੀ ਤੇ 'ਆਪ' ਆਗੂਆਂ ਵੱਲੋਂ ਲੋੜ ਮੁਤਾਬਿਕ ਸਮਾਨ ਵੀ ਪਹੁੰਚਾਇਆ ਗਿਆ ਤੇ ਹਾਲਾਤਾਂ ਬਾਰੇ ਸਾਰੀ ਰਿਪੋਰਟ ਸਰਕਾਰ ਨੂੰ ਭੇਜੀ ਗਈ ਕਿਹਾ ਕਿ ਹੜ੍ਹ ਪੀੜਤਾਂ ਦੀ ਮਦਦ ਲਈਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ 'ਤੇ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਦੁੱਗਲ, ਬਲਵੀਰ ਸਿੰਘ ਢੰਡੋਵਾਲ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਚੇਅਰਮੈਨ ਹਰਜਿੰਦਰ ਸਿੰਘ ਸੀਚੇਵਾਲਾ, ਸਰਪੰਚ ਗੁਰਮੁੱਖ ਸਿੰਘ ਤੇ ਮੋਹਤਬਰ ਸੱਜਣ ਪਿੰਡ ਬੰਬੂਵਾਲ ਤੇ ਲੋਕ ਵੀ ਹਾਜ਼ਰ ਸਨ।

# ਕੀੜੀ ਅਫਗਾਨਾ ਦਾ ਢਾਇਆ ਟੁੱਟਣ ਕਾਰਨ ਨਹਿਰ ਹੋਈ ਬੰਦ, ਕਿਸਾਨਾਂ ਨੇ ਆਪਣੇ ਪੱਧਰ 'ਤੇ ਕੀਤੀ ਚਾਲੂ



ਕਾਹਨੂੰਵਾਨ, 2 ਸਤੰਬਰ (ਕੁਲਜੀਤ ਸਿੰਘ ਖੋਖਰ): ਜ਼ਿਲ੍ਹਾ ਗੁਰਦਾਸਪੁਰ ਦੇ ਅਧੀਨ ਆਉਂਦੇ ਪਿੰਡ ਕੀੜੀ ਅਫਗਾਨਾ ਦੇ ਨਜ਼ਦੀਕ ਅੱਜ ਸਵੇਰ ਸਾਰ ਢਾਇਆ ਟੁੱਟਣ ਕਾਰਨ ਨਹਿਰ ਪੂਰੀ ਤਰ੍ਹਾਂ ਬੰਦ ਹੋ ਗਈ ਸੀ, ਜਿਸ ਸੰਬੰਧੀ ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਖਜ਼ਾਨਚੀ ਸਰਪੰਚ ਬਲਕਾਰ ਸਿੰਘ ਫੁੱਲੜਾ ਤੇ ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਸੋਨੂੰ ਚੱਡਾ ਵੱਲੋਂ ਪ੍ਰਸ਼ਾਸਨ ਨੂੰ ਬਹੁਤ ਵਾਰ ਅੱਜ ਫਰਿਆਦ ਕੀਤੀ ਗਈ ਕਿ ਕੀੜੀ ਅਫਗਾਨਾ ਦੇ ਨਜ਼ਦੀਕ ਢਾਇਆ ਟੁੱਟਣ ਕਾਰਨ ਨਹਿਰ ਪੂਰੀ ਤਰ੍ਹਾਂ ਬੰਦ ਹੋ ਗਈ ਹੈ, ਜਿਸ ਕਰਕੇ ਨਜ਼ਦੀਕ ਦੇ ਖੇਤਾਂ ਵਿਚ ਪਾਣੀ ਜਾਣ ਦਾ ਖ਼ਤਰਾ ਬਣਿਆ ਹੋਇਆ ਹੈਅਤੇ ਖ਼ਦਸ਼ਾ ਜਤਾਇਆ ਜਾ ਰਿਹਾ ਸੀ ਕਿ ਪਿੰਡਾਂ ਵਿਚ ਪਾਣੀ ਭਰ ਸਕਦਾ ਹੈ। ਇਸ ਮੌਕੇ ਜਦ ਵਾਰ -ਵਾਰ ਫਰਿਆਦ ਕਰਨ ਤੋਂ ਬਾਅਦ ਪ੍ਰਸ਼ਾਸਨ ਨਹੀਂ ਪਹੁੰਚਿਆ ਤਾਂ ਸਥਾਨਕ ਲੋਕਾਂ ਵੱਲੋਂ ਆਪਣੇ ਬੱਚਿਆਂ ਸਮੇਤ ਨਹਿਰ ਨੂੰ ਆਪਣੇ ਪੱਧਰ 'ਤੇ ਚਾਲੂ ਕਰ ਦਿੱਤਾ ਹੈ। ਇਸ ਮੌਕੇ ਸਰਪੰਚ ਬਲਕਾਰ ਸਿੰਘ ਤੇ ਸੋਨੂੰ ਚੱਡਾ ਨੇ ਸਰਕਾਰ ਤੇ ਪ੍ਰਸ਼ਾਸਨ ਦੀ ਨਲਾਇਕੀ ਦੇ ਖ਼ਿਲਾਫ਼ ਹਾਅ ਦਾ ਨਾਅਰਾ ਮਾਰਿਆ ਹੈ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਬੇਟ ਖੇਤਰ ਵਿਚ ਕੋਈ ਵੀ ਮਦਦ ਜਾ ਹੜ੍ਹ ਦੇ ਖ਼ਤਰੇ ਨੂੰ ਲੈ ਕੇ ਕੋਈ ਕੰਮ ਨਹੀਂ ਕੀਤਾ ਜਾ ਰਿਹਾ ਹੈ। ਕਿਸਾਨ ਤੇ ਆਮ ਲੋਕ ਆਪਣੇ ਪੱਧਰ 'ਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰ ਰਹੇ ਹਨ। ਇਸ ਮੌਕੇ ਕੀੜੀ ਅਫਗਾਨਾ ਤੇ ਬੇਟ ਖੇਤਰ ਦੇ ਕਿਸਾਨ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਅਹਿਮਦੀਆ ਨੌਜਵਾਨ ਰਾਹਤ ਤੇ ਸੇਵਾ ਕਾਰਜਾਂ 'ਚ ਅੱਗੇ ਵੱਧ ਰਹੇ ਨੇ




ਕਾਦੀਆਂ, 2 ਸਤੰਬਰ (ਸਲਾਮ ਤਾਰੀ): ਸੂਬਾ ਪੰਜਾਬ ਵਿੱਚ ਲਗਾਤਾਰ ਹੋ ਰਹੇ ਮੀਂਹ ਦੇ ਕਾਰਨ ਪੰਜਾਬ ਦੇ ਕਈ ਜ਼ਿਲਿਆਂ ਵਿੱਚ ਹੜ ਦੀ ਸਥਿਤੀ ਪੈਦਾ ਹੋ ਗਈ ਹੈ। ਹੜ ਨਾਲ ਪ੍ਰਭਾਵਿਤ ਲੋਕਾਂ ਤੱਕ ਰਾਹਤ ਤੇ ਮਦਦ ਪਹੁੰਚਾਉਣ ਲਈ ਅਹਿਮਦੀ ਨੌਜਵਾਨਾਂ ਦੀ ਸੰਸਥਾ ਮਜ਼ਲਿਸ ਖ਼ੁਦਾਮ ਉੱਲ ਅਹਿਮਦੀਆ ਦੇ ਨੌਜਵਾਨ ਅੱਗੇ ਆ ਕੇ ਆਪਣੀਆਂ ਸੇਵਾਵਾਂ ਪੇਸ਼ ਕਰ ਰਹੇ ਹਨ। ਮਜਲਿਸ ਖੁਦਾਮ ਉੱਲ ਅਹਿਮਦੀਆ ਭਾਰਤ ਦੇ ਤਹਿਤ ਕਈ ਦਿਨਾਂ ਤੋਂ ਜ਼ਿਲ੍ਹਾ ਗੁਰਦਾਸਪੁਰ ਡੇਰਾ ਬਾਬਾ ਨਾਨਕ ਫਤਿਹਗੜ੍ਹ ਚੂੜੀਆਂ ਆਦਿ ਦੇ ਪਿੰਡਾਂ ਵਿੱਚ ਰਾਹਤ ਸਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਵਿੱਚ ਖਾਣ ਪੀਣ ਦਾ ਸਮਾਨ ਰਾਸ਼ਨ ਦੁੱਧ ਪੀਣ ਵਾਲਾ ਪਾਣੀ ਸਮੇਤ ਬਹੁਤ ਸਾਰੀ ਜ਼ਰੂਰੀ ਚੀਜ਼ਾਂ ਲੋੜਵੰਦਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ। ਮਜਲਿਸ ਖੁਦਾਮ ਉਲ ਅਹਿਮਦੀਆ ਮੁਸਲਿਮ ਜਮਾਤ ਅਹਿਮਦੀਆ ਦੇ ਨੌਜਵਾਨਾਂ ਦੀ ਉਹ ਸੰਸਥਾ ਹੈ, ਜੋ ਸਾਰਾ ਸਾਲ ਹੀ ਖਿਦਮਤੇ ਖਲਕ ਦੇ ਕਾਰਜ ਕਰਦੀ ਰਹਿੰਦੀ ਹੈ। ਇਹ ਸਾਰੇ ਕਾਰਜ ਮਜਲਿਸ ਖੁਦਾਮ ਉੱਲ ਅਹਿਮਦੀਆ ਦੇ ਕੌਮੀ ਪ੍ਰਧਾਨ ਸ਼ਮੀਮ ਅਹਿਮਦ ਗੌਰੀ ਦੀ ਅਗਵਾਈ ਹੇਠ ਚੱਲ ਰਹੇ ਹਨ। ਇਸ ਸੰਬੰਧ ਵਿੱਚ ਹੋਰ ਜਾਣਕਾਰੀ ਦਿੰਦਿਆਂ ਇੰਚਾਰਜ ਨਵੀਦ ਅਹਿਮਦ ਫਜ਼ਲ ਨੇ ਦੱਸਿਆ ਕਿ ਕਾਦੀਆਂ ਦੇ ਅਹਿਮਦੀਆ ਮੁਸਲਿਮ ਨੌਜਵਾਨਾਂ ਦੀ ਟੀਮਾਂ ਵੱਡੀ ਗਿਣਤੀ ਵਿੱਚ ਲੋਕਾਂ ਤੱਕ ਪਹੁੰਚ ਕੇ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜ ਕਰ ਰਹੀਆਂ ਹਨ ਤੇ ਉਨਾਂ ਤੱਕ ਰਾਹਤ ਦਾ ਸਮਾਨ ਪਹੁੰਚਾ ਰਹੇ ਹਨ। ਇਸ ਇਸ ਮੌਕੇ ਹਾਫਿਜ ਨਈਮ ਪਾਸ਼ਾ ਪ੍ਰਧਾਨ ਅਹਿਮਦੀਆ ਯੂਥ ਵਿੰਗ ਕਾਦੀਆਂ ਅਤਾਉਲ ਬਾਰੀ, ਸੱਦਾਮ ਅਹਿਮਦ, ਅਬਦੁਲ ਹਈ ਤੇ ਆਮਿਰ ਅਹਿਮਦ ਸ਼ਾਮਲ ਹਨ।

# ਹੜ੍ਹਾਂ ਤੋਂ ਬਾਅਦ ਲੋਕਾਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਤੇ ਸਿਹਤ ਸਬੰਧੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦੈ: ਓਠੀ

ਫਤਹਿਗੜ੍ਹ ਚੂੜੀਆਂ, 2 ਸਤੰਬਰ (ਰਾਜਨ ਸ਼ਰਮਾ): ਇਸ ਵਕਤ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਹੜ੍ਹਾਂ ਨੇ ਕਹਿਰ ਮਚਾਇਆ ਹੋਇਆ ਹੈ। ਇਸੇ ਤਰ੍ਹਾਂ ਫਤਹਿਗੜ੍ਹ ਚੂੜੀਆਂ ਦੇ ਨਾਲ ਲੱਗਦੇ ਅਜਨਾਲਾ, ਰਮਦਾਸ ਤੇ ਡੇਰਾ ਬਾਬਾ ਨਾਨਕ ਕਸਬਿਆਂ ਤੇ ਇਨ੍ਹਾਂ ਅਧੀਨ ਆਉਂਦੇ ਪਿੰਡਾਂ ਵਿੱਚ ਹੜ੍ਹਾਂ ਦੇ ਕਾਰਨ ਬਹੁਤ ਵੱਡੀ ਤਬਾਹੀ ਹੋਈ ਹੈ। ਘਰ ਫ਼ਸਲਾਂ ਕਾਰੋਬਾਰ ਸਭ ਕੁਝ ਤਬਾਹ ਹੋ ਚੁੱਕਾ ਹੈ। ਪ੍ਰਸਿੱਧ ਕਲਾਕਾਰ ਗੁਰਜੰਟ ਸਿੰਘ ਓਠੀ ਨੇ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ 'ਤੇ ਆਮ ਲੋਕ ਇਨ੍ਹਾਂ ਪਿੰਡਾਂ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਰਾਸ਼ਨ ਪਾਣੀ ਤੇ ਹੋਰ ਜ਼ਰੂਰਤ ਦਾ ਸਮਾਨ ਤੇ ਪਸ਼ੂਆਂ ਲਈ ਚਾਰਾ ਲੈ ਕੇ ਆ ਰਹੇ ਹਨ ਪਰ ਇਸਦੇ ਨਾਲ ਹੀ ਉਨ੍ਹਾਂ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਕੁੱਝ ਦਿਨਾਂ ਬਾਅਦ ਜਦੋਂ ਹੜ੍ਹਾਂ ਦਾ ਪਾਣੀ ਹੇਠਾਂ ਉਤਰ ਜਾਵੇਗਾ ਤਾਂ ਉਸ ਵਕਤ ਮੁਸੀਬਤ ਦੇ ਮਾਰੇ ਲੋਕਾਂ ਦੇ ਮੁੜ ਵਸੇਬੇ ਲਈ ਰਾਸ਼ਨ ਤੋਂ ਇਲਾਵਾ ਦਵਾਈਆਂ ਦੀ ਬਹੁਤ ਜ਼ਰੂਰਤ ਹੋਵੇਗੀ। ਕਿਉਂਕਿ ਹੜ੍ਹਾਂ ਦੇ ਪਾਣੀ ਨਾਲ ਆਈ ਗੰਦਗੀ ਵਿੱਚੋਂ ਤਰ੍ਹਾਂ ਤਰ੍ਹਾਂ ਦੇ ਕੀੜੇ ਮਕੌੜੇ ਤੇ ਜ਼ਹਿਰੀਲਾ ਮੱਛਰ ਨਿਕਲ ਸਕਦੇ ਨੇ ਜੋ ਬੱਚਿਆਂ ਤੇ ਬਜ਼ੁਰਗਾਂ ਵਾਸਤੇ ਬਹੁਤ ਹਾਨੀਕਾਰਕ ਹੁੰਦੇ ਹਨ। ਪ੍ਰਸ਼ਾਸਨ ਤੇ ਸਮਾਜ ਸੇਵੀ ਸੰਸਥਾਵਾਂ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਹੜ੍ਹਾਂ ਦੇ ਪਾਣੀ ਨਾਲ ਆਈ ਗੰਦਗੀ ਕਾਰਨ ਬਿਮਾਰ ਹੋਣ ਵਾਲੇ ਲੋਕਾਂ ਦਾ ਸਮੇਂ-ਸਮੇਂ ਸਿਰ ਮੈਡੀਕਲ ਚੈਕਅੱਪ ਤੇ ਇਲਾਜ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਹੈ ਕਿ ਹੜ੍ਹ ਪੀੜਤ ਲੋਕਾਂ ਦੇ ਇਲਾਜ ਲਈ ਢੁੱਕਵੇਂ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਪਿੰਡਾਂ ਕਸਬਿਆਂ ਦੇ ਹਿਸਾਬ ਨਾਲ ਮੈਡੀਕਲ ਕੈਂਪ ਲਗਾਏ ਜਾਣ 'ਤੇ ਸਮੇਂ-ਸਮੇਂ 'ਤੇ ਲੋਕਾਂ ਦੇ ਟੈਸਟ ਕੀਤੇ ਜਾਣ, ਤਾਂ ਜੋ ਭਿਆਨਕ ਬਿਮਾਰੀਆਂ ਤੋਂ ਬਚਾਅ ਹੋ ਸਕੇ।



# ਬਹੁਤ ਦਰਦਨਾਕ ਹੈ ਹੜ੍ਹ ਦੀ ਮਾਰ ਹੇਠ ਆਏ ਲੋਕਾਂ ਦੀ ਜ਼ਿੰਦਗੀ, ਬਹੁਤ ਸਾਲ ਲੱਗਣਗੇ ਜ਼ਿੰਦਗੀ ਨੂੰ ਲੀਹਾਂ 'ਤੇ ਲਿਆਉਣ ਲਈ: ਪ੍ਰਧਾਨ ਖੋਜੇਵਾਲ

ਬਟਾਲਾ, 2 ਸਤੰਬਰ (ਬਲਵਿੰਦਰ ਸਿੰਘ ਪੰਜਗਰਾਈਂ): ਬਾਕੀ ਪੰਜਾਬ ਨੂੰ ਛੱਡ ਦੇ ਇਕੱਲੇ ਜ਼ਿਲ੍ਹੇ ਗੁਰਦਾਸਪੁਰ ਦੀ ਗੱਲ ਕੀਤੀ ਜਾਵੇ ਤਾਂ ਹੜ੍ਹਾਂ ਦੀ ਮਾਰ ਨੇ ਇੱਕ ਹਫਤੇ ਤੋਂ ਵੱਧ ਅਜਿਹਾ ਤਾਂਡਵ ਮਚਾਇਆ ਹੈ ਕਿ ਆਉਣ ਵਾਲਾ ਲੰਬਾ ਸਮਾਂ ਹੜ੍ਹ ਪੀੜਤ ਲੋਕਾਂ ਲਈ ਬੇਹੱਦ ਮੁਸ਼ਕਿਲਾਂ ਤੇ ਚਣੌਤੀਆਂ ਨਾਲ ਭਰਪੂਰ ਹੋਵੇਗਾ। ਇਨ੍ਹਾਂ ਪ੍ਰਭਾਵਿਤ ਪਰਿਵਾਰਾਂ ਨੂੰ, ਜਿੰਦਗੀ ਦੀ ਗੱਡੀ ਲੀਹਾਂ 'ਤੇ ਲਿਆਉਣ ਲਈ ਵਰ੍ਹਿਆਂ ਦੇ ਵਰ੍ਹੇ ਲੱਗ ਜਾਣਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਹਰਜੀਤ ਸਿੰਘ (ਮੱਲੀ) ਖੋਜੇਵਾਲ ਨੇ ਹਲਕਾ ਵਿਧਾਇਕ ਅਮਰਪਾਲ ਸਿੰਘ ਕਿਸ਼ਨਕੋਟ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਤੇ ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ ਦੇ ਆਦੇਸ਼ਾਂ ਉਪਰ ਹੜ੍ਹ ਪੀੜਤ ਲੋਕਾਂ ਲਈ ਰਾਸ਼ਨ ਮੁਹੱਈਆ ਕਰਵਾਉਣ ਗਏ ਤੇ ਉਸ ਇਲਾਕੇ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਸਾਂਝੇ ਕੀਤੇ। ਸ੍ਰ. ਖੋਜੇਵਾਲ ਨੇ ਦੱਸਿਆ ਕਿ ਬੇ-ਹੱਦ ਖੌਫਨਕ ਮੰਜ਼ਰ ਹੈ ਪਾਣੀ ਦੀ ਮਾਰ ਹੇਠ ਆਏ ਲੋਕਾਂ ਦਾ, ਪਾਣੀ ਸੁੱਕਣ ਦੇ ਬਾਅਦ ਵੀ ਲੰਬੇ ਸਮੇਂ ਤੱਕ ਇਨ੍ਹਾਂ ਪਰਿਵਾਰਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਬਹੁ-ਗਿਣਤੀ ਕਿਸਾਨ ਸਿਰਫ ਫਸਲਾਂ ਤੋਂ ਹੋਣ ਵਾਲੀ ਆਮਦਨ ਉਪਰ ਹੀ ਨਿਰਭਰ ਕਰਦੇ ਹਨ, ਜੋ ਇਸ ਗੱਲ ਨੂੰ ਲੈ ਕੇ ਚਿੰਤਾ ਵਿੱਚ ਡੁੱਬੇ ਹੋਏ ਹਨ ਕਿ ਹੁਣ ਉਨਾਂ ਦੀਆਂ ਫਸਲਾਂ ਦੀ ਹੋਈ ਇਸ ਬਰਬਾਦੀ ਦੇ ਬਾਅਦ ਉਹ ਆਉਣ ਵਾਲੇ ਸਮੇਂ 'ਚ ਆਪਣੀਆਂ ਆਰਥਿਕ ਲੋੜਾਂ ਨੂੰ ਕਿਸ ਤਰ੍ਹਾਂ ਪੂਰਾ ਕਰਨਗੇ? ਉਨ੍ਹਾਂ ਦਾਨੀ ਸੱਜਣਾਂ ਨੂੰ ਅਪੀਲ ਕਰਦਿਆਂ ਹੋਇਆ ਕਿਹਾ ਕਿ ਸੰਜਮ ਤੋਂ ਕੰਮ ਲਵੋ ਇਨ੍ਹਾਂ ਨੂੰ ਅੱਜ ਹੀ ਲੋੜ ਨਹੀਂ, ਲੰਬੇ ਸਮੇਂ ਤੱਕ ਇਨ੍ਹਾਂ ਨੂੰ ਫਸਲ ਬੀਜਣ ਲਈ ਬੀਜ, ਡੀਏਪੀ, ਯੂਰੀਆ, ਦਵਾਈਆਂ, ਪਸ਼ੂ ਧਨ ਲਈ ਸੁੱਕਾ ਚਾਰਾ ਆਦਿ ਬਹੁਤ ਸਾਰੀਆਂ ਵਸਤਾਂ ਦੀ ਜ਼ਰੂਰਤ ਪਵੇਗੀ, ਉਸ ਵਕਤ ਵੀ ਇਨ੍ਹਾਂ ਦੀ ਬਾਂਹ ਫੜਨ ਦੀ ਲੋੜ ਹੈ। ਇਸ ਮੌਕੇ ਬਲਾਕ ਪ੍ਰਧਾਨ ਹਰਜੀਤ ਸਿੰਘ ਖੋਜੇਵਾਲ ਤੋਂ ਇਲਾਵਾ, ਪਰਮਜੀਤ ਸਿੰਘ ਦਿਓਲ, ਬਲਾਕ ਪ੍ਰਧਾਨ ਕੁਲਵਿੰਦਰ ਸਿੰਘ ਬੱਬੀ, ਇੰਸ. ਦਲਜੀਤ ਸਿੰਘ ਬਹਾਦਰ ਹੁਸੈਨ, ਬਲਾਕ ਪ੍ਰਧਾਨ ਸਲਵਿੰਦਰ ਸਿੰਘ ਜੈਤੋ ਸਰਜਾ, ਕਿਸਾਨ ਵਿੰਗ ਕੋਆਰਡੀਨੇਟਰ ਹਰਜਿੰਦਰ ਸਿੰਘ ਜਾਹਦਪੁਰ, ਸਰਪੰਚ ਗੁਰਦੀਪ ਸਿੰਘ ਹੇਅਰ, ਸਰਪੰਚ ਰਣਜੀਤ ਸਿੰਘ ਬਹਾਦਰ ਹੁਸੈਨ, ਸਾਬਕਾ ਸਰਪੰਚ ਤੇ ਸੀਨੀਅਰ 'ਆਪ' ਆਗੂ ਸਿਕੰਦਰ ਸਿੰਘ ਕਰਨਾਮਾ, ਬੀਰਪਾਲ ਸਿੰਘ ਹੇਅਰ, ਗੁਰਮੀਤ ਸਿੰਘ ਸੋਨੂੰ ਪ੍ਰਧਾਨ, ਕੁਲਦੀਪ ਸਿੰਘ ਪੱਡਾ, ਝਿਰਮਲ ਸਿੰਘ ਰਧਾਨ, ਸਰਪੰਚ ਜਗੀਰ ਸਿੰਘ ਪੱਤੀ ਰਾਮਪੁਰ, ਸਰਪੰਚ ਕਰਮ ਸਿੰਘ ਪੀਰੋਵਾਲੀ, ਸਰਪੰਚ ਜਗਜੀਵਨ ਸਿੰਘ ਅਰਾਈਆਂਵਾਲ, ਸਰਪੰਚ ਗੁਰਮੀਤ ਸਿੰਘ ਪੰਨੂ, ਸਰਪੰਚ ਅੰਮ੍ਰਿਤਪਾਲ ਸਿੰਘ ਕਲੇਰ, ਸਰਪੰਚ ਸਾਹਿਬ ਸਿੰਘ ਘੱਸ ਹਾਜ਼ਰ ਸਨ।



# ਹੜ੍ਹ ਪੀੜ੍ਹਤਾਂ ਦੀ ਮੱਦਦ ਲਈ ਅਕਾਲੀ ਦਲ ਵਾਰਸ ਪੰਜਾਬ ਵੱਲੋਂ ਸ੍ਰੀ ਫ਼ਤਿਹਗੜ੍ਹ ਸਾਹਿਬ ਤੋਂ ਰਸਦ ਰਵਾਨਾ

ਫਤਿਹਗੜ੍ਹ ਸਾਹਿਬ, 2 ਸਤੰਬਰ (ਨਰਿੰਦਰ ਸਿੰਘ) ਪੰਜਾਬ ਵਿੱਚ ਆਏ ਭਿਆਨਕ ਹੜਾਂ ਨੇ ਪੂਰੇ ਪੰਜਾਬ ਦੇ ਵਿੱਚ ਭਾਰੀ ਨੁਕਸਾਨ ਕੀਤਾ ਹੈ ਜਿਸ ਕਰਕੇ ਬਹੁਤ ਵੱਡੇ ਪੱਧਰ ਉੱਤੇ ਲੋਕ ਇਸ ਹੜ ਦੀ ਮਾਰ ਹੇਠ ਆ ਚੁੱਕੇ ਹਨ ਜਿਸ ਦਿਨ ਤੋਂ ਇਹ ਕੁਦਰਤੀ ਆਫਤ ਆਈ ਹੈ ਉਸ ਦਿਨ ਤੋਂ ਹੀ ਲੈ ਕੇ ਅਕਾਲੀ ਦਲ ਵਾਰ ਪੰਜਾਬ ਦੇ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਪੂਰੇ ਪੰਜਾਬ ਦੇ ਵਿੱਚ ਹੜ ਪੀੜਤਾਂ ਲਈ ਰਾਹਤ ਕੈਂਪ ਲਗਾਏ ਗਏ ਹਨ।

ਇਹਨਾਂ ਕੰਪਾਂ ਦੇ ਵਿੱਚ ਰਾਹਤ ਸਮੱਗਰੀ ਪਹੁੰਚਾਉਣ ਦੇ ਲਈ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਜ਼ਿਲ੍ਹੇ ਦੇ ਵਰਕਰਾਂ ਦੀ ਮਦਦ ਦੇ ਨਾਲ ਰਸਤ ਸਮੱਗਰੀ ਦਾ ਟਰੱਕ ਰਵਾਨਾ ਕੀਤਾ ਗਿਆ । ਇਸ ਮੌਕੇ ਅਕਾਲੀ ਦਲ ਵਾਰਸ ਪੰਜਾਬ ਦੇ ਆਗੂਆਂ ਵਿੱਚ ਲੱਖਾ ਸਿੰਘ ਕੋਟਲਾ ਅਤੇ ਨਵਦੀਪ ਸਿੰਘ ਤਾਨ ਨੇ ਦੱਸਿਆ ਕਿ ਪਿੰਡ ਮਡੋਖੜ ਪੋਚਾ ਪਿੰਡ ਸੰਘੋਲ, ਬਲੋਮਾਜਰਾ, ਸਾਨੀਪੁਰ, ਮਹਾਦੀਆ, ਸਾਹਿਬਪੁਰਾ ਦੀ ਸਮੁੱਚੀ ਸੰਗਤ ਨੇ ਪਹਿਲੇ ਟਰੱਕ ਲਈ ਰਸਦ ਅਕਾਲੀ ਦਲ ਵਾਰਸ ਦੇ ਦਫਤਰ ਵਿਖੇ ਪਹੁੰਚਾਈ ਗਈ ਇਸ ਮੌਕੇ ਤੇ ਰਾਜਵੀਰ ਸਿੰਘ ਸਰਹੰਦ ਅਤੇ ਸੁਖਦਰਸ਼ਨ ਸਿੰਘ ਬਰਵਾਲੀ, ਅਵਤਾਰ ਸਿੰਘ ਸੰਘੋਲ ਦੇ ਸਹਿਯੋਗ ਨਾਲ ਪਿੰਡਾਂ ਵਿੱਚੋਂ ਰਾਸਤ ਇਕੱਤਰ ਕਰਕੇ ਦਫਤਰ ਵਿਖੇ ਪਹੁੰਚਾਈ ਗਈ ਅਤੇ ਉਥੋਂ ਅਲੱਗ ਅਲੱਗ ਸਮਗਰੀ ਨੂੰ ਪੈਕਿੰਗ ਕਰਕੇ ਕਿਲੋ ਡੇਢ ਕਿਲੋ ਅੱਧਾ ਕਿਲੋ ਤੇ ਪਾਈਆ ਦੀ ਪੈਕਿੰਗ ਕਰਕੇ ਅੱਗੇ ਕੈਂਪ ਦੇ ਵਿੱਚ ਪਹੁੰਚਾਇਆ ਗਿਆ ਪਾਰਟੀ ਵੱਲੋਂ ਹਰ ਤਰ੍ਹਾਂ ਦੇ ਪ੍ਰੋਗਰਾਮ ਰੱਦ ਕਰਕੇ ਹੜ ਪੀੜਤਾਂ ਦੇ ਲਈ ਆਪਣੇ ਵਰਕਰਾਂ ਨੂੰ ਮਦਦ ਦੇ ਆਦੇਸ਼ ਦਿੱਤੇ ਗਏ ਹਨ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਖਾਲਸਾ ਤੇ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਖਾਲਸਾ ਉਸੇ ਦਿਨ ਤੋਂ ਲਗਾਤਾਰ ਹੱਥ ਕੈਂਪਾਂ ਦਾ ਦੌਰਾ ਕਰ ਰਹੇ ਹਨ। ਅੱਜ ਸ੍ਰੀ ਫਤਿਹਗੜ੍ਹ ਸਾਹਿਬ ਦੇ ਵਰਕਰਾਂ ਅਤੇ ਜ਼ਿਲ੍ਹਾ ਕਮੇਟੀ ਦੇ ਸਹਿਯੋਗ ਦੇ ਨਾਲ ਇਹ ਇੱਕ ਟਰੱਕ ਸਮਗਰੀ ਦਾ ਰਵਾਨਾ ਕੀਤੀ ਗਈ। ਇਸ ਮੌਕੇ ਜਿਲਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਆਬਜ਼ਰਵਰ ਸੰਦੀਪ ਸਿੰਘ ਰੁਪਾਲੋਂ ਨੇ ਕਿਹਾ ਕਿ ਸਾਡੇ ਜੁਝਾਰੂ ਵਰਕਰਾਂ ਵੱਲੋਂ ਇਸ ਮਦਦ ਦੀ ਘੜੀ ਵਿੱਚ ਜੋ ਸੇਵਾ ਨਿਭਾਈ ਜਾ ਰਹੀ ਹੈ ਉਸ ਲਈ ਅਸੀਂ ਸਾਰਿਆਂ ਦਾ ਧੰਨਵਾਦ ਕਰਦੇ ਹਾਂ ਇਸ ਮੌਕੇ ਹੋਰਨਾਂ ਤੋਂ ਇਲਾਵਾਰਾਜਵੀਰ ਸਿੰਘ, ਸੁਖਦਰਸ਼ਨ ਸਿੰਘ ਬਰਵਾਲੀ, ਗੁਰਕਮਲ ਸਿੰਘ ਬਰੌਲੀ, ਜਗਦੀਪ ਸਿੰਘ ਕੰਸਾਲਾ, ਰਵਿੰਦਰ ਸਿੰਘ, ਦਲਵੀਰ ਸਿੰਘ ਧਾਦਲੀ ਮਲਕੀਤ ਸਿੰਘ, ਅਵਤਾਰ ਸਿੰਘ, ਅਮਨਦੀਪ ਸਿੰਘ, ਜਸ਼ਨਪ੍ਰੀਤ ਸਿੰਘ ਨੋਗਾਵਾਂ, ਪਵਨਪ੍ਰੀਤ ਸਿੰਘ ਗੁਰਨੂਰ ਸਿੰਘ ਵੀ ਹਾਜਰ ਸਨ।

## ਸਿਰਲੇਖਵਾਰ ਇਸ਼ਤਿਹਾਰ/Classified Advertisement

(U/o 5 Rule 20 CPC)
**In The Court of Sh. Ajay Civil Judge Jr. Div., Chandigarh**
CNR No. CHCH02-003415-2023
Next Date : 09-10-2025
Ram Saran
Versus
Sukhwinder
Notice to: 1. Sukhwinder Son:- Sardar Singh HNo. 589 VPO Burail Sector 45 CHD 2. Sonu Jaiswal s/o Deepak Jaiswal R/o HNo 701 Village Dhanas CHD
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 09-10-2025 at 10:00 A.M.
For details logon to https://highcourtchd.gov.in/?trs=district notice&district=Chandigarh
Dated, this day of 12-08-2025
**Sd/- Civil Judge Jr. Div., Chandigarh**

(U/o 5 Rule 20 CPC)
**In the Court of Ms. Chinu Sharma Civil Judge Jr. Div., Chandigarh**
CNR No. CHCH02-001191-2024
Next Date : 03-10-2025
Prem Wati
Versus
Giano Devi
Suit for Specific Performance of Agreement and Permanent Injuction
Notice to: Giano Devi Spouse:- Sadhu Ram R/o H.No. 298 Phase VII SAS Nagar Mohali Punjab 160062
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 03-10-2025 at 10:00 A.M.
For details logon to https://highcourtchd.gov.in/?trs=district notice&district=Chandigarh
Dated this day of 13-08-2025
**Sd/- Civil Judge Jr. Div., Chandigarh**

**In the Court of Ms. Aesha Duvedi Judicial Magistrate - Ist Class-16, Patiala**
CNR No. PBPT03-005968-2024
Next Date : 17-09-2025
Pinky
Versus
Sonu
Notice to: Sonu Son:- Rajinder Singh R/o Village Chajju Majra Tehsil Kharar District SAS Nagar Mohali
In above titled case the accused could not be served. It is ordered that accused should appear in person or through counsel on 17-09-2025 at 10:00 A.M.
For details logon to https://highcourtchd.gov.in/?mod=district_notice&district=patiala
Dated this day of 02-09-2025
**Sd/- Judicial Magistrate - Ist Class-16, Patiala**

(U/o 5 Rule 20 CPC)
**In the Court of Ms. Mamta Kakkar Additional Civil Judge (Senior Division), Fatehgarh Sahib**
CNR No. PBFG02-001015-2025
Next Date : 23-09-2025
Swaran Singh
Versus
General Public
Notice to: General Public:- Distt. Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23-09-2025 at 10:00 A.M.
For details logon to https://highcourtchd.gov.in/?trs=district notice&district=fatehgarh sahib
Dated this day of 01-09-2025
**Sd/- Additional Civil Judge (Senior Division), Fatehgarh Sahib**

(U/o 5 Rule 20 CPC)
**In the Court of Hon'ble Akshita Civil Judge (Junior Division), Malout**
CNR No. PBSMB0-000839-2023
Next Date : 26-09-2025
Neelam Rani
Versus
Parkash Ram Etc.
Notice to: 3. Natish Bhardwaj Son:- Ram Parkash Son of Balwant Ram Back Side of Bus Stand Mandi Dabwali, Mistry Harnek Singh Wali Gali, W.No. 16, Mandi Dabwali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 26-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 29-08-2025
**Sd/- Civil Judge (Junior Division), Malout**

(U/o 5 Rule 20 CPC)
**In the Court of Sh. Manmohan Bhatti Additional Civil Judge Senior Division Rajpura,**
CNR No. PBPTA0-001878-2023
Next Date : 23-09-2025
Jatinder Pal Singh
Versus
Chetan Singh
APP For Passing Final Decree
Notice to: 1. Mandeep Kaur D/o Raghbir Singh H.No. 2409, Sector 25, Sunny Enclave, Kharar, District SAS Nagar 2. Labh Kaur W/o Late SH. Mewa Singh S/o Garja Singh R/o Village Chuhar Majra, Tehsil and District SAS Nagar (Mohali)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22.09.2025 at 10:00 A.M.
For details logon to https://highcourtchd.gov.in/?mod=district_notice&district=patiala
Dated this day of 08-08-2025
**Sd/- Additional Civil Judge Senior Division Rajpura,**

(U/o 5 Rule 20 CPC)
(Succession Case)
**In the Court of Sh. Manmohan Bhatti Additional Civil Judge Senior Division Rajpura,**
CNR No. PBPTA0-001019-2025
Next Date : 20-09-2025
Banarsi Dass
Versus
General Public
Petition for issuance of Succession Certificate
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 20-09-2025 at 10:00 A.M.
For details logon to https://highcourtchd.gov.in/?mod=district_notice&district=patiala
Dated this day of 28-08-2025
**Sd/- Additional Civil Judge Senior Division Rajpura,**

(U/o 5 Rule 20 CPC)
**In The Court of Sh. Manu Mittu Additional Civil Judge (Senior Division), Garhshankar**
CNR No. PBHOB0-000335-2025
Next Date : 22-09-2025
CIS No. GW/1/2025
Paramjit Kaur Wife of Jagdish son of Mohinder Singh resident of VPO Binjon, Tehsil Garhshankar, District Hoshiarpur
Applicant
Versus
General Public and Anr
Respondent(s)
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22-09-2025 at 10:00 A.M.
For details logon to https://highcourtchd.gov.in/?mod=district notice&district=Hoshiarpur
Dated, this day of 17-07-2025
**Sd/- Additional Civil Judge (Senior Division), Garhshankar**

(U/o 5 Rule 20 CPC)
**In the Court of Sh. Manmohan Bhatti Additional Civil Judge Senior Division, Rajpura,**
CNR No. PBPTA0-001733-2022
Next Date : 22-09-2025
Punjab National Bank
Versus
Davinder Singh
Suit for Recovery
Notice to: Gurwinder Kaur W/o Nishan Singh R/o H.No. 4204, Urban Estate, Phase-II, Patiala Tehsil and District Patiala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22-09-2025 at 10:00 A.M.
For details logon to https://highcourtchd.gov.in/?mod=district notice&district=patiala
Dated, this day of 24-07-2025
**Sd/- Additional Civil Judge Senior Division, Rajpura,**

(U/o 5 Rule 20 CPC)
**In the Court of Sh. Raman Kumar Principal Judge Family Court, Ludhiana**
CNR No. PBLD01-022613-2024
Next Date : 22.09.2025
Asha Rani
Versus
Amit
Notice to: Amit S/o Vipan Kumar R/o Village Sarinh, Dana Mandi, Nakodar, District Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22.09.2025 at 10:00 A.M.
For details logon to https://highcourtchd.gov.in/?mod=district notice&district=mogacourt
Dated this day of 11-08-2025
**Sd/- Principal Judge Family Court, Ludhiana**

(U/o 5 Rule 20 CPC)
**In the Court of Ms. Babaljit Kaur Civil Judge (Junior Division)-16, Jalandhar**
CNR No. PBJL02-006220-2024
Next Date : 22.09.2025
CS/6020/2024
Sukhdeep Kaur W/o Gursimran Singh R/o 203, Killa Mohalla, P.O Basti Bawa Khel, Jalandhar
Versus
General Public
Suit for grant of decree of declaration as prayed for
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22.09.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 13-08-2025
**Sd/- Civil Judge (Junior Division)-16, Jalandhar**

(U/o 5 Rule 20 CPC)
**In the Court of Ms. Jaspreet Kaur Simak Additional Civil Judge (Senior Division), Dasuya**
CNR No. PBHOA0-001014-2023
Next Date : 22.09.2025
Amandeep Singh S/o Gurbhajan Singh S/o Balwant Singh R/o Village Bhoolpur, Tehsil Tanda, District Hoshiarpur.
Versus
Kamlesh Kaur W/o Gurbachan Singh, S/o Balwant Singh 2. Ashwinder Kaur Father:- Kamlesh Kaur and Gurbachan Singh Both Are Village Bhoolpur, Tehsil Tanda, District Hoshiarpur Etc.
Suit for possessions
Notice to: 2. Ashwinder Kaur, D/o Kamlesh Kaur And Gurbachan Singh 4. Surjit Kaur W/o Gurbachan Singh S/o Sewa Singh Both Are Village Bhoolpur, Tehsil Tanda, District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22.09.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 18-07-2025
**Sd/- Additional Civil Judge (Senior Division), Dasuya**

(U/o 5 Rule 20 CPC)
**In the Court of Ms. Jaspreet Kaur Simak Additional Civil Judge (Senior Division), Dasuya**
CNR No. PBHOA0-000138-2025
Next Date : 23.09.2025
Amandeep Kaur Cheema D/o Balbir Singh R/o VPO Bodal, Tehsil Dasuya, District Hoshiarpur, Presently R/o VIA Griccena 10, Civitella in Val Di Chiana, AR, Itly Through Her Special Power of Attorney Smt. Manjit Kaur W/o Balbir Singh R/o VPO Bodal, Tehsil Dasuya, District Hoshiarpur.
Versus
Harmeet Kaur, W/o Harjinder Singh, R/o Delhi Colony, Daman Singh Gill Nagar, Moga Tehsil and District Moga, etc.
Suit For recovery of Rs. 23,00.000/-
Notice to: (1) Harmeet Kaur Spouse:- Harjinder Singh, (2) Harjinder Singh S/o Gurcharan Singh, (3) Parminder Singh S/o Harjinder Singh, (4) Constable Mandeep Kaur (Posted in Judicial Courts Moga as Security) W/o Parminder Singh S/o Harjinder Singh All are R/o Delhi Colony, Daman Singh Gill Nagar, Moga Tehsil And District Moga.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **23.**09.2025 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 21-07-2025
**Sd/- Additional Civil Judge (Senior Division), Dasuya,**

(U/o 5 Rule 20 CPC)
**In The Court of Ms. Jaswinder Sheemar Additional District and Sessions Judge, Hoshiapur**
CNR No. PBHO01-005575-2024
Next Date : 22-09-2025
Deepak Kumar son of Late Jarnail Singh, Resident of Village Samundra, Tehsil Garhshankar, District Hoshiarpur at-present residing at Mohalla Prem Nagar, Gali No.1, Near Railway Station, Phagwara, Tehsil Phagwara, District Kapurthala..
.............Appellant
Versus
1. Sheela Devi Wife of Late Jarnail Singh, resident of Village Samundra, Tehsil Garhshankar, District Hoshiarpur at Present residing at Mohalla Bhagatpur, Gali No. 3, Phagwara, Tehsil Phagwara District Kapurthala & Ors.
..............Respondents
Notice to: 6. Raksha Devi W/o Parduman Singh S/o Milkhi Ram Resident of Village Samundra Tehsil Garhshankar, District Hoshiarpur 9. Santosh Kumari W/o Mohan Lal S/o Amar Nath Resident of village Saloh, Tehsil Nawanshahar, District SBS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22-09-2025 at 10:00 A.M.
For details logon to https://highcourtchd.gov.in/?trs=district notice&district=Hoshiarpur
Dated, this day of 16-07-2025
**Sd/-Additional District and Sessions Judge, Hoshiapur**

(U/o 5 Rule 20 CPC)
**In The Court of Sh. Jagmohan Singh Sanghe Principal Judge, Family Court, Jalandhar**
CNR No. PBJL01-011270-2024
Next Date : 22-09-2025
MNT125/320/2024
1)Nisha W/O Rajan Kumar Alias Rajesh Kumar D/O Jaswant Rai Address: 10 Gali No 2 Nivi Abadi Outside Gate Khazana Wala Shaheed Udham Singh Nagar Amritsar Now At New Rasila Nagar Basti Danishmandan Jalandhar 2) Nityam S/O Rajan Kumar Alias Rajesh Kumar Address- Through Petitioner No 1 Nisha Being Natural Gaurdian R/O 10 Gali No 2 Nivi Abadi Outside Gate Khazana Wala Shaheed Udham Singh Nagar Amritsar Now At New Rasila Nagar Basti Danishmandan Jalandhar
Versus
Rajesh Kumar Alias Rajan Kumar S/O Jagdish Raj Address: 10 Gali No 2 Nivi Abadi Outside Gate Khazana Wala Shaheed Udham Singh Nagar Amritsar
Petition Under Section 125 Of C.R.P.C For Grant Of Maintenance Act
Notice to: Rajesh Kumar Alias Rajan Kumar S/O Jagdish Raj Address: 10 Gali No 2 Nivi Abadi Outside Gate Khazana Wala Shaheed Udham Singh Nagar Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22-09-2025 at 10:00 A.M.
For details logon to https://highcourtchd.gov.in/?trs=district notice&district=Jalandhar
Dated, this day of 14-08-2025
**Sd/- Principal Judge, Family Court, Jalandhar**

(U/o 5 Rule 20 CPC)
**In the Court of Ms. Harmilanjot Kaur Civil Judge Junior Division-1, Jalalabad**
CNR No. PBFZB0-000109-2023
Next Date: 20.09.2025
Resaham Singh
Versus
Baljeet Singh
Notice to: 1.Baljeet Singh S/O Ujagar Singh Son Of Nadar Singh Street No. 1, Adesh Nagar, Near Adesh Hospital, Kotkapura Road, Sri Muktsar Sahib, Punjab, 2. DilBag Singh S/O Phoola Singh S/O Nadar Singh R/O Vill. Chak Panj Kohi, Teh. Jalalabad. 3.Sukhdev Singh S/O Jeet Singh S/O Sham Singh R/O Vill. Mohlaan, Teh And Distt. Muktsar. 4.Harbans Singh S/O Jeet Singh S/Sham Singh R/O Vill. Mohlaan, Teh. And Distt. Muktsar 5.Jagjit Singh S/O Gurdial Singh R/O Jaildar Street, Near Gill Pump, Kotkapura Road Muktsar 6.Harjeet Kaur W/O Bhupinder Singh S/O Nachhattar Singh R/O Vill. Panj Kohi, Teh. Jalalabad, 7.Kiran Kaur Sindhu W/O Jagdev Singh S/O Nachhatar Singh R/O Vill. Panj Kohi, Teh. Jalalabad.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**09.2025 at 10:00 A.M.
For details logon to https://highcourtchd.gov.in/?mod=district_notice&district=fazilkacourt
Dated, this day of 21-08-2025
**Sd/- Civil Judge Junior Division-1, Jalalabad**

### ਗੁੰਮ ਦਸਤਾਵੇਜ਼ ਦੀ ਭਾਲ

ਮੈਂ, ਗੁਰਪ੍ਰੀਤ ਕੌਰ ਪਤਨੀ ਮਹਿਤਾਬ ਸਿੰਘ ਵਾਸੀ ਵੜੈਚਾਂ ਰੋਡ, ਨਿਊ ਨੂਰਪੁਰ, ਸਮਾਨਾ ਪਟਿਆਲਾ ਸੂਚਿਤ ਕਰਦੀ ਹਾਂ ਕਿ ਇਕ ਸੇਲ ਡੀਡ ਨੰ. 1548 ਮਿਤੀ 24.08.2024 ਜੋ ਕਿ 1.09.2025 ਨੂੰ ਗੁੰਮ ਹੋ ਗਈ ਹੈ। ਮੈਂ Exclusive Leasing Finance pvt. Ltd. ਐਸ.ਸੀ.ਐਫ. 28/ ਗਰਾਊਂਡ ਫਲੌਰ, ਐਸ.ਐਸ.ਟੀ.ਨਗਰ ਪਟਿਆਲਾ ਤੋਂ ਲੋਨ ਲੈ ਰਹੀ ਹਾਂ। ਜੇ ਕਿਸੇ ਨੂੰ ਉਕਤ ਸੇਲ ਡੀਡ ਨੰ. 1548 ਮਿਲੇ ਤਾਂ ਫੋਨ : 86194- 93177 'ਤੇ ਸੂਚਿਤ ਕਰੇ।

### ਨਾਮ ਸੰਬੰਧੀ ਸੂਚਨਾ

ਆਮ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੇਰਾ ਕਾਗਜ਼ੀ ਨਾਂ ਧਰਮਜੀਤ ਸਿੰਘ ਪੁੱਤਰ ਮੱਘਰ ਸਿੰਘ ਪੁੱਤਰ ਟਹਿਲ ਸਿੰਘ ਹੈ ਅਤੇ ਮੈਂ ਪਿੰਡ ਤੁੰਗ ਜ਼ਿਲ੍ਹਾ ਸੰਗਰੂਰ ਦਾ ਵਸਨੀਕ ਹਾਂ ਪਰ ਕੁਝ ਸਰਕਾਰੀ ਰਿਕਾਰਡ ਵਿਚ ਮੇਰਾ ਨਾਂ ਪਰਮਜੀਤ ਸਿੰਘ ਪੁੱਤਰ ਮੱਘਰ ਸਿੰਘ ਪੁੱਤਰ ਟਹਿਲ ਸਿੰਘ ਵਸਨੀਕ ਪਿੰਡ ਤੁੰਗ ਦਰਜ ਹੈ। ਇਹ ਦੋਵੇਂ ਮੇਰੇ ਹੀ ਨਾਂ ਹਨ। ਮੈਨੂੰ ਇਨ੍ਹਾਂ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ।

### ਬੇਦਖਲੀ ਸੂਚਨਾ

ਮੈਂ ਬਘੇਲ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਬੁਰਜ ਪੱਤੀ, ਭੁਟਾਲ ਕਲਾ, ਤਹਿ. ਲਹਿਰਾ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਰਮਨਦੀਪ ਕੌਰ ਮੇਰੇ ਵਾ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਅੱਜ ਤੋਂ ਬਾਅਦ ਕੋਈ ਵੀ ਰਮਨਦੀਪ ਕੌਰ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰੇਗਾ, ਉਸਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਮੈਂ ਰਮਨਦੀਪ ਕੌਰ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰੀ ਪੁੱਤਰੀ ਰਮਨਦੀਪ ਕੌਰ ਆਪਣੇ ਜਾਨੀ ਮਾਲੀ ਨੁਕਸਾਨ ਦੀ ਖੁਦ ਜ਼ਿੰਮੇਵਾਰ ਹੋਵੇਗੀ ਅਤੇ ਮੇਰਾ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਹੋਰ ਵਾਰਸ ਦਾ ਉਨ੍ਹਾਂ ਨਾਲ ਕੋਈ ਤਾਲੁਕ ਵਾਸਤਾ ਨਹੀਂ ਹੋਵੇਗਾ।

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

### ਕੁਟੇਸ਼ਨ ਦੀ ਮੰਗ

ਮਾਰਕਿਟ ਕਮੇਟੀ ਸ਼ੇਰਪੁਰ ਵੱਲੋਂ ਨਿਮਨਲਿਖਤ ਕੰਮ/ਰਿਪੇਅਰ ਅਤੇ ਸਮਾਨ ਦੀ ਖਰੀਦ ਕੀਤੀ ਜਾਣੀ ਹੈ। ਇਨ੍ਹਾਂ ਕੰਮਾਂ ਨੂੰ ਕਰਨ ਲਈ ਚਾਹਵਾਨ ਮਿਸਤਰੀ/ਠੇਕੇਦਾਰ/ਫਰਮ ਆਪਣੀਆਂ ਕੁਟੇਸ਼ਨਾਂ ਮਿਤੀ 09.09.2025 ਨੂੰ ਸਵੇਰੇ 11.00 ਵਜੇ ਤੱਕ ਦਫ਼ਤਰ ਮਾਰਕਿਟ ਕਮੇਟੀ ਸ਼ੇਰਪੁਰ ਵਿਖੇ ਦੇ ਸਕਦੇ ਹਨ। ਇਹ ਕੁਟੇਸ਼ਨਾਂ ਉਸੇ ਦਿਨ ਮਿਤੀ 09.09.2025 ਨੂੰ ਬਾਅਦ ਦੁਪਹਿਰ 2 ਵਜੇ ਹਾਜਰ ਵਿਅਕਤੀਆਂ ਦੇ ਸਾਹਮਣੇ ਖੋਲ੍ਹੀਆਂ ਜਾਣਗੀਆਂ। ਕੁਟੇਸ਼ਨ ਕਿਸ ਤਰ੍ਹਾਂ ਦੇਣੀ ਹੈ, ਇਸ ਸਬੰਧੀ ਵੇਰਵਾ ਦਫ਼ਤਰ ਤੋਂ ਕੰਮ-ਕਾਜ ਵਾਲੇ ਦਿਨ ਪ੍ਰਾਪਤ ਕੀਤਾ ਜਾ ਸਕਦਾ ਹੈ। ਸ਼ਰਤਾਂ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਦਫ਼ਤਰ ਆ ਕੇ ਵੇਖੀਆਂ ਜਾ ਸਕਦੀਆਂ ਹਨ। ਜੇਕਰ ਕੁਟੇਸ਼ਨ ਵਾਲੇ ਦਿਨ ਛੁੱਟੀ ਹੋ ਜਾਂਦੀ ਹੈ ਤਾਂ ਕੁਟੇਸ਼ਨ ਕਾਰਵਾਈ ਅਗਲੇ ਵਰਕਿੰਗ ਡੇ ਵਿੱਚ ਹੋਵੇਗੀ।

**ਕੰਮ ਦਾ ਵੇਰਵਾ :**
1. ਮਾਰਕਿਟ ਕਮੇਟੀ ਸ਼ੇਰਪੁਰ ਨੇ ਆਪਣੇ ਦਫ਼ਤਰ ਵਿਖੇ ਬਿਜਲੀ ਦੇ ਮੇਨ ਬਕਸੇ ਦੀ ਫਿਟਿੰਗ ਦੀ ਰਿਪੇਅਰ ਅਤੇ ਪਹਿਲਾਂ ਲੱਗੇ ਫੁਕ ਚੁੱਕੇ ਚੇਂਜ-ਓਵਰ ਦੀ ਬਦਲੀ ਕਰਨ ਸਬੰਧੀ।
2. ਇੱਕ ਨਵੇਂ ਆਰ.ਓ. (ISI Certified AquaGuard/Kenstar/Bajaj/Havells/Luminous/Kent) ਵਾਟਰ ਫਿਲਟਰ ਦੀ ਖ਼ਰੀਦ ਸਮੇਤ ਸਮਾਨ, ਫਿਟਿੰਗ ਅਤੇ ਲੇਬਰ ਕਰਨ ਸਬੰਧੀ।
3. ਇੱਕ ਨਵੇਂ 2 ਟਨ (Carrier ਕੰਪਨੀ) ਏ.ਸੀ. ਅਤੇ ਇੱਕ ਨਵੇ. 1.5 ਟਨ ਏ.ਸੀ. ਦੀ ਖ੍ਰੀਦ ਸਮੇਤ 2 ਸਟੈਬਲਾਈਜ਼ਰ, ਸਮਾਨ ਅਤੇ ਲੇਬਰ ਫਿਟਿੰਗ ਆਦਿ ਕਰਨ ਸਬੰਧੀ।

ਸਹੀ/- ਡਿਪਟੀ ਜ਼ਿਲ੍ਹਾ ਮੰਡੀ ਅਫ਼ਸਰ-ਕਮ-ਸਕੱਤਰ, ਮਾਰਕਿਟ ਕਮੇਟੀ ਸ਼ੇਰਪੁਰ।
ਸਹੀ/- ਚੇਅਰਮੈਨ, ਮਾਰਕਿਟ ਕਮੇਟੀ ਸ਼ੇਰਪੁਰ।

**Ro No. PR-Advt. No. 1238 / 12 / 2025-26 / 2776 / Dated CHD : 02.09.2025**

### ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿ. ਦਫ਼ਤਰ ਪੰ.ਰਾ.ਬਿ.ਬੋ. ਹੈੱਡ ਆਫਿਸ, ਦਿ ਮਾਲ ਪਟਿਆਲਾ-147001) ਕਾਰਪੋਰੇਟ ਆਈਡੈਂਟੀਫਿਕੇਸ਼ਨ ਨੰ. (CIN) U40109PB2010SGC033813

ਟੈਂਡਰ ਇਨਕੁਆਰੀ ਨੰ: 31/XEN/CCM/2025-26 ਮਿਤੀ : 02.09.2025
ਵਧੀਕ ਨਿਗਰਾਨ ਇੰਜੀ., ਸਿਵਲ ਉਸਾਰੀ ਅਤੇ ਸਾਂਭ ਸੰਭਾਲ ਮੰਡਲ, ਪੰ.ਰਾ.ਪਾ.ਕਾ.ਲਿਮ. ਅੰਮ੍ਰਿਤਸਰ ਵੱਲੋਂ :
**1. T.ENo. 31/XEN/CCM/2025-26:- ਐਮਰਜੈਂਸੀ ਹੜ੍ਹਾਂ ਦੀਆਂ ਸਥਿਤੀਆਂ ਵਿੱਚ 66KV ਰਾਣੀਪੁਰ-ਮਨਵਾਲ ਲਾਈਨ ਦੇ ਟਾਵਰ ਨੰਬਰ 28 ਦੀ ਸੁਰੱਖਿਆ ਲਈ ਤਾਰਾਂ ਦੇ ਕਰੇਟਾਂ ਤੇ ਰੇਤ ਦੀਆਂ ਬੋਰੀਆਂ ਅਤੇ ਹੋਰ ਸਹਾਇਕ ਸਿਵਲ ਕੰਮਾਂ ਦੀ ਵਿਵਸਥਾ ਅਤੇ ਮੁਰੰਮਤ ਦੇ ਕੰਮ ਕਰਨ ਸਬੰਧੀ ਸ਼ੌਰਟ ਟਰਮ ਖੁੱਲ੍ਹਾ ਟੈਂਡਰ ਸੱਦਿਆ ਜਾਂਦਾ ਹੈ।**
ਨੋਟ : ਕੋਰੀਜ਼ੰਡਮ ਅਤੇ ਹੋਰ ਕੋਈ ਸੋਧ ਸਬੰਧੀ ਵੇਰਵੇ www.pspcl.in ਤੇ ਵੇਖੇ ਜਾਣ।
**Ro No. PR-Advt. No. 1079 / 12 / 2025-26 / 2801 / Dated CHD : 02.09.2025**

### ਦਫਤਰ ਮਾਰਕਿਟ ਕਮੇਟੀ, ਬਰੇਟਾ (ਮਾਨਸਾ)

ਫੋਨ :01652-242010
office of the Market Committee, Bareta (Mansa)
Email : Pmb. Smebar@ punjab.gov.in

ਪੱਤਰ ਨੰ.............. ਮਿਤੀ ..........

**(ਕੁਟੇਸ਼ਨ ਨੋਟਿਸ)**

ਮਾਰਕਿਟ ਕਮੇਟੀ, ਬਰੇਟਾ ਵੱਲੋਂ ਆਪਣੇ ਖਰੀਦ ਕੇਂਦਰਾਂ ਲਈ Crompton/Havells ਕੰਪਨੀਆਂ ਦੀਆਂ 100 ਵਾਟ ਦੀਆਂ ਐਲ.ਈ.ਡੀ. ਲਾਈਟਾਂ ਖਰੀਦ ਕਰਨੀਆਂ ਹਨ। ਇਸ ਲਈ ਇਸ ਦਫਤਰ ਵੱਲੋਂ ਚਾਹਵਾਨ ਫਰਮਾਂ/ਵਿਅਕਤੀਆਂ ਪਾਸੋਂ ਮਿਤੀ 10.09.2025 ਨੂੰ ਸਵੇਰੇ 11.00 ਵਜੇ ਤੱਕ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ। ਇਹ ਕੁਟੇਸ਼ਨਾਂ ਮਿਤੀ 10.09.2025 ਨੂੰ ਬਾਅਦ ਦੁਪਹਿਰ 2.00 ਵਜੇ ਚੇਅਰਮੈਨ, ਮਾਰਕਿਟ ਕਮੇਟੀ, ਬਰੇਟਾ ਵੱਲੋਂ ਹਾਜ਼ਰ ਵਿਅਕਤੀਆਂ ਸਾਹਮਣੇ ਖੋਲ੍ਹੀਆਂ ਜਾਣਗੀਆਂ। ਮਿਥੇ ਸਮੇਂ ਬਾਅਦ ਪ੍ਰਾਪਤ ਹੋਈ ਕੁਟੇਸ਼ਨ ਨੂੰ ਵਿਚਾਰਿਆ ਨਹੀਂ ਜਾਵੇਗਾ। ਇਸ ਸਬੰਧੀ ਹੋਰ ਜਾਣਕਾਰੀ ਦਫਤਰੀ ਸਮੇਂ ਦੌਰਾਨ ਲੇਖਾਕਾਰ, ਮਾਰਕਿਟ ਕਮੇਟੀ, ਬਰੇਟਾ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਸਹੀ/- ਸਕੱਤਰ, ਮਾਰਕਿਟ ਕਮੇਟੀ, ਬਰੇਟਾ**

### ਉੱਤਰ ਰੇਲਵੇ

**ਪ੍ਰਮੁੱਖ ਵਿਯੁਤ ਇੰਜੀਨੀਅਰ/ਪਰਿਯੋਜਨਾ, ਉੱਤਰ ਰੇਲਵੇ ਅੰਬਾਲਾ ਕੈਂਟ**

**ਟੈਂਡਰ ਸੂਚਨਾ ਲੜੀ : NR/Proj/UMB/Advt./12** **ਖੁਲੀ ਈ-ਟੈਂਡਰ ਸੂਚਨਾ** **ਮਿਤੀ : 01.09.2025**

ਮੁੱਖ ਵਿਯੁਤ ਇੰਜੀਨੀਅਰ/ਪਰਿਯੋਜਨਾ, ਅੰਬਾਲਾ ਕੈਂਟ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮਾਂ ਦੇ ਲਈ ਵੈਬਸਾਈਟ www.ireps.gov.in ਉਤੇ ਖੁਲੀ ਈ-ਟੈਂਡਰ ਮੰਗ ਕਰਦੇ ਹਨ। ਟੈਂਡਰਕਾਰ ਅਪਣਾ ਮੂਲ/ਸੰਸ਼ੋਧਿਤ ਪ੍ਰਸਤਾਵ ਨਿਰਧਾਰਿਤ ਸਮਾਪਨ ਸਮੇਂ ਅਤੇ ਮਿਤੀ ਤਕ ਪੇਸ਼ ਕਰ ਸਦੇ ਹਨ। ਕੋਈ ਵੀ ਟੈਂਡਰ ਮੈਨੂੰਅਲ ਰੂਪ ਤੋਂ ਸਵੀਕਾਰ ਨਹੀਂ ਕੀਤੀ ਜਾਵੇਗੀ।
**ਟੈਂਡਰ ਨੰਬਰ : NR-Proj-UMB-25001C**
**ਕੰਮ ਦਾ ਨਾਮ : "ਉੱਤਰ ਰੇਲਵੇ ਦੇ ਫ਼ਿਰੋਜ਼ਪੁਰ ਡਵੀਜਨ (164 ਆਰਕੇਐਮ/328 ਟੀਕੇਐਮ) ਦੇ ਸਾਨੇਹਵਾਲ-ਜਲੰਧਰ-ਅੰਮ੍ਰਿਤਸਰ ਖੰਡ ਦੇ ਵਿਚ ਮੌਜੂਦਾ 1x25 ਕੇਵੀ ਇਲੈਕਟ੍ਰਿਕ ਟ੍ਰੈਕਸ਼ਨ ਸਿਸਟਮ ਨੂੰ 2x25 ਕੇਵੀ ਇਲੈਕਟ੍ਰਿਕ ਟ੍ਰੈਕਸ਼ਨ ਸਿਸਟਮ ਵਿਚ ਅਪਗ੍ਰੇਡ ਕਰਨ ਦੇ ਲਈ ਫੀਡਰ ਕੰਮ ਦਾ ਡਿਜਾਇਨ, ਆਪੂਰਤੀ, ਨਿਰਮਾਣ, ਪਰੀਖਸ਼ਣ ਅਤੇ ਕਮੀਸ਼ਨਿੰਗ"**

| ਲਗਭਗ ਲਾਗਤ (ਰੁ:) | ਬਿਆਨਾ ਰਾਸ਼ੀ (ਰੁ:) | ਕੰਮ ਪੂਰਾ ਕਰਨ ਦਾ ਸਮਾਂ (ਮਹੀਨੇ) | ਟੈਂਡਰ ਦਸਤਾਵੇਜ ਦੀ ਲਾਗਤ (ਰੁ:) | ਟੈਂਡਰ ਬੰਦ ਦੀ ਮਿਤੀ | ਟੈਂਡਰ ਖੁਲਣ ਦੀ ਮਿਤੀ | ਪ੍ਰੀ-ਬਿਡ ਕਾਨ੍ਫ੍ਰੇਂਸ |
|---|---|---|---|---|---|---|
| 103.4 Cr. | 5320500/- | 24 | Nil | 26.09.2025 at 15:00 hrs | 26.09.2025 at 15:30 hrs | ਹਾਂ |
| ਬਿਡਿੰਗ ਪ੍ਰਣਾਲੀ | ਬਿਡਿੰਗ ਟਾਇਪ | ਖੁਦ: ਏਲਿਮਿਨੇਸ਼ਨ ਨਿਯਮ ਲਾਗੂ | ਸ਼ੁਰੂ ਕੂਲਿੰਗ ਆਫ ਪੀਰਿਯਡ (ਐਚਐਚ:ਐਮਐਮ) | ਮਿਨਿਯਮ ਡੀਕ੍ਰਿਮੇਂਟ % | ਸਬਿਸਕ੍ਰਯੂਸੇਂਟ ਕੂਲਿੰਗ ਆਫ ਪੀਰਿਯਡ (ਐਚਐਚ : ਐਮਐਮ) | |
| ਦੋ ਪੈਕੇਟ ਦੁਵਾਰਾ | ਟੂ ਸਟੇਜ ਰਿਵਰਸ ਆਕਸ਼ਨ | ਹਾਂ | 04:00 | 0.2 | 00:20 | |

**ਕੰਮ ਦੀ ਸਮਾਨ ਪ੍ਰਕ੍ਰਿਤੀ : "50 ਹਰਟਜ, ਏਕਲ ਚਰਣ 25 ਕੇਵੀ ਏਸੀ ਓਐਚਈ ਜਾਂ 2x25 ਕੇਵੀ ਓਐਚਈ ਕੰਮ ਦਾ ਡਿਜਾਇਨ, ਆਪੂਰਤੀ, ਨਿਰਮਾਣ, ਪਰੀਖਸ਼ਣ ਅਤੇ ਕਮੀਸ਼ਨਿੰਗ" ਟੈਂਡਰ ਦਸਤਾਵੇਜ ਰੇਲਵੇ ਦੀ ਵੈੱਬਸਾਈਟ ਯਾਨੀ www.ireps.gov.in ਉਤੇ ਉਪਲਬਧ ਹੈ ਅਤੇ ਇਨ੍ਹਾਂ ਨੂੰ ਉਥੋਂ ਤੋਂ ਡਾਊਨਲੋਡ ਕੀਤਾ ਜਾਂ ਸਕਦਾ ਹੈ। ਈ-ਟੈਂਡਰਿੰਗ ਦੇ ਸਬੰਧ ਵਿਚ ਬਿਆਨਾ ਰਾਸ਼ੀ/ਬਿਆਨਾ ਰਾਸ਼ੀ ਜਮਾਂ (Bid security) ਅਤੇ ਟੈਂਡਰ ਦਸਤਾਵੇਜ ਲਾਗਤ (TDC) ਕੇਵਲ ਨੇਟ ਬੈਂਕਿੰਗ ਅਤੇ ਭੁਗਤਾਨ ਗੇਟਵੇ ਦੇ ਦੁਵਾਰਾ ਤੋਂ ਸਵੀਕਾਰ ਕੀਤੀ ਜਾਵੇਗੀ। ਸਾਫਟਵੇਯਰ (ਆਈ.ਆਰ.ਈ.ਪੀ.ਐਸ.) ਵਿਚ ਬੈਂਕ ਖਾਤਾ ਨੰਬਰ ਅਤੇ ਤਕਨੀਕੀ ਵੇਰਵੇ ਉਪਲਬਧ ਕਰਾਏ ਗਏ ਹਨ, ਜਿਨ੍ਹਾਂ ਤਕ ਸੰਭਾਵਿਤ ਪੰਜੀਕ੍ਰਿਤ ਟੈਂਡਰ ਕਰਤਾਵਾਂ ਨੂੰ ਟੈਂਡਰ ਦੇ ਸਮੇਜ ਪਹੁੰਚ ਹੋਵੇਗੀ।**
**ਨੋਟ :- ਤਕਨੀਕੀ ਅਤੇ ਵਿਤੀਯ ਪਾਤਰਤਾ ਅਤੇ ਹੋਰ ਸਾਰੇ ਨਿਯਮ ਅਤੇ ਸ਼ਰਤਾਂ, ਟੈਂਡਰ ਦਸਤਾਵੇਜ ਵਿਚ ਦੇਖੀ ਜਾਂ ਸਕਦੀ ਹੈ ਅਤੇ ਰੇਲਵੇ ਵੈੱਬਸਾਈਟ ਯਾਨੀ www.ireps.gov.in ਤੋਂ ਡਾਊਨਲੋਡ ਕੀਤੀ ਜਾਂ ਸਕਦੀ ਹੈ।** 2646/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### pnb ਪੰਜਾਬ ਨੈਸ਼ਨਲ ਬੈਂਕ

....ਬਿਹਤਰੀ ਲਈ ਸਾਂਝ

ਸ਼ਾਖਾ ਦਫਤਰ : ਏ-ਟੈਂਕ, ਅਦਾਲਤ ਬਜ਼ਾਰ, ਪਟਿਆਲਾ (000910)

**ਕਬਜ਼ਾ ਸੂਚਨਾ (ਅਚੱਲ ਸੰਪਤੀ/ਆਂ ਦੇ ਲਈ)**

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਧਾਰਾ 2002 ਦੇ ਅਧੀਨ ਸਰਫਾਇਸੀ ਐਕਟ 13 (2) ਅਧੀਨ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਦਰਸਾਈ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ**, ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ(ਾਂ) ਦਾ ਨਾਮ | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਸ਼੍ਰੀ ਵਿਪਿਨ ਕੁਮਾਰ ਸਪੁੱਤਰ ਸ਼੍ਰੀ ਹਰੀ ਚੰਦ | ਉਪਲਬਧ ਬੈਂਕ ਰਿਕਾਰਡ ਅਨੁਸਾਰ ਸ਼੍ਰੀ ਵਿਪਨ ਕੁਮਾਰ ਪੁੱਤਰ ਸ਼੍ਰੀ ਹਰੀ ਚੰਦ ਵਸੀਕਾ ਨੰਬਰ 3571 ਮਿਤੀ 16.06.2017 ਦੇ ਅਧੀਨ ਜਾਇਦਾਦ/ਪਲਾਟ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਖੇਵਟ ਨੰਬਰ 276, ਖਤੌਨੀ ਨੰਬਰ 543, ਖਸਰਾ ਨੰਬਰ 15//13/2/2-13, 15//18 ਮਿਨ 2-0, 15//19 ਮਿਨ 3-7 ਕੁੱਲ 8 ਕਨਾਲ 0 ਮਰਲੇ ਹਨ, ਜਿਸ ਵਿੱਚੋਂ 0-2 3/4 ਦਾ 11/640 ਹਿੱਸਾ ਭਾਵ 84.44 ਵਰਗ ਗਜ਼, ਅਰਾਈ ਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ (ਪੰਜਾਬ) ਵਿਖੇ ਸਥਿਤ ਹੈ, । ਹੱਦਬੰਦੀ ਹੇਠ ਲਿਖੇ ਅਨੁਸਾਰ ਹਨ: ਪੂਰਬ: ਸੜਕ, ਪੱਛਮ: ਖਾਲੀ ਪਲਾਟ, ਉੱਤਰ: ਖਾਲੀ ਪਲਾਟ, ਦੱਖਣ: ਖਾਲੀ ਪਲਾਟ। | 31.12.2024 | 29.08.2025 | Rs. 3,43,094.86 (ਰੁ. ਤਿੰਨ ਲੱਖ ਤਰਤਾਲੀ ਹਜ਼ਾਰ ਚੁਰਾਨਵੇਂ ਅਤੇ ਛਿਆਸੀ ਪੈਸੇ ਕੇਵਲ) ਸਮੇਤ ਅਗਲੇਰੇ ਵਿਆਜ ਅਤੇ ਲਾਗਤਾਂ, ਘੱਟ ਵਸੂਲੀ ਜੇਕਰ ਕੋਈ ਹੋਵੇ। |

ਮਿਤੀ : 02.09.2025 ਸਥਾਨ : ਪਟਿਆਲਾ **ਅਧਿਕਾਰਤ ਅਧਿਕਾਰੀ**

### ਕੇਨਰਾ ਬੈਂਕ Canara Bank

ਭਾਰਤ ਸਰਕਾਰ
ਸਿੰਡੀਕੇਟ Syndicate
**ਰਿਕਵਰੀ ਐਂਡ ਲੀਗਲ ਸੈਕਸ਼ਨ, ਸਰਕਲ ਦਫ਼ਤਰ, ਦੂਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**
ਈ-ਨਿਲਾਮੀ ਵਿਕਰੀ ਸੂਚਨਾ
ਰੱਦੀਕਰਨ

ਇਹ 11.09.2025 ਨੂੰ ਨਿਲਾਮੀ ਦੇ ਲਈ ਹਿੰਦੁਸਤਾਨ ਟਾਈਮਜ਼ ਅਤੇ ਰੋਜ਼ਾਨਾ ਚੜ੍ਹਦੀਕਲਾ ਅਖ਼ਬਾਰ ਵਿਚ ਪ੍ਰਕਾਸ਼ਿਤ ਮਿਤੀ 04.08.2025 ਦੀ ਵਿਕਰੀ ਸੂਚਨਾ ਦੇ ਹਵਾਲੇ ਨਾਲ ਹੈ, ਐਸਏਆਰਐਮ ਚੰਡੀਗੜ੍ਹ ਸ਼ਾਖਾ ਦੇ ਕਰਜ਼ਦਾਰ (ਾਂ) :- **ਸ਼੍ਰੀਮਤੀ ਸੁਮਨ** ਸੁਪਤਨੀ ਸ਼੍ਰੀ ਸਚਿਨ ਦਾ ਖਾਤਾ ਪ੍ਰਬੰਧਕੀ ਕਾਰਨਾਂ ਕਰਕੇ **ਵਾਪਸ** ਲਿਆ ਜਾਂਦਾ ਹੈ।
ਮਿਤੀ : 02.09.2025 ਅਧਿਕਾਰਤ
ਸਥਾਨ : ਚੰਡੀਗੜ੍ਹ ਅਧਿਕਾਰੀ

## ਵਿਧਾਇਕ ਰੁਪਿੰਦਰ ਸਿੰਘ ਹੈਪੀ ਵੱਲੋਂ ਹਲਕਾ ਬਸੀ ਪਠਾਨਾਂ ਦੇ ਵੱਖ-ਵੱਖ ਪਿੰਡਾਂ 'ਚ ਬਰਸਾਤੀ ਪਾਣੀ ਦੀ ਸਥਿਤੀ ਦਾ ਜਾਇਜ਼ਾ

ਬਸੀ ਪਠਾਨਾ, 2 ਸਤੰਬਰ: (ਹਰਪ੍ਰੀਤ ਕੌਰ ਟਿਵਾਣਾ) ਪਿਛਲੇ ਕਈ ਦਿਨਾਂ ਤੋਂ ਪਹਾੜੀ ਖੇਤਰਾਂ ਤੇ ਸੂਬੇ ਵਿੱਚ ਪੈ ਰਹੇ ਭਾਰੀ ਮੀਂਹ ਕਾਰਨ ਭਾਵੇਂ ਰਾਜ ਦੇ ਕਈ ਜਿ ?ਲਿਆਂ ਵਿੱਚ ਹੜ੍ਹਾਂ ਕਾਰਨ ਵੱਡਾ ਨੁਕਸਾਨ ਹੋਇਆ ਹੈ ਪਰ ਜਿ ?ਲ੍ਹਾ ਫਤਹਿਗੜ੍ਹ ਸਾਹਿਬ ਦੇ ਵਿਧਾਨ ਸਭਾ ਹਲਕਾ ਬਸੀ ਪਠਾਨਾ ਵਿਖੇ ਸਥਿਤੀ ਹਾਲ ਦੀ ਘੜੀ ਬਿਲਕੁਲ ਨਿਯੰਤਰਣ ਵਿੱਚ ਹੈ ਅਤੇ ਲੋਕਾਂ ਨੂੰ ਕਿਸੇ ਵੀ ਕਿਸਮ ਦੀਆਂ ਅਫ਼ਵਾਹਾਂ @ਤੇ ਯਕੀਨ ਨਹੀਂ ਕਰਨਾ ਚਾਹੀਦਾ। ਇਹ ਪ੍ਰਗਟਾਵਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਅੱਜ ਜਿ ?ਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਜਿ ?ਲ੍ਹਾ ਪ੍ਰਧਾਨ ਅਜੈ ਸਿੰਘ ਲਿਬੜਾ, ਐਸ.ਡੀ.ਐਮ ਹਰਵੀਰ ਕੌਰ, ਡੀ.ਐਸ.ਪੀ ਰਾਜ ਕੁਮਾਰ ਸਮੇਤ ਹੋਰਨਾਂ ਅਧਿਕਾਰੀਆਂ ਤੇ ਵਲੰਟੀਅਰਾਂ ਸਮੇਤ ਚੁੰਨੀ, ਬਡਾਲੀ ਆਲਾ ਸਿੰਘ ਸਮੇਤ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਬਰਸਾਤੀ ਪਾਣੀ ਦੀ ਸਥਿਤੀ ਦਾ ਜਾਇਜ਼ਾ ਲੈਂਦਿਆਂ ਕੀਤਾ। ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਪੰਜਾਬ ਦੇ ਜਿਹੜੇ ਜਿ ?ਲ੍ਹਿਆਂ ਵਿੱਚ ਹੜ੍ਹਾਂ ਕਾਰਨ ਭਾਰੀ ਨੁਕਸਾਨ ਪੁੱਜਾ ਹੈ ਉਥੇ ਵੀ ਪੰਜਾਬ ਸਰਕਾਰ, ਸੰਕਟ ਦੀ ਇਸ ਸਥਿਤੀ ਵਿੱਚ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਮੁੱਚੀ ਕੈਬਨਿਟ, ਵੱਖ ਵੱਖ ਹਲਕਿਆਂ ਦੇ ਵਿਧਾਇਕ ਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਪੂਰੀ ਤਨਦੇਹੀ ਨਾਲ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਉਣ ਤੇ ਮੁੜ ਵਸੇਬੇ ਲਈ ਪ੍ਰਬੰਧ ਕਰਨ ਵਿੱਚ ਦਿਨ ਰਾਤ ਜੁਟੇ ਹੋਏ ਹਨ। ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਤਾੜਦਿਆਂ ਕਿਹਾ ਕਿ ਇਹ ਬਹੁਤ ਸੰਵੇਦਨਸ਼ੀਲ ਸਮਾਂ ਹੈ ਅਤੇ ਸਾਰਿਆਂ ਨੂੰ ਅਰਦਾਸ ਕਰਨੀ ਚਾਹੀਦੀ ਹੈ ਕਿ ਪ੍ਰਮਾਤਮਾ ਪੰਜਾਬ ਅਤੇ ਪੰਜਾਬੀਆਂ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ।

### ਯੂਕੋ ਬੈਂਕ UCO BANK

ਭਾਰਤ ਸਰਕਾਰ ਦਾ ਅਦਾਰਾ (A Govt. of India Undertaking)
ਈ-ਨਿਲਾਮੀ ਵਿਕਰੀ ਸੂਚਨਾ

**ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ (ਅਚੱਲ ਸੰਪੱਤੀ/ਆਂ ਦੇ ਲਈ)**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਸ ਦਾ ਸੰਕੇਤਕ/ਭੌਤਿਕ ਕਬਜ਼ਾ ਯੂਕੋ ਬੈਂਕ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ ਅਧਾਰ"** 'ਤੇ 20.09.2025 ਨੂੰ ਕੀਤੀ ਜਾਵੇਗੀ ਅਤੇ ਅਚੱਲ ਸੰਪੱਤੀਆਂ ਦੀ ਖਰੀਦ ਲਈ ਇੱਛੁਕ ਖਰੀਦਦਾਰਾਂ ਤੋਂ ਬੋਲੀਆਂ ਨਿਮਨ ਦਰਸਾਏ ਅਨੁਸਾਰ ਮੰਗੀਆਂ ਜਾਂਦੀਆਂ ਹਨ :-

| ਲ. ਨੰ. | ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਕਬਜ਼ੇ ਦੀ ਮਿਤੀ ਕਬਜ਼ੇ ਦੀ ਸਥਿਤੀ (ਭੌਤਿਕ ਜਾਂ ਸੰਕੇਤਕ) | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸੰਬੰਧਤ ਅਧਿਕਾਰੀ ਦੇ ਵੇਰਵੇ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|---|---|---|
| 1. | ਬੀ/ਓ : ਅਬੋਹਰ. ਕਰਜ਼ਦਾਰ: ਮੈਸ. ਕਰਨ ਟੀ ਕੰਪਨੀ ਪ੍ਰੋਪ. ਵਿਨੋਦ ਕੁਮਾਰ ਪੁੱਤਰ ਮਨੀ ਰਾਮ, ਵਾਰਡ ਨੰ. 8, ਅਜ਼ੀਮਗੜ੍ਹ ਏਰੀਆ, ਅਬੋਹਰ ਵਿਖੇ ਵੈਟਰਨਰੀ ਹਸਪਤਾਲ ਨੇੜੇ। | ਵਿਕਰੀ ਡੀਡ ਨੰਬਰ 2951 ਮਿਤੀ 11-12-2015 ਅਤੇ ਤਤੀਮਾ ਡੀਡ ਨੰਬਰ 20202154/1/528 ਮਿਤੀ 18.06.2020 ਦੇ ਅਧੀਨ ਸ਼੍ਰੀ ਵਿਨੋਦ ਕੁਮਾਰ ਪੁੱਤਰ ਮਨੀ ਰਾਮ ਦੀ ਮਲਕੀਅਤ ਵਾਰਡ ਨੰਬਰ 08 ਨੇੜੇ ਪੁਰਾਣਾ ਪਸ਼ੂ ਹਸਪਤਾਲ ਅਜ਼ੀਮਗੜ੍ਹ ਖੇਤਰ ਅਬੋਹਰ (152116), ਖਸਰਾ ਨੰਬਰ 374 (26-0), ਖੇਵਟ ਨੰਬਰ 1876, ਖਤੌਨੀ ਨੰਬਰ 2624 ਜਮ੍ਹਾਂਬੰਦੀ 2011-12 (ਨਵਾਂ ਖੇਵਟ ਨੰਬਰ 1968, ਖਤੌਨੀ ਨੰਬਰ 2690 ਤੋਂ 2691, ਸਾਲ 2016-17 ਲਈ ਜਮ੍ਹਾਂਬੰਦੀ) ਵਿੱਚ ਸ਼ਾਮਲ ਹੈ, ਮਾਪ 30'x55'= 1650 ਵਰਗ ਫੁੱਟ ਭਾਵ 6 ਮਰਲੇ 12/1040, ਕੁੱਲ ਖੇਤਰ ਦਾ ਹਿੱਸਾ 26 ਕਨਾਲ, 00 ਮਰਲੇ (ਢੱਕਿਆ ਹੋਇਆ ਖੇਤਰ = 1452 ਵਰਗ ਫੁੱਟ), ਅਚੱਲ ਜਾਇਦਾਦ ਸਾਰੇ ਭਾਗ ਅਤੇ ਹਿੱਸੇ। ਵਿਕਰੀ ਡੀਡ ਨੰਬਰ 2951 ਮਿਤੀ 11-12-2015 ਅਤੇ ਤਰਤੀਮਾ ਡੀਡ ਨੰਬਰ 20202154/1/528 ਮਿਤੀ 18.06.2020 ਦੁਆਰਾ ਰਜਿਸਟਰਡ ਸ਼੍ਰੀ ਵਿਨੋਦ ਕੁਮਾਰ ਪੁੱਤਰ ਮਨੀ ਰਾਮ ਦੀ ਮਲਕੀਅਤ ਹੱਦਬੰਦੀ: ਪੂਰਬ: ਰੋਸ਼ਨ ਲਾਲ, ਉੱਤਰ: ਗਲੀ, ਪੱਛਮ: ਰੋਸ਼ਨ ਲਾਲ, ਦੱਖਣ: ਖਾਲੀ ਪਲਾਟ। | 01.10.2024/ ਸੰਕੇਤਕ | 24.05.2024 Rs. 14,61,036.36 | Rs. 12,17,000/- / Rs. 1,21,700/- / Rs. 10,000/- | ਨਵਦੀਪ ਭਗਲਾ (M) 81460-48924 E-mail abohar@ucobank.co.in | 20.09.2025 11:00 AM to 05.00 PM |
| 2. | ਬੀ/ਓ : ਕੋਟਕਪੂਰਾ. ਕਰਜ਼ਦਾਰ: ਪ੍ਰਤਾਪ ਸਿੰਘ ਪੁੱਤਰ ਗੁਰਦੇਵ ਸਿੰਘ, ਸਹਿ-ਕਰਜ਼ਦਾਰ: ਗੁਰਮੀਤ ਕੌਰ ਪਤਨੀ ਪ੍ਰਤਾਪ ਸਿੰਘ, ਢਿਲਵਾਂ ਰੋਡ, ਕੋਟਕਪੂਰਾ | ਪ੍ਰਤਾਪ ਸਿੰਘ ਪੁੱਤਰ ਗੁਰਦੇਵ ਸਿੰਘ ਦੇ ਨਾਮ 'ਤੇ ਰਜਿਸਟਰਡ ਵਿਕਰੀ ਡੀਡ ਨੰ: 2021-22/41/1/768 ਮਿਤੀ 07.07.2021 ਦੇ ਅਨੁਸਾਰ 106 ਵਰਗ ਗਜ਼ ਅਚੱਲ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ (3.48 ਮਰਲੇ 45 ਕਨਾਲ 03 ਮਰਲੇ ਦਾ 7/1814 ਹਿੱਸਾ) ਖੇਵਟ ਨੰਬਰ 155, ਖਤੌਨੀ ਨੰਬਰ 184, ਅਗਵਾਰ ਕਸ਼ਮੀਰੀ ਖਸਰਾ ਨੰਬਰ 2093/2/45-03, ਢਿਲਵਾਂ ਰੋਡ, ਕੋਟਕਪੂਰਾ, ਜ਼ਿਲ੍ਹਾ ਫਰੀਦਕੋਟ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ:- ਉੱਤਰ: ਮਨਪ੍ਰੀਤ ਕੌਰ 71', ਪੂਰਬ: ਨੀਲਾ ਸਿੰਘ 12'2", ਦੱਖਣ: ਹਰਦੀਪ ਸਿੰਘ 71', ਪੱਛਮ: ਗਲੀ 15' | 08.10.2024/ ਸੰਕੇਤਕ | 05.06.2024 Rs. 7,02,395/- | Rs. 4,36,000/- / Rs. 43,600/- / Rs. 10,000/- | ਵਿਨੇ ਅਸੀਜਾ (M) 98722-83401 E-mail kotkap@ucobank.co.in | 20.09.2025 11:00 AM to 05.00 PM |
| 3. | ਬੀ/ਓ : ਬਰਨਾਲਾ. ਅਮਰਜੀਤ ਸਿੰਘ ਪੁੱਤਰ ਦੀਵਾਨ ਸਿੰਘ ਅਤੇ ਸੁਖਵਿੰਦਰ ਕੌਰ ਪਤਨੀ ਅਮਰਜੀਤ ਸਿੰਘ, ਦੋਵੇਂ ਵਾਸੀ ਮਕਾਨ ਨੰ: 148, ਵਾਰਡ ਨੰ. 12, ਪੱਟੀ ਬੰਗੇਰ, ਸਰਬਹਿੱਤਕਾਰੀ ਸਕੂਲ ਨੇੜੇ, ਪਿੰਡ ਅਤੇ ਡਾਕਖਾਨਾ ਧਨੌਲਾ, ਜ਼ਿਲ੍ਹਾ ਬਰਨਾਲਾ-148105 | ਸ਼੍ਰੀ ਅਮਰਜੀਤ ਸਿੰਘ ਪੁੱਤਰ ਦੀਵਾਨ ਸਿੰਘ ਦੇ ਨਾਮ 'ਤੇ ਟਾਈਟਲ ਟ੍ਰਾਂਸਫਰ ਡੀਡ/ਵਸੀਕਾ ਨੰਬਰ 2212 ਮਿਤੀ 13.03.2013 ਦੇ ਅਨੁਸਾਰ 1 ਕਨਾਲ 13 ਮਰਲੇ ਦੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਹਿੱਸੇ ਅਤੇ ਪਾਰਸਲ ਜਿਸ ਵਿੱਚ ਖਸਰਾ ਨੰਬਰ 357//19 ਮਿਨ/1-13, ਖਾਤਾ ਨੰਬਰ 2694, ਖਤੌਨੀ ਨੰਬਰ 4567 ਸਾਲ 2008-2009 ਦੀ ਜਮ੍ਹਾਂਬੰਦੀ ਅਨੁਸਾਰ, ਮਕਾਨ ਨੰਬਰ 148, ਪੱਟੀ ਬੰਘਰ ਵਿਖੇ ਸਥਿਤ, ਸਰਬਤਕਾਰੀ ਸਕੂਲ ਦੇ ਨੇੜੇ, ਧਨੌਲਾ, ਜ਼ਿਲ੍ਹਾ ਬਰਨਾਲਾ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: 54' ਪਾਸੇ, ਗਲੀ (2 ਕਰਮ ਚੌੜੀ), ਉੱਤਰ: 90' ਪਾਸੇ, ਮਾਲਕ ਦਾ ਪਲਾਟ, ਪੱਛਮ: 54' ਪਲਾਟ ਸ਼੍ਰੀ ਵਿਸ਼ਾਖਾ ਸਿੰਘ ਪ੍ਰਧਾਨ, ਦੱਖਣ: 90', ਮਾਲਕ ਦੇ ਭਰਾ ਦਾ ਮਕਾਨ। | 03.06.2019/ ਸੰਕੇਤਕ | 12.03.2019 Rs. 21,46,591.80 | Rs. 35,34,000/- / Rs. 3,53,400/- / Rs. 20,000/- | ਸ਼੍ਰੀ ਸ਼ਿਆਮ ਕਿਸ਼ੋਰ (M) 9887232603 E-mail barnal@ucobank.co.in | 20.09.2025 11:00 AM to 05.00 PM |

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ 15 ਰੋਜ਼ਾ ਵਿਕਰੀ ਸੂਚਨਾ**

**ਨਿਯਮ ਅਤੇ ਸ਼ਰਤਾਂ :** 1. ਵਿਕਰੀ ਸੁਰੱਖਿਆ ਵਿਆਜ (ਲਾਗੂਕਰਨ) 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਨਾਲ ਸਬੰਧਤ ਹੋਵੇਗੀ। 2. ਸੰਪੱਤੀਆਂ **"ਜਿਵੇਂ ਹੈ, ਜਿਥੇ ਹੈ ਆਧਾਰ" ਅਤੇ "ਜਿਵੇਂ ਹੈ ਜੋ ਹੈ ਆਧਾਰ" ਅਤੇ "ਜੋ ਵੀ ਉਥੇ ਹੈ ਆਧਾਰ"** 'ਤੇ ਵੇਚੀਆਂ ਜਾ ਰਹੀਆਂ ਹਨ। 3. ਉਕਤ ਸੂਚੀ ਵਿਚ ਦਰਸਾਏ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਵਿਚ ਸਹੀ ਦੱਸੇ ਗਏ ਹਨ ਪਰ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 4. ਨਿਲਾਮੀ ਵਿਕਰੀ ਪੋਰਟਲ **https://baanknet.com** 'ਤੇ **"ਈ-ਨਿਲਾਮੀ ਰਾਹੀਂ ਆਨਲਾਈਨ"** ਕੀਤੀ ਜਾਵੇਗੀ। 5. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਮੋਬਾਇਲ ਨੰਬਰ ਅਤੇ ਈਮੇਲ ਆਈ.ਡੀ. ਦੀ ਵਰਤੋਂ ਕਰਦੇ ਹੋਏ ਪੋਰਟਲ (**https://baanknet.com** ) 'ਤੇ ਪੰਜੀਕਰਨ ਕਰਵਾ ਲੈਣ। ਅੱਗੇ, ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰ ਦੇਣ। ਇੱਕ ਵਾਰ ਕੇਵਾਈਸੀ ਦਸਤਾਵੇਜ਼ਾਂ ਦੀ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਵੱਲੋਂ ਪੜਤਾਲ ਹੋਣ 'ਤੇ (ਇਸ ਵਿਚ 2 ਕੰਮ ਵਾਲੇ ਦਿਨ ਲਗ ਸਕਦੇ ਹਨ), ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਪੋਰਟਲ ਵਿਚ ਈ-ਨਿਲਾਮੀ ਮਿਤੀ ਅਤੇ ਸਮੇਂ ਤੋਂ ਪਹਿਲਾਂ ਤੱਕ ਆਪਣੇ ਗਲੋਬਲ ਈਐਮਡੀ ਵੈਲੇਟ ਵਿਚ ਆਨਲਾਈਨ ਵਿਧੀ ਦੀ ਵਰਤੋਂ ਕਰਦੇ ਹੋਏ ਬਿਆਨਾ ਰਕਮ ਰਾਸ਼ੀ ਦਾ ਤਬਾਦਲਾ ਕਰਨਾ ਹੋਵੇਗਾ। ਪੰਜੀਕਰਨ, ਕੇਵਆਈਸੀ ਦਸਤਾਵੇਜ਼ਾਂ ਦੀ ਪੜਤਾਲ ਅਤੇ ਵੈਲੇਟ ਵਿਚ ਬਿਆਨਾ ਰਕਮ ਦੇ ਤਬਾਦਲੇ ਦਾ ਕੰਮ ਨਿਲਾਮੀ ਤੋਂ ਪਹਿਲਾਂ ਅਗਾਊਂ ਤੌਰ 'ਤੇ ਮੁਕੰਮਲ ਕਰਨਾ ਜ਼ਰੂਰੀ ਹੈ। 6. ਈ-ਨਿਲਾਮੀ ਦੇ ਲਈ ਪਲੇਟਫਾਰਮ (**https://baanknet.com**) ਈ-ਨਿਲਾਮੀ ਸਰਵਿਸ ਪ੍ਰੋਵਾਈਡਰ **ਹੈਲਪ ਡੈਸਕ ਨੰ.** +91 8291220220, **ਹੈਲਪਡੈਸਕ ਈ-ਮੇਲ ਆਈਡੀ** : **support.baanknet@psballiance.com** ਵੱਲੋਂ ਮੁਹੱਈਆ ਕੀਤਾ ਜਾਵੇਗਾ। ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੇ ਵੈਬਸਾਈਟ **https://baanknet.com** 'ਤੇ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣਾ ਹੋਵੇਗਾ। 7. ਸੰਪੱਤੀ ਸਬੰਧੀ ਕਿਸੇ ਵੀ ਪੁਛਗਿਛ ਲਈ **ਅਧਿਕਾਰਤ ਅਧਿਕਾਰੀ ਲੜੀ ਨੰ. 1 ਅਤੇ 2 ਦੇ ਲਈ ਸ਼੍ਰੀ ਅੰਸ਼ੁਲ ਸਿੰਘਾਲ** (ਮੋ.) 9760900301, **ਲੜੀ ਨੰ. 3 ਦੇ ਲਈ ਵਿਸ਼ਵਨਿਆ ਰਾਠੀ** (ਮੋ.) 83360-58807 **ਨਾਲ** ਸੰਪਰਕ ਕੀਤਾ ਜਾ ਸਕਦਾ ਹੈ। 8. ਵਿਕਰੀ ਦੇ ਸਧਾਰਨ ਨਿਯਮ ਅਤੇ ਸ਼ਰਤਾਂ ਵਾਲੀ ਵਿਕਰੀ ਸੂਚਨਾ ਨਿਮਨਲਿਖਤ **ਵੈਬਸਾਈਟਾਂ/ਵੈਬ ਪੇਜ ਪੋਰਟਲ** : **https://baanknet.com** 'ਤੇ ਵਿਚ ਉਪਲਬਧ/ਪ੍ਰਕਾਸ਼ਿਤ ਹਨ। 9. ਈ-ਨਿਲਾਮੀ ਦੇ ਇੱਛੁਕ ਪ੍ਰਤੀਯੋਗੀ **ਪੋਰਟਲhttps://baanknet.com** ਤੋਂ ਇਸ ਈ-ਨਿਲਾਮੀ ਨਾਲ ਸਬੰਧਤ ਈ-ਨਿਲਾਮੀ ਦੇ ਸੰਚਾਲਨਾਤਮਕ ਭਾਗ 'ਤੇ ਸਹਾਇਤਾ ਮੈਨੂਅਲ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਵਿਕਰੀ ਸੂਚਨਾ ਦੇ ਉਤਾਰੇ ਮੁਫਤ ਵਿਚ ਡਾਊਨਲੋਡ ਕਰ ਸਕਦੇ ਹਨ। 10. ਬੋਲੀਕਾਰ ਦੇ ਗਲੋਬਲ ਵੈਲੇਟ ਵਿਚ ਬੋਲੀ ਦੇਣ ਦੇ ਸਮੇਂ ਲੋੜੀਂਦਾ ਬਕਾਇਆ (>=ਬਿਆਨਾ ਰਕਮ ਰਾਸ਼ੀ) ਹੋਣਾ ਚਾਹੀਦਾ ਹੈ। 11. ਈ-ਨਿਲਾਮੀ ਦੇ ਦੌਰਾਨ ਬੋਲੀਕਾਰਾਂ ਨੂੰ ਆਖ਼ਰੀ ਕੋਟ ਕੀਤੀ ਬੋਲੀ ਨਾਲੋਂ ਵੱਧ ਅਤੇ ਉਪਰ ਪਰਸਪਰ ਬੋਲੀ ਵਿਚ ਉਚੇਰੀ ਬੋਲੀ ਪੇਸ਼ ਕਰਨ ਦਾ ਆਗਿਆ ਹੋਵੇਗੀ ਅਤੇ ਬੋਲੀ ਰਕਮ ਵਿਚ ਘੱਟੋ ਘੱਟ ਵਾਧਾ ਬੋਲੀਕਾਰਾਂ ਦ ਆਖ਼ਰੀ ਉਚੇਰੀ ਬੋਲੀ ਤੋਂ ਉਕਤ ਦਰਸਾਏ ਅਨੁਸਾਰ ਹੋਣਾ ਚਾਹੀਦਾ ਹੈ। ਨਿਰੰਤਰ ਉਚੇਰੀ ਬੋਲੀ ਕੋਟ ਕਰਨ ਲਈ ਬੋਲੀਕਾਰਾਂ ਨੂੰ ਵੀਹ (20) ਮਿੰਟਾਂ ਦਾ ਸਮਾਂ ਦਿੱਤਾ ਜਾਵੇਗਾ ਅਤੇ ਜੇਕਰ ਆਖ਼ਰੀ ਸਭ ਤੋਂ ਉਚੀ ਬੋਲੀ ਤੋਂ ਦਸ ਮਿੰਟ ਲੰਘਣ ਉਪਰੰਤ ਕਿਸੇ ਵੀ ਬੋਲੀਕਾਰ ਵੱਲੋਂ ਕੋਈ ਉਚੇਰੀ ਬੋਲੀ ਪੇਸ਼ ਨਹੀਂ ਕੀਤੀ ਜਾਂਦੀ ਤਾਂ ਈ-ਨਿਲਾਮੀ ਨੂੰ ਬੰਦ ਕਰ ਦਿੱਤਾ ਜਾਵੇਗਾ। 12. ਇਹ ਇੱਛੁਕ ਬੋਲੀਕਾਰ (ਾਂ) ਦੀ ਜ਼ਿੰਮੇਵਾਰੀ ਹੋਵੇਗੀ ਕਿ ਵਿਕਰੀ ਸੂਚਨਾ, ਈ-ਨਿਲਾਮੀ ਦੇ ਨਿਯਮ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਾਨਾਤਮਕ ਹਿੱਸੇ ਬਾਰੇ ਸਹਾਇਤਾ ਮੈਨੂਅਲ ਨੂੰ ਪੜ੍ਹ ਲੈਣ ਅਤੇ ਇਨ੍ਹਾਂ ਦਾ ਸਖ਼ਤੀ ਨਾਲ ਪਾਲਣ ਕਰਨ। ਈ-ਨਿਲਾਮੀ ਪ੍ਰਕਿਰਿਆ ਤੋਂ ਪਹਿਲਾਂ ਜਾਂ ਇਸਦੇ ਦੌਰਾਨ ਕਿਸੇ ਵੀ ਮੁਸ਼ਕਿਲ ਜਾਂ ਸਹਾਇਤਾ ਦੀ ਲੋੜ ਪੈਣ ਦੀ ਸੂਰਤ ਵਿਚ ਸਾਡੇ ਈ-ਨਿਲਾਮੀ ਸਰਵਿਸ ਪ੍ਰੋਵਾਈਡਰ ( **https://baanknet.com**) ਦੇ ਅਧਿਕਾਰਤ ਪ੍ਰਤੀਨਿਧੀ ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੇ ਵੇਰਵੇ ਈ-ਨਿਲਾਮੀ ਪੋਰਟਲ 'ਤੇ ਉਪਲਬਧ ਹਨ। 13. ਅਧਿਕਾਰਤ ਅਧਿਕਾਰੀ ਵੱਲੋਂ ਈ-ਨਿਲਾਮੀ ਨੂੰ ਮੁਕੰਮਲ ਕਰਨ ਤੋਂ ਬਾਅਦ, ਸਿਰਫ਼ ਸਫਲ ਬੋਲੀਕਾਰ ਨੂੰ ਐਸਐਮਐਸ/ਈ-ਮੇਲ (ਸਰਵਿਸ ਪ੍ਰੋਵਾਈਡਰ ਨੂੰ ਉਨ੍ਹਾਂ ਵੱਲੋਂ ਦਿੱਤੇ ਗਏ/ਪੰਜੀਕ੍ਰਿਤ ਮੋਬਾਇਲ ਨੰਬਰ/ਈਮੇਲ ਪਤੇ 'ਤੇ) ਰਾਹੀਂ ਉਕਤ ਦਰਸਾਏ ਸਾਡੇ ਸਰਵਿਸ ਪ੍ਰੋਵਾਈਡਰ ਦੁਆਰਾ ਸੂਚਿਤ ਕੀਤਾ ਜਾਵੇਗਾ। 14. ਸੁਰੱਖਿਅਤ ਸੰਪੱਤੀ ਰਾਖਵੀਂ ਕੀਮਤ ਤੋਂ ਘੱਟ ਨਹੀਂ ਵੇਚੀ ਜਾਵੇਗੀ। ਅਧਿਕਾਰਤ ਅਧਿਕਾਰੀ ਕੋਲ ਪ੍ਰਵਾਨਯੋਗ ਨਾ ਪਾਏ ਜਾਣ 'ਤੇ ਕਿਸੇ ਵੀ ਬੋਲੀ ਨੂੰ ਪ੍ਰਵਾਨ ਕਰਨ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਜਾਂ ਬਿਨਾਂ ਕੋਈ ਵੀ ਕਾਰਨ ਦੱਸੇ, ਜੋ ਵੀ ਹੋਵੇ, ਕਿਸੇ ਵੀ ਸਮੇਂ ਨਿਲਾਮੀ ਨੂੰ ਮਲਤਵੀ/ਰੱਦ/ਬਰਖਾਸਤ/ਰੋਕਣ ਦਾ ਜਾਂ ਇਸ ਦੇ ਨਿਯਮਾਂ ਵਿਚ ਤਬਦੀਲੀ ਕਰਨ ਦਾ ਹੱਕ ਰਾਖਵਾਂ ਹੈ ਅਤੇ ਇਸ ਸਬੰਧ ਵਿਚ ਉਨ੍ਹਾਂ ਦਾ ਫੈਸਲਾ ਅੰਤਿਮ ਹੋਵੇਗਾ। 15. ਵਿਕਰੀ ਪ੍ਰਮਾਣ ਪੱਤਰ ਕਾਨੂੰਨ ਦੀਆਂ ਵਿਵਸਥਾਵਾਂ ਦੇ ਅਨੁਸਾਰ ਪੂਰਨ ਬੋਲੀ ਰਕਮ ਦੇ ਜਮ੍ਹਾਂ ਹੋਣ 'ਤੇ ਸਫਲ ਬੋਲੀਕਾਰ ਦੇ ਪੱਖ ਵਿਚ ਜਾਰੀ ਕੀਤਾ ਜਾਵੇਗਾ। 16. ਇਹ ਬੋਲੀਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਸੰਪੱਤੀ ਅਤੇ ਇਸ ਦੀ ਮਿਣਤੀ ਬਾਰੇ ਜਾਂਚ ਅਤੇ ਖੁਦ ਦੀ ਤਸੱਲੀ ਕਰ ਲੈਣ। ਬੋਲੀਕਾਰ ਮੁਹੱਈਆ ਕੀਤੇ ਵੇਰਵਿਆਂ ਅਨੁਸਾਰ ਸੰਬੰਧਤ ਅਧਿਕਾਰੀ ਨਾਲ ਮਸ਼ਵਰਾ ਕਰਕੇ ਸੰਪੱਤੀ ਦੀ ਜਾਂਚ ਕਰ ਸਕਦੇ ਹਨ। ਸਾਰੇ ਵਿਧਾਨਕ ਬਕਾਏ/ਅਟੈਂਡੈਂਟ ਫੀਸਾਂ/ਪੰਜੀਕਰਨ ਫੀਸਾਂ, ਸਟੈਂਪ ਡਿਊਟੀ, ਕਰਾਂ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਵੱਲੋਂ ਅਦਾ ਕੀਤੇ ਜਾਣਗੇ। 18. ਬੈਂਕ ਦੇ ਅਧਿਕਾਰਤ ਅਧਿਕਾਰੀ ਸੰਪੱਤੀਆਂ (ਈ-ਨਿਲਾਮੀ ਵਾਲੀਆਂ) ਦੇ ਸਬੰਧ ਵਿਚ ਸਰਕਾਰ ਜਾਂ ਕਿਸੇ ਵੀ ਵਿਅਕਤੀ ਵੱਲ ਕਿਸੇ ਵੀ ਫੀਸ, ਭਾਰ, ਦੇਣਦਾਰੀ ਜਾਂ ਕਿਸੇ ਵੀ ਹੋਰ ਬਕਾਏ, ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ ਦੇ ਲਈ ਜੁਆਬਦੇਹ ਨਹੀਂ ਹੋਣਗੇ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਵਿਧਾਨਕ ਦੇਣਦਾਰੀਆਂ, ਸੰਪੱਤੀ ਕਰ ਦੇ ਬਕਾਏ, ਬਿਜਲੀ ਦੇ ਬਕਾਏ ਆਦਿ ਸਮੇਤ ਸੰਪੱਤੀ ਉਪਰ ਦੇਣਦਾਰੀਆਂ ਸਬੰਧੀ ਆਪਣੀ ਸੁਤੰਤਰ ਪੁਛਗਿਛ ਕਰ ਲੈਣ। 19. ਬੋਲੀਕਾਰ ਨੂੰ ਢੁੱਕਵੀਂ ਇੰਟਰਨੈਟ ਕੁਨੈਕਟੀਵਿਟੀ, ਪਾਵਰ ਬੈਕ-ਅਪ ਆਦਿ ਯਕੀਨੀ ਬਣਾ ਲੈਣੇ ਚਾਹੀਦੇ ਹਨ। ਬੈਂਕ ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਜਾਂ ਤਕਨੀਕੀ ਕਾਰਨਾਂ ਕਰਕੇ ਪਏ ਕਿਸੇ ਵੀ ਵਿਘਨ ਜਾਂ ਈ-ਨਿਲਾਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਅਚਨਚੇਤਤਾਵਾਂ ਦੇ ਲਈ ਜੁਆਬਦੇਹ ਨਹੀਂ ਹੋਵੇਗਾ। 20. ਸਫਲ ਬੋਲੀਕਾਰ ਨੂੰ 1% ਦਾ ਟੀਡੀਐਸ ਵੀ ਅਦਾ ਕਰਨਾ ਹੋਵੇਗਾ ਜੇਕਰ ਸੰਪੱਤੀ ਦੀ ਕੀਮਤ 50 ਲੱਖ ਤੋਂ ਵੱਧ ਹੋਵੇ। 21. ਇਸ ਸੂਚਨਾ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 9 (1) ਦੇ ਅਧੀਨ ਕਰਜ਼ਦਾਰ ਅਤੇ ਜ਼ਾਮਨ ਦੇ ਲਈ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਵੀ ਸਮਝਿਆ ਜਾਵੇ। 22. ਇਕਲੇ ਬੋਲੀਕਾਰ ਹੋਣ ਦੀ ਸੂਰਤ ਵਿਚ ਉਸ ਦੇ ਬੋਲੀ ਫਾਰਮ ਵਿਚ ਕੋਟ ਕੀਤੀ ਬੋਲੀ ਰਕਮ ਵਿਚ ਘੱਟੋ ਘੱਟ ਇੱਕ ਬੋਲੀ ਵਾਧਾ ਲਾਗਤ ਤੱਕ ਸੁਧਾਰ ਹੋਣਾ ਲਾਜ਼ਮੀ ਹੈ, ਨਹੀਂ ਤਾਂ ਵਿਕਰੀ ਰੱਦ/ਬਰਖਾਸਤ ਕਰ ਦਿੱਤੀ ਜਾਵੇਗੀ। 23. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ, ਜੇਕਰ ਕਰਜ਼ਦਾਰ ਸਫਲ ਬੋਲੀਕਾਰ ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਹੋਣ ਤੋਂ ਪਹਿਲਾਂ ਅਧਿਕਾਰਤ ਅਧਿਕਾਰੀ ਨੂੰ ਬੈਂਕ ਕਰਾਰ ਦੇ ਬਕਾਇਆ ਸਮੇਤ ਹੋਰ ਖਰਚਿਆਂ ਦਾ ਭੁਗਤਾਨ ਕਰ ਦਿੰਦਾ ਹੈ, ਅਜਿਹੇ ਮਾਮਲੇ ਵਿਚ ਬੈਂਕ ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਸਮੁੱਚੀ ਰਕਮ ਬਿਨਾਂ ਵਿਆਜ ਤੋਂ ਵਾਪਸ ਕਰ ਦੇਵੇਗਾ।

ਮਿਤੀ : 02.09.2025 **ਅਧਿਕਾਰਤ ਅਧਿਕਾਰੀ, ਯੂਕੋ ਬੈਂਕ**




# ਸਿਹਤਨਾਮਾ



## ਤੁਹਾਡੀ ਕਿਡਨੀ ਠੀਕ ਹੈ ਜਾਂ ਖਰਾਬ, ਇਨ੍ਹਾਂ 5 ਲੱਛਣਾਂ ਤੋਂ ਪਛਾਣ ਕਰੋ

**ਦੀਪਕ ਮੰਡਲ**



ਕਿਡਨੀਆਂ ਸਾਡੇ ਸਰੀਰ ਵਿੱਚ ਇੱਕੋ ਸਮੇਂ ਬਹੁਤ ਸਾਰੇ ਕੰਮ ਕਰਦੀਆਂ ਹਨ। ਇਹ ਸਰੀਰ ਵਿੱਚੋਂ ਰਹਿੰਦ-ਖੂੰਹਦ ਨੂੰ ਬਾਹਰ ਕੱਢਦੀਆਂ ਹਨ। ਤਰਲ ਪਦਾਰਥਾਂ ਅਤੇ ਇਲੈਕਟ੍ਰੋਲਾਈਟਸ ਦਾ ਸੰਤੁਲਨ ਬਣਾ ਕੇ ਰੱਖਦਿਆਂ ਹਨ। ਇਹ ਬਲੱਡ ਪ੍ਰੈਸ਼ਰ ਦੀ ਨਿਗਰਾਨੀ ਕਰਦੀਆਂ ਹਨ ਅਤੇ ਖੂਨ ਦੇ ਰੈੱਡ ਸੈੱਲ ਬਣਾਉਣ ਵਿੱਚ ਵੀ ਮਦਦ ਕਰਦੀਆਂ ਹਨ। ਪਰ ਲੋਕ ਅਕਸਰ ਕਿਡਨੀਆਂ ਦੀ ਖਰਾਬੀ ਦੇ ਸ਼ੁਰੂਆਤੀ ਲੱਛਣਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਜੇਕਰ ਇਨ੍ਹਾਂ ਸੰਕੇਤਾਂ ਨੂੰ ਸਮੇਂ ਸਿਰ ਪਛਾਣ ਲਿਆ ਜਾਵੇ ਤਾਂ ਕਿਡਨੀਆਂ ਨਾਲ ਸਬੰਧਤ ਬਿਮਾਰੀਆਂ ਦਾ ਇਲਾਜ ਵੀ ਜਲਦ ਹੀ ਸ਼ੁਰੂ ਹੋ ਸਕਦਾ ਹੈ। ਆਓ ਜਾਣਦੇ ਹਾਂ ਉਨ੍ਹਾਂ ਪੰਜ ਲੱਛਣਾਂ ਬਾਰੇ, ਜਿਨ੍ਹਾਂ ਵੱਲ ਅਸੀ ਅਕਸਰ ਧਿਆਨ ਨਹੀ ਦਿੰਦੇ। ਇਹ ਕਿਡਨੀਆਂ ਦੀ ਬਿਮਾਰੀ ਜਾਂ ਉਨ੍ਹਾਂ ਦੀ ਖਰਾਬੀ ਦੇ ਸੰਕੇਤ ਹੋ ਸਕਦੇ ਹਨ।

### 1. ਜਲਦੀ-ਜਲਦੀ ਪਿਸ਼ਾਬ ਆਉਣਾ

ਜਲਦੀ-ਜਲਦੀ ਪਿਸ਼ਾਬ ਆਉਣਾ ਕਿਡਨੀ ਦੇ ਖਰਾਬ ਹੋਣ ਦਾ ਸੰਕੇਤ ਹੋ ਸਕਦਾ ਹੈ। ਇਸਨੂੰ ਪੋਲੀਯੂਰੀਆ ਕਿਹਾ ਜਾਂਦਾ ਹੈ। ਹਾਲਾਂਕਿ, ਜਦੋਂ ਕਿਡਨੀ ਖਰਾਬ ਹੋ ਜਾਂਦੀ ਹੈ ਤਾਂ ਲੋੜ ਤੋਂ ਘੱਟ ਪਿਸ਼ਾਬ ਬਣਦਾ ਹੈ। ਅਕਸਰ ਪਿਸ਼ਾਬ ਵਿੱਚ ਝੱਗ ਆਉਣਾ ਇਸ ਦੀ ਨਿਸ਼ਾਨੀ ਕਿਹਾ ਜਾਂਦਾ ਹੈ। ਸਰ ਗੰਗਾ ਰਾਮ ਹਸਪਤਾਲ ਦੇ ਸੀਨੀਅਰ ਸਲਾਹਕਾਰ ਡਾਕਟਰ ਮੋਹਸਿਨ ਵਲੀ ਕਹਿੰਦੇ ਹਨ, ਪਰ ਇਹ ਜ਼ਰੂਰੀ ਨਹੀ ਹੈ। ਹੋਰ ਬਿਮਾਰੀਆਂ ਵੀ ਪਿਸ਼ਾਬ ਵਿੱਚ ਝੱਗ ਦਾ ਕਾਰਨ ਬਣ ਸਕਦੀਆਂ ਹਨ।

### 2. ਸਰੀਰ ਵਿੱਚ ਸੋਜ

ਅੱਖਾਂ ਅਤੇ ਪੈਰਾਂ ਵਿੱਚ ਸੋਜ ਵੀ ਕਿਡਨੀ ਖਰਾਬ ਹੋਣ ਦੀ ਨਿਸ਼ਾਨੀ ਹੋ ਸਕਦੀ ਹੈ। ਜੇਕਰ ਗਿੱਟਿਆਂ ਅਤੇ ਪਿੰਜਣੀਆਂ ਵਿੱਚ ਸੋਜ ਹੈ, ਤਾਂ ਇਸਨੂੰ ਨਜ਼ਰਅੰਦਾਜ਼ ਨਹੀ ਕਰਨਾ ਚਾਹੀਦਾ। ਇਹ ਕਿਡਨੀ ਦੀ ਬਿਮਾਰੀ ਨੂੰ ਦਰਸਾਉਂਦੀ ਹੈ। ਇੱਕ ਨਿੱਜੀ ਹਸਪਤਾਲ ਦੇ ਸਲਾਹਕਾਰ ਨੈਫਰੋਲੋਜਿਸਟ ਦਾ ਕਹਿਣਾ ਹੈ ਕਿ ਜੇਕਰ ਪੈਰ ਸੁੱਜਣ 'ਤੇ ਸੁਚੇਤ ਹੋ ਜਾਣਾ ਚਾਹੀਦਾ ਹੈ। ਅੱਖਾਂ, ਚਿਹਰੇ ਅਤੇ ਪੈਰਾਂ ਵਿੱਚ ਸੋਜ ਕਿਡਨੀ ਦੀ ਬਿਮਾਰੀ ਨੂੰ ਦਰਸਾਉਂਦੀ ਹੈ।

### 3. ਬਲੱਡ ਪ੍ਰੈਸ਼ਰ

ਮਾਹਿਰਾਂ ਅਨੁਸਾਰ, ਬਲੱਡ ਪ੍ਰੈਸ਼ਰ ਦੋਧਾਰੀ ਤਲਵਾਰ ਹੈ। ਬਲੱਡ ਪ੍ਰੈਸ਼ਰ ਜ਼ਿਆਦਾ ਹੋਣ 'ਤੇ ਇਹ ਕਿਡਨੀਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਦੇ ਨਾਲ ਹੀ ਕਿਡਨੀ ਖਰਾਬ ਹੋਣ ਨਾਲ ਵੀ ਬਲੱਡ ਪ੍ਰੈਸ਼ਰ ਵਧਦਾ ਹੈ। ਇਸ ਲਈ, ਬਲੱਡ ਪ੍ਰੈਸ਼ਰ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਡਾਕਟਰ ਗਰਿਮਾ ਅਗਰਵਾਲ ਦਾ ਕਹਿਣਾ ਹੈ ਕਿ ਕਈ ਵਾਰ ਬਲੱਡ ਪ੍ਰੈਸ਼ਰ ਕੰਟਰੋਲ ਨਹੀ ਹੁੰਦਾ ਅਤੇ ਦਵਾਈਆਂ ਦੀ ਖੁਰਾਕ ਵਧ ਜਾਂਦੀ ਹੈ। ਇਹ ਵੀ ਕਿਡਨੀ ਦੀ ਬਿਮਾਰੀ ਦੀ ਨਿਸ਼ਾਨੀ ਹੈ।

### 4. ਸ਼ੂਗਰ

ਸ਼ੂਗਰ ਕਰਕੇ ਸਭ ਤੋਂ ਵੱਧ ਅਸਰ ਕਿਡਨੀਆਂ 'ਤੇ ਪੈਂਦਾ ਹੈ। ਡਾਕਟਰ ਦਾ ਕਹਿਣਾ ਹੈ ਕਿ ਕਿਡਨੀ ਸਬੰਧੀ ਸਮੱਸਿਆਵਾਂ ਦੇ 80 ਫੀਸਦੀ ਮਰੀਜ਼ ਸ਼ੂਗਰ ਤੋਂ ਪੀੜਤ ਹੁੰਦੇ ਹਨ। 30 ਤੋਂ 40 ਫੀਸਦੀ ਸ਼ੂਗਰ ਦੇ ਮਾਮਲਿਆਂ ਵਿੱਚ ਕਿਡਨੀ 'ਤੇ ਅਸਰ ਪੈਂਦਾ ਹੈ। ਜੇਕਰ ਸ਼ੂਗਰ ਤੋਂ ਪੀੜਤ ਲੋਕਾਂ ਵਿੱਚ ਕਿਡਨੀ ਦੀ ਬਿਮਾਰੀ ਹੋਣ ਲੱਗਦੀ ਹੈ, ਤਾਂ ਉਨ੍ਹਾਂ ਦਾ ਸ਼ੂਗਰ ਲੈਵਲ ਵੀ ਘਟ ਵੀ ਜਾਂਦਾ ਹੈ। ਕਈ ਸਾਲਾਂ ਤੱਕ ਹਾਈ ਸ਼ੂਗਰ ਹੋਣ ਕਾਰਨ ਕਿਡਨੀ ਦੀ ਬਿਮਾਰੀ ਪੈਦਾ ਹੋਣ ਲੱਗਦੀ ਹੈ।

### 5. ਥਕਾਵਟ, ਖੁਜਲੀ ਅਤੇ ਮਤਲੀ

ਥਕਾਵਟ, ਸਰੀਰ 'ਤੇ ਖੁਜਲੀ ਅਤੇ ਮਤਲੀ ਕਿਡਨੀ ਦੀ ਬਿਮਾਰੀ ਦੇ ਲੱਛਣ ਹੋ ਸਕਦੇ ਹਨ। ਮਾਹਿਰਾਂ ਦੇ ਅਨੁਸਾਰ, ਸਰੀਰ ਵਿੱਚ ਫਾਸਫੋਰਸ ਦੀ ਘਾਟ ਕਾਰਨ ਖੁਜਲੀ ਹੁੰਦੀ ਹੈ। ਕਿਡਨੀ ਦੀ ਬਿਮਾਰੀ ਕਾਰਨ ਸਰੀਰ ਵਿੱਚ ਫਾਸਫੋਰਸ ਦੀ ਕਮੀ ਹੋ ਜਾਂਦੀ ਹੈ। ਕਿਡਨੀ ਦੀ ਬਿਮਾਰੀ ਵਾਲੇ ਕੁਝ ਮਰੀਜ਼ ਮਤਲੀ ਮਹਿਸੂਸ ਕਰਨ ਲੱਗਦੇ ਹਨ। ਉਨ੍ਹਾਂ ਨੂੰ ਕੁਝ ਖਾਣ ਦਾ ਮਨ ਨਹੀ ਕਰਦਾ। ਮਾਹਿਰਾਂ ਦਾ ਕਹਿਣਾ ਹੈ ਕਿ ਕਿਡਨੀ ਦੀ ਬਿਮਾਰੀ ਨੂੰ ਰੋਕਣ ਲਈ ਇੱਕ ਸਿਹਤਮੰਦ ਜੀਵਨ ਸ਼ੈਲੀ ਬਹੁਤ ਮਦਦਗਾਰ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨਿਯਮਤ ਕਸਰਤ, ਲੋੜੀਦੀ ਮਾਤਰਾ 'ਚ ਪਾਣੀ ਪੀਣਾ ਅਤੇ ਨਮਕ ਤੇ ਖੰਡ ਦੀ ਵਰਤੋਂ ਘੱਟ ਕਰਨਾ। ਕਿਡਨੀ ਦੀ ਬਿਮਾਰੀ ਨੂੰ ਰੋਕਣ ਵਿੱਚ ਪ੍ਰਭਾਵਸ਼ਾਲੀ ਹੈ। ਡਾਕਟਰਾਂ ਨੇ ਕੁਝ ਤਰੀਕੇ ਦੱਸੇ, **ਜਿਨ੍ਹਾਂ ਦੀ ਮਦਦ ਨਾਲ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।**

### 1. ਉਚਿਤ ਮਾਤਰਾ 'ਚ ਪਾਣੀ ਪੀਓ

ਇੱਕ ਸਿਹਤਮੰਦ ਕਿਡਨੀ ਵਿੱਚ ਪਾਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਦੋਂ ਤੁਸੀ ਉਚਿਤ ਮਾਤਰਾ 'ਚ ਪਾਣੀ ਪੀਂਦੇ ਹੋ, ਤਾਂ ਕਿਡਨੀਆਂ ਸਰੀਰ ਵਿੱਚੋ ਨੁਕਸਾਨਦੇਹ ਤੱਤਾਂ ਨੂੰ ਬਾਹਰ ਕੱਢਣ ਲਈ ਉਚਿਤ ਮਾਤਰਾ 'ਚ ਪਿਸ਼ਾਬ ਪੈਦਾ ਕਰਦੀਆਂ ਹਨ। ਨਾਲ ਹੀ, ਕਿਡਨੀ (ਗੁਰਦੇ) ਦੀ ਪੱਥਰੀ ਅਤੇ ਇਨਫੈਕਸ਼ਨ ਦਾ ਵੀ ਖ਼ਤਰਾ ਘਟ ਜਾਂਦਾ ਹੈ। ਜੇਕਰ ਤੁਸੀ ਕਾਫ਼ੀ ਪਾਣੀ ਪੀ ਰਹੇ ਹੋ ਤਾਂ ਤੁਹਾਡਾ ਪਿਸ਼ਾਬ ਸਾਫ਼ ਜਾਂ ਹਲਕਾ ਪੀਲਾ ਹੋਵੇਗਾ। ਡਾਕਟਰ ਕਹਿੰਦੇ ਹਨ, ਆਮ ਤੌਰ 'ਤੇ ਇੱਕ ਦਿਨ ਵਿੱਚ ਦੋ ਤੋਂ ਢਾਈ ਲੀਟਰ ਪਾਣੀ ਪੀਣਾ ਚਾਹੀਦਾ ਹੈ।

### 2. ਜ਼ਿਆਦਾ ਲੂਣ ਨਾ ਖਾਓ

ਬਹੁਤ ਜ਼ਿਆਦਾ ਨਮਕ ਜਾਂ ਲੂਣ ਗੁਰਦੇ ਲਈ ਚੰਗਾ ਨਹੀ ਹੁੰਦਾ। ਕਿਉਂਕਿ ਇਹ ਬਲੱਡ ਪ੍ਰੈਸ਼ਰ ਵਧਾਉਂਦਾ ਹੈ ਅਤੇ ਗੁਰਦੇ ਨੂੰ ਨੁਕਸਾਨ ਪਹੁੰਚਾਉਂਦਾ ਹੈ। ਅਚਾਰ, ਪਾਪੜ ਅਤੇ ਪ੍ਰੋਸੈਸਡ ਭੋਜਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਨੂਡਲਜ਼, ਚਾਉਮੀਨ ਵਰਗੀਆਂ ਚੀਜ਼ਾਂ ਵਿੱਚ ਬਹੁਤ ਜ਼ਿਆਦਾ ਨਮਕ ਹੁੰਦਾ ਹੈ। ਇਨ੍ਹਾਂ ਤੋਂ ਪਰਹੇਜ਼ ਕਰੋ।

### 3. ਸੇਂਧਾ ਨਮਕ ਨਾ ਖਾਓ

ਅੱਜਕੱਲ੍ਹ ਸੇਂਧਾ ਨਮਕ ਖਾਣ ਦਾ ਰੁਝਾਨ ਵਧਿਆ ਹੈ। ਪਰ ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਸੇਂਧਾ ਨਮਕ ਨਹੀ ਖਾਣਾ ਚਾਹੀਦਾ। ਡਾਕਟਰ ਮੋਹਸਿਨ ਵਲੀ ਕਹਿੰਦੇ ਹਨ ਕਿ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਸੇਂਧਾ ਨਮਕ ਆਮ ਨਮਕ ਨਾਲੋਂ ਸਿਹਤ ਲਈ ਬਿਹਤਰ ਹੈ। ਪਰ ਇਸ ਵਿੱਚ ਪੋਟਾਸ਼ੀਅਮ ਘੱਟ ਅਤੇ ਸੋਡੀਅਮ ਜ਼ਿਆਦਾ ਹੁੰਦਾ ਹੈ।

### 4. ਖੰਡ ਵੀ ਘੱਟ ਕਰੋ

ਜੇ ਤੁਸੀ ਕਿਡਨੀ ਦੀਆਂ ਬਿਮਾਰੀਆਂ ਤੋ ਬਚਣਾ ਚਾਹੁੰਦੇ ਹੋ ਤਾਂ ਘੱਟ ਮਿੱਠਾ ਖਾਓ। ਚੀਨੀ ਜਾਂ ਖੰਡ ਨਾ ਖਾਇ ਜਾਵੇ ਤਾਂ ਬਿਹਤਰ ਹੈ। ਕੇਕ, ਕੂਕੀਜ਼, ਪੇਸਟਰੀਆਂ ਅਤੇ ਕੋਲਾ ਵਰਗੀਆਂ ਚੀਜ਼ਾਂ ਵਿੱਚ ਪ੍ਰੋਸੈਸਡ ਖੰਡ ਹੁੰਦੀ ਹੈ। ਖੰਡ ਮੋਟਾਪਾ ਵਧਾਉਂਦੀ ਹੈ ਅਤੇ ਗੁਰਦੇ ਜਾਂ ਕਿਡਨੀ ਦੀ ਬਿਮਾਰੀ ਦਾ ਖ਼ਤਰਾ ਰਹਿੰਦਾ ਹੈ।

### 5. ਭਾਰ ਨੂੰ ਕੰਟਰੋਲ 'ਚ ਰੱਖੋ


ਮਾਹਿਰ ਕਹਿੰਦੇ ਹਨ ਕਿ ਆਪਣਾ ਭਾਰ ਘਟਾਓ। ਕਿਉਂਕਿ ਮੋਟੇ ਲੋਕਾਂ ਨੂੰ ਕਿਡਨੀ ਦੀ ਬਿਮਾਰੀ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਬਾਡੀ ਮਾਸ ਇੰਡੈਕਸ ਯਾਨੀ ਬੀਐਮਆਈ ਘੱਟ ਰੱਖੋ। ਜੇਕਰ ਇਹ 24 ਤੋਂ ਘੱਟ ਹੋਵੇ ਤਾਂ ਬਹੁਤ ਚੰਗਾ ਹੈ। ਹਲਕੀਆਂ ਸਰੀਰਕ ਕਸਰਤਾਂ ਕਰੋ। ਇਹ ਬਹੁਤ ਮਹੱਤਵਪੂਰਨ ਹੈ। ਇਹ ਮੈਟਾਬੋਲਿਜ਼ਮ ਨੂੰ ਚੰਗਾ ਰੱਖਦਾ ਹੈ। ਜੇਕਰ ਇਹ ਚੰਗਾ ਰਹੇਗਾ ਤਾਂ ਜਦੋਂ ਤੁਸੀ 50 ਸਾਲ ਦੀ ਉਮਰ ਤੱਕ ਪਹੁੰਚੋਗੇ ਤਾਂ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦਾ ਖ਼ਤਰਾ ਘੱਟ ਹੋਵੇਗਾ।

### 6. ਸੰਤੁਲਿਤ ਖੁਰਾਕ ਲਓ

ਫਲਾਂ, ਸਬਜ਼ੀਆਂ, ਸਾਬੁਤ ਅਨਾਜ ਨਾਲ ਭਰਪੂਰ ਭੋਜਨ ਖਾਓ। ਪ੍ਰੋ-ਬਾਇਓਟਿਕ ਚੀਜ਼ਾਂ ਸਿਹਤ ਲਈ ਚੰਗੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਪਹਿਲ ਦਿਓ। ਤਲੇ ਹੋਏ ਭੋਜਨ ਖਾਣ ਤੋਂ ਬਚੋ। ਪਾਣੀ ਦੀ ਲੋੜੀਦੀ ਮਾਤਰਾ, ਸੰਤੁਲਿਤ ਖੁਰਾਕ ਅਤੇ ਕਸਰਤ ਨਾਲ ਕਿਡਨੀਆਂ ਸਿਹਤਮੰਦ ਰਹਿੰਦੀਆਂ ਹਨ ਅਤੇ ਤੁਹਾਡੀ ਸਮੁੱਚੀ ਸਿਹਤ ਚੰਗੀ ਬਣੀ ਰਹਿੰਦੀ ਹੈ।

### 7. ਡਾਕਟਰ ਨੂੰ ਪੁੱਛੇ ਬਿਨਾਂ ਦਵਾਈ ਨਾ ਲਓ

ਡਾਕਟਰ ਕਹਿੰਦੇ ਹਨ ਕਿ "ਅਕਸਰ ਅਸੀ ਦੇਖਦੇ ਹਾਂ ਕਿ ਲੋਕ ਮੈਡੀਕਲ ਸਟੋਰ ਤੋਂ ਆਪ ਹੀ ਦਵਾਈਆਂ ਖਰੀਦ ਲੈਂਦੇ ਹਨ ਅਤੇ ਡਾਕਟਰ ਦੀ ਸਲਾਹ ਲਏ ਬਿਨਾਂ ਹੀ ਉਨ੍ਹਾਂ ਦਾ ਸੇਵਨ ਕਰ ਲੈਂਦੇ ਹਨ। "ਜ਼ਿਆਦਾਤਰ ਲੋਕ ਪੇਨ ਕਿਲਰ ਲੈਂਦੇ ਹਨ।" ਉਨ੍ਹਾਂ ਅਨੁਸਾਰ, "ਬਜ਼ੁਰਗ ਲੋਕ ਅਕਸਰ ਸਰੀਰ ਦੇ ਦਰਦ ਅਤੇ ਗਠੀਏ ਲਈ ਪੇਨ ਕਿਲਰ ਲੈਂਦੇ ਹਨ। ਕੁਝ ਦਵਾਈਆਂ ਵਿੱਚ ਹੈਵੀ ਮੈਟਲਸ ਅਤੇ ਸਟੇਰੋਇਡਸ ਹੋ ਸਕਦੇ ਹਨ। ਇਸ ਨਾਲ ਕਿਡਨੀਆਂ ਖਰਾਬ ਹੋ ਸਕਦੀਆਂ ਹਨ।"



> ਕਿਡਨੀ ਸਬੰਧੀ ਸੰਸਿਆਵਾਂ ਦੇ 80 ਫੀਸਦੀ ਮਰੀਜ਼ ਸ਼ੂਗਰ ਤੋਂ ਪੀੜਤ ਹੁੰਦੇ ਹਨ ਅਤੇ 30 ਤੋਂ 40 ਫੀਸਦੀ ਸ਼ੂਗਰ ਦੇ ਮਾਮਲਿਆਂ ਵਿੱਚ ਕਿਡਨੀ 'ਤੇ ਅਸਰ ਪੈਂਦਾ ਹੈ।

## ਪਾਣੀ ਨੂੰ ਬਚਾਓ, ਪੰਜਾਬ ਨੂੰ ਬਚਾਓ!



## ਪੰਜਾਬ ਦਾ ਜ਼ਹਿਰੀਲਾ ਪਾਣੀ: ਖੁਸ਼ਹਾਲੀ ਦੀ ਕੀਮਤ, ਜ਼ਿੰਦਗੀ ਦਾ ਖ਼ਤਰਾ

**ਵਿੰਕਲ ਸਰਾ**
**9501477889**

ਪੰਜਾਬ, ਜਿਸਦੀ ਪਛਾਣ ਕਣਕ ਦੇ ਸੋਨ ਸੁਨਹਿਰੀ ਖੇਤਾਂ ਅਤੇ ਲਹਿਰਾਉਂਦੀਆਂ ਫ਼ਸਲਾਂ ਨਾਲ ਹੁੰਦੀ ਸੀ, ਅੱਜ ਇੱਕ ਅਦਿੱਖ ਅਤੇ ਭਿਆਨਕ ਸੰਕਟ ਦੇ ਘੇਰੇ ਵਿੱਚ ਹੈ। ਪੰਜ ਦਰਿਆਵਾਂ ਦੀ ਧਰਤੀ ਦਾ ਇਹ ਖ਼ਿਤਾਬ ਹੁਣ ਧਰਤੀ ਹੇਠਲੇ ਉਸ ਪਾਣੀ ਕਾਰਨ ਫਿੱਕਾ ਪੈ ਰਿਹਾ ਹੈ, ਜਿਸ ਵਿੱਚ ਜ਼ਹਿਰ ਘੁਲ ਚੁੱਕਿਆ ਹੈ। ਪੰਜਾਬ ਦਾ ਪਾਣੀ ਹੁਣ ਸਿਰਫ਼ ਖੇਤੀ ਦਾ ਸਾਧਨ ਨਹੀ ਰਿਹਾ, ਸਗੋਂ ਲੋਕਾਂ ਦੀ ਜ਼ਿੰਦਗੀ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਿਆ ਹੈ। ਇਹ ਲੇਖ ਉਸ ਗੰਭੀਰ ਸਮੱਸਿਆ ਨੂੰ ਉਜਾਗਰ ਕਰਦਾ ਹੈ ਜਿਸਦਾ ਸਾਹਮਣਾ ਪੰਜਾਬ ਦੀ ਹਰ ਪੀੜ੍ਹੀ ਕਰ ਰਹੀ ਹੈ।

### ਪ੍ਰਦੂਸ਼ਣ ਦੇ ਮੂਲ ਕਾਰਨ

ਇਸ ਸੰਕਟ ਦੇ ਕਾਰਨ ਸਿਰਫ਼ ਇੱਕ ਨਹੀ, ਸਗੋਂ ਕਈ ਗੁੰਝਲਦਾਰ ਤੱਤ ਹਨ। ਪੰਜਾਬ ਦੇ ਪਾਣੀ ਦੇ ਜ਼ਹਿਰੀਲੇ ਹੋਣ ਪਿੱਛੇ ਮੁੱਖ ਤੌਰ 'ਤੇ ਤਿੰਨ ਕਾਰਨ ਜ਼ਿੰਮੇਵਾਰ ਹਨ:

**1. ਖੇਤੀਬਾੜੀ ਦਾ ਪ੍ਰਦੂਸ਼ਣ:** ਪੰਜਾਬ ਦੀ ਖੇਤੀਬਾੜੀ ਹਰੀ ਕ੍ਰਾਂਤੀ ਦੀ ਦੇਣ ਹੈ, ਪਰ ਇਸ ਨੇ ਜ਼ਮੀਨ ਦੇ ਅੰਦਰ ਜ਼ਹਿਰ ਵੀ ਘੋਲ ਦਿੱਤਾ ਹੈ। ਫ਼ਸਲਾਂ ਦੇ ਝਾੜ ਨੂੰ ਵਧਾਉਣ ਲਈ ਅੰਨ੍ਹੇਵਾਹ ਕੀਟਨਾਸ਼ਕਾਂ (Pesticides), ਰਸਾਇਣਕ ਖਾਦਾਂ (Chemical Fertilizers) ਅਤੇ ਨਾਈਟਰੇਟ (Nitrate) ਦੀ ਵਰਤੋਂ ਕੀਤੀ ਗਈ। ਇਹ ਸਾਰੇ ਰਸਾਇਣ ਮੀਂਹ ਦੇ ਪਾਣੀ ਨਾਲ ਘੁਲ ਕੇ ਹੌਲੀ-ਹੌਲੀ ਧਰਤੀ ਹੇਠਲੇ ਪਾਣੀ ਵਿੱਚ ਰਲ ਗਏ ਹਨ। ਅੱਜ, ਪਿੰਡਾਂ ਵਿੱਚ ਪਾਣੀ ਦੇ ਸੈਂਪਲਾਂ ਵਿੱਚ ਨਾਈਟਰੇਟ ਦਾ ਪੱਧਰ ਖਤਰਨਾਕ ਹੱਦ ਤੱਕ ਵੱਧਿਆ ਹੋਇਆ ਹੈ।

**2. ਉਦਯੋਗਿਕ ਕਚਰਾ:** ਪੰਜਾਬ ਦੇ ਕਈ ਸ਼ਹਿਰਾਂ ਜਿਵੇਂ ਕਿ ਲੁਧਿਆਣਾ, ਜਲੰਧਰ ਅਤੇ ਬਟਾਲਾ ਵਿੱਚ ਉਦਯੋਗਿਕ ਇਕਾਈਆਂ ਵੱਡੀ ਮਾਤਰਾ ਵਿੱਚ ਜ਼ਹਿਰੀਲਾ ਕਚਰਾ ਅਤੇ ਰਸਾਇਣ ਬਿਨਾਂ ਟਰੀਟਮੈਂਟ ਕੀਤਿਆਂ ਦਰਿਆਵਾਂ, ਨਹਿਰਾਂ ਅਤੇ ਜ਼ਮੀਨ ਵਿੱਚ ਸੁੱਟ ਰਹੀਆਂ ਹਨ। ਇਨ੍ਹਾਂ ਵਿੱਚੋਂ ਭਾਰੀ ਧਾਤਾਂ (Heavy Metals) ਜਿਵੇਂ ਕਿ ਆਰਸੇਨਿਕ, ਕ੍ਰੋਮੀਅਮ, ਅਤੇ ਮਰਕਰੀ ਪਾਣੀ ਵਿੱਚ ਘੁਲ ਕੇ ਸਿੱਧੇ ਮਨੁੱਖੀ ਸਿਹਤ ਨੂੰ ਪ੍ਰਭਾਵਿਤ ਕਰ ਰਹੇ ਹਨ। ਇਨ੍ਹਾਂ ਇਲਾਕਿਆਂ ਵਿੱਚ ਵੋਲੈਟਾਈਲ ਆਰਗੈਨਿਕ ਕੰਪਾਊਂਡਜ਼ (VOCs) ਵੀ ਪਾਏ ਗਏ ਹਨ।

**3. ਸੀਵਰੇਜ ਅਤੇ ਪਸ਼ੂਆਂ ਦਾ ਕਚਰਾ:** ਸ਼ਹਿਰਾਂ ਅਤੇ ਕਸਬਿਆਂ ਵਿੱਚ ਸੀਵਰੇਜ ਸਿਸਟਮ ਦਾ ਸਹੀ ਪ੍ਰਬੰਧ ਨਾ ਹੋਣ ਕਰਕੇ ਗੰਦਾ ਪਾਣੀ ਜ਼ਮੀਨ ਵਿੱਚ ਜਜ਼ਬ ਹੋ ਰਿਹਾ ਹੈ। ਪਿੰਡਾਂ ਵਿੱਚ ਪਸ਼ੂਆਂ ਦੇ ਮਲ-ਮੂਤਰ ਅਤੇ ਹੋਰ ਕਚਰਾ ਪਾਣੀ ਦੇ ਸੋਮਿਆਂ ਦੇ ਨੇੜੇ ਜਮ੍ਹਾਂ ਹੋਣ ਕਰਕੇ E.Coli ਅਤੇ ਸਾਲਮੋਨੇਲਾ ਵਰਗੇ ਬੈਕਟੀਰੀਆ ਦੀ ਮਾਤਰਾ ਵਧ ਰਹੀ ਹੈ, ਜਿਸ ਨਾਲ ਪਾਣੀ ਦੀ ਕੁਆਲਿਟੀ ਖ਼ਰਾਬ ਹੋ ਰਹੀ ਹੈ।

### ਕੈਂਸਰ ਬੈਲਟ ਦਾ ਦੁਖਦਾਈ ਸੱਚ

ਪੰਜਾਬ ਦੇ ਮਾਲਵਾ ਖੇਤਰ ਨੂੰ ਹੁਣ ਸਿਰਫ਼ ਇਸਦੀ ਉਪਜਾਊ ਜ਼ਮੀਨ ਕਰਕੇ ਨਹੀ, ਬਲਕਿ "ਕੈਂਸਰ ਬੈਲਟ" ਵਜੋਂ ਜਾਣਿਆ ਜਾਂਦਾ ਹੈ। ਬਠਿੰਡਾ, ਫ਼ਰੀਦਕੋਟ, ਮੁਕਤਸਰ ਅਤੇ ਫ਼ਾਜ਼ਿਲਕਾ ਵਰਗੇ ਜ਼ਿਲ੍ਹਿਆਂ ਵਿੱਚ ਕੈਂਸਰ ਦੇ ਕੇਸਾਂ ਦੀ ਗਿਣਤੀ ਚਿੰਤਾਜਨਕ ਹੈ। ਹਾਲ ਹੀ ਵਿੱਚ ਜਾਰੀ ਹੋਈਆਂ ਰਿਪੋਰਟਾਂ ਅਨੁਸਾਰ, ਇਸ ਖੇਤਰ ਵਿੱਚ ਪਾਣੀ ਵਿੱਚ ਯੂਰੇਨੀਅਮ ਅਤੇ ਹੋਰ ਰੇਡੀਓਐਕਟਿਵ ਤੱਤ ਵੀ ਪਾਏ ਗਏ ਹਨ ਜੋ ਕਿ ਕੈਂਸਰ ਦਾ ਮੁੱਖ ਕਾਰਨ ਬਣ ਰਹੇ ਹਨ। ਹਰ ਸਾਲ ਹਜ਼ਾਰਾਂ ਲੋਕ ਆਪਣੀ ਜ਼ਿੰਦਗੀ ਦੀ ਜੰਗ ਹਾਰ ਜਾਂਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਦਾ ਇਸ ਬਿਮਾਰੀ ਨਾਲ ਕੋਈ ਜੈਨੇਟਿਕ ਸੰਬੰਧ ਨਹੀ ਸੀ।

### ਸਮਾਜਿਕ ਅਤੇ ਆਰਥਿਕ ਪ੍ਰਭਾਵ

ਪ੍ਰਦੂਸ਼ਿਤ ਪਾਣੀ ਦਾ ਅਸਰ ਸਿਰਫ਼ ਸਿਹਤ 'ਤੇ ਹੀ ਨਹੀ, ਬਲਕਿ ਸਮਾਜਿਕ ਅਤੇ ਆਰਥਿਕ ਢਾਂਚੇ 'ਤੇ ਵੀ ਪੈ ਰਿਹਾ ਹੈ:

**ਸਿਹਤ ਖਰਚੇ:** ਲੋਕਾਂ ਦਾ ਸਿਹਤ 'ਤੇ ਹੋਣ ਵਾਲਾ ਖਰਚਾ ਲਗਾਤਾਰ ਵਧ ਰਿਹਾ ਹੈ। ਗਰੀਬ ਪਰਿਵਾਰਾਂ ਲਈ RO ਫਿਲਟਰ ਜਾਂ ਬੋਤਲਬੰਦ ਪਾਣੀ ਖਰੀਦਣਾ ਸੰਭਵ ਨਹੀ, ਜਿਸ ਕਾਰਨ ਉਹ ਪ੍ਰਦੂਸ਼ਿਤ ਪਾਣੀ ਪੀਣ ਲਈ ਮਜਬੂਰ ਹਨ। ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਇਲਾਜ ਉਨ੍ਹਾਂ ਨੂੰ ਕਰਜ਼ੇ ਵਿੱਚ ਡੁਬੋ ਦਿੰਦਾ ਹੈ।

**ਸਮਾਜਿਕ ਅਸਮਾਨਤਾ:** ਜਿਹੜੇ ਪਰਿਵਾਰ RO ਲਗਾ ਸਕਦੇ ਹਨ, ਉਹ ਪ੍ਰਦੂਸ਼ਣ ਦੇ ਪ੍ਰਭਾਵ ਤੋਂ ਬਚ ਜਾਂਦੇ ਹਨ, ਜਦੋਂ ਕਿ ਬਾਕੀ ਲੋਕ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਇਸ ਨਾਲ ਸਮਾਜ ਵਿੱਚ ਸਿਹਤ ਦੇ ਮਾਮਲੇ ਵਿੱਚ ਇੱਕ ਵੱਡੀ ਅਸਮਾਨਤਾ ਪੈਦਾ ਹੋ ਗਈ ਹੈ।

**ਮਾਨਸਿਕ ਪ੍ਰਭਾਵ:** ਲਗਾਤਾਰ ਬਿਮਾਰ ਰਹਿਣਾ ਅਤੇ ਸਿਹਤ ਦਾ ਵਿਗੜਨਾ ਲੋਕਾਂ ਵਿੱਚ ਮਾਨਸਿਕ ਤਣਾਅ ਅਤੇ ਨਿਰਾਸ਼ਾ ਦਾ ਕਾਰਨ ਬਣ ਰਿਹਾ ਹੈ। ਨੌਜਵਾਨ ਪੀੜ੍ਹੀ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੈ ਅਤੇ ਪੰਜਾਬ ਛੱਡਣ ਲਈ ਮਜਬੂਰ ਹੋ ਰਹੀ ਹੈ।

### ਸੰਕਟ ਦਾ ਹੱਲ: ਕਿੰਨੀ ਕੁ ਜ਼ਰੂਰੀ ਹੈ ਇਹ ਕ੍ਰਾਂਤੀ?

ਇਸ ਸਮੱਸਿਆ ਦਾ ਹੱਲ ਸਿਰਫ਼ ਇੱਕ ਜਾਂ ਦੋ ਯੋਜਨਾਵਾਂ ਨਾਲ ਨਹੀ ਹੋ ਸਕਦਾ। ਇਸ ਲਈ ਇੱਕ ਵਿਆਪਕ ਅਤੇ ਲੰਮੇ ਸਮੇਂ ਦੀ ਨੀਤੀ ਦੀ ਲੋੜ ਹੈ।

**ਸਰਕਾਰੀ ਜ਼ਿੰਮੇਵਾਰੀ:** ਸਰਕਾਰ ਨੂੰ ਸਾਰੇ ਜ਼ਿਲ੍ਹਿਆਂ ਵਿੱਚ ਨਿਯਮਤ ਪਾਣੀ ਟੈਸਟਿੰਗ ਨੂੰ ਲਾਜ਼ਮੀ ਬਣਾਉਣਾ ਚਾਹੀਦਾ ਹੈ। ਖਰਾਬ ਪਾਣੀ ਵਾਲੇ ਇਲਾਕਿਆਂ ਵਿੱਚ ਤੁਰੰਤ ਵਾਟਰ ਟ੍ਰੀਟਮੈਂਟ ਪਲਾਂਟ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਚਾਲੂ ਹਾਲਤ ਵਿੱਚ ਰੱਖਣ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਉਦਯੋਗਾਂ 'ਤੇ ਸਖ਼ਤ ਨਿਯਮ ਲਾਗੂ ਕੀਤੇ ਜਾਣ ਅਤੇ ਜੇਕਰ ਉਹ ਨਿਯਮਾਂ ਦੀ ਉਲੰਘਣਾ ਕਰਦੇ ਹਨ ਤਾਂ ਉਨ੍ਹਾਂ 'ਤੇ ਭਾਰੀ ਜੁਰਮਾਨੇ ਅਤੇ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।

**ਖੇਤੀਬਾੜੀ ਵਿੱਚ ਬਦਲਾਅ:** ਕਿਸਾਨਾਂ ਨੂੰ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਘਟਾਉਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਜੈਵਿਕ ਖੇਤੀ (Organic Farming) ਅਤੇ ਟਿਕਾਊ ਖੇਤੀ ਦੇ ਤਰੀਕਿਆਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।

**ਸਮੂਹਿਕ ਜਾਗਰੂਕਤਾ:** ਲੋਕਾਂ ਨੂੰ ਆਪਣੇ ਪਾਣੀ ਦੀ ਗੁਣਵੱਤਾ ਬਾਰੇ ਜਾਣੂ ਹੋਣਾ ਚਾਹੀਦਾ ਹੈ। ਸਰਕਾਰ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਮਿਲ ਕੇ ਲੋਕਾਂ ਨੂੰ ਸੁਰੱਖਿਅਤ ਪੀਣ ਵਾਲੇ ਪਾਣੀ ਦੇ ਤਰੀਕਿਆਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

### ਸਿੱਟਾ

ਪੰਜਾਬ ਦਾ ਪਾਣੀ ਸਿਰਫ਼ ਇੱਕ ਕੁਦਰਤੀ ਸਰੋਤ ਨਹੀ, ਸਗੋਂ ਸਾਡੀ ਪਛਾਣ ਅਤੇ ਭਵਿੱਖ ਦਾ ਆਧਾਰ ਹੈ। ਜੇ ਅਸੀ ਇਸਨੂੰ ਸੁਰੱਖਿਅਤ ਨਹੀ ਰੱਖ ਸਕਦੇ ਤਾਂ ਸਾਡੀ ਖੁਸ਼ਹਾਲੀ ਸਿਰਫ਼ ਇੱਕ ਭੁਲੇਖਾ ਹੋਵੇਗੀ। ਇਹ ਸਮਾਂ ਹੈ ਕਿ ਅਸੀ ਸਭ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਈਏ। ਸਾਨੂੰ ਯਾਦ ਰੱਖਣਾ ਚਾਹੀਦਾ ਹੈ: ਪਾਣੀ ਨੂੰ ਬਚਾਉਣਾ, ਪੰਜਾਬ ਨੂੰ ਬਚਾਉਣਾ ਹੈ ਅਤੇ ਅੱਜ ਲਿਆ ਗਿਆ ਹਰ ਕਦਮ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਸੁਰੱਖਿਅਤ ਭਵਿੱਖ ਦੇਵੇਗਾ।

## ਕੀ ਅੱਤ ਦੀ ਗਰਮੀ ਲੋਕਾਂ ਨੂੰ ਜਲਦੀ ਬੁੱਢਾ ਬਣਾ ਰਹੀ ਹੈ?

## ਜਾਣੋ ਇਸ ਤੋਂ ਕਿਵੇਂ ਬਚਿਆ ਜਾ ਸਕਦੈ

**ਐਂਜੇਲਾ ਹੈਨਸ਼ਾਲ**

ਸੁਲੇਮਾਨ ਹਮੂਦਾਨ ਇੱਕ ਬਹੁਤ ਜ਼ਿਆਦਾ ਗਰਮ ਸ਼ਹਿਰ ਵਿੱਚ ਰਹਿਣ ਦੇ ਆਦੀ ਹੋ ਗਏ ਹਨ। ਉਹ ਸੰਯੁਕਤ ਅਰਬ ਅਮੀਰਾਤ ਦੇ ਦੁਬਈ ਵਿੱਚ ਆਈਟੀ ਸੇਲਜ਼ ਵਿੱਚ ਕੰਮ ਕਰਦੇ ਹਨ, ਜਿੱਥੇ ਜੂਨ ਤੋਂ ਸਤੰਬਰ ਤੱਕ ਤਾਪਮਾਨ ਨਿਯਮਿਤ ਤੌਰ 'ਤੇ 45 ਸੈਲਸੀਅਸ (113 ਫਾਰਨਹਾਈਟ) ਤੋਂ ਵੀ ਉੱਪਰ ਚਲਾ ਜਾਂਦਾ ਹੈ। ਉਹ ਕਹਿੰਦੇ ਹਨ, "ਜੇਕਰ ਤੁਸੀ ਦਿਨ ਵੇਲੇ ਬਾਹਰ ਜਾਓ ਤਾਂ ਅਜਿਹਾ ਲੱਗਦਾ ਹੈ ਜਿਵੇਂ ਤੁਸੀ ਮਾਰੂਥਲ ਵਿੱਚ ਹੋ। ਗਰਮੀ ਅਤੇ ਹੁਮਸ ਤੁਹਾਨੂੰ ਵਾਕਈ ਪਰੇਸ਼ਾਨ ਕਰ ਸਕਦੀ ਹੈ।" "ਮੈਂ ਜ਼ਿਆਦਾਤਰ ਘਰੋਂ ਕੰਮ ਕਰਦਾ ਹਾਂ। ਜੇ ਮੈਂ ਬਾਹਰ ਵੀ ਜਾਂਦਾ ਹਾਂ ਤਾਂ ਸ਼ਾਮ 7 ਵਜੇ ਦੇ ਕਰੀਬ ਜਾਂਦਾ ਹਾਂ, ਜਦੋਂ ਸੂਰਜ ਡੁੱਬ ਜਾਂਦਾ ਹੈ, ਹਾਲਾਂਕਿ ਉਸ ਵੇਲੇ ਵੀ ਬਹੁਤ ਗਰਮੀ ਹੁੰਦੀ ਹੈ ਪਰ ਅਸਹਿਣਯੋਗ ਨਹੀ ਹੁੰਦੀ।"

ਸੁਲੇਮਾਨ ਕਹਿੰਦੇ ਹਨ ਕਿ ਗਰਮੀਆਂ ਦੌਰਾਨ ਬਹੁਤ ਘੱਟ ਲੋਕ ਸੜਕਾਂ 'ਤੇ ਹੁੰਦੇ ਹਨ ਜਾਂ ਪੈਦਲ ਤੁਰਦੇ ਹਨ, "ਇਸ ਲਈ ਜੇ ਕੰਮ 'ਤੇ ਜਾਣਾ ਪਵੇ ਤਾਂ ਮੈਂ ਘਰੋਂ ਕਾਰ 'ਚ ਬੈਠਦਾ ਹਾਂ ਤੇ ਫਿਰ ਦਫਤਰ ਜਾਂਦਾ ਹਾਂ।" ਉਹ ਕਹਿੰਦੇ ਹਨ "ਹਰ ਥਾਂ ਏਅਰ ਕੰਡੀਸ਼ਨਿੰਗ ਹੈ, ਖਾਸ ਕਰਕੇ ਮਾਲ ਜਿੱਥੇ ਲੋਕ ਦਿਨ ਦੇ ਜ਼ਿਆਦਾਤਰ ਸਮੇਂ ਲਈ ਰਹਿਣਾ ਪਸੰਦ ਕਰਦੇ ਹਨ। ਮਾਲ ਤੁਹਾਡਾ ਦੂਜਾ ਘਰ ਹੈ!" ਸਾਡੇ ਵਿੱਚੋਂ ਬਹੁਤਿਆਂ ਵਾਂਗ, ਸੁਲੇਮਾਨ ਆਪਣੀ ਆਧੁਨਿਕ ਰੋਜ਼ਾਨਾ ਜ਼ਿੰਦਗੀ ਨੂੰ ਅਜਿਹੇ ਤਾਪਮਾਨਾਂ ਦੇ ਅਨੁਸਾਰ ਢਾਲ ਰਹੇ ਹਨ ਜਿਨ੍ਹਾਂ ਬਾਰੇ ਪਹਿਲਾਂ ਕਦੇ ਸੋਚਿਆ ਵੀ ਨਹੀ ਸੀ।

ਵਿਗਿਆਨੀ ਇਸ ਗੱਲ ਦੀ ਖੋਜ ਕਰ ਰਹੇ ਹਨ ਕਿ ਜੇਕਰ ਤੁਹਾਡੇ ਸਰੀਰ ਨੂੰ ਇਸ ਤਰ੍ਹਾਂ ਦੀ ਗਰਮੀ ਵਾਰ-ਵਾਰ ਸਹਿਣੀ ਪੈਂਦੀ ਹੈ ਤਾਂ ਸਰੀਰ ਅੰਦਰ ਕੀ ਹੁੰਦਾ ਹੈ। ਦੱਖਣੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਇੱਕ ਅਧਿਐਨ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਅਮਰੀਕਾ ਦੇ ਕਈ ਸੂਬਿਆਂ ਅਤੇ ਮੌਸਮਾਂ ਵਿੱਚ ਰਹਿਣ ਵਾਲੇ ਕਈ ਹਜ਼ਾਰ ਅਮਰੀਕੀਆਂ ਨਾਲ ਓਦੋਂ ਕੀ ਹੋਇਆ, ਜਦੋਂ ਰੋਜ਼ਾਨਾ ਤਾਪਮਾਨ 32 ਡਿਗਰੀ ਸੈਲਸੀਅਸ (90 ਫਾਰਨਹਾਈਟ) ਤੋਂ ਵਧ ਗਿਆ। ਖੂਨ ਦੇ ਟੈਸਟਾਂ ਦੀ ਮਦਦ ਨਾਲ ਟੀਮ ਨੇ 3600 ਭਾਗੀਦਾਰਾਂ ਦੀ ਏਪੀਡੋਮੀਲਾਜਿਕਲ ਏਜ (ਜੋ ਕਿਸੇ ਭਾਈਚਾਰੇ ਵਿੱਚ ਰੋਗਾਂ ਦੇ ਕਾਰਨਾਂ ਅਤੇ ਹੋਣ ਦੇ ਜੋਖਮ ਆਦਿ ਬਾਰੇ ਦੱਸਦਾ ਹੈ) ਨੂੰ ਉਨ੍ਹਾਂ ਦੀ ਅਸਲ ਉਮਰ ਦੇ ਮੁਕਾਬਲੇ ਮਾਪਿਆ ਅਤੇ ਇਸਦੀ ਤੁਲਨਾ ਹੀਟ ਇੰਡੈਕਸ ਡੇਟਾ ਨਾਲ ਕੀਤੀ। ਅਧਿਐਨ ਦੇ ਲੇਖਕ, ਪੋਸਟ-ਡਾਕਟੋਰਲ ਐਸੋਸੀਏਟ ਯੂਨਯੋਗ ਚੋਈ ਨੇ ਕਿਹਾ ਕਿ ਉਨ੍ਹਾਂ ਦੇ ਸਰੀਰ 'ਤੇ ਟੋਲ ਹੈਰਾਨ ਕਰਨ ਵਾਲੇ ਸਨ - ਉੱਚ ਤਾਪਮਾਨਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕ ਤੇਜ਼ੀ ਨਾਲ ਬੁੱਢੇ ਹੋ ਰਹੇ ਸਨ।

### ਕੀ ਤੁਹਾਡੇ ਸਰੀਰ 'ਤੇ ਕੋਈ ਸਥਾਈ ਪ੍ਰਭਾਵ ਹੈ?

ਵਿਗਿਆਨੀ ਪਹਿਲਾਂ ਹੀ ਜਾਣਦੇ ਹਨ ਕਿ ਗਰਮੀ ਬੋਧਾਤਮਕ ਕਾਰਜ, ਦਿਲ ਦੀ ਸਿਹਤ, ਅਤੇ ਗੁਰਦਿਆਂ ਦੇ ਚੰਗੀ ਤਰ੍ਹਾਂ ਕੰਮ ਕਰਨ 'ਤੇ ਪ੍ਰਭਾਵ ਪਾ ਸਕਦੀ ਹੈ। ਹਾਲਾਂਕਿ, ਯੂਐਸਸੀ ਡੇਟਾ ਦਰਸਾਉਂਦਾ ਹੈ ਕਿ ਉੱਚ ਤਾਪਮਾਨਾਂ ਦਾ ਨਿਯਮਤ ਸੰਪਰਕ ਤੁਹਾਡੇ ਡੀਐਨਏ ਨੂੰ ਰਸਾਇਣਕ ਤੌਰ 'ਤੇ ਬਦਲ ਰਿਹਾ ਹੈ, ਇੱਕ ਪ੍ਰਕਿਰਿਆ ਜਿਸਨੂੰ ਮਿਥਾਈਲੇਸ਼ਨ ਕਿਹਾ ਜਾਂਦਾ ਹੈ। ਦਿ ਹੀਟ ਵਿਲ ਕਿਲ ਯੂ ਫਸਟ - ਲਾਈਫ ਐਂਡ ਡੈਥ ਔਨ ਏ ਸਕੋਰਚਡ ਪਲੈਨੇਟ ਦੇ ਲੇਖਕ ਜੈਫ ਗੁਡੇਲ ਨੇ ਕਿਹਾ ਹੈ ਕਿ "ਜਿਵੇਂ-ਜਿਵੇਂ ਸਾਡੇ ਸਰੀਰ ਦਾ ਤਾਪਮਾਨ ਵਧਦਾ ਹੈ, ਅਸਲ ਲਿਪਿਡ - ਇਹ ਉਹ ਚਰਬੀ ਹੈ ਜੋ ਸੈੱਲਾਂ ਨੂੰ ਘੇਰਦੀ ਹੈ - ਉਸੇ ਵੇਲੇ ਵਿੱਚ ਡੀ-ਨੇਚਰ ਹੋਣਾ ਸ਼ੁਰੂ ਕਰ ਦਿੰਦੇ ਹਨ, ਇਸ ਲਈ ਇਹ ਸੁਲਝਦਾ ਹੈ।" "ਸੈੱਲਾਂ ਦੀ ਬਣਤਰ ਵੱਖ ਹੋ ਜਾਂਦੀ ਹੈ, ਜਿਵੇਂ ਜਦੋਂ ਤੁਸੀ ਇੱਕ ਅੰਡੇ ਨੂੰ ਪਕਾਉਂਦੇ ਹੋ ਤਾਂ ਇਹੀ ਹੁੰਦਾ ਹੈ! ਅੰਡੇ ਦੀ ਝਿੱਲੀ ਡੀਨੇਚਰ ਹੋ ਜਾਂਦੀ ਹੈ।"

### ਐਪੀਜੇਨੇਟਿਕ ਏਜਿੰਗ ਕੀ ਹੈ?

ਅਸੀ ਆਪਣੇ ਸੈੱਲਾਂ ਨੂੰ ਕਿੰਨੀ ਤੇਜ਼ੀ ਨਾਲ ਪਕਾ ਰਹੇ ਹਾਂ? ਅਸੀ ਸਾਰੇ ਜਾਣਦੇ ਹਾਂ ਕਿ ਕੁਝ ਲੋਕ ਦੂਜਿਆਂ ਦੇ ਮੁਕਾਬਲੇ ਤੇਜ਼ੀ ਨਾਲ ਬੁੱਢੇ ਹੁੰਦੇ ਜਾਪਦੇ ਹਨ ਅਤੇ ਯੂਐਸਸੀ ਤੋਂ ਡਾਕਟਰ ਚੋਈ ਕਹਿੰਦੇ ਹਨ, ਸੌਖੇ ਸ਼ਬਦਾਂ ਵਿੱਚ, ਐਪੀਜੇਨੇਟਿਕ ਏਜਿੰਗ ਕਈ ਤਰੀਕਿਆਂ ਵਿੱਚੋ ਇੱਕ ਹੈ ਜਿਸ ਨਾਲ ਡਾਕਟਰ ਕਿਸੇ ਦੀ ਜੈਵਿਕ ਉਮਰ (ਬਾਇਓਲਾਜਿਕਲ ਏਜਿੰਗ) ਨੂੰ ਮਾਪ ਸਕਦੇ ਹਨ। ਇਹ ਦਰਸਾਉਂਦਾ ਹੈ ਕਿ ਸਾਡਾ ਸਰੀਰ ਸੈਲੂਲਰ ਪੱਧਰ 'ਤੇ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ। ਡਾਕਟਰ ਚੋਈ ਕਹਿੰਦੇ ਹਨ, "ਡੀਐਨਏ ਜਨਮ ਸਮੇਂ ਤੈਅ ਹੋ ਜਾਂਦਾ ਹੈ, ਅਸੀ ਇਸਨੂੰ ਕਦੇ ਨਹੀ ਬਦਲਦੇ, ਪਰ ਮਿਥਾਈਲੇਸ਼ਨ ਜੀਨਾਂ ਲਈ ਇੱਕ ਲਾਈਟ ਸਵਿੱਚ ਵਾਂਗ ਅਤੇ ਜੀਨ ਪ੍ਰਗਟਾਵੇ ਲਈ ਇੱਕ ਨਿਯੰਤਰਣ ਵਾਂਗ ਹੈ।" ਡੀਐਨਏ ਮਿਥਾਈਲੇਸ਼ਨ (ਡੀਐਨਏਐਮ) ਵਿੱਚ ਇਨ੍ਹਾਂ ਤਬਦੀਲੀਆਂ ਦੀ ਜਾਂਚ ਕਰਨ ਲਈ ਖੂਨ ਦੀਆਂ ਜਾਂਚਾਂ ਕੀਤੀਆਂ ਜਾਂਦੀਆਂ ਹਨ। ਡਾਕਟਰ ਚੋਈ ਕਹਿੰਦੇ ਹਨ, "ਤੁਸੀ ਡੀਐਨਏ ਨੂੰ ਸਾਡੇ ਬਲੂਪ੍ਰਿੰਟ ਵਜੋਂ ਸਮਝ ਸਕਦੇ ਹੋ ਜਦੋਂ ਕਿ ਮਿਥਾਈਲੇਸ਼ਨ ਸਵਿੱਚ ਬੋਰਡ ਹੈ ਜੋ ਕਿਰਿਆਸ਼ੀਲ ਹੁੰਦਾ ਹੈ ਜਾਂ ਨਹੀ ਹੁੰਦਾ।" "ਇਸ ਪ੍ਰਕਿਰਿਆ ਨੂੰ ਸਮਝਣ ਵਿੱਚ ਮਹੱਤਵਪੂਰਨ ਗੱਲ ਇਹ ਹੈ ਕਿ ਅਸੀ ਵਾਤਾਵਰਣ ਕਾਰਨ ਹੋਣ ਵਾਲੇ ਕਿ ਤਣਾਅ, ਹਵਾ ਪ੍ਰਦੂਸ਼ਣ ਆਦਿ ਨੂੰ ਜਾਣਦੇ ਹਾਂ... ਅਤੇ ਹੁਣ ਗਰਮੀ ਵੀ ਉਨ੍ਹਾਂ ਸਵਿੱਚਾਂ ਨੂੰ ਛੇੜ ਸਕਦੀ ਹੈ।"





ਡਾਕਟਰ ਚੋਈ ਕਹਿੰਦੇ ਹਨ ਕਿ ਉਨ੍ਹਾਂ ਦੇ ਨਤੀਜੇ ਦਰਸਾਉਂਦੇ ਹਨ ਕਿ ਲੰਬੇ ਸਮੇਂ ਤੱਕ ਗਰਮੀ ਦੇ ਸੰਪਰਕ ਦਾ ਸਾਡੇ ਸਰੀਰਾਂ 'ਤੇ ਓਨਾ ਹੀ ਵੱਡਾ ਪ੍ਰਭਾਵ ਪੈਂਦਾ ਹੈ ਜਿੰਨਾ ਜੀਵਨ ਸ਼ੈਲੀ ਵਿੱਚ ਵੱਡੀਆਂ ਤਬਦੀਲੀਆਂ ਦਾ। "ਇਸ ਦੀ ਤੁਲਣਾ ਸਿਗਰਟਨੋਸ਼ੀ ਅਤੇ ਜ਼ਿਆਦਾ ਸ਼ਰਾਬ ਪੀਣ ਦੇ ਪ੍ਰਭਾਵਾਂ ਨਾਲ ਕੀਤੀ ਜਾ ਸਕਦੀ ਹੈ, ਜੋ ਕਿ ਪਹਿਲਾਂ ਤੋਂ ਪ੍ਰਮਾਣਿਤ ਹਨ।" ਹਾਲਾਂਕਿ ਬੁਢਾਪੇ ਦੀ ਇਹ ਤੇਜ਼ੀ ਛੋਟੀ ਜਾਪ ਸਕਦੀ ਹੈ - ਕੁਝ ਮਹੀਨੇ ਇੱਧਰ-ਉੱਧਰ - ਇਹ ਸਮਝਣਾ ਮਹੱਤਵਪੂਰਨ ਹੈ ਕਿ ਇਹ ਸਮੇਂ ਦੇ ਨਾਲ ਕਿਵੇਂ ਵਧਦਾ ਹੈ। ਸਾਲ-ਦਰ-ਸਾਲ ਜੈਵਿਕ ਉਮਰ ਵਿੱਚ ਥੋੜ੍ਹਾ ਜਿਹਾ ਵਾਧਾ ਵੀ ਕਈ ਸਾਲਾਂ ਤੱਕ ਤੇਜ਼ੀ ਨਾਲ ਵਧਦੀ ਉਮਰ ਦਾ ਕਾਰਨ ਬਣ ਸਕਦਾ ਹੈ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਸ਼ੂਗਰ, ਡਿਮੇਸ਼ੀਆ ਅਤੇ ਦਿਲ ਦੀ ਬਿਮਾਰੀ ਵਰਗੀਆਂ ਉਹ ਦਿੱਕਤਾਂ ਜੋ ਵਧਦੀ ਉਮਰ ਦੇ ਨਾਲ ਆਉਂਦੀਆਂ ਹਨ, ਸਮੇਂ ਤੋਂ ਪਹਿਲਾਂ ਹੀ ਪੇਸ਼ ਆ ਸਕਦੀਆਂ ਹਨ। ਪਰ ਡਾਕਟਰ ਚੋਈ ਕਹਿੰਦੇ ਹਨ ਕਿ ਇਹ ਖੋਜ ਹੁਣ ਇੱਕ ਮੌਕਾ ਪੇਸ਼ ਕਰ ਰਹੀ ਹੈ ਕਿ "ਅਸੀ [ਇਸ] ਨੂੰ ਇੱਕ ਭਵਿੱਖਬਾਣੀ ਵਜੋਂ ਦੇਖਦੇ ਹਾਂ, ਜੋ [ਡਾਕਟਰਾਂ] ਲਈ ਉਹ 'ਸੁਨਹਿਰੀ ਸਮਾਂ' ਹੈ ਜਦੋਂ ਉਹ ਕਲੀਨਿਕਲ ਤੌਰ 'ਤੇ ਦਖਲ ਦੇ ਸਕਦੇ ਹਨ।"

### ਚਿੱਟੇ ਵਾਲ ਅਤੇ ਝੁਰੜੀਆਂ

ਤਾਂ, ਕੀ ਗਰਮ ਤਾਪਮਾਨ ਵਾਲੀ ਜਗ੍ਹਾ 'ਤੇ ਰਹਿਣ ਨਾਲ ਤੁਹਾਡਾ ਰੰਗ-ਰੂਪ ਬਦਲ ਜਾਵੇਗਾ? ਸੁਲੇਮਾਨ ਕਹਿੰਦੇ ਹਨ ਕਿ ਦੁਬਈ ਵਿੱਚ ਉਨ੍ਹਾਂ ਦਾ ਸਰੀਰ ਤੇਜ਼ੀ ਨਾਲ ਬੁੱਢਾ ਹੋ ਰਿਹਾ ਹੈ, ਉਨ੍ਹਾਂ ਦੇ ਚਿਹਰੇ 'ਤੇ ਹੋਰ ਝੁਰੜੀਆਂ ਅਤੇ ਰੇਖਾਵਾਂ ਦਿਖਾਈ ਦੇ ਰਹੀਆਂ ਹਨ। ਉਨ੍ਹਾਂ ਕਿਹਾ, "ਪਿਛਲੀ ਗਰਮੀਆਂ ਵਿੱਚ ਮੈਨੂੰ ਡਾਕਟਰ ਕੋਲ ਜਾਣਾ ਪਿਆ ਕਿਉਂਕਿ ਮੈਨੂੰ ਬਹੁਤ ਜ਼ਿਆਦਾ ਧੁੱਪ ਲੱਗ ਗਈ ਸੀ। ਮੇਰੀ ਚਮੜੀ ਬਹੁਤ ਖਰਾਬ ਹੋ ਗਈ ਸੀ ਅਤੇ ਨਿਸ਼ਾਨ ਅਜੇ ਵੀ ਦਿਖਾਈ ਦੇ ਰਹੇ ਹਨ।" ਉਹ ਅੱਗੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਨਸਕ੍ਰੀਨ ਬਾਰੇ ਬਹੁਤ ਰਿਸਰਚ ਕਰਨੀ ਪਈ, ਜਿਸ ਬਾਰੇ ਉਨ੍ਹਾਂ ਨੇ ਲੰਡਨ ਵਿੱਚ ਰਹਿੰਦੇ ਹੋਏ ਕਦੇ ਨਹੀ ਸੋਚਿਆ ਸੀ। ਉਨ੍ਹਾਂ ਕਿਹਾ, "ਹੁਣ ਮੈਨੂੰ ਸਮਝ ਆਈ ਕਿ ਲੋਕ ਦਿਨ ਵੇਲੇ ਛਤਰੀਆਂ ਲੈ ਕੇ ਕਿਉਂ ਘੁੰਮਦੇ ਹਨ। ਜਦੋਂ ਤੁਸੀ ਘਰ ਪਹੁੰਚਦੇ ਹੋ ਤਾਂ ਤੁਹਾਨੂੰ ਆਪਣੀ ਚਮੜੀ 'ਤੇ ਲਗਾਤਾਰ ਸੂਰਜ ਦੇ ਪ੍ਰਭਾਵ ਦਾ ਅਹਿਸਾਸ ਹੁੰਦਾ ਹੈ।"

ਸੂਰਜ ਦੀਆਂ ਅਲਟਰਾਵਾਇਲਟ ਕਿਰਨਾਂ ਦੇ ਲਗਾਤਾਰ ਸੰਪਰਕ ਨਾਲ ਤੁਹਾਡੀ ਚਮੜੀ 'ਤੇ ਝੁਰੜੀਆਂ ਵਧਦੀਆਂ ਹਨ, ਜਿਸ ਨਾਲ ਤੁਸੀ ਬੁੱਢੇ ਦਿਖਾਈ ਦਿੰਦੇ ਹੋ। ਹਾਲਾਂਕਿ, ਇਹ ਸਪਸ਼ਟ ਨਹੀ ਹੈ ਕਿ ਕੀ ਇਹ ਤੁਹਾਡੇ ਵਾਲਾਂ ਨੂੰ ਵੀ ਤੇਜ਼ੀ ਨਾਲ ਚਿੱਟਾ ਕਰਦੀ ਹੈ। ਵਾਲਾਂ ਦਾ ਰੰਗ ਮੇਲਾਨੋਸਾਈਟਸ ਨਾਮਕ ਸੈੱਲਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਕੁਝ ਚਮੜੀ ਵਿਗਿਆਨੀ ਸੁਝਾਅ ਦਿੰਦੇ ਹਨ ਕਿ ਅਲਟਰਾਵਾਇਲਟ ਕਿਰਨਾਂ ਇਸ ਪ੍ਰਕਿਰਿਆ ਵਿੱਚ ਵੀ ਵਿਘਨ ਪਾਉਂਦੀਆਂ ਹਨ। ਅਸੀ ਜਾਣਦੇ ਹਾਂ ਕਿ ਵਧੀ ਹੋਈ ਗਰਮੀ ਅਤੇ ਹੁਮਸ ਕਈ ਨਿਊਰੋਲਾਜਿਕਲ ਬਿਮਾਰੀਆਂ ਦੇ ਜੋਖਮ ਨੂੰ ਵਧਾਉਂਦੀ ਹੈ, ਜਿਵੇਂ - ਮਿਰਗੀ, ਸਟ੍ਰੋਕ, ਇਨਸੇਫਲਾਈਟਿਸ, ਮਲਟੀਪਲ ਸਕਲੇਰੋਸਿਸ ਅਤੇ ਮਾਈਗ੍ਰੇਨ ਆਦਿ। ਅਤੇ ਇਨ੍ਹਾਂ ਸਾਰੀਆਂ ਬਿਮਾਰੀਆਂ ਵਿੱਚ ਕਸਰਤ ਦੁਆਰਾ ਭਾਰ ਨੂੰ ਕੰਟਰੋਲ ਕਰਨਾ ਵਧੇਰੇ ਮੁਸ਼ਕਲ ਹੋ ਸਕਦਾ ਹੈ।

### ਅੱਤ ਦੀ ਗਰਮੀ 'ਚ ਸਭ ਤੋਂ ਵੱਧ ਸੁਰੱਖਿਆ ਦੀ ਲੋੜ ਕਿਸਨੂੰ?

ਸਾਲ 2023 ਵਿੱਚ ਜਰਮਨੀ ਵਿੱਚ ਕੀਤੇ ਗਏ ਇੱਕ ਛੋਟੇ ਜਿਹੇ ਅਧਿਐਨ ਵਿੱਚ ਹਾਰਵਰਡ ਟੀ.ਐਚ. ਚੈਨ ਸਕੂਲ ਆਫ਼ ਪਬਲਿਕ ਹੈਲਥ ਵਿੱਚ ਇੱਕ ਵਾਤਾਵਰਣ ਸਿਹਤ ਖੋਜ ਫੈਲੋ, ਡਾਕਟਰ ਵੇਨਲੀ ਨੀ ਨੇ ਵੀ ਵਧੇਰੇ ਗਰਮ ਹਵਾਵਾਂ ਨੂੰ ਸੈੱਲਾਂ ਦੀ ਤੇਜ਼ੀ ਨਾਲ ਵਧਦੀ ਉਮਰ ਨਾਲ ਜੋੜਿਆ। ਉਨ੍ਹਾਂ ਦੀ ਖੋਜ ਦਾ ਇੱਕ ਮੁੱਖ ਬਿੰਦੂ ਉਮਰ-ਸਬੰਧਤ ਬਿਮਾਰੀਆਂ ਦੇ ਸਬੰਧ ਵਿੱਚ ਡੀਐਨਏ ਮਿਥਾਈਲੇਸ਼ਨ ਪੈਟਰਨਾਂ ਦੀ ਵਿਆਖਿਆ ਕਰਨਾ ਵੀ ਸੀ। ਉਹ ਕਹਿੰਦੇ ਹਨ, "ਇਸਨੇ ਦਿਖਾਇਆ ਕਿ ਸ਼ੂਗਰ ਅਤੇ ਮੋਟਾਪੇ ਵਾਲੇ ਲੋਕ ਬਹੁਤ ਤੇਜ਼ੀ ਨਾਲ ਉਮਰਦਰਾਜ਼ ਹੋ ਰਹੇ ਸਨ। ਅਸੀ ਲਗਾਤਾਰ ਪਾਇਆ ਕਿ ਸ਼ੂਗਰ ਦੇ ਮਰੀਜ਼ ਬਹੁਤ ਜ਼ਿਆਦਾ ਗਰਮੀ ਪ੍ਰਤੀ ਵਧੇਰੇ ਸੰਵੇਦਨਸ਼ੀਲ ਸਨ।"





ਡਾਕਟਰ ਵੇਨਲੀ ਨੀ ਕਹਿੰਦੇ ਹਨ ਕਿ ਜਦੋਂ ਖੂਨ ਦੀਆਂ ਜਾਂਚਾਂ ਸੈੱਲਾਂ ਵਿੱਚ ਤੇਜ਼ੀ ਨਾਲ ਬੁਢਾਪੇ ਦਾ ਸੰਕੇਤ ਦਿੰਦੀਆਂ ਹਨ, ਤਾਂ ਇਹ ਮੌਤ ਦਰ ਅਤੇ ਸ਼ੂਗਰ, ਦਿਲ ਦੀ ਬਿਮਾਰੀ, ਫੇਫੜਿਆਂ ਦੀ ਬਿਮਾਰੀ ਅਤੇ ਨਿਊਰੋਲੌਜੀਕਲ ਬਿਮਾਰੀਆਂ ਦੇ ਵਧੇ ਹੋਏ ਜੋਖਮ ਦਾ ਇੱਕ ਮਜ਼ਬੂਤ ਬਾਇਓਮਾਰਕਰ ਹੈ। ਇਸ ਖੋਜ ਵਿੱਚ ਕੁਝ ਕਮੀਆਂ ਹਨ, ਪਰ ਫਿਰ ਵੀ ਹਾਲਾਂਕਿ ਐਪੀਜੇਨੇਟਿਕਸ ਤੇਜ਼ੀ ਨਾਲ ਆਉਂਦੇ ਬੁਢਾਪੇ ਨੂੰ ਸਮਝਣ ਵਿੱਚ ਮਦਦਗਾਰ ਹੈ। ਹਾਲਾਂਕਿ ਇਹ ਸਾਨੂੰ ਇਸ ਬਾਰੇ ਨਹੀ ਦੱਸਦਾ ਕਿ ਸਾਡੇ ਸਰੀਰ ਵਿੱਚ ਕਿਹੜੇ ਸਿਸਟਮ ਗਰਮੀ ਨਾਲ ਸਭ ਤੋਂ ਵੱਧ ਨੁਕਸਾਨੇ ਜਾਂਦੇ ਹਨ। ਡਾਕਟਰ ਚੋਈ ਦੀ ਟੀਮ ਹੁਣ ਇਹ ਵਿਸ਼ਲੇਸ਼ਣ ਕਰਨ ਦੀ ਯੋਜਨਾ ਬਣਾ ਰਹੀ ਹੈ ਕਿ ਕੀ ਇਸ ਨਾਲ ਗੁਰਦੇ, ਦਿਮਾਗ ਜਾਂ ਦਿਲ ਦੀਆਂ ਪ੍ਰਣਾਲੀਆਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੀਆਂ ਹਨ।

### 'ਉਨ੍ਹਾਂ ਨੂੰ ਆਪਣੀ ਜ਼ਿੰਦਗੀ ਬਦਲਣੀ ਪਵੇਗੀ'

ਜੈਫ ਗੁਡੇਲ ਨੇ ਫੀਨਿਕਸ ਵਿੱਚ ਕੰਮ ਕਰਦੇ ਸਮੇਂ ਜਲਵਾਯੂ ਪਰਿਵਰਤਨ 'ਤੇ ਉਸ ਵੇਲੇ ਆਪਣੀ ਕਿਤਾਬ ਲਿਖਣ ਦਾ ਫੈਸਲਾ ਕੀਤਾ ਜਦੋਂ ਇੱਕ ਦਿਨ ਤਾਪਮਾਨ 46 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ। ਉਨ੍ਹਾਂ ਨੇ ਆਪਣੀ ਮੀਟਿੰਗ ਲਈ ਕਈ ਬਲਾਕ ਪੈਦਲ ਤੁਰਨਾ ਸ਼ੁਰੂ ਕਰ ਦਿੱਤਾ, ਪਰ ਭਿਆਨਕ ਲੂ ਕਾਰਨ ਰਸਤੇ ਵਿੱਚ ਹੀ ਡਿੱਗ ਪਏ। ਗੁਡੇਲ ਇਹ ਸਮਝਣਾ ਚਾਹੁੰਦੇ ਸਨ ਕਿ ਕੀ ਇਹ ਸੰਭਵ ਹੈ ਕਿ ਇਸ ਤਰ੍ਹਾਂ ਦਾ ਇੱਕ ਅਨੁਭਵ ਮੈਟਾਬੋਲਿਜ਼ਮ ਨੂੰ ਬਦਲ ਸਕਦਾ ਹੈ। ਚੂਹਿਆਂ 'ਤੇ ਹੋਏ ਇੱਕ ਹਾਲੀਆ ਅਧਿਐਨ ਵਿੱਚ ਦੇਖਿਆ ਗਿਆ ਹੈ ਕਿ ਅਤਿਅੰਤ ਗਰਮੀ ਦੇ ਸੰਪਰਕ ਨਾਲ ਉਸ ਚੂਹੇ ਦੇ ਮੈਟਾਬੋਲਿਜ਼ਮ 'ਤੇ ਸਥਾਈ ਪ੍ਰਭਾਵ ਪਿਆ। ਦੇਸ਼ ਦੇ ਰਾਸ਼ਟਰੀ ਜਲਵਾਯੂ ਮੁਲਾਂਕਣ ਦੇ ਅਨੁਸਾਰ, ਜਿਵੇਂ-ਜਿਵੇਂ ਜਲਵਾਯੂ ਪਰਿਵਰਤਨ ਗਤੀ ਫੜ੍ਹਦਾ ਹੈ, ਸਦੀ ਦੇ ਮੱਧ ਤੱਕ ਅਮਰੀਕਾ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਅਤਿਅੰਤ ਗਰਮੀ ਦੇ ਦਿਨਾਂ ਦੀ ਗਿਣਤੀ ਸਾਲ ਵਿੱਚ 20 ਤੋਂ 30 ਦਿਨ ਤੱਕ ਵਧ ਸਕਦੀ ਹੈ।

ਅਮਰੀਕਾ ਦੇ ਦੱਖਣੀ ਸੂਬੇ ਪਹਿਲਾਂ ਹੀ ਲੰਬੇ ਗਰਮੀ ਦੇ ਮੌਸਮ ਝੱਲ ਰਹੇ ਹਨ ਅਤੇ ਇਹ ਗਰਮੀ ਹਰ ਸਾਲ ਸਮੇਂ ਤੋਂ ਪਹਿਲਾਂ ਆ ਰਹੀ ਹੈ। ਗੁਡੇਲ ਕਹਿੰਦੇ ਹਨ, "ਟੈਕਸਾਸ ਵਰਗੀਆਂ ਥਾਵਾਂ 'ਤੇ ਲੋਕ ਹਰ ਸਮੇਂ [ਗਰਮੀ] ਬਾਰੇ ਸੋਚਦੇ ਹਨ।" "ਉਹ ਪਿਛਲੀਆਂ ਦੋ ਗਰਮੀਆਂ ਤੋਂ ਜਾਣਦੇ ਹਨ ਕਿ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਬਦਲਾਅ ਲਿਆਉਣੇ ਪੈਣਗੇ ਅਤੇ ਆਪਣੇ ਕੰਮ ਕਰਨ ਅਤੇ ਘੁੰਮਣ-ਫਿਰਨ ਦੇ ਤਰੀਕੇ ਬਾਰੇ ਵੱਖਰੇ ਢੰਗ ਨਾਲ ਸੋਚਣਾ ਪਵੇਗਾ।" ਗੁਡੇਲ ਕਹਿੰਦੇ ਹਨ, ਬਹੁਤ ਜ਼ਿਆਦਾ ਗਰਮੀ ਦੇ ਜੋਖਮਾਂ ਬਾਰੇ ਜਨਤਕ ਜਾਗਰੂਕਤਾ ਵਧਣ ਨਾਲ ਭਾਸ਼ਾ ਵਿੱਚ ਵੀ ਬਦਲਾਅ ਆਇਆ ਹੈ। ਤੂਫਾਨਾਂ ਵਾਂਗ ਹੀ ਹੀਟਵੇਵ ਦੀ ਤੀਬਰਤਾ ਨੂੰ ਵੀ ਰੈਂਕ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ, ਹਾਲਾਂਕਿ ਨਮੀ ਦੇ ਮਾਪ ਦੀ ਵੀ ਲੋੜ ਹੋ ਸਕਦੀ ਹੈ। ਉਹ ਕਹਿੰਦੇ ਹਨ, "ਟੀਵੀ ਖ਼ਬਰਾਂ ਸਾਨੂੰ ਹੀਟਵੇਵ ਵਿੱਚ ਬੀਚ ਵੱਲ ਜਾਣ ਵਾਲੀਆਂ ਕਾਰਾਂ ਦੀਆਂ ਲਾਈਨਾਂ ਦਿਖਾਉਂਦੀਆਂ ਸਨ।" ਉਨ੍ਹਾਂ ਕਿਹਾ ਕਿ ਲੋਕ ਹੀਟਵੇਵ ਨੂੰ "ਇੱਕ ਖ਼ਤਰਨਾਕ ਸ਼ਕਤੀ" ਵਜੋਂ ਦੇਖਣ ਲੱਗੇ ਹਨ, ਜੋ ਉਨ੍ਹਾਂ ਲੋਕਾਂ ਲਈ ਵਧੇਰੇ ਖਤਰਨਾਕ ਹੈ ਜਿਨ੍ਹਾਂ ਨੂੰ ਬਾਹਰ ਕੰਮ ਕਰਨਾ ਪੈਂਦਾ ਹੈ ਅਤੇ ਜੋ ਬਿਨਾਂ-ਇੰਸੂਲੇਸ਼ਨ ਵਾਲਿਆਂ ਇਮਾਰਤਾਂ ਵਿੱਚ ਰਹਿੰਦੇ ਹਨ।" ਗੁਡੇਲ ਲਈ, ਜਲਵਾਯੂ ਸੰਕਟ ਨੇ ਪਹਿਲਾਂ ਹੀ ਵੱਡਾ ਪਾੜ ਪਾ ਦਿੱਤਾ ਹੈ। "ਅਸੀ ਇੱਕ ਦੋ-ਪੱਖੀ ਸੂਬੇ ਵਿੱਚ ਬਦਲ ਰਹੇ ਹਾਂ: ਠੰਡਾ ਅਤੇ ਭਖਦਾ ਹੋਇਆ।" "ਇੱਕ ਪਾਸੇ ਪਾਣੀ, ਛਾਂ ਅਤੇ ਏਅਰ ਕੰਡੀਸ਼ਨਿੰਗ ਹੈ। ਦੂਜੇ ਪਾਸੇ ਪਸੀਨਾ, ਦੁੱਖ ਅਤੇ ਇੱਥੋ ਤੱਕ ਕਿ ਮੌਤ ਵੀ ਹੈ।" ਉਨ੍ਹਾਂ ਦਾ ਮੰਨਣਾ ਹੈ ਕਿ ਹੁਣ ਸਾਰੇ ਟੈਕਸਾਸ ਵਾਸੀ ਗਰਮੀ ਬਾਰੇ ਸਭ ਤੋਂ ਮਹੱਤਵਪੂਰਨ ਗੱਲ ਜੋ ਜਾਣਦੇ ਹਨ, ਉਹ ਇਹ ਹੈ ਕਿ "ਇਹ ਇੱਕ ਹਿੰਸਕ ਸ਼ਕਤੀ ਹੈ ਅਤੇ ਪਹਿਲਾਂ ਕਮਜ਼ੋਰ ਲੋਕਾਂ 'ਤੇ ਹਮਲਾ ਕਰਦੀ ਹੈ।"



# ਭਾਰਤ ਦਾ ਆਰਥਿਕ ਮੰਥਨ ਅਤੇ ਵਿਕਾਸ ਦਾ ਅੰਮ੍ਰਿਤ

ਹਰਦੀਪ ਸਿੰਘ ਪੁਰੀ
ਲੇਖਕ ਕੇਂਦਰੀ ਪੈਟ੍ਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ ਹਨ।

ਭਾਰਤੀ ਸੱਭਿਅਤਾ ਵਿੱਚ ਲੰਬੇ ਸਮੇਂ ਤੋਂ ਇਹ ਮਾਨਤਾ ਰਹੀ ਹੈ ਕਿ ਕਾਮਯਾਬੀ ਤੋਂ ਪਹਿਲਾਂ ਪ੍ਰੀਖਿਆ ਹੁੰਦੀ ਹੈ। ਸਮੁਦ੍ਰ ਮੰਥਨ, ਜਿੱਥੇ ਮੰਥਨ ਦੀ ਪ੍ਰਕਿਰਿਆ ਨਾਲ ਅੰਮ੍ਰਿਤ ਨਿਕਲਿਆ ਸੀ, ਇਸੇ ਤਰ੍ਹਾਂ ਆਰਥਿਕ ਮੰਥਨ ਨੇ ਵੀ ਹਮੇਸ਼ਾ ਨਵੀਨਤਾ ਦਾ ਰਾਹ ਪੱਧਰਾ ਕੀਤਾ ਹੈ। ਵਰ੍ਹੇ 1991 ਦੇ ਸੰਕਟ ਨਾਲ ਜਿੱਥੇ ਉਦਾਰੀਕਰਣ ਦਾ ਜਨਮ ਹੋਇਆ, ਉੱਥੇ ਮਹਾਂਮਾਰੀ ਨਾਲ ਡਿਜੀਟਲ ਵਰਤੋਂ ਤੇਜ਼ ਹੋਈ। ਅਤੇ ਅੱਜ, ਭਾਰਤ ਨੂੰ ਇੱਕ ਮ੍ਰਿਤਕ ਅਰਥਵਿਵਸਥਾ ਕਹਿਣ ਵਾਲੇ ਸ਼ੱਕੀਆਂ ਦੇ ਰੌਲੇ-ਰੱਪੇ ਦੇ ਵਿਚਕਾਰ, ਤੇਜ਼ ਵਿਕਾਸ, ਮਜ਼ਬੂਤ ਬਫਰਾਂ ਅਤੇ ਵਿਆਪਕ ਮੌਕਿਆਂ ਦੀ ਇੱਕ ਤੱਥਾਂ ਵਾਲੀ ਕਹਾਣੀ ਸਾਹਮਣੇ ਆਈ ਹੈ। ਜੀਡੀਪੀ ਦੇ ਤਾਜ਼ਾ ਅੰਕੜਿਆਂ 'ਤੇ ਗੌਰ ਕਰੋ। ਵਿੱਤੀ ਵਰ੍ਹੇ 2025-26 ਦੀ ਪਹਿਲੀ ਤਿਮਾਹੀ ਵਿੱਚ ਅਸਲ ਜੀਡੀਪੀ 7.8 ਪ੍ਰਤੀਸ਼ਤ ਦੀ ਦਰ ਨਾਲ ਵਧਿਆ। ਇਹ ਵਾਧਾ ਦਰ ਪਿਛਲੀਆਂ ਪੰਜ ਤਿਮਾਹੀਆਂ ਵਿੱਚ ਸਭ ਤੋਂ ਵੱਧ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਹ ਵਾਧਾ ਵਿਆਪਕ ਹੈ: ਕੁੱਲ ਮੁੱਲ ਜੋੜ (ਜੀਵੀਏ) 7.6 ਪ੍ਰਤੀਸ਼ਤ ਵਧਿਆ ਹੈ, ਜਿਸ ਵਿੱਚ ਮੈਨੂਫੈਕਚਰਿੰਗ 7.7 ਪ੍ਰਤੀਸ਼ਤ, ਨਿਰਮਾਣ 7.6 ਪ੍ਰਤੀਸ਼ਤ ਅਤੇ ਸੇਵਾਵਾਂ ਖੇਤਰ ਵਿੱਚ ਲੱਗਭੱਗ 9.3 ਪ੍ਰਤੀਸ਼ਤ ਵਧਿਆ ਹੈ। ਨੌਮਿਨਲ ਜੀਡੀਪੀ 8.8 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਹ ਕੋਈ ਮਨਮਾਨੇ ਤਰੀਕੇ ਨਾਲ ਦੱਸੀ ਗਈ ਤੇਜ਼ੀ ਨਹੀਂ ਹੈ। ਇਹ ਵਧਦੇ ਖਪਤ, ਮਜ਼ਬੂਤ ਨਿਵੇਸ਼ ਅਤੇ ਨਿਰੰਤਰ ਜਨਤਕ ਪੂੰਜੀ ਖਰਚ ਅਤੇ ਪੂਰੀ ਅਰਥਵਿਵਸਥਾ ਵਿੱਚ ਲਾਗਤ ਨੂੰ ਘੱਟ ਕਰਨ ਵਾਲੇ ਲੌਜਿਸਟਿਕ ਸਬੰਧੀ ਸੁਧਾਰਾਂ ਤੋਂ ਹਾਸਲ ਨਤੀਜਿਆਂ ਦਾ ਸਬੂਤ ਹੈ। ਭਾਰਤ ਹੁਣ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਤੇ ਸਭ ਤੋਂ ਤੇਜ਼ੀ ਨਾਲ ਵਧ ਰਹੀ ਮੁੱਖ ਅਰਥਵਿਵਸਥਾ ਹੈ। ਇਹ ਤੇਜ਼ੀ ਦੇ ਮਾਮਲੇ ਵਿੱਚ ਦੁਨੀਆਂ ਦੀਆਂ ਪਹਿਲੀਆਂ ਅਤੇ ਦੂਜੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ, ਅਮਰੀਕਾ ਅਤੇ ਚੀਨ ਨੂੰ ਪਛਾੜ ਕੇ ਅੱਗੇ ਨਿਕਲ ਗਈ ਹੈ। ਸਾਡੀ ਮੌਜੂਦਾ ਗਤੀ 'ਤੇ, ਅਸੀਂ ਇਸ ਦਹਾਕੇ ਦੇ ਅੰਤ ਤੱਕ ਜਰਮਨੀ ਨੂੰ ਪਛਾੜ ਕੇ ਮਾਰਕਿਟ-ਐਕਸਚੇਂਜ ਦੇ ਮਾਮਲੇ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੇ ਰਾਹ 'ਤੇ ਹਾਂ। ਸਾਡੀ ਗਤੀ ਵਿਸ਼ਵ ਪੱਧਰ 'ਤੇ ਮਾਇਨੇ ਰੱਖਦੀ ਹੈ। ਸੁਤੰਤਰ ਅਨੁਮਾਨ ਦਰਸਾਉਂਦੇ ਹਨ ਕਿ ਭਾਰਤ ਪਹਿਲਾਂ ਹੀ ਵਿਸ਼ਵ ਵਿਕਾਸ ਵਿੱਚ 15 ਪ੍ਰਤੀਸ਼ਤ ਤੋਂ ਵੱਧ ਯੋਗਦਾਨ ਪਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇੱਕ ਸਪੱਸ਼ਟ ਟੀਚਾ ਰੱਖਿਆ ਹੈ - ਸੁਧਾਰਾਂ ਦੇ ਮਜ਼ਬੂਤ ਹੋਣ ਅਤੇ ਨਵੀਆਂ ਸਮਰੱਥਾਵਾਂ ਜਾਰੀ ਹੋਣ ਦੇ ਨਾਲ-ਨਾਲ ਵਿਸ਼ਵ ਵਿਕਾਸ ਵਿੱਚ ਸਾਡੀ ਹਿੱਸੇਦਾਰੀ ਨੂੰ 20 ਪ੍ਰਤੀਸ਼ਤ ਤੱਕ ਵਧਾਉਣਾ।

ਵੱਖ-ਵੱਖ ਬਾਜ਼ਾਰਾਂ ਅਤੇ ਰੇਟਿੰਗ ਏਜੰਸੀਆਂ ਨੇ ਇਸ ਅਨੁਸ਼ਾਸਨ ਨੂੰ ਮਾਨਤਾ ਦਿੱਤੀ ਹੈ। ਐੱਸਐਂਡਪੀ ਗਲੋਬਲ ਨੇ 18 ਵਰ੍ਹਿਆਂ ਵਿੱਚ ਪਹਿਲੀ ਵਾਰ ਭਾਰਤ ਦੀ ਸੌਵਰੇਨ ਰੇਟਿੰਗ ਨੂੰ ਅੱਪਗ੍ਰੇਡ ਕੀਤਾ ਹੈ, ਜਿਸ ਵਿੱਚ ਮਜ਼ਬੂਤ ਵਿਕਾਸ, ਮੁਦਰਾ ਭਰੋਸੇਯੋਗਤਾ ਅਤੇ ਵਿੱਤੀ ਇੱਕਜੁੱਟਤਾ ਦਾ ਹਵਾਲਾ ਦਿੱਤਾ ਗਿਆ ਹੈ। ਇਹ ਅੱਪਗ੍ਰੇਡ ਉਧਾਰ ਲੈਣ ਦੀ ਲਾਗਤ ਨੂੰ ਘਟਾਉਂਦਾ ਹੈ ਅਤੇ ਨਿਵੇਸ਼ਕ ਅਧਾਰ ਦਾ ਵਿਸਤਾਰ ਕਰਦਾ ਹੈ। ਮਹੱਤਵਪੂਰਨ ਸਵਾਲ ਇਹ ਵੀ ਹੈ ਕਿ ਇਸ ਸਭ ਦਾ ਲਾਭ ਕਿਸ ਨੂੰ ਮਿਲਿਆ ਹੈ। ਵਰ੍ਹੇ 2013-14 ਅਤੇ 2022-23 ਦੇ ਵਿਚਕਾਰ, 24.82 ਕਰੋੜ ਭਾਰਤੀ ਬਹੁ-ਆਯਾਮੀ ਗ਼ਰੀਬੀ ਤੋਂ ਬਾਹਰ ਨਿਕਲ ਕੇ ਆਏ ਹਨ। ਇਹ ਪਰਿਵਰਤਨ ਬੁਨਿਆਦੀ ਸੇਵਾਵਾਂ - ਬੈਂਕ ਖਾਤੇ, ਰਸੋਈ ਦੇ ਲਈ ਸਵੱਛ ਈਂਧਣ, ਸਿਹਤ ਬੀਮਾ, ਟੂਟੀ ਦਾ ਪਾਣੀ ਅਤੇ ਪ੍ਰਤੱਖ ਟ੍ਰਾਂਸਫਰ - ਦੀ ਵੱਡੇ ਪੈਮਾਨੇ 'ਤੇ ਸਪਲਾਈ 'ਤੇ ਨਿਰਭਰ ਕਰਦਾ ਹੈ ਜੋ ਗ਼ਰੀਬਾਂ ਨੂੰ ਵਿਕਲਪ ਚੁਣਨ ਦਾ ਅਧਿਕਾਰ ਦਿੰਦੇ ਹਨ। ਦੁਨੀਆਂ ਦੇ ਸਭ ਤੋਂ ਜੀਵੰਤ ਲੋਕਤੰਤਰ ਅਤੇ ਜ਼ਿਕਰਯੋਗ ਜਨਸੰਖਿਆ ਚੁਣੌਤੀਆਂ ਦੇ ਵਿੱਚ ਵਿਕਾਸ ਦਾ ਇਹ ਪੈਮਾਨਾ ਬਹੁਤ ਸ਼ਾਨਦਾਰ ਹੈ। ਭਾਰਤ ਦਾ ਵਿਕਾਸ ਮਾਡਲ ਡਿਜੀਟਲ ਸਾਧਨਾਂ ਦੀ ਵਰਤੋਂ ਕਰਕੇ ਸਹਿਮਤੀ ਨਿਰਮਾਣ, ਪ੍ਰਤੀਯੋਗੀ ਸੰਘਵਾਦ ਅਤੇ ਆਖਰੀ-ਮੀਲ ਸੇਵਾ ਡਿਲੀਵਰੀ ਦੀ ਕਦਰ ਕਰਦਾ ਹੈ। ਇਹ ਐਲਾਨ ਕਰਨ ਵਿੱਚ ਹੌਲੀ, ਲਾਗੂ ਕਰਨ ਵਿੱਚ ਤੇਜ਼ ਅਤੇ ਨਿਰਮਾਣ ਵਿੱਚ ਟਿਕਾਊ ਹੈ। ਜਦੋਂ ਆਲੋਚਕ ਸਾਡੀ ਤੁਲਨਾ ਤੇਜ਼ ਭੱਜਣ ਵਾਲੇ ਸੱਤਾਵਾਦੀਆਂ ਨਾਲ ਕਰਦੇ ਹਨ, ਤਾਂ ਉਹ ਇਸ ਤੱਥ ਨੂੰ ਨਜ਼ਰਅੰਦਾਜ਼ ਕਰਦੇ ਹਨ ਕਿ ਅਸੀਂ ਇੱਕ ਮੈਰਾਥਨ ਦੌੜਾਕ ਦੀ ਤਰਜ਼ 'ਤੇ ਇੱਕ ਲੰਬੀ-ਦੂਰੀ ਦੀ ਅਰਥਵਿਵਸਥਾ ਬਣਾ ਰਹੇ ਹਾਂ।

ਭਾਰਤ ਦੇ ਪੈਟਰੋਲੀਅਮ ਮੰਤਰੀ ਹੋਣ ਦੇ ਨਾਤੇ, ਮੈਂ ਇਸ ਗੱਲ ਦੀ ਪੁਸ਼ਟੀ ਕਰ ਸਕਦਾ ਹਾਂ ਕਿ ਸਾਡੀ ਊਰਜਾ ਸੁਰੱਖਿਆ ਇਸ ਤੇਜ਼ ਵਿਕਾਸ ਦਾ ਸਮਰਥਨ ਕਿਵੇਂ ਕਰ ਰਹੀ ਹੈ। ਅੱਜ, ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਊਰਜਾ ਖਪਤਕਾਰ, ਚੌਥਾ ਸਭ ਤੋਂ ਵੱਡਾ ਰਿਫਾਇਨਰ ਅਤੇ ਐੱਲਐੱਨਜੀ ਦਾ ਚੌਥਾ ਸਭ ਤੋਂ ਵੱਡਾ ਦਰਾਮਦ ਹੈ। ਸਾਡੀ ਰਿਫਾਇਨਿੰਗ ਸਮਰੱਥਾ ਪ੍ਰਤੀ ਦਿਨ 5.2 ਮਿਲੀਅਨ ਬੈਰਲ ਤੋਂ ਵੱਧ ਹੈ ਅਤੇ ਸਾਡੇ ਕੋਲ ਇਸ ਦਹਾਕੇ ਦੇ ਅੰਤ ਤੱਕ ਇਸ ਨੂੰ 400 ਮਿਲੀਅਨ ਟਨ ਪ੍ਰਤੀ ਵਰ੍ਹੇ (ਐੱਮਟੀਪੀਏ) ਤੋਂ ਵੱਧ, ਵਧਾਉਣ ਲਈ ਇੱਕ ਸਪੱਸ਼ਟ ਰੋਡਮੈਪ ਉਪਲੱਬਧ ਹੈ।

ਭਾਰਤ ਦੀ ਊਰਜਾ ਸਬੰਧੀ ਮੰਗ - ਜੋ ਕਿ 2047 ਤੱਕ ਦੁੱਗਣੀ ਹੋਣ ਦਾ ਅਨੁਮਾਨ ਹੈ - ਵਧਦੀ ਵਿਸ਼ਵਵਿਆਪੀ ਮੰਗ ਦਾ ਲੱਗਭੱਗ ਇੱਕ-ਚੌਥਾਈ ਹਿੱਸਾ ਹੋਵੇਗੀ, ਜਿਸ ਨਾਲ ਸਾਡੀ ਸਫਲਤਾ ਵਿਸ਼ਵਵਿਆਪੀ ਊਰਜਾ ਸਥਿਰਤਾ ਲਈ ਮਹੱਤਵਪੂਰਨ ਬਣ ਜਾਵੇਗੀ। ਸਰਕਾਰ ਦਾ ਦ੍ਰਿਸ਼ਟੀਕੋਣ ਸੁਰੱਖਿਆ ਨੂੰ ਸੁਧਾਰਾਂ ਨਾਲ ਜੋੜਨ ਦਾ ਰਿਹਾ ਹੈ। ਤੇਲ ਦੀ ਖੋਜ ਅਧੀਨ ਖੇਤਰ 2021 ਵਿੱਚ ਤਲਛਟ ਬੇਸਿਨਾਂ ਦੇ 8 ਪ੍ਰਤੀਸ਼ਤ ਤੋਂ ਵੱਧ ਕੇ 2025 ਵਿੱਚ 16 ਪ੍ਰਤੀਸ਼ਤ ਤੋਂ ਵੱਧ ਹੋ ਗਿਆ ਹੈ। ਸਾਡਾ ਟੀਚਾ 2030 ਤੱਕ ਇਸ ਨੂੰ 10 ਲੱਖ ਵਰਗ ਕਿੱਲੋਮੀਟਰ ਤੱਕ ਵਧਾਉਣ ਦਾ ਹੈ। ਅਖੌਤੀ (ਨੋ-ਗੋ) ਖੇਤਰਾਂ ਵਿੱਚ 99 ਪ੍ਰਤੀਸ਼ਤ ਦੀ ਵੱਡੀ ਕਟੌਤੀ ਨੇ ਬਹੁਤ ਸਾਰੀਆਂ ਸੰਭਾਵਨਾਵਾਂ ਨੂੰ ਖੋਲ੍ਹ ਦਿੱਤਾ ਹੈ, ਜਦੋਂ ਕਿ ਓਪਨ ਏਕਰੇਜ ਲਾਇਸੈਂਸਿੰਗ ਨੀਤੀ (ਓਏਐੱਲਪੀ) ਇੱਕ ਪਾਰਦਰਸ਼ੀ ਅਤੇ ਪ੍ਰਤੀਯੋਗੀ ਬੋਲੀ ਪ੍ਰਕਿਰਿਆ ਨੂੰ ਯਕੀਨੀ ਬਣਾਉਂਦੀ ਹੈ। ਨਵੀਆਂ ਗੈਸ ਕੀਮਤਾਂ ਸਬੰਧੀ ਨਵੇਂ ਸੁਧਾਰਾਂ - ਜਿਨ੍ਹਾਂ ਵਿੱਚ ਕੀਮਤਾਂ ਨੂੰ ਭਾਰਤੀ ਕੱਚੇ ਤੇਲ ਦੀ ਬਾਸਕੇਟ ਨਾਲ ਜੋੜਿਆ ਗਿਆ ਅਤੇ ਡੂੰਘੇ ਪਾਣੀ ਅਤੇ ਨਵੇਂ ਖੂਹਾਂ ਲਈ 20 ਪ੍ਰਤੀਸ਼ਤ ਪ੍ਰੀਮੀਅਮ ਦੀ ਪੇਸ਼ਕਸ਼ ਕੀਤੀ ਗਈ ਹੈ, ਨੇ ਨਿਵੇਸ਼ ਨੂੰ ਹੁਲਾਰਾ ਦਿੱਤਾ ਹੈ।

ਸਾਡੀ ਊਰਜਾ ਦੀ ਕਹਾਣੀ ਸਿਰਫ਼ ਹਾਈਡ੍ਰੋਕਾਰਬਨ ਦੀ ਹੀ ਨਹੀਂ ਹੈ, ਸਗੋਂ ਪਰਿਵਰਤਨ ਦੀ ਵੀ ਕਹਾਣੀ ਹੈ। ਵਰ੍ਹੇ 2014 ਵਿੱਚ ਈਥੇਨੌਲ ਮਿਸ਼ਰਣ 1.5 ਪ੍ਰਤੀਸ਼ਤ ਤੋਂ ਵੱਧ ਕੇ ਅੱਜ 1.25 ਲੱਖ ਕਰੋੜ ਰੁਪਏ ਤੋਂ ਵੱਧ ਦੀ ਵਿਦੇਸ਼ੀ ਮੁਦਰਾ ਦੀ ਬੱਚਤ ਦੇ ਬਰਾਬਰ ਹੋ ਗਈ ਹੈ ਅਤੇ ਕਿਸਾਨਾਂ ਨੂੰ ਸਿੱਧਾ 1 ਲੱਖ ਕਰੋੜ ਰੁਪਏ ਤੋਂ ਵੱਧ ਦੀ ਅਦਾਇਗੀ ਹੋਈ ਹੈ। ਸਤਤ ਦੇ ਅਧੀਨ 300 ਤੋਂ ਜ਼ਿਆਦਾ ਕੰਪ੍ਰੈਸਡ ਬਾਇਓਗੈਸ ਪਲਾਂਟ ਸਥਾਪਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਟੀਚਾ 2028 ਤੱਕ 5 ਪ੍ਰਤੀਸ਼ਤ ਮਿਸ਼ਰਣ ਦਾ ਹੈ, ਅਤੇ ਤੇਲ ਨਾਲ ਸਬੰਧਿਤ ਜਨਤਕ ਖੇਤਰ ਦੀਆਂ ਕੰਪਨੀਆਂ ਗ੍ਰੀਨ ਹਾਈਡ੍ਰੋਜਨ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾ ਰਹੀਆਂ ਹਨ।ਭਾਰਤ ਵੱਲੋਂ ਰੂਸ ਤੋਂ ਕੱਚੇ ਤੇਲ ਦੀ ਖਰੀਦ ਨੂੰ ਲੈ ਕੇ ਕੁਝ ਹਿੱਸਿਆਂ ਵਿੱਚ ਬਹੁਤ ਗਰਮਾ-ਗਰਮੀ ਹੋਈ ਹੈ। ਆਓ ਤੱਥਾਂ ਨੂੰ ਇਸ ਰੌਲੇ-ਰੱਪੇ ਤੋਂ ਵੱਖ ਕਰੀਏ। ਰੂਸ ਦੇ ਤੇਲ 'ਤੇ ਈਰਾਨ ਜਾਂ ਵੈਨੇਜ਼ੁਏਲਾ ਦੇ ਕੱਚੇ ਤੇਲ ਦੀ ਤਰ੍ਹਾਂ ਕਦੇ ਪਾਬੰਦੀ ਨਹੀਂ ਲਗਾਈ ਗਈ। ਇਹ 77/5" ਪ੍ਰਾਈਸ-ਕੈਪ ਸਿਸਟਮ ਦੇ ਅਧੀਨ ਹੈ ਜਿਸ ਨੂੰ ਜਾਣ-ਬੁੱਝ ਕੇ ਮਾਲੀਏ ਨੂੰ ਸੀਮਤ ਰੱਖਦੇ ਹੋਏ ਤੇਲ ਦੇ ਵਹਾਅ ਨੂੰ ਜਾਰੀ ਰੱਖਣ ਲਈ ਤਿਆਰ ਕੀਤਾ ਗਿਆ ਹੈ। ਅਜਿਹੇ ਪੈਕੇਜਾਂ ਦੇ 18 ਦੌਰ ਹੋ ਚੁੱਕੇ ਹਨ ਅਤੇ ਭਾਰਤ ਨੇ ਹਰ ਦੌਰ ਦੀ ਪਾਲਣਾ ਕੀਤੀ ਹੈ। ਹਰ ਲੈਣ-ਦੇਣ ਨੇ ਕਾਨੂੰਨੀ ਸ਼ਿਪਿੰਗ ਅਤੇ ਬੀਮਾ, ਅਨੁਕੂਲ ਵਪਾਰੀਆਂ ਅਤੇ ਔਡਿਟ ਕੀਤੇ ਚੈਨਲਾਂ ਦੀ ਵਰਤੋਂ ਕੀਤੀ ਹੈ। ਅਸੀਂ ਕੋਈ ਨਿਯਮ ਨਹੀਂ ਤੋੜਿਆ ਹੈ। ਅਸੀਂ ਬਾਜ਼ਾਰਾਂ ਨੂੰ ਸਥਿਰ ਕੀਤਾ ਹੈ ਅਤੇ ਵਿਸ਼ਵਵਿਆਪੀ ਕੀਮਤਾਂ ਨੂੰ ਵਧਣ ਤੋਂ ਰੋਕਿਆ ਹੈ।ਕੁਝ ਆਲੋਚਕਾਂ ਦਾ ਆਰੋਪ ਹੈ ਕਿ ਭਾਰਤ ਰੂਸ ਦੇ ਤੇਲ ਲਈ ਇੱਕ ਲੌਂਡ੍ਰੋਮੈਟ ਬਣ ਗਿਆ ਹੈ, ਇਸ ਤੋਂ ਵੱਧ ਬੇਬੁਨਿਆਦ ਗੱਲ ਹੋਰ ਕੁਝ ਵੀ ਨਹੀਂ ਹੋ ਸਕਦੀ। ਭਾਰਤ ਇਸ ਸੰਘਰਸ਼ ਤੋਂ ਬਹੁਤ ਪਹਿਲੇ ਦਹਾਕਿਆਂ ਤੋਂ ਪੈਟਰੋਲੀਅਮ ਉਤਪਾਦਾਂ ਦਾ ਚੌਥਾ ਸਭ ਤੋਂ ਵੱਡਾ ਨਿਰਯਾਤਕ ਰਿਹਾ ਹੈ, ਅਤੇ ਸਾਡੇ ਰਿਫਾਇਨਰ ਦੁਨੀਆਂ ਭਰ ਤੋਂ ਇਸ ਪ੍ਰਕਾਰ ਦੇ ਕੱਚੇ ਤੇਲ ਦੀ ਇੱਕ ਸਮੂਹ ਬਣਾਉਂਦੇ ਹਨ। ਨਿਰਯਾਤ ਸਪਲਾਈ ਚੇਨਾਂ ਨੂੰ ਸਰਗਰਮ ਰੱਖਦਾ ਹੈ। ਦਰਅਸਲ, ਰੂਸ ਵੱਲੋਂ ਕੱਚੇ ਤੇਲ 'ਤੇ ਪਾਬੰਦੀਆਂ ਲਗਾਉਣ ਤੋਂ ਬਾਅਦ ਯੂਰਪ ਨੇ ਵੀ ਭਾਰਤੀ ਈਂਧਣਾਂ ਵੱਲ ਰੁਖ ਕੀਤਾ। ਇਹ ਉਹੀ 'ਮੇਡ ਇਨ ਇੰਡੀਆ' ਹੈ ਜੋ ਭਾਰਤ ਵਿੱਚ ਵਿਸ਼ਵ ਦ੍ਰਿਸ਼ਟੀਕੋਣ ਲਈ ਨਵੀਂ ਉਦਯੋਗਿਕ ਕ੍ਰਾਂਤੀ ਨੂੰ ਆਕਾਰ ਦਿੰਦਾ ਹੈ। ਇਸ ਉਦਯੋਗਿਕ ਕ੍ਰਾਂਤੀ ਵਿੱਚ ਸੈਮੀਕੰਡਕਟਰ, ਇਲੈਕਟ੍ਰੌਨਿਕਸ, ਨਵਿਆਉਣਯੋਗ ਊਰਜਾ, ਰੱਖਿਆ ਅਤੇ ਵਿਸ਼ੇਸ਼ ਰਸਾਇਣ ਸ਼ਾਮਲ ਹਨ-ਉਤਪਾਦਨ-ਲਿੰਕਡ ਪ੍ਰੋਤਸਾਹਨ (ਪੀਐੱਲਆਈ) ਅਤੇ ਪੀਐੱਮ ਗਤੀਸ਼ਕਤੀ ਲੌਜਿਸਟਿਕਸ ਵੱਲੋਂ ਸੰਚਾਲਿਤ ਹਨ। ਸੈਮੀਕੰਡਕਟਰ ਨਿਰਮਾਣ ਦਾ ਵਾਧਾ ਹੁਣ ਨਵੀਆਂ ਉਚਾਈਆਂ 'ਤੇ ਪਹੁੰਚ ਰਿਹਾ ਹੈ - ਜੋ ਨੀਤੀਗਤ ਗੰਭੀਰਤਾ ਅਤੇ ਲਾਗੂਕਰਣ ਦਾ ਪ੍ਰਮਾਣ ਹੈ। ਕੈਬਨਿਟ ਨੇ ਹਾਲ ਹੀ ਵਿੱਚ ਇੰਡੀਆ ਸੈਮੀਕੰਡਕਟਰ ਮਿਸ਼ਨ ਦੇ ਤਹਿਤ ਚਾਰ ਵਾਧੂ ਸੈਮੀਕੰਡਕਟਰ ਮੈਨੂਫੈਕਚਰਿੰਗ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ ਅਤੇ ਪ੍ਰਧਾਨ ਮੰਤਰੀ ਦਾ ਜਾਪਾਨ ਵਿੱਚ ਇੱਕ ਸੈਮੀਕੰਡਕਟਰ ਉਤਪਾਦਨ ਕੇਂਦਰ ਦਾ ਹਾਲੀਆ ਦੌਰਾ ਅਤੇ ਜਾਪਾਨ ਦੀ ਨਿਵੇਸ਼ ਸਬੰਧੀ ਨਵੀਨੀਕ੍ਰਿਤ ਵਚਨਬੱਧਤਾਵਾਂ ਇੱਕ ਮਜ਼ਬੂਤ ਅਤੇ ਭਰੋਸੇਮੰਦ ਤਕਨੀਕੀ ਸਪਲਾਈ ਚੇਨਾਂ ਨਾਲ ਸਬੰਧਿਤ ਇੱਕ ਸਾਂਝੇ ਰੋਡਮੈਪ ਨੂੰ ਰੇਖਾਂਕਿਤ ਕਰਦੀਆਂ ਹਨ। ਅੱਗੇ ਦਾ ਰਸਤਾ ਆਸ਼ਾਜਨਕ ਹੈ। ਸੁਤੰਤਰ ਅਨੁਮਾਨਾਂ (ਈਵਾਈ) ਦੇ ਅਨੁਸਾਰ, 2038 ਤੱਕ ਭਾਰਤ ਪੀਪੀਪੀ ਅਧਾਰ 'ਤੇ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਸਕਦਾ ਹੈ, ਜਿਸ ਦਾ ਜੀਡੀਪੀ 34 ਟ੍ਰਿਲੀਅਨ ਅਮਰੀਕੀ ਡਾਲਰ ਤੋਂ ਵੱਧ ਹੋਵੇਗਾ। ਇਹ ਤਰੱਕੀ ਨਿਰੰਤਰ ਸੁਧਾਰਾਂ, ਮਨੁੱਖੀ ਪੂੰਜੀ, ਅਤੇ ਹਰੇਕ ਉੱਦਮ ਅਤੇ ਪਰਿਵਾਰ ਲਈ ਭਰਪੂਰ, ਸਾਫ਼, ਭਰੋਸੇਯੋਗ ਊਰਜਾ 'ਤੇ ਅਧਾਰਿਤ ਹੈ।


## pnb ਪੰਜਾਬ ਨੈਸ਼ਨਲ ਬੈਂਕ
....ਬਿਹਤਰੀ ਲਈ ਸਾਂਝ

ਅਸੈਟ ਰਿਕਵਰੀ, ਮੈਨੇਜਮੈਂਟ ਸ਼ਾਖਾ, ਪਹਿਲੀ ਮੰਜ਼ਿਲ, ਫੇਜ਼ 3, ਮਾਡਲ ਟਾਊਨ, ਬਠਿੰਡਾ

### ਸੰਕੇਤਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ, ਰਿਕਵਰੀ ਕਮੇਟੀ ਬਠਿੰਡਾ** ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ **ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ)/ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

**ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ ਪੰਜਾਬ ਨੈਸ਼ਨਲ ਬੈਂਕ, ਰਿਕਵਰੀ ਕਮੇਟੀ ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: ਸ੍ਰੀ ਰਾਜਵਿੰਦਰ ਸਿੰਘ ਪੁੱਤਰ ਸ੍ਰੀ. ਸੁਰਜੀਤ ਸਿੰਘ ਸਹਿ-ਕਰਜ਼ਦਾਰ: ਸ੍ਰੀ ਰਸਪ੍ਰੀਤ ਸਿੰਘ ਪੁੱਤਰ ਰਾਜਵਿੰਦਰ ਸਿੰਘ ਦੋਵੇਂ ਵਾਸੀ ਪਤਾ: 1. ਪਿੰਡ ਬਹਿਮਣ ਕੌਇਰ ਸਿੰਘ, ਬਠਿੰਡਾ- 151302. ਪਤਾ: 2. ਪਿੰਡ ਚੁੱਘੇ ਖੁਰਦ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ। ਬਠਿੰਡਾ। ਪਤਾ: 3. ਨੇੜੇ ਲੇਲੇਵਾਲਾ ਰੋਡ, ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ - 151302 | ਰਸਪ੍ਰੀਤ ਸਿੰਘ ਪੁੱਤਰ ਰਾਜਿੰਦਰ ਸਿੰਘ ਦੇ ਨਾਮ 'ਤੇ ਜਮ੍ਹਾਂਬੰਦੀ ਅਨੁਸਾਰ ਸਾਲ 2017-18 ਲਈ ਅਤੇ ਰਜਿਸਟਰਡ ਟ੍ਰਾਂਸਫਰ ਡੀਡ ਨੰਬਰ 3075 ਮਿਤੀ 05.12.2023 ਅਤੇ ਇੰਤਕਾਲ ਨੰਬਰ 29478 ਮਿਤੀ 26.12.2023, ਅਚੱਲ ਜਾਇਦਾਦ ਜਿਸ ਵਿੱਚ ਰਿਹਾਇਸ਼ੀ ਮਕਾਨ ਸ਼ਾਮਲ ਹੈ ਖੇਵਟ/ਖਤੌਨੀ ਨੰਬਰ 1256/2085 ਵਿੱਚ ਸ਼ਾਮਲ 0 ਕਨਾਲ 9 1/2 ਮਰਲੇ ਦੇ ਸਮਾਨ 16 ਕਨਾਲ 0 ਮਰਲੇ ਮਾਪ ਵਾਲੀ ਸੰਪੱਤੀ ਦੇ 19/640 ਭਾਵ 0 ਕਨਾਲ 9-1/2 ਮਰਲੇ ਮਾਪ ਵਾਲੀ ਰਿਹਾਇਸ਼ੀ ਮਕਾਨ ਵਾਲੀ ਅਚੱਲ ਸੰਪੱਤੀ ਸ਼ਾਮਲ ਹੈ, ਰਕਬਾ ਪੱਟੀ, ਕਿਸ਼ਨ ਸਿੰਘ, ਤਲਵੰਡੀ ਸਾਬੋ -1, ਲੇਲੇਵਾਲਾ ਰੋਡ ਦੇ ਨੇੜੇ, ਖਸਰਾ ਨੰਬਰ 275//22/2 ਮਿਨ (1-4) 23/2 ਮਿਨ (2-0) 305//2 ਮਿਨ (4-16) 3(8-0) ਜਿਸਦੀ ਹੱਦ ਹੇਠ ਲਿਖੇ ਅਨੁਸਾਰ ਹੈ: ਪੂਰਬ: 33' 8" ਗਲੀ 14 ਫੁੱਟ ਚੌੜੀ, ਪੱਛਮ: 33'8" ਗਲੀ 18 ਫੁੱਟ ਚੌੜੀ, ਉੱਤਰ: 77 ਫੁੱਟ ਅਜਾਇਬ ਸਿੰਘ, ਦੱਖਣ: 77 ਫੁੱਟ ਹਰਪ੍ਰੀਤ ਸਿੰਘ। | 17.06.2025 | 02.09.2025 | Rs. 25,26,823.36 (ਰੁ. ਪੱਚੀ ਲੱਖ ਛੱਬੀ ਹਜ਼ਾਰ ਅੱਠ ਸੌ ਤੇਈ ਅਤੇ ਛੱਤੀ ਪੈਸੇ ਕੇਵਲ) 31.05.2025 ਦੇ ਅਨੁਸਾਰ 01.06.2025 ਤੋਂ ਪ੍ਰਭਾਵੀ ਭਾਵੀ ਵਿਆਜ, ਲਾਗਤਾਂ, ਫੀਸਾਂ ਅਤੇ ਹੋਰ ਖਰਚਿਆਂ ਸਮੇਤ |

ਮਿਤੀ : 02.09.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ



## SBI ਸਟੇਟ ਬੈਂਕ ਆਫ ਇੰਡੀਆ

ਸਟਰੈਸਡ ਅਸਾਸੇ ਵਸੂਲੀ ਸ਼ਾਖਾ, ਤੀਜੀ ਮੰਜ਼ਿਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

ਈ-ਨਿਲਾਮੀ ਵਿਕਰੀ ਸੂਚਨਾ 22.09.2025 11.00 ਵਜੇ ਤੋਂ 16.00 ਵਜੇ

22.09.2025 ਨੂੰ 11.00 ਵਜੇ ਤੋਂ 16.00 ਵਜੇ ਤੱਕ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਸੂਚਨਾ
ਬਿਆਨਾ ਰਕਮ ਅਤੇ ਦਸਤਾਵੇਜ਼ਾਂ ਲਈ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ ਈ-ਨਿਲਾਮੀ ਦੇ ਬੰਦ ਹੋਣ 'ਤੇ ਜਾਂ ਪਹਿਲਾਂ, ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ
ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵੈਲੇਟ ਰਾਹੀਂ ਬੋਲੀਕਾਰ : **https://baanknet.com** ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਅਤੇ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਬਾਰੇ ਈ-ਨਿਲਾਮੀ ਵਿਕਰੀ ਸੂਚਨਾ। ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਸਟੇਟ ਬੈਂਕ ਆਫ ਇੰਡੀਆ** (ਸੁਰੱਖਿਅਤ ਕਰਜ਼ਦਾਤਾ) ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ **ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਵੱਲ ਬਕਾਇਆ ਬੈਂਕ ਬਕਾਏ + ਵਿਆਜ (ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ) ਦੀ ਵਸੂਲੀ ਦੇ ਲਈ 22.09.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਪੱਤੀਆਂ ਅਧੀਨ ਨਿਮਨ ਦਰਸਾਏ ਅਨੁਸਾਰ ਹੋਵੇਗੀ। "ਸਾਰੇ ਵਿਧਾਨਕ/ਗੈਰ-ਵਿਧਾਨਕ ਬਕਾਏ, ਕਰ, ਦਰਾਂ, ਮੁਲਾਂਕਣ, ਖਰਚੇ, ਕਿਸੇ ਵੱਲ ਵੀ ਬਕਾਇਆ ਫੀਸਾਂ ਆਦਿ ਦਾ ਭੁਗਤਾਨ ਕੇਵਲ ਸਫਲ ਬੋਲੀਕਾਰ ਦੀ ਇਕੱਲੇ ਦੀ ਜ਼ਿੰਮੇਵਾਰੀ ਹੋਵੇਗੀ, ਸਫ਼ਲ ਬੋਲੀਕਾਰ ਵੱਲੋਂ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦੇ ਭੁਗਤਾਨ ਵਿਚ ਅਸਫਲਤਾ ਦਾ ਨਤੀਜਾ ਉਨ੍ਹਾਂ ਵੱਲੋਂ ਜਮ੍ਹਾਂ ਰਕਮ ਦੀ ਜ਼ਬਤੀ ਹੋਵੇਗਾ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਵੈਬਸਾਈਟ : (a) **https:sbi.co.in/** (b) **https://baanknet.com** ਵਿਚ ਨਿਮਨ ਦਰਸਾਏ/ਹਵਾਲੇ ਅਧੀਨ ਹਨ।

ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ<br>ਜਮ੍ਹਾਂ ਬਿਆਨਾ ਰਕਮ (ਈਐਮਡੀ)<br>ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਅਤੇ ਸੰਪਰਕ ਨੰ. |
|---|---|---|---|---|---|---|
| 1. | 1. ਮੈਸਰਜ਼ ਭਾਗਵਤੀ ਕੋਲ ਫੈਕਟਰੀ ਇਸ ਦੇ ਪ੍ਰੋ. ਅੰਕੁਸ਼ ਸੇਠੀ ਪੁੱਤਰ ਸ. ਸੁਰਿੰਦਰ ਕੁਮਾਰ # ਪਿੰਡ ਕੋਟਲੀ ਦੀਵਾਨ, ਜਿਲਾ-ਮੁਕਤਸਰ-152026, 2. ਸ੍ਰੀ ਅੰਕੁਸ਼ ਸੇਠੀ ਪੁੱਤਰ ਸ. ਸੁਰਿੰਦਰ ਕੁਮਾਰ ਹਾਊਸ ਲੋਨ (ਕਰਜ਼ਦਾਰ/ਗਿਰਵੀਕਾਰ) # ਨੰਬਰ 3105, ਖੇਤਾ ਰਾਮ ਸਟਰੀਟ, ਮੁਕਤਸਰ-152026, ਜ਼ਾਮਨ: ਸ੍ਰੀ ਵਿਨੋਦ ਕੁਮਾਰ ਪੁੱਤਰ ਸ੍ਰ ਪਿੰਦੀ ਦਾਸ ਮਕਾਨ ਨੰ. 712, ਬੁਰਾ ਗੁੱਜਰ ਰੋਡ, ਮੁਕਤਸਰ-152026, ਜ਼ਾਮਨ : ਸ੍ਰ. ਛਿੰਦਰ ਪਾਲ ਪੁੱਤਰ ਚਿਮਨ ਲਾਲ ਮਕਾਨ ਨੰ. 1863, ਗਊਸ਼ਾਲਾ ਵਾਲੀ ਗਲੀ, ਤਾਜਾ ਵਾਲੀ ਬਸਤੀ, ਮੁਕਤਸਰ-152026 | 1. ਭਗਵਤੀ ਕੋਲ ਫੈਕਟਰੀ ਸੀਸੀ ਖਾਤਾ ਰੁ. 41,48,000/- (ਰੁਪਏ ਇਕਤਾਲੀ ਲੱਖ ਅਠਤਾਲੀ ਹਜ਼ਾਰ ਕੇਵਲ) 31.08.2025 ਨੂੰ ਬਕਾਇਆ, 2. ਅੰਕੁਸ਼ ਸੇਠੀ ਸਪੁੱਤਰ ਸੁਰਿੰਦਰ ਕੁਮਾਰ ਐਚ/ਐਲ ਖਾਤਾ ਰੁ. 31,56,000/- (ਰੁਪਏ ਇਕੱਤੀ ਲੱਖ ਛਪੰਜਾ ਹਜ਼ਾਰ ਕੇਵਲ) 31.08.2025 ਨੂੰ ਬਕਾਇਆ ਜਮ੍ਹਾਂ 31.08.2025 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਜਾਇਦਾਦ ਆਈਡੀ: SBIN0527100384-EM 170 ਵਰਗ ਗਜ਼ ਦੀ ਜ਼ਮੀਨ 'ਤੇ ਰਿਹਾਇਸ਼ੀ ਘਰ ਦਾ ਭਾਵ 11738 ਵਰਗ ਗਜ਼ 6 ਵਰਗ ਫੁੱਟ ਵਿੱਚੋਂ 170/1138 ਹਿੱਸਾ ਜਿਸ ਵਿੱਚ ਖੇਵਟ ਨੰਬਰ 317 ਖਾਤੌਨੀ ਨੰਬਰ 654 ਤੋਂ 658, ਖਸਰਾ ਨੰਬਰ 152 (1138-6) ਸ਼ਾਮਲ ਹੈ, ਜੋ ਕਿ ਆਬਾਦੀ ਜਾਦੀਦ ਮੁਕਤਸਰ-1, ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਖੇਤਰ ਵਿੱਚ ਸਥਿਤ ਹੈ, 1946-47 ਦੇ ਸਾਲ ਲਈ ਜਮ੍ਹਾਂਬੰਦੀ ਅਨੁਸਾਰ ਹਦਬਸਤ ਨੰਬਰ 54, ਮਿਤੀ 27.02.2017 ਨੂੰ ਟਰਾਂਸਫਰ ਡੀਡ ਨੰਬਰ 4303 ਦੁਆਰਾ ਰਜਿਸਟਰ ਕੀਤਾ ਗਿਆ ਹੈ। (ਡੀਡ ਅਨੁਸਾਰ ਖੇਤਰਫਲ 170 ਵਰਗ ਗਜ਼ ਹੈ, ਜਦੋਂ ਕਿ ਭੌਤਿਕ ਖੇਤਰਫਲ 150 ਵਰਗ ਗਜ਼ ਹੈ ਜਿਸਨੂੰ ਮੁਲਾਂਕਣ ਲਈ ਮੰਨਿਆ ਜਾਂਦਾ ਹੈ। ਅਤੇ ਹੇਠ ਲਿਖੇ ਅਨੁਸਾਰ ਸੀਮਾਬੱਧ ਕੀਤਾ ਗਿਆ ਹੈ: ਸਾਹਮਣੇ ਵਾਲਾ ਪਾਸਾ: ਗਲੀ 20' ਚੌੜੀ, ਪਿਛਲਾ ਪਾਸਾ: ਸਰਬ ਹਿਤਕਾਰੀ ਸਕੂਲ, ਇੱਕ ਪਾਸਾ: ਭੂਸ਼ਣ ਕਸਰੀਜਾ, ਦੂਜਾ ਪਾਸਾ: ਚਿਮਨ ਲਾਲ (ਨੋਟ: ਇਹ ਜਾਇਦਾਦ ਭਗਵਤੀ ਕੋਲ ਫੈਕਟਰੀ ਅਤੇ ਅੰਕੁਸ਼ ਸੇਠੀ ਪੁੱਤਰ ਸੁਰਿੰਦਰ ਕੁਮਾਰ H/L ਦੇ ਸੀਸੀ ਏ/ਸੀ ਵਿੱਚ ਵੀ ਗਿਰਵੀ ਰੱਖੀ ਗਈ ਹੈ)<br>**ਭੌਤਿਕ ਕਬਜ਼ੇ ਦੀ ਮਿਤੀ : 26.05.2023** | Rs. 39,22,000/-<br>Rs. 3,92,200/-<br>Rs. 20,000/- | 16.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 2. | 1. ਮੈਸ. ਨਿਸ਼ਠਾ ਟਰੇਡਿੰਗ ਕੰਪਨੀ ਗੋਲੂ ਕੇ ਮੋੜ ਗੁਰੂਹਰਸਹਾਏ ਰੋਡ ਨੇੜੇ ਏ.ਏ.ਬੀ.ਕੇ.ਓ. ਗੋਲੂ ਕੇ ਮੋੜ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ-152022, 2.ਪ੍ਰੋਪ-: ਸ੍ਰੀ ਪਰਦੀਪ ਮਹਿਤਾ ਪੁੱਤਰ ਰਮੇਸ਼ ਚੰਦ ਮਹਿਤਾ ਮਹਿਤਾ ਸਟਰੀਟ ਗੁਰੂਹਰਸਹਾਏ ਜ਼ਿਲ੍ਹਾ ਫ਼ਿਰੋਜ਼ਪੁਰ-152022, 3. ਜ਼ਾਮਨ: ਸ਼੍ਰੀਮਤੀ ਅੰਜੂ ਬਾਲਾ ਸੁਪਤਨੀ ਪ੍ਰਦੀਪ ਮਹਿਤਾ ਮਹਿਤਾ ਸਟਰੀਟ, ਗੁਰੂਹਰਸਹਾਏ ਜ਼ਿਲ੍ਹਾ-ਫ਼ਿਰੋਜ਼ਪੁਰ-152022 | ਰੁ. 23,80,928.26/- (ਰੁਪਏ ਤੇਈ ਲੱਖ ਅੱਸੀ ਹਜ਼ਾਰ ਨੌਂ ਸੌ ਅਠਾਈ ਅਤੇ ਛੱਬੀ ਪੈਸੇ ਕੇਵਲ) 19.07.2023 ਨੂੰ ਬਕਾਇਆ ਜਮ੍ਹਾਂ 19.07.2023 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਜਾਇਦਾਦ ਆਈਡੀ: SBIN0527100432: ਜ਼ਮੀਨ ਦੀ ਮਾਪ 6 ਕਨਾਲ 4.5 ਸਰਸਾਈ ਭਾਵ 6 ਕਨਾਲ 4 ਮਰਲੇ ਵਿੱਚੋਂ 117/2232 ਹਿੱਸਾ ਖਸਰਾ ਨੰਬਰ 28/7(6-4) ਵਾਲੀ ਜ਼ਮੀਨ ਦਾ 117/2232 ਹਿੱਸਾ ਹੈ, ਜੋ ਕਿ ਪਿੰਡ ਮੋਹਨ ਕੇ ਉੱਤਰ ਤਹਿਸੀਲ ਗੁਰੂ ਹਰ ਸਹਾਏ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸ਼੍ਰੀਮਤੀ ਅੰਜੂ ਬਾਲਾ ਪਤਨੀ ਸ਼੍ਰੀ ਪ੍ਰਦੀਪ ਮਹਿਤਾ ਦੇ ਨਾਮ 'ਤੇ ਸਥਿਤ ਵਾਸਿਕਾ ਨੰ. 1452 ਮਿਤੀ 26.10.2017 ਨੂੰ ਸਬ ਰਜਿਸਟਰਾਰ ਗੁਰੂ ਹਰ ਸਹਾਏ ਦੇ ਦਫ਼ਤਰ ਵਿੱਚ ਰਜਿਸਟਰਡ। ਨੋਟ:- SA/374/2023 ਮਾਣਯੋਗ ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ ਦੇ ਸਾਹਮਣੇ ਲੰਬਿਤ ਹੈ।<br>**ਭੌਤਿਕ ਕਬਜ਼ੇ ਦੀ ਮਿਤੀ : 27.06.2024** | Rs. 21,10,000/-<br>Rs. 2,11,000/-<br>Rs. 20,000/- | 06.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 3. | 1) ਮੈਸ. ਜੈ ਸ਼ਿਵ ਭੋਲੇ ਰਾਈਸ ਮਿਲਜ਼ ਭਾਈਵਾਲੀ ਫਰਮ ਵਾਸੀ ਕੋਹਾੜ ਸਿੰਘ ਵਾਲਾ ਰੋਡ ਗੁਰੂਹਰਿਸਹਾਏ ਜ਼ਿਲ੍ਹਾ ਫਿਰੋਜ਼ਪੁਰ ਪੰਜਾਬ। 2) ਸ਼੍ਰੀਮਤੀ ਰੇਸ਼ਮੀ ਥਥਾਈ ਪੁੱਤਰੀ ਸਵਰਗਵਾਸੀ ਰਾਜ ਕੁਮਾਰ ਨਰੂਲਾ ਮਾਰਫਤ ਜੇ.ਕੇ. ਰਾਈਸ ਕਿੱਲੀ ਜਲਾਬਾਦ (ਪੰਜਾਬ) ਸਵਰਗੀ ਜ਼ਾਮਨ ਸ੍ਰੀ ਰਾਜ ਕੁਮਾਰ ਨਰੂਲਾ ਸਪੁੱਤਰ ਰਾਮ ਨਾਥ ਦੇ ਕਾਨੂੰਨੀ ਵਾਰਸ ਅਤੇ ਪ੍ਰਤੀਨਿਧੀ, **ਭਾਈਵਾਲ:** ਰਾਕੇਸ਼ ਕੁਮਾਰ ਸਪੁੱਤਰ ਸ. ਮੋਹਨ ਲਾਲ ਵਾਰਡ ਨੰ. 3, ਆਦਰਸ਼ ਨਗਰ ਗੁਰੂਹਰਸਹਾਏ, 3) ਸ੍ਰੀ ਵਿਨੈ ਕੁਮਾਰ ਪੁੱਤਰ ਸ੍ਰੀ ਸੁਰਿੰਦਰ ਕੁਮਾਰ (ਜ਼ਾਮਨ) ਵਾਸੀ 77 ਬਸਤੀ ਲਾਭ ਸਿੰਘ ਵਾਲੀ ਗੁਰੂਹਰਿਸਹਾਏ ਜ਼ਿਲ੍ਹਾ ਫਿਰੋਜ਼ਪੁਰ ਪੰਜਾਬ, 4) ਸ੍ਰੀ ਸੁਨੀਲ ਕੁਮਾਰ ਪੁੱਤਰ ਸ੍ਰੀ ਰਾਜ ਕੁਮਾਰ ਨਰੂਲਾ ਜ਼ਾਮਨ ਅਤੇ (ਐਲਆਰ) ਵਾਸੀ 15 ਵਾਰਡ ਨੰ.6-7 ਦਫ਼ਤਰ ਨਗਰ ਕੌਂਸਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਪੰਜਾਬ, 5) ਸ਼.ਰਾਕੇਸ਼ ਕੁਮਾਰ ਪੁੱਤਰ ਸ੍ਰੀ ਮੋਹਨ ਲਾਲ (ਭਾਈਵਾਲ) ਵਾਰਡ ਨੰ-3, ਆਦਰਸ਼ ਨਗਰ, ਗੁਰੂਹਰਿਸਹਾਏ ਫਿਰੋਜ਼ਪੁਰ, ਪੰਜਾਬ 152001 6) ਕਮਲੇਸ਼ ਰਾਣੀ ਪਤਨੀ ਸਵਰਗਵਾਸੀ ਰਾਜ ਕੁਮਾਰ ਨਰੂਲਾ ਵਾਸੀ ਗਲੀ ਨੰ-4 ਗੁਰੂਨਾਨਕ ਕਲੋਨੀ ਫਰੀਦਕੋਟ (ਪੰਜਾਬ) ਸਵਰਗਵਾਸੀ ਜ਼ਾਮਨ ਸ਼੍ਰੀ ਰਾਜ ਕੁਮਾਰ ਨਰੂਲਾ ਸਪੁੱਤਰ ਰਾਮ ਨਾਥ ਦੇ ਕਾਨੂੰਨੀ ਵਾਰਸ ਅਤੇ ਪ੍ਰਤੀਨਿਧੀ, 7) ਸ਼੍ਰੀਮਤੀ ਵਿਜੇ ਰਾਣੀ ਸੁਪਤਨੀ ਸ਼੍ਰੀ ਰਾਕੇਸ਼ ਕੁਮਾਰ (ਜ਼ਾਮਨ) ਮਕਾਨ ਨੰ. 117, ਧਵਨ ਸਟਰੀਟ ਮਾਡਲ ਟਾਊਨ ਗੁਰੂਹਰਿਸਹਾਏ ਫਿਰੋਜ਼ਪੁਰ, 8) ਸ੍ਰੀ ਅਮਿਤ ਕੁਮਾਰ ਨਰੂਲਾ ਸਪੁੱਤਰ ਸ੍ਰੀ ਰਾਜ ਕੁਮਾਰ ਨਰੂਲਾ (ਜ਼ਾਮਨ) ਅਤੇ ਐਲਆਰ ਵਾਸੀ ਗਲੀ ਨੰ-4 ਜੀਜੀਐਸਐਸ ਮੈਡੀਕਲ ਹਸਪਤਾਲ, ਗੁਰੂ ਨਾਨਕ ਕਾਲੋਨੀ, ਗੁਰੂਹਰਿਸਹਾਏ ਕਲੋਨੀ, ਪੰਜਾਬ, 9) ਅਲਫਾ ਪੇਪਰ ਇੰਡਸਟਰੀਜ਼/ ਸ੍ਰੀ ਸੁਨੀਲ ਕੁਮਾਰ ਨਰੂਲਾ (ਇਕਲੌਤੇ ਮਾਲਕ) ਪੁੱਤਰ ਰਾਜ ਕੁਮਾਰ ਜ਼ਾਮਨ ਅਤੇ (ਐਲ.ਆਰ.) ਮੰਡੀ ਗੁਰੂਹਰਿਸਹਾਏ ਫਿਰੋਜ਼ਪੁਰ, 10) ਸ੍ਰੀਮਤੀ ਅੰਜੁਮਨ ਪਤਨੀ ਸ੍ਰੀ ਸੁਨੀਲ ਕੁਮਾਰ (ਭਾਈਵਾਲ) ਮਕਾਨ ਨੰ-327, ਵਾਰਡ ਨੰ-9 ਨੇੜੇ ਡਾ. ਧਵਨ ਮਾਡਲ ਟਾਊਨ ਗੁਰੂਹਰਸਹਾਏ ਫਿਰੋਜ਼ਪੁਰ ਪੰਜਾਬ 152001 | ਰੁ. 6,64,52,137.93/- (ਰੁਪਏ ਛੇ ਕਰੋੜ ਚੌਂਹਠ ਲੱਖ ਬਵੰਜਾ ਹਜ਼ਾਰ ਇੱਕ ਸੌ ਸੈਂਤੀ ਅਤੇ ਤਰਾਨਵੇਂ ਪੈਸੇ ਕੇਵਲ) 05.05.2015 ਨੂੰ ਬਕਾਇਆ ਜਮ੍ਹਾਂ 05.05.2015 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਪ੍ਰਾਪਰਟੀ ਆਈਡੀ: SBIN05271710- 1. ਕੋਹਾੜ ਸਿੰਘ ਵਾਲਾ ਰੋਡ, ਗੁਰੂਹਰਿਸਹਾਏ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਨਿਰਮਿਤ ਇਮਾਰਤ ਅਤੇ 36 ਕਨਾਲ ਮਾਪ ਵਾਲੀ ਫੈਕਟਰੀ ਜ਼ਮੀਨ ਅਤੇ ਇਮਾਰਤ (ਇਸੇ ਸਥਾਨ 'ਤੇ ਢੁੱਕਵੀਂ ਹੱਦਬੰਦੀ ਤੋਂ ਬਿਨਾਂ ਅਤੇ ਸਾਰੀਆਂ ਪੰਜ ਸਾਂਝੀਆਂ ਟਾਈਟਲ ਡੀਡਜ਼ ਸਮੇਤ, ਵੇਰਵੇ ਨਿਮਨ ਦਰਸਾਏ ਹਨ) ਉ. ਵਿਕਰੀ ਡੀਡ ਨੰਬਰ 2258 ਮਿਤੀ 15.02.1994 ਦੇ ਅਧੀਨ ਮੈਸ. ਅਲਫਾ ਪੇਪਰ ਇੰਡਸਟ੍ਰੀਜ਼ (ਪ੍ਰੋਪ. ਸ੍ਰੀ ਸੁਨੀਲ ਕੁਮਾਰ ਸਪੁੱਤਰ ਸ੍ਰੀ ਰਾਜ ਕੁਮਾਰ) ਦੇ ਨਾਮ 'ਤੇ ਮਾਲਕੀ ਹੇਠ ਗੁਰੂਹਰਿਸਹਾਏ ਸ਼ਾਮਲ ਵਿਚ ਸਥਿਤ ਰੈਕਟ ਨੰ. 149 ਕਿਲਾ ਨੰ. 6 (7-14), 7 (8-0), ਰੈਕਟ ਨੰ. 150 ਕਿਲਾ ਨੰ. 10/2 (0-15) ਵਿਚ ਸ਼ਾਮਲ 16 ਕਨਾਲ 9 ਮਰਲੇ ਦੇ 22/329 ਹਿੱਸੇ ਭਾਵ 1 ਕਨਾਲ 2 ਮਰਲੇ ਮਾਪ ਵਾਲੀ ਜ਼ਮੀਨ ਟੀਆਈਆਰ ਦੇ ਅਨੁਸਾਰ ਵਿਕਰੀ ਡੀਡ ਨੰ. 2258 ਮਿਤੀ 15.02.1994 ਦੇ ਅਧੀਨ ਮੈਸ. ਅਲਫ਼ਾ ਪੇਪਰ ਇੰਡਸਟਰੀਜ਼ ਰਾਹੀਂ ਪ੍ਰੋਪ. ਸ੍ਰੀ ਸੁਨੀਲ ਕੁਮਾਰ ਸਪੁੱਤਰ ਸ੍ਰੀ ਰਾਜ ਕੁਮਾਰ ਦੇ ਨਾਮ 'ਤੇ ਮਾਲਕੀ ਹੇਠ ਗੁਰੂਹਰਿਸਹਾਏ ਸ਼ਾਮਲੀ ਵਿਖੇ ਸਥਿਤ ਰੈਕਟ ਨੰ. 149 ਕਿਲਾ ਨੰ. 6 (7-14), 7(8-0) ਰੈਕਟ ਨੰ. 150 ਕਿਲਾ ਨੰ. 10/2 (0-15) ਵਿਚ ਸ਼ਾਮਲ 16 ਕਨਾਲ 9 ਮਰਲੇ ਦੇ 22/329 ਹਿੱਸੇ ਭਾਵ 1 ਕਨਾਲ 2 ਮਰਲੇ ਮਾਪ ਵਾਲੀ ਜ਼ਮੀਨ (ਸ੍ਰੀਮਤੀ ਅੰਜੁਮਨ ਸੁਪਤਨੀ ਸ੍ਰੀ ਸੁਨੀਲ ਕੁਮਾਰ, ਜੋ ਕਿ ਖਾਤੇ ਵਿਚ ਭਾਈਵਾਲ ਹਨ, ਨੂੰ ਸੰਪੱਤੀ ਦੇ ਗਿਰਵੀਕਾਰ/ਮਾਲਕ ਭਾਵ ਸ੍ਰੀ ਸੁਨੀਲ ਕੁਮਾਰ (ਜ਼ਾਮਨ) ਨੇ ਟੀਆਈਆਰ ਮਿਤੀ 14.11.2017 ਦੇ ਅਨੁਸਾਰ ਸੰਪੱਤੀ ਵੇਚ ਦਿੱਤੀ ਹੈ। ਬੈਂਕ ਦੀ ਦੇਣਦਾਰੀ ਮਾਲੀਆ ਰਿਕਾਰਡ ਵਿੱਚ 5.00 ਕਰੋੜ ਹੈ)<br>ਅ. ਵਿਕਰੀ ਡੀਡ ਨੰ. 1886 ਮਿਤੀ 18.10.2001 ਦੇ ਅਧੀਨ ਸ੍ਰੀ ਅਮਿਤ ਕੁਮਾਰ ਸਪੁੱਤਰ ਸ੍ਰੀ ਰਾਜ ਕੁਮਾਰ ਅਤੇ ਸ੍ਰੀ ਵਿਨੈ ਕੁਮਾਰ ਸਪੁੱਤਰ ਸ੍ਰੀ ਸੁਰਿੰਦਰ ਕੁਮਾਰ ਦੇ ਨਾਮ 'ਤੇ ਗੁਰੂਹਰਿਸਹਾਏ ਸ਼ਾਮਲੀ ਵਿਖੇ ਸਥਿਤ ਰੈਕਟ ਨੰ. 149, ਕਿਲਾ ਨੰ. 14 (8-0), 15/1 (5-8), 17/1 (6-11), ਵਿਚ ਸ਼ਾਮਲ 19 ਕਨਾਲ 19 ਮਰਲੇ ਦੇ 1/3 ਹਿੱਸੇ ਭਾਵ 6ਕਨਾਲ 13 ਮਰਲੇ ਮਾਪ ਵਾਲੀ ਜ਼ਮੀਨ (ਟੀਆਰਆਰ ਮਿਤੀ 14.11.2017 ਦੇ ਅਨੁਸਾਰ ਰਪਟ ਨੰਬਰ 580 ਦੇ ਅਧੀਨ ਸੰਪੱਤੀ ਉਪਰ ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮੰਡੀਕਰਨ ਫੈਡਰੇਸ਼ਨ ਲਿਮ. (ਮਾਰਕਫੈਡ) ਦਾ ਰੁਪਏ 6,43,739 ਦੁਆਰਾ ਬੰਦੀ ਹੈ।) ਏ. ਵਿਕਰੀ ਡੀਡ ਨੰਬਰ 837 ਮਿਤੀ 02.06.1994 ਦੇ ਅਧੀਨ ਮੈਸ. ਜੈ ਅੰਬੇ ਰਾਈਸ ਮਿਲਜ਼, ਪ੍ਰੋਪ. ਸ੍ਰੀ ਰਾਜ ਕੁਮਾਰ ਸਪੁੱਤਰ ਸ੍ਰੀ ਰਾਮ ਨਾਥ (ਜ਼ਾਮਨ) ਦੇ ਨਾਮ 'ਤੇ ਗੁਰੂਹਰਿਸਹਾਏ ਸ਼ਾਮਲੀ ਵਿਖੇ ਸਥਿਤ ਰੈਕਟ ਨੰ. 149, ਕਿਲਾ ਨੰ. 6, (7-14) 7 (8-0) ਵਿਚ ਸ਼ਾਮਲ 15 ਕਨਾਲ 14 ਮਰਲੇ ਦੇ 1/2 ਹਿੱਸੇ ਭਾਵ 7 ਕਨਾਲ 17 ਮਰਲੇ ਮਾਪ ਵਾਲੀ ਜ਼ਮੀਨ। ਸ. ਵਿਕਰੀ ਡੀਡ ਨੰ. 2257 ਮਿਤੀ 15.02.1994 ਦੇ ਅਧੀਨ ਭਾਈਵਾਲ ਸ੍ਰੀ ਵਿਨੈ ਕੁਮਾਰ ਸਪੁੱਤਰ ਸ੍ਰੀ ਰਾਮ ਨਾਥ ਦੁਆਰਾ ਮੈਸ. ਜੈ ਅੰਬੇ ਰਾਈਸ ਮਿਲਜ਼ ਦੀ ਮਾਲਕੀ ਹੇਠ ਗੁਰੂਹਰਿਸਹਾਏ ਸ਼ਾਮਲੀ ਵਿਖੇ ਸਥਿਤ ਰੈਕਟ ਨੰ. 149 ਕਿਲਾ ਨੰ. 6 (7-14) (8-0), ਰੈਕਟ ਨੰ. 150 ਕਿਲਾ ਨੰ. 10/2 (0-15) ਵਿਚ ਸ਼ਾਮਲ 16 ਕਨਾਲ 9 ਮਰਲੇ ਦੇ 142/329 ਹਿੱਸੇ ਭਾਵ 7 ਕਨਾਲ 2 ਮਰਲੇ ਮਾਪ ਵਾਲੀ ਜ਼ਮੀਨ। ਹ. ਵਿਕਰੀ ਡੀਡ ਨੰ. 1303 ਮਿਤੀ 11.08.1992 ਦੇ ਅਧੀਨ ਭਾਈਵਾਲ ਸ੍ਰੀ ਰਵੀ ਕੁਮਾਰ ਸਪੁੱਤਰ ਸ੍ਰੀ ਰਾਮ ਨਾਥ ਦੁਆਰਾ ਮੈਸ. ਜੈ ਸ਼ਿਵ ਭੋਲੇ ਰਾਈਸ ਮਿਲਜ਼ ਦੇ ਨਾਮ 'ਤੇ ਗੁਰੂਹਰਿਸਹਾਏ ਵਿਖੇ ਸਥਿਤ ਰੈਕਟ ਨੰ. 149 ਕਿਲਾ ਨੰ. 14 (8-0) 15/1 (5-8), 17/1 (6-11) ਵਿਚ ਸ਼ਾਮਲ 19 ਕਨਾਲ 19 ਮਰਲੇ ਦੇ 2/3 ਹਿੱਸੇ ਭਾਵ 13 ਕਨਾਲ 6 ਮਰਲੇ ਮਾਪ ਵਾਲੀ ਜ਼ਮੀਨ।<br>ਨੋਟ: - ਟੀਆਈਆਰ ਮਿਤੀ 14.11.2017 ਦੇ ਅਨੁਸਾਰ ਰਪਟ ਨੰਬਰ 580 ਦੇ ਅਧੀਨ ਸੰਪੱਤੀ ਪੰਜਾਬ ਰਾਜ ਸਹਿਕਾਰੀ ਸਪਲਾਈ ਅਤੇ ਮਾਰਕੀਟਿੰਗ ਫੈੱਡ.ਲਿਮਟਿਡ (ਮਾਰਕਫੈੱਡ)ਦੀ ਰੁ. 6,43,739 ਦੀ ਰਕਮ ਦੁਆਰਾ ਬੰਦੀ ਹੈ।<br>**ਸੰਕੇਤਕ ਕਬਜ਼ੇ ਦੀ ਮਿਤੀ : 06.04.2023** | Rs. 1,19,00,000/-<br>Rs. 11,90,000/-<br>Rs. 1,00,000/- | 06.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 4. | ਕਰਜ਼ਦਾਰ: ਸ਼. ਕਿਰਪਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ: ਟੀਚਰ ਕਲੋਨੀ, ਸੇਂਟ ਨੰਬਰ 6ਟੀ, ਫਰੀਦਕੋਟ-151203 ਹੋਰ ਪਤਾ : ਸ਼. ਕਿਰਪਾਲ ਸਿੰਘ ਪੁੱਤਰ ਅਜੀਤ ਸਿੰਘ, ਪਿੰਡ ਮੰਡ ਵਾਲਾ, ਡਾਕ: ਧੂਰਕੋਟ, ਫਰੀਦਕੋਟ-151203 ਜ਼ਾਮਨ : ਸ਼. ਪਾਲ ਸਿੰਘ ਪੁੱਤਰ ਸ. ਮੁਖਤਿਆਰ ਸਿੰਘ, ਪਿੰਡ ਤੇ ਡਾਕਖਾਨਾ ਮਚਾਕੀ ਮੱਲ ਸਿੰਘ, ਫਰੀਦਕੋਟ-151203 | ਰੁ. 31,58,875.21 (ਰੁਪਏ ਇਕੱਤੀ ਲੱਖ ਅਠਵੰਜਾ ਹਜ਼ਾਰ ਅੱਠ ਸੌ ਪਝੱਤਰ ਅਤੇ ਇੱਕੀ ਪੈਸੇ ਕੇਵਲ) 04.03.2019 ਨੂੰ ਬਕਾਇਆ ਜਮ੍ਹਾਂ 04.03.2019 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਜਾਇਦਾਦ ਆਈਡੀ: SBIN0527100362: 0 ਕਨਾਲ 15 ਮਰਲੇ, 15/28 ਹਿੱਸੇ ਵਾਲੀ ਰਿਹਾਇਸ਼ੀ ਜਾਇਦਾਦ ਦਾ ਬਰਾਬਰ ਗਿਰਵੀਨਾਮਾ ਜਿਸਦੀ 1 ਕਨਾਲ 08 ਮਰਲੇ ਦੀ ਜ਼ਮੀਨ ਹੈ ਜਿਸਦੀ ਖਸਰਾ ਨੰਬਰ 10321/7711/0-6, 10322/7711/0-7, 10326/7711/0-7, 10327/7711/0-8 ਹੈ, ਖੇਵਟ ਨੰਬਰ 326 ਖਤੌਣੀ ਨੰਬਰ 518 ਜਮ੍ਹਾਂਬੰਦੀ ਸਾਲ 2009-10 ਟੀਚਰ ਕਲੋਨੀ, ਫਰੀਦਕੋਟ ਵਿਖੇ, ਟਾਈਟਲ ਡੀਡ ਵਸੀਕਾ ਨੰਬਰ 2360 ਮਿਤੀ 19.09.2014 ਦੁਆਰਾ ਸ਼੍ਰੀ. ਕਿਰਪਾਲ ਸਿੰਘ ਪੁੱਤਰ ਸ਼੍ਰੀ ਅਜੀਤ ਸਿੰਘ ਦੇ ਨਾਮ 'ਤੇ ਅਤੇ ਇਸਦੀ ਹੱਦ ਹੇਠ ਲਿਖੇ ਅਨੁਸਾਰ ਹੈ: ਉੱਤਰ- ਮਨਿਤ ਕੌਰ - ਪਾਸੇ 94 ਫੁੱਟ, ਦੱਖਣ- ਜੋਗਿੰਦਰ ਸਿੰਘ - ਪਾਸੇ 94 ਫੁੱਟ ਪੂਰਬ-ਗਲੀ- ਪਾਸੇ 42 ਫੁੱਟ, ਪੱਛਮ-ਛਿੰਦਰਪਾਲ ਕੌਰ- ਪਾਸੇ 42 ਫੁੱਟ।<br>**ਭੌਤਿਕ ਕਬਜ਼ੇ ਦੀ ਮਿਤੀ : 06.12.2022** | Rs. 24,90,000/-<br>Rs. 2,49,000/-<br>Rs. 20,000/- | 16.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 5. | ਮੈਸ. ਐਸ.ਕੇ. ਵਾਈਨ ਪਾਰਟਨਰਸ਼ਿਪ ਫਰਮ ਨੇੜੇ ਐਚ.ਕੇ.ਐਲ. ਹਸਪਤਾਲ, ਮੰਡੀ ਗੁਰੂਹਰਸਹਾਏ ਜਿਲ੍ਹਾ ਫਿਰੋਜ਼ਪੁਰ- 152 002, ਸ਼.ਵਰਿੰਦਰ ਕੁਮਾਰ (ਭਾਈਵਾਲ) ਪੁੱਤਰ ਸ. ਨਿਯਮਤ ਰਾਏ, ਮਕਾਨ ਨੰ. 119/121 ਵਾਰਡ ਨੰ. 1, ਰੇਲਵੇ ਬਸਤੀ ਗੁਰੂਹਰਸਹਾਏ ਜ਼ਿਲ੍ਹਾ. ਫਿਰੋਜ਼ਪੁਰ-152024, ਬਲ ਬਦੇਵ ਰਾਜ (ਭਾਈਵਾਲ) ਪੁੱਤਰ ਸ. ਰਾਮ ਚੰਦ ਮਕਾਨ ਨੰ.7 ਪਿੰਡ - ਵਾਸਲ ਮੋਹਨ ਕੇ ਗੁਰੂਹਰਸਹਾਏ ਜਿਲਾ ਫਿਰੋਜ਼ਪੁਰ-152 022, ਸ਼.ਕਮਲ ਗੁਪਤਾ ਉਰਫ ਕਮਲ ਕਾਂਤ (ਭਾਈਵਾਲ) ਪੁੱਤਰ ਸ. ਅਸ਼ੋਕ ਕੁਮਾਰ ਮਕਾਨ ਨੰ.7, ਵਾਰਡ ਨੰ.6-7, ਰਿਸ਼ੀ ਚੌਂਕ, ਗੁਰੂਹਰਸਹਾਏ ਜਿਲਾ. ਫਿਰੋਜ਼ਪੁਰ-152 022, ਸ. ਸਿਕੰਦਰ ਸਿੰਘ (ਭਾਈਵਾਲ) ਪੁੱਤਰ ਸ. ਪਿਆਰਾ ਸਿੰਘ ਹਾਊਸ ਨੰ: 174, ਵਾਰਡ ਨੰ. 1, ਦਸ਼ਮੇਸ਼ ਨਗਰ, ਗੁਰੂਹਰਿਸਹਾਏ ਜ਼ਿਲ੍ਹਾ ਫਿਰੋਜ਼ਪੁਰ-152022 | ਰੁ. 27,54,302.00 (ਰੁਪਏ ਸਤਾਈ ਲੱਖ ਚੁਰੰਜਾ ਹਜ਼ਾਰ ਤਿੰਨ ਸੌ ਦੋ ਕੇਵਲ) 17.10.2017 ਨੂੰ ਬਕਾਇਆ ਜਮ੍ਹਾਂ 17.10.2017 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਜਾਇਦਾਦ ਆਈਡੀ SBIN0527100186: ਗੁਰੂਹਰਸਹਾਏ ਸ਼ਾਮਲੀ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਰਿਹਾਇਸ਼ੀ-ਕਮ-ਵਪਾਰਕ ਇਮਾਰਤ ਦਾ ਬਰਾਬਰ ਗਿਰਵੀਨਾਮਾ ਜੋ ਕਿ ਪਲਾਟ 06 ਮਰਲੇ 08 ਔਂਸ 'ਤੇ ਬਣਾਇਆ ਗਿਆ ਹੈ, 04 ਕਨਾਲ 02 ਮਰਲੇ ਦੀ ਜ਼ਮੀਨ ਦੇ 62/738 ਹਿੱਸੇ ਵਿੱਚ ਆਇਤਕਾਰ ਨੰਬਰ 180 ਕਿਲ੍ਹਾ ਨੰਬਰ 20/1(4-2), ਖੇਵਟ ਨੰਬਰ 1366 ਖਤੌਣੀ ਨੰਬਰ 1965 ਜਮ੍ਹਾਂਬੰਦੀ 2003-04 ਦੇ ਸਾਲ ਸ਼੍ਰੀ ਕਮਲ ਗੁਪਤਾ ਪੁੱਤਰ ਅਸ਼ੋਕ ਕੁਮਾਰ ਦੇ ਨਾਮ 'ਤੇ ਵਸੀਕਾ ਨੰਬਰ 2403 ਜਮ੍ਹਾਂਬੰਦੀ 2003-04 ਮਿਤੀ 13.02.2016 ਦੁਆਰਾ<br>**ਸੰਕੇਤਕ ਕਬਜ਼ੇ ਦੀ ਮਿਤੀ : 09.01.2019** | Rs. 19,95,000/-<br>Rs. 1,99,500/-<br>Rs. 20,000/- | 06.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 6. | ਮੈਸ. ਸੈਣੀ ਇੰਜੀ ਵਰਕਸ ਆਪਣੇ ਮਾਲਕ ਰਾਹੀਂ ਸ਼. ਵਿਸ਼ੇਸ਼ ਕੁਮਾਰ ਪੁੱਤਰ ਸ੍ਰੀ ਦੌਲਤ ਰਾਮ ਸੈਣੀ ਪਲਾਟ ਨੰ. ਪੀਐਫ - 31, ਪ੍ਰੀਮੀਅਰ ਕੰਪਲੈਕਸ, ਨਿੱਚੀ ਮੰਗਲੀ, ਲੁਧਿਆਣਾ, ਪੰਜਾਬ-141 010 (ਕਰਜ਼ਦਾਰ), 2. ਸ਼ ਵਿਸ਼ੇਸ਼ ਕੁਮਾਰ ਪੁੱਤਰ ਸ਼. ਦੌਲਤ ਰਾਮ ਸੈਣੀ ਵਾਸੀ 76 - ਨਿਊ ਜੀ.ਕੇ. ਅਸਟੇਟ, ਚੰਡੀਗੜ੍ਹ ਰੋਡ, ਲੁਧਿਆਣਾ-141010 (ਕਰਜ਼ਦਾਰ) | ਰੁ. 75,49,540.07 (ਰੁਪਏ ਪਝੱਤਰ ਲੱਖ ਉਣੰਜਾ ਹਜ਼ਾਰ ਪੰਜ ਸੌ ਚਾਲੀ ਅਤੇ ਸੱਤ ਪੈਸੇ ਕੇਵਲ) 03.04.2019 ਨੂੰ ਬਕਾਇਆ ਜਮ੍ਹਾਂ 03.04.2019 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਜਾਇਦਾਦ ਆਈਡੀ SBIN0527100084: ਪਲਾਟ ਦੀ ਕੁੱਲ ਮਾਤਰਾ 500 ਵਰਗ ਗਜ਼ ਹੈ ਜੋ ਕਿ ਸ੍ਰੀ ਵਿਸ਼ੇਸ਼ ਕੁਮਾਰ ਪੁੱਤਰ ਸ੍ਰੀ ਦੌਲਤ ਰਾਮ ਸੈਣੀ ਦੇ ਨਾਮ 'ਤੇ ਹੈ, ਜਿਸਦਾ ਵੇਰਵਾ (ਭਾਗ-ਏ) ਉਪਰੋਕਤ ਪਲਾਟ ਦੇ 1/2 ਖੇਤਰਫਲ ਦੇ ਰੂਪ ਵਿੱਚ ਦਿੱਤਾ ਗਿਆ ਹੈ, ਭਾਵ ਖੇਵਟ ਨੰਬਰ 59, ਖਤੌਣੀ ਨੰਬਰ 61 ਪੰਨਾ ਨੰਬਰ 50, ਖਸਰਾ ਨੰਬਰ 27//5/1-15//20/2-21-22-23-16//1/1-10-14-16-17-24/1-25-27-17//5/3-6 ਵਿੱਚ ਸਾਲ 2007-2008 ਦੀ ਜਮ੍ਹਾਂਬੰਦੀ ਅਨੁਸਾਰ, ਪਿੰਡ ਮੰਗਲੀ ਨੀਚੀ, ਐਚ.ਬੀ. ਨੰਬਰ 235, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਸੇਲ ਡੀਡ 1975 ਮਿਤੀ 09.12.2013 ਅਨੁਸਾਰ। (ਭਾਗ -ਬੀ) ਪਲਾਟ ਦਾ ਇੱਕ ਹੋਰ ਅੱਧਾ ਖੇਤਰਫਲ ਯਾਨੀ 250 ਵਰਗ ਗਜ਼ ਜੋ ਕਿ ਖਸਰਾ ਨੰ. 15//20/2-21-22-23-16//1/1-10-14-16-17-24/1-25-27-17//5/3-6-27//5/1-28//9-28//2-28//1-10/1-16//12/1-16//13-16//18, ਖੱਟਾ ਨੰ. 56/59-57/60-58/61-59/62-60/63-61/64-62/65 ਸਾਲ 2002-2003 ਲਈ ਜਮ ?ਹਾਂਬੰਦੀ ਅਨੁਸਾਰ, ਪਿੰਡ ਮੰਗਲੀ ਨੀਚੀ, ਹੈਡਬਸਟ ਨੰਬਰ 239, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਵਿਕਰੀ ਡੀਡ 21579 ਮਿਤੀ 10.03.2006 ਅਨੁਸਾਰ।<br>**ਕਬਜ਼ੇ ਦੀ ਮਿਤੀ : 13.11.2018** | Rs. 41,50,000/-<br>Rs. 4,15,000/-<br>Rs. 20,000/- | 15.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 7. | ਮੈਸਰਜ਼ ਸਤਿਗੁਰੂ ਕਮਿਸ਼ਨ ਏਜੰਟ ਕਰਜ਼ਦਾਰ: ਸ੍ਰੀ ਅਮੀਰ ਚੰਦ ਪੁੱਤਰ ਭੰਬਾ ਰਾਮ ਜ਼ਾਮਨ: ਸ਼੍ਰੀਮਤੀ ਸੁਮਿਤਰਾ ਦੇਵੀ ਪਤਨੀ ਸ਼ਮੇਰ ਲਾਲ ਜ਼ਾਮਨ: ਸ੍ਰੀ ਸੰਦੀਪ ਕੁਮਾਰ ਪੁੱਤਰ ਸ਼੍ਰੀ ਬਾਗ ਰਾਮ | ਰੁ. 17,59,733 (ਰੁਪਏ ਸਤਾਰਾਂ ਲੱਖ ਉਣਾਹਠ ਹਜ਼ਾਰ ਸੱਤ ਸੌ ਤੇਤੀ ਕੇਵਲ) 13.06.2017 ਨੂੰ ਬਕਾਇਆ ਜਮ੍ਹਾਂ 14.06.2017 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਪ੍ਰਾਪਰਟੀ ਆਈਡੀ SBIN0527100386: ਜਾਇਦਾਦ ਦੇ ਸਾਰੇ ਹਿੱਸੇ ਅਤੇ ਪਾਰਸਲ ਬੈਂਕ ਕੋਲ ਗਿਰਵੀ ਰੱਖੇ ਗਏ ਹਨ ਜਿਵੇਂ ਕਿ ਇੱਥੇ ਦੱਸਿਆ ਗਿਆ ਹੈ: ਜ਼ਮੀਨ/ਦੁਕਾਨ ਜਿਸਦੀ ਮਾਪ 01 ਮਰਲਾ 05-1/2 ਸਰਸਾਈ (26x14) ਭਾਵ 06 ਮਰਲੇ ਦਾ 1 ਹਿੱਸਾ 04 ਸਰਸਾਹੀ ਖਸਰਾ ਨੰਬਰ 1477/1/152/1-2/15(0-6-4) ਖੇਵਟ ਨੰਬਰ 154 ਖਟੋਨੀ ਨੰਬਰ 194 ਸ਼੍ਰੀਮਤੀ ਸੁਮਿਤਰਾ ਦੇਵੀ ਪਤਨੀ ਸ਼ਮੇਰ ਲਾਲ ਦੇ ਨਾਮ 'ਤੇ ਸੇਲ ਡੀਡ ਨੰਬਰ 2240 ਮਿਤੀ 10.10.2013 ਰਾਹੀਂ ਓਵਰ ਬ੍ਰਿਜ, ਮੋਹਨ ਕੇ ਰੋਡ, ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ 152022 ਦੇ ਨੇੜੇ ਸਥਿਤ ਹੈ। ਹੇਠਾਂ ਦਿੱਤੀ ਹੱਦ: ਪੂਰਬ: ਮਿਲਖਾ ਰਾਜ, ਪੱਛਮ: ਮੇਹਰ ਸਿੰਘ, ਉੱਤਰ: ਰੋਡ, ਦੱਖਣੀ ਗਲੀ।<br>**ਸੰਕੇਤਕ ਕਬਜ਼ੇ ਦੀ ਮਿਤੀ : 09.01.2019** | Rs. 5,10,000/-<br>Rs. 51,000/-<br>Rs. 20,000/- | 06.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 8. | 1) ਮੈਸ. ਗੁਰੂਨਾਨਕ ਰਾਈਸ ਐਂਡ ਜਨਰਲ ਮਿੱਲ, ਪਿੰਡ ਬੋਵਾਨੀ ਤਹਿਸੀਲ ਪਾਇਲ ਜ਼ਿਲਾ ਲੁਧਿਆਣਾ ਪੰਜਾਬ, 2) ਸ਼੍ਰੀਮਤੀ ਜਸਪਾਲ ਕੌਰ (ਪਤਨੀ) ਅਮਰੀਕ ਸਿੰਘ ਦੀ ਕਾਨੂੰਨੀ ਵਾਰਸ/ਪਿੰਡ ਜਨਤਾ ਤਹਿਸੀਲ ਖੰਨਾ ਜ਼ਿਲਾ ਲੁਧਿਆਣਾ ਪੰਜਾਬ, 3) ਸ੍ਰੀ ਗੁਰਵੀਰ ਸਿੰਘ ਅਮਰੀਕ ਸਿੰਘ ਦੇ ਕਾਨੂੰਨੀ ਵਾਰਸ ਪਿੰਡ ਜਨਤਾ ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ, 4) ਸ੍ਰੀ ਅਮਰਿੰਦਰਪਾਲ ਸਿੰਘ (ਸਪੁੱਤਰ) ਅਮਰੀਕ ਸਿੰਘ ਦੇ ਕਾਨੂੰਨੀ ਵਾਰਸ ਪਿੰਡ ਜਨਤਾ ਤਹਿਸੀਲ ਖੰਨਾ ਜ਼ਿਲਾ ਲੁਧਿਆਣਾ ਪੰਜਾਬ, 5) ਸ਼੍ਰੀਮਤੀ ਊਸ਼ਾ ਰਾਣੀ (ਪਤਨੀ) ਅਤੇ ਗਣਪਤ ਰਾਏ ਦੀ ਕਾਨੂੰਨੀ ਵਾਰਸ, ਅਨਾਜ ਮੰਡੀ ਸਾਹਨੇਵਾਲ ਜ਼ਿਲਾ ਲੁਧਿਆਣਾ ਪੰਜਾਬ 6) ਸ੍ਰੀ ਰਾਜੇਸ਼ ਕੁਮਾਰ (ਪੁੱਤਰ) ਅਤੇ ਗਣਪਤ ਰਾਏ ਕਮਿਸ਼ਨ ਏਜੰਟ ਦੇ ਕਾਨੂੰਨੀ ਵਾਰਸ ਅਨਾਜ ਮੰਡੀ ਸਾਹਨੇਵਾਲ ਜ਼ਿਲਾ ਲੁਧਿਆਣਾ ਪੰਜਾਬ, (7) ਸ੍ਰੀ ਦਿਨੇਸ਼ ਕੁਮਾਰ (ਸਪੁੱਤਰ) ਗਣਪਤ ਰਾਏ ਕਮਿਸ਼ਨ ਏਜੰਟ ਦੇ ਕਾਨੂੰਨੀ ਵਾਰਸ ਅਨਾਜ ਮੰਡੀ ਸਾਹਨੇਵਾਲ ਜ਼ਿਲਾ ਲੁਧਿਆਣਾ ਪੰਜਾਬ,8) ਸ਼੍ਰੀਮਤੀ ਜੋਤੀ (ਪੁੱਤਰੀ) ਅਤੇ ਗਣਪਤ ਰਾਏ ਦੀ ਕਾਨੂੰਨੀ ਵਾਰਸ ਅਨਾਜ ਮੰਡੀ ਸਾਹਨੇਵਾਲ ਜ਼ਿਲਾ ਲੁਧਿਆਣਾ ਪੰਜਾਬ 9) ਭਾਈਵਾਲ ਰਾਜੇਸ਼ ਕੁਮਾਰ ਪੁੱਤਰ ਗਣਪਤ ਰਾਏ ਗੁਰੂਨਾਨਕ ਰਾਈਸ ਐਂਡ ਜਨਰਲ ਮਿਲ ਅਨਾਜ ਮੰਡੀ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ ਪੰਜਾਬ 10) ਭਾਈਵਾਲ ਦਿਨੇਸ਼ ਕੁਮਾਰ ਪੁੱਤਰ ਗਣਪਤ ਰਾਏ ਅਤੇ ਗੁਰੂਨਾਨਕ ਰਾਈਸ ਐਂਡ ਜਨਰਲ ਮਿਲ ਅਨਾਜ ਮੰਡੀ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ ਪੰਜਾਬ 11) ਭਾਈਵਾਲ ਰਵਿੰਦਰ ਪਾਲ ਪੁੱਤਰ ਗੁਰਚਰਨ ਸਿੰਘ ਗੁਰੂ ਨਾਨਕ ਰਾਈਸ ਐਂਡ ਜਨਰਲ ਮਿੱਲ ਅਨਾਜ ਮੰਡੀ ਸਾਹਨੇਵਾਲ ਜ਼ਿਲ੍ਹਾ ਲੁਧਿਆਣਾ ਪੰਜਾਬ, 12) ਬਲਵੰਤ ਸਿੰਘ ਪੁੱਤਰ ਨਿਰੰਜਨ ਸਿੰਘ/ਪਿੰਡ ਜਨਤਾ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਪੰਜਾਬ। 13) ਕੁਲਵੰਤ ਸਿੰਘ ਪੁੱਤਰ ਨਿਰੰਜਨ ਸਿੰਘ/ਪਿੰਡ ਜਟਾਣਾ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਪੰਜਾਬ। | ਰੁ. 77,85,583.24/- (ਰੁਪਏ ਸਤੱਤਰ ਲੱਖ ਪਚਾਸੀ ਹਜ਼ਾਰ ਪੰਜ ਸੌ ਤਰਾਸੀ ਅਤੇ ਚੌਵੀ ਪੈਸੇ ਕੇਵਲ) 10.07.2017 ਨੂੰ ਬਕਾਇਆ ਜਮ੍ਹਾਂ 10.07.2017 ਤੋਂ ਪ੍ਰਭਾਵੀ ਅਗਲੇਰਾ ਵਿਆਜ, ਹੋਰ ਫੀਸਾਂ ਅਤੇ ਖਰਚੇ। | ਪ੍ਰਾਪਰਟੀ ਆਈਡੀ SBIN100000737770:ਖਸਰਾ ਨੰਬਰ 1190/2 (0-4), 1196 (0-4), 1211 (0-10), 1212 ਮਿਨ (2-17), 1213 (3-2), 1214 (2-10), 1215 (6-5), 1216 (4-17), 1217 ਮਿਨ (2-0), 1212 ਮਿਨ (3-8), 1214 (3-15), 1217 (1-19), 1213 ਮਿਨ (3-3), 1218 (2-10), 1219 (6-15), 1199/2 (5-16), 1199/1 (0-19), 1191 (7-0), 1192 (4-5), 1193 (6-5) 1197 (3-5), 1198 (3-2), 1189/1 (2-0), 1169/3 (0-11), 1195 (5-17), 1186 (3-8), 1172 (7-2), 1188 (6-5), 1187 (6-5), 1171 (6-3), 1186 (2-17), 1194 (6-5), 1190/1 (9-0), ਖਾਤਾ ਨੰਬਰ 278/401 ਤੋਂ 419, ਐਚ.ਬੀ. ਨੰਬਰ 223 ਮਾਪ 11 ਵਿੱਘੇ 8 ਬਿਸਵਾ, ਪਿੰਡ ਬੁਵਾਨੀ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਵਿਖੇ ਦਿਨੇਸ਼ ਕੁਮਾਰ ਅਤੇ ਸ਼. ਰਾਜੇਸ਼ ਕੁਮਾਰ ਪੁੱਤਰ ਗਣਪਤ ਰਾਏ, ਸ੍ਰੀ ਰਵਿੰਦਰ ਪਾਲ ਸਿੰਘ ਪੁੱਤਰ ਸ. ਗੁਰਚਰਨ ਸਿੰਘ, ਸ. ਬਲਵੰਤ ਸਿੰਘ, ਸ. ਕੁਲਵੰਤ ਸਿੰਘ, ਸਵਰਗੀ ਸ. ਅਮਰੀਕ ਸਿੰਘ ਪੁੱਤਰ ਸ. ਨਰੰਜਨ ਸਿੰਘ ਅਤੇ ਸ. ਗਣਪਤ ਰਾਏ ਪੁੱਤਰ ਸ. ਨਿਹਾਲ ਚੰਦ (ਮ੍ਰਿਤਕ) ਦੇ ਨਾਮ 'ਤੇ ਦਰਜ ਵਸੀਕਾ ਨੰ. 249 ਮਿਤੀ 06.05.2008 ਰਾਹੀਂ ਵਪਾਰਕ ਜਾਇਦਾਦ ਦਾ ਈਐਮ<br>**ਭੌਤਿਕ ਕਬਜ਼ੇ ਦੀ ਮਿਤੀ : 04.06.2016** | Rs. 72,00,000/-<br>Rs. 7,20,000/-<br>Rs. 50,000/- | 10.09.2025 11:00 Hrs. to 16:00 Hrs | ਵਿਕਾਸ ਕੁਮਾਰ ਚੌਰਸੀਆ (ਸੀਐਲਓ) Mobile No. 9779075339 ਅਮਿਤ ਕੁਮਾਰ (ਸੀਸੀਓ) Mobile No.9463484224 |
| 9. | ਸ਼੍ਰੀਮਤੀ ਤਜਿੰਦਰ ਕੌਰ ਪਤਨੀ ਸ. ਗੁਰਆਸ਼ੀਸ਼ ਸਿੰਘ ਵਾਸੀ ਗਲੀ ਨੰ. 2, ਬਾਬਾ ਦੀਪ ਸਿੰਘ ਨਗਰ, ਅਬੋਹਰ। | ਰੁ. 32,08,347/- (ਰੁਪਏ ਬੱਤੀ ਲੱਖ ਅੱਠ ਹਜ਼ਾਰ ਤਿੰਨ ਸੌ ਸੰਤਾਲੀ ਕੇਵਲ) 06.11.2019 ਨੂੰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਖਰਚੇ | ਜਾਇਦਾਦ ਆਈਡੀ: SBIN0527100262, 1450 ਵਰਗ ਫੁੱਟ ਦੀ ਅਚੱਲ ਜਾਇਦਾਦ ਦੀ ਬਰਾਬਰੀ ਵਾਲਾ ਗਿਰਵੀਨਾਮਾ, ਭਾਵ 5.50 ਮਰਲੇ, ਜੋ ਕਿ 03 ਕਨਾਲ 11 ਮਰਲੇ ਦੇ ਕੁੱਲ ਖੇਤਰਫਲ ਦਾ 11/142 ਹਿੱਸਾ ਹੈ, ਜੋ ਕਿ ਰੈਕਟ ਨੰਬਰ 229, ਕਿਲਾ ਨੰਬਰ 19/1/2 (2-19) 18/2 (0-12), ਖੇਵਟ ਨੰਬਰ 4521, ਖਤੌਨੀ ਨੰਬਰ 5780 ਵਿੱਚ ਸ਼ਾਮਲ ਹੈ, 2010-11 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਅਬੋਹਰ 2, ਤਹਿਸੀਲ ਅਬੋਹਰ ਬਾਬਾ ਦੀਪ ਸਿੰਘ ਨਗਰ, ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਵਿਖੇ ਸਥਿਤ ਸ਼੍ਰੀਮਤੀ ਤਜਿੰਦਰ ਕੌਰ ਪਤਨੀ ਸ਼੍ਰੀ ਗੁਰਾਸ਼ੀਸ਼ ਸਿੰਘ ਦੇ ਨਾਮ 'ਤੇ ਵਸੀਕਾ ਨੰਬਰ 3734 ਮਿਤੀ 26.12.2017 ਦੁਆਰਾ । ਜਾਇਦਾਦ ਦੀ ਹੱਦ ਇਸ ਪ੍ਰਕਾਰ ਹੈ:-ਪੂਰਬ: ਸ਼੍ਰੀ ਅਨੀਸ਼ ਕੁਮਾਰ ਦੀ ਜਾਇਦਾਦ, ਪੱਛਮ: ਸਟਰੀਟ, ਉੱਤਰੀ ਸਟਰੀਟ, ਦੱਖਣ: ਸ਼੍ਰੀ ਚੀਕੂ ਕਟਾਰੀਆ ਦੀ ਜਾਇਦਾਦ<br>**ਭੌਤਿਕ ਕਬਜ਼ੇ ਦੀ ਮਿਤੀ : 07.10.2022** | Rs. 19,60,000/-<br>Rs. 1,96,000/-<br>Rs. 25,000/- | 15.09.2025 11:00 Hrs. to 13:00 Hrs | ਜੈਬੀਰ ਸਿੰਘ (ਸੀਐਲਓ) Mobile No. 99881-92220 ਸਨੀ ਕਰੀਰ (ਸੀਸੀਓ) Mobile No. 98883-47623 |

ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9(1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 15/30 ਦਿਨਾਂ ਦਾ ਨੋਟਿਸ ਵੀ ਹੈ।

ਸਰਫਾਇਸੀ ਐਕਟ 2, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ ਸਵੇਰੇ 11.00 ਵਜੇ **https://baanknet.com** ਰਾਹੀਂ ਹੋਵੇਗੀ।
ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: **https://baanknet.com**

ਮਿਤੀ: 02.09.2025 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਗੁਣਾਂ ਦਾ ਭੰਡਾਰ ਹੈ ਸੌਂਫ ਤੇ ਮਿਸ਼ਰੀ



ਸੌਂਫ ਦਾ ਇਸਤੇਮਾਲ ਅਸੀਂ ਅਕਸਰ ਮਾਊਥ ਫ੍ਰੈਸ਼ਨਰ ਵਜੋਂ ਕਰਦੇ ਹਾਂ, ਪਰ ਇਹ ਸਿਰਫ਼ ਸੁਗੰਧ ਹੀ ਨਹੀਂ ਬਲਕਿ ਸਿਹਤ ਲਈ ਵੀ ਬੇਹੱਦ ਲਾਭਕਾਰੀ ਹੈ। ਜੇ ਸੌਂਫ ਦੇ ਨਾਲ ਮਿਸ਼ਰੀ ਦਾ ਪਾਣੀ ਪੀਤਾ ਜਾਵੇ ਤਾਂ ਇਹ ਸਰੀਰ ਨੂੰ ਡਿਟਾਕਸ ਕਰਨ ਤੋਂ ਲੈ ਕੇ ਪਾਚਣ ਤੱਕ ਕਈ ਸਮੱਸਿਆਵਾਂ ਚ ਫਾਇਦਾ ਪਹੁੰਚਾਉਂਦਾ ਹੈ। ਸੌਂਫ 'ਚ ਕੈਲਸ਼ੀਅਮ, ਵਿਟਾਮਿਨ 3, ਆਇਰਨ, ਮੈਗਨੀਸ਼ੀਅਮ ਅਤੇ ਪੋਟੈਸ਼ੀਅਮ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਇਸ 'ਚ ਕੈਂਸਰ-ਰੋਕੂ ਗੁਣ ਵੀ ਹੁੰਦੇ ਹਨ।

**ਸਰੀਰ ਡਿਟਾਕਸ ਕਰਦਾ ਹੈ** : ਇਸ ਮਿਸ਼ਰਣ 'ਚ ਮੌਜੂਦ ਡਿਟਾਕਸੀਫਾਇੰਗ ਗੁਣ ਸਰੀਰ ਤੋਂ ਜ਼ਹਿਰੀਲੇ ਪਦਾਰਥ ਬਾਹਰ ਕੱਢਣ 'ਚ ਮਦਦ ਕਰਦੇ ਹਨ ਅਤੇ ਲਿਵਰ ਦੀ ਕਾਰਗੁਜ਼ਾਰੀ ਸੁਧਾਰਦੇ ਹਨ।

**ਭਾਰ ਘਟਾਉਣ ਚ ਮਦਦਗਾਰ** : ਸੌਂਫ ਅਤੇ ਮਿਸ਼ਰੀ ਦਾ ਪਾਣੀ ਪਾਣੀ ਭੁੱਖ ਘਟਾਉਣ ਅਤੇ ਮੈਟਾਬੋਲਿਜ਼ਮ ਵਧਾਉਣ 'ਚ ਸਹਾਇਕ ਹੈ। ਸੰਤੁਲਿਤ ਖੁਰਾਕ ਅਤੇ ਕਸਰਤ ਨਾਲ ਮਿਲਾ ਕੇ ਇਹ ਭਾਰ ਕੰਟਰੋਲ ਕਰਨ 'ਚ ਮਦਦ ਕਰਦਾ ਹੈ।

**ਮੂੰਹ ਦੀ ਬੱਦਬੂ ਦੂਰ ਕਰਦਾ ਹੈ** : ਸੌਂਫ ਸਾਹਾਂ ਦੀ ਬੱਦਬੂ ਅਤੇ ਮਸੂੜਿਆਂ ਦੀ ਬੀਮਾਰੀ ਨੂੰ ਘਟਾਉਂਦੀ ਹੈ।

**ਤਣਾਅ ਹੁੰਦਾ ਹੈ ਘੱਟ** : ਸੌਂਫ ਦੀ ਸੁਗੰਧ ਮਨ ਅਤੇ ਸਰੀਰ ਤੇ ਸ਼ਾਂਤ ਪ੍ਰਭਾਵ ਪਾਉਂਦੀ ਹੈ। ਸਵੇਰੇ ਖਾਲੀ ਪੇਟ ਇਹ ਪਾਣੀ ਪੀਣ ਨਾਲ ਮਨ ਤਾਜ਼ਗੀ ਮਹਿਸੂਸ ਕਰਦਾ ਹੈ ਅਤੇ ਦਿਨ ਦੀ ਸ਼ੁਰੂਆਤ ਸਕਾਰਾਤਮਕ ਢੰਗ ਨਾਲ ਹੁੰਦੀ ਹੈ।

**ਪਾਚਣ 'ਚ ਸਹਾਇਕ** : ਸੌਂਫ ਅਤੇ ਮਿਸ਼ਰੀ ਮਿਲਾ ਕੇ ਪਾਣੀ ਪੀਣ ਨਾਲ ਅਪਚ, ਗੈਸ ਅਤੇ ਕਬਜ਼ ਤੋਂ ਰਾਹਤ ਮਿਲਦੀ ਹੈ।

ਸੌਂਫ ਅਤੇ ਮਿਸ਼ਰੀ ਦੇ ਪਾਣੀ ਨੂੰ ਆਪਣੀ ਸਵੇਰ ਦੀ ਰੁਟੀਨ ਵਿੱਚ ਸ਼ਾਮਿਲ ਕਰਨਾ ਆਸਾਨ ਹੈ। ਬਸ ਇੱਕ ਚਮਚ ਸੌਂਫ ਅਤੇ ਮਿਸ਼ਰੀ ਦੇ ਇੱਕ ਛੋਟੇ ਜਿਹੇ ਟੁਕੜੇ ਨੂੰ ਇੱਕ ਗਲਾਸ ਪਾਣੀ ਵਿੱਚ ਰਾਤ ਭਰ ਭਿਓ ਦਿਓ ਅਤੇ ਸਵੇਰੇ ਖਾਲੀ ਪੇਟ ਪੀਓ। ਤੁਸੀਂ ਇਸ ਪਾਣੀ ਨੂੰ ਕੁਝ ਮਿੰਟਾਂ ਲਈ ਸਮੱਗਰੀ ਨੂੰ ਉਬਾਲ ਕੇ, ਇਸਨੂੰ ਛਾਣ ਕੇ ਅਤੇ ਫਿਰ ਇਸਦਾ ਸੇਵਨ ਕਰਕੇ ਪੀ ਸਕਦੇ ਹੋ।

# ਟ੍ਰਾਈਡੈਂਟ ਗਰੁੱਪ ਦਾ ਵੱਡਾ ਕਦਮ, ਹੜ੍ਹ ਪੀੜਤਾਂ ਲਈ ਮਦਦ ਦਾ ਵਧਾਇਆ ਹੱਥ

ਚੰਡੀਗੜ੍ਹ, 2 ਸਤੰਬਰ (ਚ.ਨ.ਸ.) : ਪੰਜਾਬ ਵਿੱਚ ਬਾਰਸ਼ਾਂ ਅਤੇ ਹੜ੍ਹ ਦੇ ਕਹਿਰ ਕਾਰਨ ਪ੍ਰਭਾਵਿਤ ਹੋਏ ਪਰਿਵਾਰਾਂ ਦੀ ਸਹਾਇਤਾ ਲਈ ਟ੍ਰਾਈਡੈਂਟ ਗਰੁੱਪ ਅੱਗੇ ਆਇਆ ਹੈ। ਕੰਪਨੀ ਨੇ ਰਾਹਤ ਮੁਹਿੰਮ ਦੀ ਸ਼ੁਰੂਆਤ ਕਰਦਿਆਂ 70 ਪ੍ਰਭਾਵਿਤ ਪਰਿਵਾਰਾਂ ਨੂੰ ਜ਼ਰੂਰੀ ਰਾਸ਼ਨ ਸਮੱਗਰੀ ਵੰਡ ਕੇ ਸਮੇਂ 'ਤੇ ਸਹਾਇਤਾ ਸੁਨਿਸ਼ਚਿਤ ਕੀਤੀ।ਇਹ ਰਾਹਤ ਮੁਹਿੰਮ ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮੇਰਿਟਸ, ਪਦਮਸ਼੍ਰੀ ਰਜਿੰਦਰ ਗੁਪਤਾ ਅਤੇ ਗਰੁੱਪ ਸੀਐਚਆਰਓ ਸੁਸ਼੍ਰੀ ਪੂਜਾ ਲੂਥਰਾ ਦੀ ਰਹਿਨੁਮਾਈ ਹੇਠ ਸ਼ੁਰੂ ਕੀਤੀ ਗਈ। ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸ਼੍ਰੀ ਰੁਪਿੰਦਰ ਗੁਪਤਾ ਅਤੇ ਸ਼੍ਰੀ ਪਵਨ ਸਿੰਗਲਾ ਦਾ ਵਿਸ਼ੇਸ਼ ਯੋਗਦਾਨ ਰਿਹਾ।ਇਸ ਤੋਂ ਇਲਾਵਾ, ਟ੍ਰਾਈਡੈਂਟ ਗਰੁੱਪ ਨੇ ਆਪਣੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਏਸ ਆਰ) ਅਧੀਨ 4 ਲਖ ਦੀ ਰਕਮ ਦਾ ਚੈਕ ਬਰਨਾਲਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਟੀ. ਬੇਨਿਥ ਨੂੰ ਸੌਂਪਿਆ, ਤਾਂ ਜੋ ਬਾਢ਼ ਪ੍ਰਭਾਵਿਤ ਖੇਤਰਾਂ ਵਿੱਚ ਚੱਲ ਰਹੇ ਰਾਹਤ ਕਾਰਜਾਂ ਨੂੰ ਹੋਰ ਮਜ਼ਬੂਤੀ ਮਿਲ ਸਕੇ।ਟ੍ਰਾਈਡੈਂਟ ਗਰੁੱਪ ਦੇ ਪ੍ਰਤੀਨਿਧੀਆਂ ਨੇ ਸੰਗਠਨ ਦੀ ਇਸ ਵਚਨਬੱਧਤਾ ਨੂੰ ਦੁਹਰਾਇਆ ਕਿ ਕੰਪਨੀ ਹਮੇਸ਼ਾ ਜ਼ਰੂਰਤ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜੀ ਰਹੇਗੀ। ਟ੍ਰਾਈਡੈਂਟ ਗਰੁੱਪ ਦਾ ਮੰਨਣਾ ਹੈ ਕਿ ਸਾਂਝੇ ਯਤਨ ਅਤੇ ਸੰਵੇਦਨਸ਼ੀਲਤਾ ਨਾਲ ਪ੍ਰਭਾਵਿਤ ਪਰਿਵਾਰਾਂ ਵਿੱਚ ਆਸ ਤੇ ਰਾਹਤ ਪਹੁੰਚਾਈ ਜਾ ਸਕਦੀ ਹੈ।ਕੰਪਨੀ ਨੇ ਇਹ ਭਰੋਸਾ ਦਿੱਤਾ ਕਿ ਅੱਗੇ ਵੀ ਹਰ ਆਫ਼ਤ ਵਿੱਚ ਲੋਕਾਂ ਨਾਲ ਮਿਲ ਕੇ ਕੰਮ ਕਰੇਗੀ ਅਤੇ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੀ ਰਹੇਗੀ। ਟ੍ਰਾਈਡੈਂਟ ਨੇ ਜ਼ੋਰ ਦਿੱਤਾ ਕਿ ਕੁਦਰਤੀ ਆਫ਼ਤਾਂ ਦੇ ਸਮੇਂ ਸਾਂਝੇ ਯਤਨ ਜੀਵਨ ਨੂੰ ਮੁੜ ਸੰਵਾਰਨ ਅਤੇ ਆਸ ਨੂੰ ਬਹਾਲ ਕਰਨ ਲਈ ਬਹੁਤ ਮਹੱਤਵਪੂਰਨ ਹਨ।



ਟੀ ਬੋਰਡ ਆਫ ਇੰਡੀਆ ਦੇ ਉਚ ਅਧਿਕਾਰੀ ਸਰਦਾਰਨੀ ਅਤੇ ਸ੍ਰ. ਤੇਜਿੰਦਰਪਾਲ ਸਿੰਘ ਅਦਾਰਾ ਚੜ੍ਹਦੀਕਲਾ ਪਹੁੰਚੇ ਉਹਨਾਂ ਨੂੰ 'ਪਦਮ ਸ਼੍ਰੀ' ਡਾ. ਜਗਜੀਤ ਸਿੰਘ ਦਰਦੀ ਵੱਲੋਂ ਪੁਸਤਕਾਂ ਦਾ ਸੈਟ ਭੇਟ ਕੀਤਾ, ਨਾਲ ਨਜ਼ਰ ਆ ਰਹੇ ਹਨ ਜਪਨਜੀਤ ਸਿੰਘ, ਜਸਬੀਰ ਸਿੰਘ।

### ਟਰੰਪ ਨੂੰ ਲੱਗੇਗਾ ਇੱਕ ਹੋਰ ਝਟਕਾ

# ਚੀਨ ਪਹੁੰਚੇ ਉਤਰੀ ਕੋਰੀਆ ਦੇ ਤਾਨਾਸ਼ਾਹ; ਇਕੱਠੇ ਦਿਖਾਈ ਦੇਵੇਗੀ ਕਿਮ-ਸ਼ੀ ਜਿਨਪਿੰਗ-ਪੁਤਿਨ ਦੀ ਤਿੱਕੜੀ



ਵਾਸ਼ਿੰਗਟਨ, 2 ਸਤੰਬਰ (ਚ.ਨ.ਸ.) : ਉੱਤਰੀ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਉਨ 6 ਸਾਲਾਂ ਬਾਅਦ ਚੀਨ ਦੇ ਦੌਰੇ 'ਤੇ ਹਨ। ਕਿਮ ਆਪਣੀ ਸ਼ਾਹੀ ਸਵਾਰੀ ਯਾਨੀ ਬੁਲੇਟ ਪਰੂਫ਼ ਪ੍ਰਾਈਵੇਟ ਰੇਲਗੱਡੀ ਵਿੱਚ ਚੀਨ ਪਹੁੰਚੇ ਹਨ, ਜਿੱਥੇ ਉਹ ਬੀਜਿੰਗ ਵਿੱਚ ਆਯੋਜਿਤ ਫੌਜੀ ਪਰੇਡ ਵਿੱਚ ਹਿੱਸਾ ਲੈਣਗੇ।ਕਿਮ ਜੋਂਗ ਉਨ ਸੋਮਵਾਰ ਨੂੰ ਪਿਓਂਗਯਾਂਗ ਤੋਂ ਚੀਨ ਲਈ ਰਵਾਨਾ ਹੋਏ। ਕਿਮ ਦੀ ਰੇਲਗੱਡੀ ਚੀਨ ਵਿੱਚ ਦਾਖਲ ਹੋ ਗਈ ਹੈ ਅਤੇ ਇਹ ਜਲਦੀ ਹੀ ਬੀਜਿੰਗ ਪਹੁੰਚ ਸਕਦੀ ਹੈ।ਤੁਹਾਨੂੰ ਦੱਸ ਦੇਈਏ ਕਿ ਇਹ ਕਿਮ ਜੋਂਗ ਉਨ ਦੀ 2023 ਤੋਂ ਬਾਅਦ ਪਹਿਲੀ ਵਿਦੇਸ਼ੀ ਯਾਤਰਾ ਹੈ। ਇਸ ਤੋਂ ਪਹਿਲਾਂ, ਕਿਮ ਨੇ 2023 ਵਿੱਚ ਰੂਸ ਦੀ ਯਾਤਰਾ ਦੌਰਾਨ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਕੀਤੀ ਸੀ। ਇਸ ਦੇ ਨਾਲ ਹੀ, ਕਿਮ ਜਨਵਰੀ 2019 ਤੋਂ ਬਾਅਦ ਪਹਿਲੀ ਵਾਰ ਚੀਨ ਪਹੁੰਚੇ ਹਨ।ਬੀਜਿੰਗ ਵਿੱਚ, ਕਿਮ ਦੂਜੇ ਵਿਸ਼ਵ ਯੁੱਧ ਦੀ 80ਵੀਂ ਵਰ੍ਹੇਗੰਢ 'ਤੇ ਹੋਣ ਵਾਲੀ ਪਰੇਡ ਵਿੱਚ ਹਿੱਸਾ ਲੈਣਗੇ। ਇਸ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਪੁਤਿਨ ਵੀ ਮੌਕੇ 'ਤੇ ਮੌਜੂਦ ਰਹਿਣਗੇ। ਅਮਰੀਕੀ ਪਾਬੰਦੀਆਂ ਤੋਂ ਬਾਅਦ ਉੱਤਰੀ ਕੋਰੀਆ ਦੀ ਆਰਥਿਕਤਾ ਨੂੰ ਜ਼ਿੰਦਾ ਰੱਖਣ ਵਿੱਚ ਚੀਨ ਦਾ ਮਹੱਤਵਪੂਰਨ ਯੋਗਦਾਨ ਹੈ।ਰੂਸ ਨਾਲ ਉੱਤਰੀ ਕੋਰੀਆ ਦੀ ਨੇੜਤਾ ਵੀ ਕਿਸੇ ਤੋਂ ਲੁਕੀ ਨਹੀਂ ਹੈ। ਅਮਰੀਕਾ ਅਤੇ ਦੱਖਣੀ ਕੋਰੀਆ ਦੇ ਅਨੁਸਾਰ, ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਪਿਓਂਗਯਾਂਗ ਨੇ ਮਾਸਕੋ ਨੂੰ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਫੌਜ ਭੇਜੀ ਹੈ।ਇੱਕ ਪਾਸੇ ਜਿੱਥੇ ਅਮਰੀਕਾ ਟੈਰਿਫ ਦੀ ਧਮਕੀ ਦੇ ਕੇ ਦੁਨੀਆਂ ਉੱਤੇ ਆਪਣਾ ਦਬਦਬਾ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਉਥੇ ਕਿਮ, ਜਿਨਪਿੰਗ ਅਤੇ ਪੁਤਿਨ ਬੀਜਿੰਗ ਵਿੱਚ ਸਟੇਜ 'ਤੇ ਇਕੱਠੇ ਦਿਖਾਈ ਦੇ ਸਕਦੇ ਹਨ। ਇਹ 2019 ਤੋਂ ਬਾਅਦ ਜਿਨਪਿੰਗ ਅਤੇ ਕਿਮ ਦੀ ਪਹਿਲੀ ਮੁਲਾਕਾਤ ਵੀ ਹੋਵੇਗੀ। ਇਸ ਤੋਂ ਪਹਿਲਾਂ, ਕਿਮ ਸਿਰਫ 10 ਮਹੀਨਿਆਂ ਵਿੱਚ ਚਾਰ ਵਾਰ ਬੀਜਿੰਗ ਗਏ ਸਨ, ਕਿਉਂਕਿ ਕਿਮ ਅਮਰੀਕਾ ਅਤੇ ਦੱਖਣੀ ਕੋਰੀਆ ਨਾਲ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਚੀਨ ਦਾ ਸਮਰਥਨ ਚਾਹੁੰਦੇ ਸਨ।

# ਬੱਚਿਆਂ ਨੂੰ ਸਿੱਖ ਧਰਮ ਦੇ ਇਤਿਹਾਸ ਨਾਲ ਜੁੜਨ ਲਈ ਲਗਾਇਆ ਗੁਰਮਤਿ ਸਮਾਗਮ ਸਮਾਪਤ



ਟੋਰਾਂਟੋ, 2 ਸਤੰਬਰ (ਮਨਿੰਦਰ) : ਗੁਰਦੁਆਰਾ ਸਾਹਿਬ ਵੌਂਦਰੁਏ ਡੋਰੀਅਨ ਵਿਖੇ ਬੱਚਿਆਂ ਨੂੰ ਸਿੱਖ ਧਰਮ ਦੇ ਇਤਿਹਾਸ ਅਤੇ ਸਿੱਖੀ ਨਾਲ ਜੁੜਨ ਲਈ ਗੁਰਮਤਿ ਸਮਾਗਮ ਕੈਂਪ ਹੋਏ ਸਮਾਪਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਸਾਹਿਬ ਵੱਲੋਂ ਵਿਦੇਸ਼ਾਂ ਵਿੱਚ ਪੰਜਾਬੀ ਅਤੇ ਪੰਜਾਬੀਅਤ ਨੂੰ ਬਰਕਰਾਰ ਰੱਖਣ ਲਈ ਅਤੇ ਸਿੱਖ ਕੌਮ ਦੇ ਇਤਿਹਾਸ ਅਤੇ ਸ਼ਹੀਦਾਂ ਦੀਆਂ ਸ਼ਹੀਦੀਆਂ ਨੂੰ ਨਵੀਂ ਪੀੜ੍ਹੀਆਂ ਜਾਣੂ ਕਰਾਉਣ ਵਾਸਤੇ ਗੁਰਮਿਤ ਸਮਾਗਮ ਆਰੰਭ ਕੀਤਾ ਜਾਂਦੇ ਹਨ। ਇਸ ਗੁਰਮਿਤ ਸਮਾਗਮ ਵਿੱਚ ਬੱਚਿਆਂ ਵੱਲੋਂ ਇਸ ਵਾਰ ਇਤਿਹਾਸ, ਕੀਰਤਨ, ਪਰਫੋਰਮੈਂਸ, ਦਸਤਾਰ ਸਜਾਉਣਾ, ਦੁਮਾਲੇ ਸਜਾਉਣਾ, ਹਾਰਮੋਨੀਅਮ ਕਲਾਸਾਂ, ਪੰਜਾਬੀ ਦੀਆਂ ਕਲਾਸਾਂ, ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਨਾ, ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ, ਸਿੱਖ ਧਰਮ ਦੀ ਦਿੱਤੀਆਂ ਗਈਆਂ ਕੁਰਬਾਨੀਆਂ ਇਤਿਹਾਸ ਬਾਰੇ ਬੱਚਿਆਂ ਨੂੰ ਗੁਰਮਤਿ ਸਮਾਗਮ ਵਿਚ ਸ਼ਿਕਸ਼ਾ ਪ੍ਰਾਪਤ ਕੀਤੀ ਗਈ ਇਸ ਸਮਾਗਮ ਵਿੱਚ ਵੱਧ ਚੜ ਕੇ ਬੱਚਿਆਂ ਦੇ ਮਾਪਿਆਂ ਨੇ ਵੀ ਹਿੱਸਾ ਲਿਆ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਲਖਬੀਰ ਸਿੰਘ ਜੀ ਨੇ ਕਿਹਾ ਕੀ ਹਰ ਸਾਲ ਗੁਰਦੁਆਰਾ ਸਾਹਿਬ ਵਿੱਚ ਕੈਂਪ ਲਗਾਇਆ ਜਾਂਦਾ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਅਤੇ ਮਾਪਿਆਂ ਨੇ ਸਿੱਖ ਕੌਮ ਦੇ ਇਤਿਹਾਸ ਅਤੇ ਕੁਰਬਾਨੀਆਂ ਨੂੰ ਵਿਦੇਸ਼ਾਂ ਵਿੱਚ ਵੀ ਆਪਣੇ ਬੱਚਿਆਂ ਨੂੰ ਸ਼ਿਕਸ਼ਾ ਉਪਲਬਧ ਕੀਤੀ ਜਾਂਦੀ ਹੈ ਮਾਪੇ ਅਤੇ ਬੱਚੇ ਆਪਣੇ ਕਲਚਰ ਨੂੰ ਬਰਕਰਾਰ ਰੱਖਣ ਲਈ ਬਹੁਮੁੱਲਾ ਯੋਗਦਾਨ ਪਾਇਆ ਜਾਂਦਾ ਹੈ ਇਸ ਗੁਰਮਤਿ ਸਮਾਗਮ ਵਿੱਚ ਅੱਵਲ ਆਉਣ ਵਾਲੇ ਬੱਚਿਆਂ ਨੂੰ ਕਈ ਪ੍ਰਕਾਰ ਦੇ ਇਨਾਮਾ ਨਾਲ ਸਨਮਾਨਿਤ ਕੀਤਾ ਤਾਂ ਜੋ ਉਨਾਂ ਦਾ ਮਨੋਬਲ ਹੋਰ ਜਿਆਦਾ ਵਧੇ ਇਨਾਮਾਂ ਦੀ ਵੰਡ ਮੌਜੂਦਾ ਮੈਕਗਿੱਲ ਯੂਨੀਵਰਸਿਟੀ ਦੇ ਪ੍ਰੋਫੈਸਰ ਜਸਵੰਤ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਗੁਰੂ ਤੇਗ ਸਿੰਘ ਨੇ ਕੀਤੀ ਇਸ ਤੋਂ ਇਲਾਵਾ ਗੁਰੂ ਕਾ ਅਟੁੱਟ ਲੰਗਰ ਵੀ ਵਰਤਿਆ ਗਿਆ।

# ਡਿਜੀਟਲ ਸਾਖ਼ਰਤਾਨੇ ਵਿੱਤੀ ਜਾਗਰੂਕਤਾ ਨੂੰ ਲੈ ਕੇ ਚੁਣੌਤੀਆਂ ਅਜੇ ਵੀ ਕਾਇਮ: ਰਾਸ਼ਟਰਪਤੀ ਮੁਰਮੂ

ਚੇਨਈ, 2 ਸਤੰਬਰ (ਚ.ਨ.ਸ.) : ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਮੰਗਲਵਾਰ ਨੂੰ ਕਿਹਾ ਕਿ ਬੈਂਕਿੰਗ ਖੇਤਰ ਵਿੱਚ ਤਰੱਕੀ ਦੇ ਬਾਵਜੂਦ, ਲੋਕਾਂ ਨੂੰ ਅਜੇ ਵੀ ਡਿਜੀਟਲ ਸਾਖਰਤਾ ਅਤੇ ਵਿੱਤੀ ਜਾਗਰੂਕਤਾ ਦੇ ਮਾਮਲੇ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਾਮਿਲਨਾਡੂ ਸਥਿਤ ਸਿਟੀ ਯੂਨੀਅਨ ਬੈਂਕ ਦੇ 120ਵੇਂ ਸਥਾਪਨਾ ਦਿਵਸ ਸਮਾਰੋਹ ਵਿੱਚ ਬੋਲਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਕਿਸਾਨਾਂ ਅਤੇ ਪੇਂਡੂ ਅਰਥਵਿਵਸਥਾ ਦਾ ਸਸ਼ਕਤੀਕਰਨ ਬੈਂਕਿੰਗ ਖੇਤਰ ਦੀ ਤਰਜੀਹ ਹੋਣੀ ਚਾਹੀਦੀ ਹੈ। ਬੈਂਕ ਅਤੇ ਵਿੱਤੀ ਤਕਨਾਲੋਜੀ ਕੰਪਨੀਆਂ ਗਰੀਬ ਭਾਈਚਾਰਿਆਂ ਲਈ ਅਨੁਕੂਲਿਤ ਮੋਬਾਈਲ ਐਪਲੀਕੇਸ਼ਨ ਅਤੇ ਬੀਮਾ ਉਤਪਾਦ ਪ੍ਰਦਾਨ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਭੁਗਤਾਨ ਬੈਂਕਾਂ,



ਡਿਜੀਟਲ ਵਾਲਿਟ ਅਤੇ ਬੈਂਕਿੰਗ ਪੱਤਰ ਪ੍ਰੇਰਕ ਦੂਰ-ਦੁਰਾਡੇ ਪਿੰਡਾਂ ਦੇ ਦਰਵਾਜ਼ਿਆਂ ਤੱਕ ਵਿੱਤੀ ਸੇਵਾਵਾਂ ਲੈ ਕੇ ਆਏ ਹਨ। ਹਾਲਾਂਕਿ, ਇਸ ਖੇਤਰ ਵਿੱਚ ਤਰੱਕੀ ਦੇ ਬਾਵਜੂਦ, ਡਿਜੀਟਲ ਸਾਖਰਤਾ, ਇੰਟਰਨੈਟ ਪਹੁੰਚ ਅਤੇ ਵਿੱਤੀ ਜਾਗਰੂਕਤਾ ਦੇ ਮਾਮਲੇ ਵਿੱਚ ਅਜੇ ਵੀ ਬਹੁਤ ਸਾਰੀਆਂ ਚੁਣੌਤੀਆਂ ਹਨ। ਰਾਸ਼ਟਰਪਤੀ ਨੇ ਕਿਹਾ, ਸਾਰੀਆਂ ਧਿਰਾਂ ਦੇ ਸਾਂਝੇ ਯਤਨਾਂ ਨਾਲ, ਲੋਕਾਂ ਨੂੰ ਤਕਨਾਲੋਜੀ, ਡਿਜੀਟਲ ਅਤੇ ਵਿੱਤੀ ਸਾਖਰਤਾ ਰਾਹੀਂ ਬੈਂਕਿੰਗ ਸੇਵਾਵਾਂ ਨਾਲ ਬਿਹਤਰ ਢੰਗ ਨਾਲ ਜੋੜਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਬੈਂਕ ਐਮਐਸਐਮਈ ਨੂੰ ਵਿਕਾਸ ਦੇ ਇੰਜਣਾਂ ਵਿੱਚ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।ਉਨ੍ਹਾਂ ਕਿਹਾ, ਸਮੇਂ ਸਿਰ ਅਤੇ ਕਿਫਾਇਤੀ ਕਰਜ਼ਾ, ਵਿੱਤੀ ਸਾਖਰਤਾ ਅਤੇ ਖੇਤੀਬਾੜੀ-ਤਕਨੀਕੀ ਉਪਾਵਾਂ ਦਾ ਸਮਰਥਨ ਕਰਕੇ ਬੈਂਕ ਖੇਤੀਬਾੜੀ ਨੂੰ ਟਿਕਾਊ ਅਤੇ ਲਾਭਦਾਇਕ ਬਣਾਉਣ ਵਿੱਚ ਮਦਦ ਕਰ ਸਕਦੇ ਹਨ। ਬੈਂਕ ਐਮਐਸਐਮਈ ਨੂੰ ਵਿਕਾਸ ਦੇ ਇੰਜਣਾਂ ਵਿੱਚ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਇਸ ਮੌਕੇ ਤਾਮਿਲਨਾਡੂ ਦੇ ਰਾਜਪਾਲ ਆਰ ਐਨ ਰਵੀ, ਕੇਂਦਰੀ ਵਿੱਤ ਅਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰੀ ਨਿਰਮਲਾ ਸੀਤਾਰਮਨ, ਤਾਮਿਲਨਾਡੂ ਸਮਾਜ ਭਲਾਈ ਅਤੇ ਮਹਿਲਾ ਸਸ਼ਕਤੀਕਰਨ ਮੰਤਰੀ ਗੀਤਾ ਜੀਵਨ, ਸਿਟੀ ਯੂਨੀਅਨ ਬੈਂਕ ਦੇ ਚੇਅਰਮੈਨ ਜੀ ਮਹਾਲਿੰਗਮ, ਬੈਂਕ ਦੇ ਪ੍ਰਬੰਧ ਨਿਰਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਐਨ ਕਾਮਾਕੋਡੀ ਮੌਜੂਦ ਸਨ।



ਗੁਰਦੁਆਰਾ ਸਿੰਘ ਸਭਾ ਸਿਲਵਸ ਵਿਖੇ ਧਾਰਮਿਕ ਸਮਾਗਮ ਕਰਵਾਇਆ ਜਿਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਅਤੇ ਧੰਨ-ਧੰਨ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਅਤੇ ਸੰਤ ਬਾਬਾ ਨਿਧਾਨ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ ਸ਼੍ਰੀ ਸਹਿਜ ਪਾਠ ਭੋਗ ਪਾਏ ਗਏ ਉਪਰੰਤ ਦੀਵਾਨ ਸਜਾਇਆ ਹੈੱਡ ਗ੍ਰੰਥੀ ਬਾਬਾ ਕਸ਼ਮੀਰ ਸਿੰਘ ਮੁੱਛਲ ਨੇ ਸਰੱਬਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਗੁ: ਸਿੰਘ ਸਭਾ ਦੇ ਮੁੱਖ ਸੇਵਾਦਾਰ ਜਥੇਦਾਰ ਜਸਵਿੰਦਰ ਸਿੰਘ ਖਾਲਸਾ ਬੁੱਢਾ ਦਲ ਯੂ.ਐਸ.ਏ ਇੰਚਾਰਜ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਲੰਗਰਾਂ ਦੀ ਸੇਵਾ ਸ.ਸੰਪੂਰਨ ਸਿੰਘ ਦੇ ਪਰਿਵਾਰ ਵੱਲੋਂ ਕੀਤੀ ਗਈ. ਉਪਰੰਤ ਸਿੱਖ ਸੰਗਤਾਂ ਨੇ ਸ਼ਬਦ ਚੌਂਕੀ ਰਾਹੀਂ ਗੁਰੂ ਮਹਾਰਾਜ ਜੀ ਦਾ ਜੱਸ ਗਾਇਆ। (ਫੋਟੋ ਤੇ ਵੇਰਵਾ : ਹਰਕੀਰਤ ਸਿੰਘ)

# ਡਾ. ਓਬਰਾਏ ਨੇ ਵੰਡਾਇਆ ਹੜ੍ਹ ਪੀੜਤਾਂ ਦਾ ਦਰਦ ਔਖੀ ਘੜੀ ਵੇਲੇ ਕੋਈ ਘਾਟ ਨਹੀਂ ਆਉਣ ਦੇਵਾਂਗਾ

ਅਜਨਾਲਾ, 2 ਸਤੰਬਰ (ਸੁਖਦੇਵ ਸਿੰਘ ਖਾਲਸਾ) - ਪਿਛਲੇ ਕਈ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਸਰਹੱਦੀ ਲੋਕਾਂ ਦੀ ਸਾਰ ਲੈਣ ਲਈ ਅੱਜ ਪੂਰੀ ਦੁਨੀਆਂ ਅੰਦਰ ਰੱਬ ਦੇ ਮਸੀਹਾ ਵਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਦਾ ਦੌਰਾ ਕਰਨ ਦੌਰਾਨ ਐਲਾਨ ਕੀਤਾ ਗਿਆ ਕਿ ਇਸ ਔਖੀ ਘੜੀ ਵਿੱਚ ਉਹ ਪੰਜਾਬ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਘਾਟ ਨਹੀਂ ਆਉਣ ਦੇਣਗੇ। ਅਜਨਾਲਾ ਖੇਤਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਪੁੱਜੇ ਡਾ: ਉਬਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਇਸ ਵੇਲੇ ਬਹੁਤ ਹੀ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਇਸ ਲਈ ਸਾਡਾ ਧਰਮ ਬਣਦਾ ਹੈ ਕਿ ਅਸੀਂ ਡੱਟ ਕੇ ਆਪਣੀ ਧਰਤੀ ਤੇ ਆਪਣੇ ਲੋਕਾਂ ਦਾ ਸਾਥ ਦੇਈਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਟੀਮਾਂ ਸਾਰੇ ਹੜ੍ਹ ਪ੍ਰਭਾਵਿਤ ਖੇਤਰਾਂ ਅੰਦਰ ਵੱਡੇ ਪੱਧਰ 'ਤੇ ਸੁੱਕਾ ਰਾਸ਼ਨ, ਪਸ਼ੂਆਂ ਦਾ ਚਾਰਾ, ਦਵਾਈਆਂ ਤੇ ਹੋਰ ਲੋੜੀਂਦਾ ਸਮਾਨ ਨਿਰੰਤਰ ਵੰਡ ਰਹੀਆਂ ਹਨ। ਡਾ.ਓਬਰਾਏ ਨੇ ਐਲਾਨ ਕੀਤਾ ਕਿ ਉਹ ਇਸ ਕੁਦਰਤੀ ਆਫ਼ਤ ਨੂੰ ਲੰਬੀ ਲੜਾਈ ਸਮਝ ਕੇ ਲੜਨ ਲਈ ਤਿਆਰ ਹਨ। ਸਭ ਤੋਂ ਪਹਿਲੇ ਪੜਾਅ ਵਿੱਚ ਹੜ੍ਹ ਪੀੜਤ ਲੋਕਾਂ ਨੂੰ ਰਾਸ਼ਨ ਅਤੇ ਮਾਲ-ਡੰਗਰ ਲਈ ਚਾਰਾ ਆਦਿ ਵੰਡਣ ਤੋਂ ਇਲਾਵਾ ਤਰਪਾਲਾਂ ਤੇ ਮੱਛਰਦਾਨੀਆਂ ਵੀ ਵੰਡੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਗਲੇ ਪੜਾਅ ਦੌਰਾਨ ਪਾਣੀ ਲਹਿ ਜਾਣ ਉਪਰੰਤ ਫੈਲਣ ਵਾਲੀਆਂ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ ਤੇ ਡਾਕਟਰਾਂ ਦੀਆਂ ਟੀਮਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਇਸ ਦੌਰਾਨ ਮੌਜੂਦ ਸਾਬਕਾ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਤੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਇਸ ਵੱਡੇ ਉਪਰਾਲੇ ਲਈ ਡਾ. ਉਬਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ.ਉਬਰਾਏ ਦੀ ਹਰ ਸੰਕਟ ਸਮੇਂ ਨਿਭਾਈ ਜਾਣ ਵਾਲੀ ਸੇਵਾ ਤੇ ਸਮਰਪਣ ਨੂੰ ਆਉਣ ਵਾਲੀਆਂ ਪੀੜ੍ਹੀਆਂ ਯਾਦ ਰੱਖਣਗੀਆਂ। ਇਸ ਮੌਕੇ ਉਨ੍ਹਾਂ ਨਾਲ ਟਰੱਸਟ ਦੇ ਸੀਨੀਅਰ ਟਰੱਸਟੀ ਗੁਰਜੀਤ ਸਿੰਘ ਉਬਰਾਏ, ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸਿਸ਼ਪਾਲ ਲਾਡੀ, ਜਨ.ਸਕੱਤਰ ਮਨਪ੍ਰੀਤ ਸੰਧੂ ਚਮਿਆਰੀ, ਨਵਜੀਤ ਸਿੰਘ ਘਈ, ਇੰਜ.ਜਗਦੇਵ ਸਿੰਘ ਛੀਨਾ, ਮਨਪ੍ਰੀਤ ਸਿੰਘ ਕੰਬੋਜ਼, ਹਰਿੰਦਰ ਸਿੰਘ ਸੇਖੋਂ, ਪਲਵਿੰਦਰ ਸਿੰਘ ਸਰਹਾਲਾ, ਅਮਰਜੀਤ ਸਿੰਘ ਤੇ ਸੰਦੀਪ ਸਿੰਘ ਸਮੇਤ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀ ਮੌਜੂਦ ਸਨ।




# ਉਡਾਣ ਨੇ ਭਰੀ ਉਡਾਣ: ਸਕੂਲ ਖੇਡਾਂ ਵਿੱਚ ਵਾਲੀਬਾਲ ਰਾਹੀਂ ਤਬਦੀਲੀ

ਚੰਡੀਗੜ੍ਹ, 2 ਸਤੰਬਰ (ਚ.ਨ.ਸ.) : ਭਾਰਤ ਵਿੱਚ ਜ਼ਮੀਨੀ ਪੱਧਰ ਦੀਆਂ ਖੇਡਾਂ ਨੂੰ ਇੱਕ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਵਿੱਚ, ਉਡਾਣ - ਸਕੂਲ ਵਾਲੀਬਾਲ ਪ੍ਰੋਗਰਾਮ ਅੱਜ ਚੰਡੀਗੜ੍ਹ ਵਿੱਚ ਸ਼ੁਰੂ ਕੀਤਾ ਗਿਆ। ਇਹ ਇੱਕ ਨਵੀਨਤਾਕਾਰੀ ਪਹਿਲਕਦਮੀ ਹੈ ਜਿਸਦਾ ਉਦੇਸ਼ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨਾ ਅਤੇ ਸਕੂਲ ਪੱਧਰ ਤੇ ਵਾਲੀਬਾਲ ਨੂੰ ਉਤਸ਼ਾਹਿਤ ਕਰਨਾ ਹੈ।ਇਸ ਮੌਕੇ ਤੇ, ਚੰਡੀਗੜ੍ਹ ਪ੍ਰਸ਼ਾਸਨ ਅਤੇ ਵਾਲੀਬਾਲ ਫਾਊਂਡੇਸ਼ਨ ਵਿਚਕਾਰ ਇੱਕ ਸਮਝੌਤਾ ਪੱਤਰ ਦਾ ਆਦਾਨ-ਪ੍ਰਦਾਨ ਕੀਤਾ ਗਿਆ, ਜੋ ਖੇਡਾਂ ਰਾਹੀਂ ਬੱਚਿਆਂ ਨੂੰ ਮੌਕੇ ਪ੍ਰਦਾਨ ਕਰਨ ਲਈ ਉਨ੍ਹਾਂ ਦੀ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਹੈ।ਸਮਾਰੋਹ ਵਿੱਚ ਵਿਸ਼ੇਸ਼ ਮਹਿਮਾਨਾਂ ਵਿੱਚ ਸ਼੍ਰੀ ਫੈਬੀਓ ਅਜ਼ੇਵੇਡੋ, ਪ੍ਰਧਾਨ, ਫੈਡਰੇਸ਼ਨ ਇੰਟਰਨੈਸ਼ਨਲ ਡੀ ਵਾਲੀਬਾਲ ; ਸ਼੍ਰੀ ਸਟੀਵ ਟਟਨ, ਜਨਰਲ ਸਪੋਰਟਸ ਡਾਇਰੈਕਟਰ, ; ਸ਼੍ਰੀਮਤੀ ਪ੍ਰੇਰਨਾ ਪੁਰੀ, , ਸਕੱਤਰ, ਖੇਡ ਅਤੇ ਸਿੱਖਿਆ, ਚੰਡੀਗੜ੍ਹ ਪ੍ਰਸ਼ਾਸਨ; ਸ਼੍ਰੀ ਹਰਸੁਹਿੰਦਰ ਪਾਲ ਸਿੰਘ ਬਰਾੜ, ਡਾਇਰੈਕਟਰ ਸਿੱਖਿਆ; ਸ਼੍ਰੀ ਸੌਰਭ ਕੁਮਾਰ ਅਰੋੜਾ, ਡਾਇਰੈਕਟਰ ਸਪੋਰਟਸ, ਚੰਡੀਗੜ੍ਹ ਪ੍ਰਸ਼ਾਸਨ ਅਤੇ ਸ਼੍ਰੀ ਅਭਿਨਵ ਬਿੰਦਰਾ, ਭਾਰਤ ਦੇ ਪਹਿਲੇ ਵਿਅਕਤੀਗਤ ਓਲੰਪਿਕ ਗੋਲਡ ਮੈਡਲਿਸਟ ਅਤੇ ਅਭਿਨਵ ਬਿੰਦਰਾ ਫਾਊਂਡੇਸ਼ਨ ਟਰੱਸਟ (ਏਬੀਐਫਟੀ) ਦੇ ਸੰਸਥਾਪਕ ਮੌਜੂਦ ਸਨ।ਇਸ ਮੌਕੇ 'ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ, ਸ਼੍ਰੀ ਅਭਿਨਵ ਬਿੰਦਰਾ ਨੇ ਕਿਹਾ, ਉਡਾਣ ਸਿਰਫ਼ ਇੱਕ ਖੇਡ ਸਮਾਗਮ ਨਹੀਂ ਹੈ, ਸਗੋਂ ਆਊਟਰੀਚ, ਸਸ਼ਕਤੀਕਰਨ ਅਤੇ ਪ੍ਰੇਰਨਾ 'ਤੇ ਅਧਾਰਤ ਇੱਕ ਲਹਿਰ ਹੈ। ਵਾਲੀਬਾਲ ਸਿਰਫ਼ ਇੱਕ ਖੇਡ ਨਹੀਂ ਹੈ, ਇਹ ਅਨੁਸ਼ਾਸਨ, ਟੀਮ ਵਰਕ ਅਤੇ ਆਤਮਵਿਸ਼ਵਾਸ ਦਾ ਮਾਰਗ ਹੈ ਜੋ ਬੱਚਿਆਂ ਨੂੰ ਉਨ੍ਹਾਂ ਦੇ ਜੀਵਨ ਭਰ ਸਸ਼ਕਤ ਬਣਾਏਗਾ।ਉਡਾਨ - ਸਕੂਲ ਵਾਲੀਬਾਲ ਪ੍ਰੋਗਰਾਮ ਅਭਿਨਵ ਬਿੰਦਰਾ ਫਾਊਂਡੇਸ਼ਨ ਟਰੱਸਟ, ਫੈਡਰੇਸ਼ਨ ਇੰਟਰਨੈਸ਼ਨਲ ਡੀ ਵਾਲੀਬਾਲ , ਵਾਲੀਬਾਲ ਫਾਊਂਡੇਸ਼ਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੀ ਇੱਕ ਸਾਂਝੀ ਪਹਿਲਕਦਮੀ ਹੈ।

# ਭਾਈ ਲੌਂਗੋਵਾਲ ਦੀ ਸਪੁੱਤਰੀ ਬੀਬਾ ਗੁਰਮਨ ਕੌਰ ਨੂੰ ਸ਼ਰਧਾਂਜਲੀਆਂ ਭੇਟ



ਲੌਂਗੋਵਾਲ, 2 ਸਤੰਬਰ (ਭਗਵੰਤ ਸ਼ਰਮਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਸਪੁੱਤਰੀ ਅਤੇ ਡਾ. ਇੰਦਰਜੀਤ ਕੌਰ ਪਿੰਗਲਵਾੜਾ ਦੀ ਭਾਣਜੀ ਬੀਬਾ ਗੁਰਮਨ ਕੌਰ ਨਮਿੱਤ ਅੰਤਿਮ ਅਰਦਾਸ ਸਥਾਨਕ ਅਨਾਜ਼ ਮੰਡੀ ਲੌਂਗੋਵਾਲ ਵਿਖੇ ਹੋਈ। ਸ੍ਰੀ ਅਕਾਲ ਤਖਤ ਦੇ ਸਾਬਕਾ ਕਾਰਜ਼ਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਪ੍ਰਧਾਨ ਅਕਾਲੀ ਦਲ ਨੇ ਅਰਦਾਸ ਬੇਨਤੀ ਕੀਤੀ ਅਤੇ ਭਾਈ ਮਨਦੀਪ ਸਿੰਘ ਕਥਾਵਾਚਕ ਨੇ ਹੁਕਮਨਾਮਾ ਲਿਆ।ਵਰਦੇ ਮੀਂਹ ਦੇ ਬਾਵਜੂਦ ਇਸ ਮੌਕੇ ਵੱਡੀ ਗਿਣਤੀ ਵਿਚ ਇਲਾਕਾ ਨਿਵਾਸੀਆਂ ਨੇ ਬੀਬਾ ਗੁਰਮਨ ਕੌਰ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਅਜਿਹੇ ਮੌਕੇ ਮਾਪਿਆਂ ਲਈ ਬੇਹੱਦ ਦੁਖਦਾਈ ਹੁੰਦੇ ਹਨ ਜਦੋਂ ਨੌਜਵਾਨ ਬੱਚੇ ਬੇਵਕਤੇ ਚਲੇ ਜਾਣ। ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਲਈ ਕਿਹਾ। ਉਨ੍ਹਾਂ ਪਰਿਵਾਰ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਚੜ੍ਹਦੀਕਲਾ ਟਾਈਮ ਟੀਵੀ ਦੇ ਚੇਅਰਮੈਨ ਸ. ਜਗਜੀਤ ਸਿੰਘ ਦਰਦੀ ਨੇ ਭੋਗ ਸਮੇਂ ਆਪਣੀ ਹਾਜ਼ਰੀ ਲਗਾਈ, ਵਰਿੰਦਰਪਾਲ ਗਰਗ ਓ. ਐਸ. ਡੀ. ਭਾਜਪਾ ਪ੍ਰਧਾਨ ਜੇ. ਪੀ. ਨੱਢਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਐਡ. ਵਰਿੰਦਰ ਗੋਇਲ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਵਿਧਾਇਕ ਮਨਪ੍ਰੀਤ ਸਿੰਘ ਇਆਲੀ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਬੀਬੀ ਪਰਮਜੀਤ ਕੌਰ ਗੁਲਸ਼ਨ, ਭਾਜਪਾ ਆਗੂ ਅਰਵਿੰਦ ਖੰਨਾ, ਜਗਜੀਤ ਸਿੰਘ ਦਰਦੀ ਚੜ੍ਹਦੀ ਕਲਾ, ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ, ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਐਡ. ਇਕਬਾਲ ਸਿੰਘ ਝੂੰਦਾ, ਵਿਨਰਜੀਤ ਸਿੰਘ ਗੋਲਡੀ, ਸੁਖਵਿੰਦਰ ਸਿੰਘ ਫੁੱਲ ਇੰਚਾਰਜ਼ ਉਪ ਦਫਤਰ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ, ਜਸਵਿੰਦਰ ਸਿੰਘ ਧੀਮਾਨ, ਪਰਮਜੀਤ ਸਿੰਘ ਖਾਲਸਾ, ਤੇਜਾ ਸਿੰਘ ਕਮਾਲਪੁਰ ਮੰਚ ਸੰਚਾਲਕ, ਰਾਮ ਪਾਲ ਸਿੰਘ ਬਹਿਣੀਵਾਲ ਮੈਂਬਰ ਸ਼੍ਰੋਮਣੀ ਕਮੇਟੀ, ਬੀਬੀ ਪਰਮਜੀਤ ਕੌਰ ਟੌਹੜਾ ਮੈਂਬਰ ਸ਼੍ਰੋਮਣੀ ਕਮੇਟੀ, ਦਰਬਾਰਾ ਸਿੰਘ ਗੁਰੂ, ਜਸਟਿਸ ਨਿਰਮਲ ਸਿੰਘ, ਚਰਨਜੀਤ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਸੁਖਵੰਤ ਸਿੰਘ ਸਰਾਓ, ਕਾਂਗਰਸੀ ਆਗੂ ਰਜਿੰਦਰ ਸਿੰਘ ਰਾਜਾ, ਭਾਜਪਾ ਆਗੂ ਦਾਮਨ ਥਿੰਦ ਬਾਜਵਾ, ਹਰਮਨਦੇਵ ਬਾਜਵਾ, ਕਾਂਗਰਸੀ ਆਗੂ ਰਜਿੰਦਰ ਦੀਪਾ, ਐਡ. ਗੁਰਤੇਗ ਸਿੰਘ, ਪ੍ਰੀਤਮ ਸਿੰਘ ਜੌਹਲ, ਗੁਰਨੈਬ ਸਿੰਘ ਰਾਮਪੁਰਾ, ਹਰਜੀਤ ਸਿੰਘ ਸੰਜੂਮਾ, ਅਮਰਜੀਤ ਸਿੰਘ ਗਿੱਲ, ਸਤਿਗੁਰ ਸਿੰਘ ਨਮੋਲ, ਗੁਰਬਚਨ ਸਿੰਘ ਬਚੀ, ਬੀਬੀ ਪਰਮਜੀਤ ਕੌਰ ਵਿਰਕ, ਅਮਰਜੀਤ ਸਿੰਘ ਬਡਰੁੱਖਾਂ, ਐਡ. ਰਾਜਦੇਵ ਸਿੰਘ ਖਾਲਸਾ, ਮਲਕੀਤ ਸਿੰਘ ਚੰਗਾਲ, ਹਰਦੇਵ ਸਿੰਘ ਰੋਗਲਾ, ਨਿਸ਼ਾਨ ਸਿੰਘ ਟੋਨੀ, ਸੁਖਵਿੰਦਰ ਸਿੰਘ ਔਲਖ, ਗੁਲਜ਼ਾਰ ਸਿੰਘ ਮੂਨਕ, ਬਲਜਿੰਦਰ ਸਿੰਘ ਮੱਖਣ ਬਰਾੜ, ਬੀਬੀ ਪਰਮਜੀਤ ਕੌਰ ਲਾਂਡਰਾਂ, ਸੁੱਚਾ ਸਿੰਘ ਛੋਟੇਪੁਰ, ਕਰਨੈਲ ਸਿੰਘ ਪੰਜੋਲੀ, ਬਾਬੂ ਪ੍ਰਕਾਸ਼ ਚੰਦ ਗਰਗ, ਹਰੀ ਸਿੰਘ ਨਾਭਾ, ਦਰਸ਼ਨ ਸਿੰਘ ਕਲੇਰ, ਮਲਕੀਤ ਸਿੰਘ ਢਿੱਲੋਂ, ਮਾ. ਹਰਬੰਸ ਸਿੰਘ ਸ਼ੇਰਪੁਰ, ਪਰਮਿੰਦਰ ਕੌਰ ਬਰਾੜ, ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ, ਸੂਬਾ ਡੈਲੀਗੇਟ ਗੁਰਮੀਤ ਸਿੰਘ ਲੱਲੀ, ਸਰਪੰਚ ਸੁਖਵਿੰਦਰ ਸਿੰਘ ਚਹਿਲ, ਜਤਿੰਦਰ ਸਿੰਘ ਵਿੱਕੀ ਕੋਚ, ਠੇਕੇਦਾਰ ਬਿੰਦਰ ਸਿੰਘ ਲੌਂਗੋਵਾਲ, ਬਲਵਿੰਦਰ ਸਿੰਘ ਢਿੱਲੋਂ, ਸੁਰਿੰਦਰ ਸਿੰਘ ਭੁੱਲੇਵਾਲ, ਰਣਜੀਤ ਸਿੰਘ ਕੂਕਾ ਸਾਬਕਾ ਮੀਤ ਪ੍ਰਧਾਨ, ਜਸਵਿੰਦਰ ਸਿੰਘ ਦੁੱਲਟ, ਕੁਲਦੀਪ ਸਿੰਘ ਦੂਲੋ, ਕੁਲਵੰਤ ਸਿੰਘ ਕਾਂਤੀ, ਪ੍ਰਿੰ. ਜਸਪ੍ਰੀਤ ਸਿੰਘ ਧਾਲੀਵਾਲ, ਸੁਖਬੀਰ ਸਿੰਘ ਉਭਾਵਾਲ, ਬਿੰਦਰ ਸਿੰਘ ਬਿੰਦੀ, ਅਵਤਾਰ ਸਿੰਘ ਦੁੱਲਟ, ਹਰਬੰਸ ਸਿੰਘ ਮੌੜ, ਦੇਵਿੰਦਰ ਸਿੰਘ ਗੋਲਡੀ ਖੰਗੂੜਾ, ਚਰਨਜੀਤ ਸਿੰਘ ਬਰਾੜ, ਹਰਦੇਵ ਸਿੰਘ ਸੇਹਕੇ, ਬਾਬਾ ਹਰਦੀਪ ਸਿੰਘ ਅਨੰਦਪੁਰ ਸਾਹਿਬ, ਸੁਰਿੰਦਰਪਾਲ ਸਿੰਘ ਓਬਰਾਏ, ਗੁਰਜੰਟ ਸਿੰਘ ਮੈਂਬਰ ਨਮੋਲ, ਬਿੰਦਰਪਾਲ ਸ਼ਰਮਾ ਸਰਪੰਚ ਨਮੋਲ, ਰਣਜੀਤ ਸਿੰਘ ਛਾਜਲਾ, ਬਲਕਾਰ ਸਿੰਘ ਸੰਗਾਲਾ ਡੈਲੀਗੇਟ, ਦਲਜੀਤ ਸਿੰਘ ਸਿੱਧੂ ਡੈਲੀਗੇਟ, ਗੁਰਮੀਤ ਸਿੰਘ ਸਿੱਧੂ ਡੈਲੀਗੇਟ, ਹਰਜੀਤ ਸਿੰਘ ਗਿੱਲ ਡੈਲੀਗੇਟ, ਗੁਰਚਰਨ ਸਿੰਘ ਦਰਾਕਾ ਡੈਲੀਗੇਟ, ਸੁਖਵਿੰਦਰ ਸਿੰਘ ਸਿੱਧੂ, ਗੁਰਵਿੰਦਰ ਸਿੰਘ, ਬਲਵਿੰਦਰ ਸਿੰਘ, ਜਗਜੀਤ ਸਿੰਘ ਜੱਗਾ ਕਾਂਝਲਾ, ਡਾ. ਮਲਵਿੰਦਰ ਸਿੰਘ ਮਾਲੀ, ਜਤਿੰਦਰ ਸਿੰਘ ਦਿਆਲਗੜ੍ਹ, ਮੇਵਾ ਸਿੰਘ ਉੱਪਲੀ, ਰਮੇਸ਼ ਅਗਰਵਾਲ, ਕੇਵਲ ਸਿੰਘ ਸ਼ੇਰੋਂ, ਡਾ. ਰੂਪ ਸਿੰਘ ਸ਼ੇਰੋਂ, ਸ਼੍ਰੋਮਣੀ ਅਕਾਲੀ ਦਲ ਬਾਦਲ ਸਰਕਲ ਪ੍ਰਧਾਨ ਸਤਨਾਮ ਸਿੰਘ ਸ਼ੇਰੋ ਸਰਪੰਚ ਸੁਖਦੇਵ ਸਿੰਘ ਅਮਰੂ ਕੋਟੜਾ, ਲੈਕ. ਮਲਕੀਤ ਸਿੰਘ ਗਾਂਧੀ, ਭਗਵੰਤ ਸਿੰਘ, ਰਣਜੀਤ ਸਿੰਘ ਛਜਲਾ ਹਾਜ਼ਰ ਸਨ।

# ਐਲ. ਆਈ. ਸੀ. ਨੇ 69ਵੀਂ ਵਰ੍ਹੇਗੰਢ ਦਾ ਜਸ਼ਨ ਮਨਾਇਆ

ਨਵੀਂ ਦਿੱਲੀ, 2 ਸਤੰਬਰ (ਚ.ਨ.ਸ.) : ਐਲ ਆਈ ਸੀ ਭਾਰਤ ਦਾ ਮੋਹਰੀ ਜੀਵਨ ਬੀਮਾਕਰਤਾ ਅਤੇ ਇੱਕ ਵਿੱਤੀ ਸਮੂਹ, ਜੋ ਕਿ 36% ਦੀ ਸ਼ਾਨਦਾਰ ਵਾਧਾ ਦਰ ਪ੍ਰਾਪਤ ਕਰਕੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਭਾਰਤੀ ਬ੍ਰਾਂਡ ਵਜੋਂ ਵੀ ਉਭਰਿਆ ਹੈ, 1 ਸਤੰਬਰ, 2025 ਨੂੰ 69ਵੀਂ ਵਰ੍ਹੇਗੰਢ ਦੇ ਮਾਣਮੱਤੇ ਪਲ ਦਾ ਜਸ਼ਨ ਮਨਾ ਰਿਹਾ ਹੈ। ਇਹ ਮੀਲ ਪੱਥਰ ਸਾਡੀ ਟੀਮ ਦੇ ਸਮਰਪਣ ਅਤੇ ਸਖ਼ਤ ਮਿਹਨਤ, ਐਲ ਆਈ ਸੀ 'ਤੇ ਸਾਡੇ ਗਾਹਕਾਂ ਦੁਆਰਾ ਪ੍ਰਗਟ ਕੀਤੇ ਗਏ ਅਥਾਹ ਵਿਸ਼ਵਾਸ ਅਤੇ ਇੱਕ ਮਜ਼ਬੂਤ ਪ੍ਰਣਾਲੀ ਦਾ ਪ੍ਰਮਾਣ ਹੈ ਜਿਸਨੇ ਲਗਾਤਾਰ ਉੱਤਮਤਾ, ਨਵੀਨਤਾ, ਅਤੇ ਗਾਹਕਾਂ ਦੀ ਸੰਤੁਸ਼ਟੀ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਜਿਵੇਂ ਕਿ ਅਸੀਂ ਕਾਰੋਬਾਰ ਵਿੱਚ 69 ਸਾਲਾਂ ਦੇ ਮਹੱਤਵਪੂਰਨ ਮੀਲ ਪੱਥਰ 'ਤੇ ਪਹੁੰਚਦੇ ਹਾਂ, ਐਲ ਆਈ ਸੀ ਮਾਣ ਨਾਲ ਵਿਕਾਸ, ਨਵੀਨਤਾ ਅਤੇ ਉੱਤਮਤਾ ਪ੍ਰਤੀ ਅਟੁੱਟ ਵਚਨਬੱਧਤਾ ਦੇ ਸਫ਼ਰ 'ਤੇ ਪ੍ਰਤੀਬਿੰਬਤ ਕਰਦਾ ਹੈ। ਦੋ ਦਹਾਕਿਆਂ ਤੋਂ ਵੱਧ ਸਮੇਂ ਤੱਕ ਬੀਮਾ ਖੇਤਰ ਦੇ ਉਦਾਰੀਕਰਨ ਤੋਂ ਬਾਅਦ ਵੀ, ਇਸਨੇ ਮਾਰਕੀਟ ਵਿੱਚ ਆਪਣੀ ਲੀਡਰਸ਼ਿਪ ਸਥਿਤੀ ਨੂੰ ਕਾਇਮ ਰੱਖਿਆ ਹੈ ਜਿਸ ਵਿੱਚ ਵਿੱਤੀ ਸਾਲ 2024-25 ਵਿੱਚ 65.83% ਮਾਰਕੀਟ ਹਿੱਸੇਦਾਰੀ ਅਤੇ ਪਹਿਲੇ ਸਾਲ ਦੇ ਪ੍ਰੀਮੀਅਮ ਆਮਦਨ ਵਿੱਚ 57.05% ਮਾਰਕੀਟ ਹਿੱਸੇਦਾਰੀ ਹੈ। ਭਾਰਤੀ ਜੀਵਨ ਬੀਮਾ ਨਿਗਮ 35 ਵਿਅਕਤੀਗਤ ਉਤਪਾਦਾਂ, 12 ਸਮੂਹ ਉਤਪਾਦ 7 ਵਿਅਕਤੀਗਤ ਰਾਈਡਰ ਅਤੇ 1 ਸਮੂਹ ਰਾਈਡਰ ਦਾ ਇੱਕ ਵਿਆਪਕ ਪੋਰਟਫੋਲੀਓ ਪੇਸ਼ ਕਰਦਾ ਹੈ ਜੋ ਸਮਾਜ ਦੇ ਹਰ ਵਰਗ ਦੀਆਂ ਵਿਭਿੰਨ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਜਿਵੇਂ ਕਿ ਐਂਡੋਮੈਂਟ ਬੀਮਾ, ਟਰਮ ਬੀਮਾ, ਬਾਲ ਬੀਮਾ, ਐਨੂਇਟੀ ਯੋਜਨਾਵਾਂ, ਸਮੂਹ ਬੀਮਾ, ਮਾਈਕ੍ਰੋ ਬੀਮਾ, ਸਿਹਤ ਅਤੇ ਯੂਨਿਟ ਲਿੰਕਡ ਉਤਪਾਦ।

## ਜਨਮ ਦਿਨ ਮੁਬਾਰਕ



ਦਿਵਾਂਸ਼ੀ ਸ਼ਰਮਾ



# ਮਾਝਾ-ਦੁਆਬਾ

ਆਸ ਪਾਸ



## ਗੁਰਦੁਆਰਾ ਧੋਬੜੀ ਸਾਹਿਬ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਕਾਨ੍ਹਪੁਰ ਤੋਂ ਲਖਨਊ ਲਈ ਰਵਾਨਾ

ਅੰਮ੍ਰਿਤਸਰ, 2 ਸਤੰਬਰ (ਗੁਰਦਿਆਲ ਸਿੰਘ): ਨੌਵੇਂ ਪਾਤਸ਼ਾਹ ਸ੍ਰੀ



ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸਾਹਿਬ ਰਣਜੀਤ ਨਗਰ ਕਾਨ੍ਹਪੁਰ ਤੋਂ ਆਪਣੇ ਅਗਲੇ ਪੜਾਅ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਯਹੀਆਗੰਜ ਲਖਨਊ ਲਈ ਰਵਾਨਾ ਹੋਇਆ।

ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ ਵਿਚ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਨਾਲ ਗੁਰੂ ਸਾਹਿਬ ਦੇ ਜੀਵਨ ਤੇ ਗੁਰਮਤਿ ਸਬੰਧੀ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਹਾਜਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਰਣਜੀਤ ਨਗਰ ਕਾਨ੍ਹਪੁਰ ਤੋਂ ਆਰੰਭ ਹੋ ਕੇ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਯਹੀਆਗੰਜ ਲਖਨਊ ਪੁੱਜਾ। ਰਸਤੇ ਵਿਚ ਸੰਗਤਾਂ ਨੇ ਭਰਵਾਂ ਸਵਾਗਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੁਮਾਲਾ ਸਾਹਿਬ ਭੇਟ ਕਰਕੇ ਸਤਿਕਾਰ ਦਿੱਤਾ। ਰਸਤੇ 'ਚ ਸੰਗਤਾਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ ਸਨ। ਸਥਾਨਕ ਸੰਗਤਾਂ ਵਿਚ ਨਗਰ ਕੀਰਤਨ ਪ੍ਰਤੀ ਵੱਡਾ ਉਤਸ਼ਾਹ ਸੀ ਅਤੇ ਨਗਰ ਕੀਰਤਨ ਨਾਲ ਚੱਲ ਰਹੀ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰਾਂ ਵਾਲੀ ਬੱਸ ਅਤੇ ਵੱਡਅਕਾਰੀ ਸਕਰੀਨਾਂ 'ਤੇ ਗੁਰੂ ਸਾਹਿਬ ਨਾਲ ਸੰਬੰਧਿਤ ਪਾਵਨ ਅਸਥਾਨਾਂ ਅਤੇ ਇਤਿਹਾਸ ਬਾਰੇ ਦਿਖਾਈਆਂ ਜਾ ਰਹੀਆਂ ਦਸਤਾਵੇਜ਼ੀ ਵੀਡੀਓ ਸੰਗਤਾਂ ਲਈ ਖਿੱਚ ਦਾ ਕੇਂਦਰ ਸਨ।ਦੱਸਣਯੋਗ ਹੈ ਕਿ ਇਹ ਸ਼ਹੀਦੀ ਨਗਰ ਕੀਰਤਨ ਅੱਜ ਰਾਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਯਹੀਆਗੰਜ ਲਖਨਊ ਵਿਖੇ ਰੁਕੇਗਾ, ਜਿਥੋਂ 3 ਸਤੰਬਰ ਨੂੰ ਅਗਲੇ ਪੜਾਅ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਆਲਮਬਾਗ ਲਖਨਊ ਲਈ ਰਵਾਨਾ ਹੋਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਮੰਗਵਿੰਦਰ ਸਿੰਘ ਖਾਪੜਖੇੜੀ, ਅਮਰਜੀਤ ਸਿੰਘ ਭਲਾਈਪੁਰ, ਅਮਰਜੀਤ ਸਿੰਘ ਬੰਡਾਲਾ, ਇੰਚਾਰਜ ਜਗਜੀਤ ਸਿੰਘ, ਸਿਮਰਨਜੀਤ ਸਿੰਘ ਕੰਗ, ਯੂਪੀ ਸਿੱਖ ਮਿਸ਼ਨ ਹਾਪੜ ਦੇ ਇੰਚਾਰਜ ਬ੍ਰਿਜਪਾਲ ਸਿੰਘ, ਮੀਤ ਮੈਨੇਜਰ ਰਵਿੰਦਰਜੀਤ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਗੁਰਦੁਆਰਾ ਸਾਹਿਬ ਰਣਜੀਤ ਨਗਰ ਕਾਨ੍ਹਪੁਰ ਦੇ ਪ੍ਰਧਾਨ ਹਰਵਿੰਦਰ ਸਿੰਘ ਲਾਰਡ, ਹਰਜਿੰਦਰ ਸਿੰਘ, ਗੁਰਜਿੰਦਰ ਸਿੰਘ, ਸਰਬਜੀਤ ਸਿੰਘ ਸਾਗਰੀ, ਐਡ. ਰਵਿੰਦਰ ਸਿੰਘ, ਮਨਮੀਤ ਸਿੰਘ, ਸੁਰਿੰਦਰ ਸਿੰਘ, ਸੁਖਵਿੰਦਰ ਸਿੰਘ ਭੱਲਾ, ਗਗਨ ਸਿੰਘ ਢੀਂਗਰਾ ਸਮੇਤ ਸੰਗਤਾਂ ਹਾਜ਼ਰ ਸਨ।

## ਸਿਹਤ ਮੰਤਰੀ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ 23 ਐਂਬੂਲੈਂਸਾਂ ਕੀਤੀਆਂ ਰਵਾਨਾ

ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ): ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਅੰਮ੍ਰਿਤਸਰ ਮੈਡੀਕਲ ਕਾਲਜ ਤੋਂ ਅਜਨਾਲਾ ਦੇ ਹੜ੍ਹ ਪੀੜ੍ਹਤ ਪਰਿਵਾਰਾਂ ਦੀ ਮਦਦ ਲਈ 23 ਐਂਬੂਲੈਂਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਉਹ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ ਅਤੇ ਹੰਗਾਮੀ ਹਾਲਤ ਨੂੰ ਦੇਖਦਿਆਂ ਲੋਕਾਂ ਦੀ ਸਿਹਤ ਦੀ ਸੁਚੱਜੀ ਸੰਭਾਲ ਲਈ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਹ ਐਂਬੂਲੈਂਸਾਂ ਭੇਜੀਆਂ ਗਈਆਂ ਹਨ। ਉਨਾਂ ਦੱਸਿਆ ਕਿ ਇਨਾਂ ਐਂਬੂਲੈਂਸਾਂ ਵਿੱਚ ਤਾਇਨਾਤ ਮੈਡੀਕਲ ਟੀਮਾਂ ਵਲੋਂ ਲੋਕਾਂ ਦੀ ਸਿਹਤ ਜਾਂਚ ਕਰਕੇ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨਾਂ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਔਖੀ ਘੜੀ ਵਿੱਚ ਲੋਕਾਂ ਦੀ ਪੂਰੀ ਤਨਦੇਹੀ ਨਾਲ ਸੇਵਾ ਕੀਤੀ ਜਾਵੇ ਤਾਂ ਜੋ ਉਨਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਸਿਹਤ ਮੰਤਰੀ ਨੇ ਦੱਸਿਆ ਕਿ ਵਿਭਾਗ ਵਲੋਂ ਸਬ ਡਵੀਜ਼ਨਲ ਹਸਪਤਾਲ ਅਜਨਾਲਾ ਵਿਖੇ ਮੈਡੀਕਲ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਉਨਾਂ ਨੇ ਆਸ਼ਾ ਵਰਕਰਾਂ, ਨਰਸਿੰਗ ਕਾਲਜ ਦੇ ਵਿਦਿਆਰਥੀਆਂ ਇਸ ਔਖੀ ਘੜੀ ਵਿੱਚ ਲੋਕਾਂ ਨੂੰ ਹਰ ਘਰ ਤੱਕ ਪਹੁੰਚ ਕਰਨ ਅਤੇ ਲੋੜੀਂਦੀ ਸੇਵਾਵਾਂ ਪਹੁੰਚਾਉਣ ਲਈ ਪ੍ਰੇਰਿਤ ਵੀ ਕੀਤਾ । ਇਸ ਮੌਕੇ




ਉਨ੍ਹਾਂ ਦੇ ਨਾਲ ਅਜਨਾਲਾ ਹਲਕੇ ਦੇ ਐਮ.ਐਲ.ਏ ਤੇ ਸਾਬਕਾ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੀ ਮੌਜੂਦ ਸਨ। ਜਿਹਨਾਂ ਵਲੋ ਵੱਖ-ਵੱਖ ਪਿੰਡਾਂ ਦੀ ਹਾਲਤ ਅਤੇ ਲੋੜੀਂਦੀ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵਲੋਂ ਪਿੰਡ ਬੇਦੀ ਛੰਨਾ ਵਿਖੇ ਪਹੁੰਚ ਕੇ ਪਿੰਡ ਦੇ ਗੁਰੂਦਵਾਰਾ ਸਾਹਿਬ ਜਾ ਕੇ ਮੈਡੀਕਲ ਕੈਂਪ ਦਾ ਜਾਇਜਾ ਲਿਆ ਗਿਆ ਅਤੇ ਲੋਕਾਂ ਰਾਹਤ ਸਮੱਗਰੀ ਵੀ ਵੰਡੀ। ਸਿਹਤ ਮੰਤਰੀ ਨੇ ਕਿਹਾ ਕਿ ਇਸ ਔਖੀ ਘੜੀ ਵਿੱਚ ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੁਬਾ ਸਰਕਾਰ ਲੋਕਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ।


ਉਨ੍ਹਾਂ ਦੱਸਿਆ ਕਿ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਡੇਂਗੂ , ਚਿਕਨਗੁਨੀਆ , ਚਮੜੀ ਦੇ ਰੋਗਾਂ ਦੀ ਰੋਕਥਾਮ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ । ਉਨ੍ਹਾਂ ਕਿਹਾ ਕਿ ਲੋਕਾਂ ਨੂੰ ਓ ਆਰ ਐਸ ਤੇ ਕਲੋਰੀਨ ਦੀਆਂ ਗੋਲੀਆਂ ਲਗਾਤਾਰ ਵੰਡੀਆਂ ਜਾ ਰਹੀਆਂ ਹਨ। ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੱਪ ਦੇ ਕੱਟਣ ਤੇ ਤੁਰੰਤ ਐਂਬੂਲੈਂਸ ਨੂੰ ਕਾਲ ਕਰਨ ਅਤੇ ਪੀੜ੍ਹਤ ਨੂੰ ਹਸਪਤਾਲ ਲੈ ਕੇ ਜਾਣ, ਉਨਾਂ ਕਿਹਾ ਕਿ ਸੱਪ ਦੇ ਕੱਟੇ ਡੰਗ ਦਾ ਇਲਾਜ ਮਾਹਿਰ ਡਾਕਟਰਾਂ ਕੋਲੋਂ ਕਰਵਾਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਸੱਪ ਦੀ ਡੰਗੀ ਹੋਈ ਥਾਂ ਨੂੰ ਨਾ ਕੱਟੋ ਅਤੇ ਨਾ ਹੀ ਮੂੰਹ ਨਾਲ ਜ਼ਹਿਰ ਕੱਢਣ ਦੀ ਕੋਸ਼ਿਸ ਕਰੋ। ਉਨਾਂ ਕਿਹਾ ਕਿ ਆਪਣੇ ਆਪ ਕੋਈ ਦਵਾਈ ਨਾ ਲਵੋ। ਉਨਾਂ ਕਿਹਾ ਕਿ ਹੜ੍ਹਾਂ ਦੇ ਪਾਣੀ ਵਿੱਚ ਜਾਣ ਵਿੱਚ ਪਰਹੇਜ਼ ਕਰੋ ਅਤੇ ਰਾਤ ਦੇ ਸਮੇਂ ਟਾਰਚ ਦੀ ਵਰਤੋਂ ਕਰੋ ਤੇ ਆਪਣੇ ਘਰ ਅਤੇ ਆਲੇ ਦੁਆਲੇ ਨੂੰ ਸਾਫ਼ ਸੁਥਰਾ ਅਤੇ ਘਰ ਦੇ ਸਮਾਨ ਨੂੰ ਟਿਕਾਣੇ ਸਿਰ ਰੱਖੋ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਅੰਦਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਤੇ ਗੰਦੇ ਪਾਣੀ ਨਾਲ ਹੋਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤ ਮੌਕੇ ਉਹ ਖੁਦ ਨਿੱਜੀ ਤੌਰ 'ਤੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੀ ਸਮੁੱਚੀ ਟੀਮ ਹੜ੍ਹ ਪ੍ਰਭਾਵਿਤ ਲੋਕਾਂ ਦੀ ਪੂਰੀ ਤਨਦੇਹੀ ਨਾਲ ਸੇਵਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਿਹਤ ਵਿਭਾਗ ਵਲੋਂ ਸਾਰੀਆਂ ਐਮਰਜੰਸੀ ਸੇਵਾਵਾਂ ਨੂੰ ਹਸਪਤਾਲਾਂ ਵਿੱਚ ਯਕੀਨੀ ਬਣਾਇਆ ਜਾ ਰਿਹਾ ਹੈ । ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਪੂਰਾ ਸਹਿਯੋਗ ਦੇਣ ਤਾਂ ਜੋ ਹਰ ਤਰ੍ਹਾਂ ਦੀਆਂ ਸਿਹਤ ਸੇਵਾਵਾਂ ਨਿਰਵਿਘਨ ਉਹਨਾਂ ਤੱਕ ਪਹੁੰਚਾਈਆਂ ਜਾ ਸਕਣ।

ਇਸ ਮੌਕੇ ਸਿਵਲ ਸਰਜਨ ਡਾ. ਸਵਰਨਜੀਤ ਸਿੰਘ ਧਵਨ, ਪ੍ਰਿੰਸੀਪਲ ਮੈਡੀਕਲ ਕਾਲਜ ਡਾ. ਰਾਜੀਵ ਦੇਵਗਨ, ਐਮ.ਐਸ. ਡਾਕਟਰ ਕਰਮਜੀਤ ਸਿੰਘ, ਸਹਾਇਕ ਸਿਵਲ ਸਰਜਨ ਡਾਕਟਰ ਰਜਿੰਦਰਪਾਲ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾਕਟਰ ਗੁਰਮੀਤ ਕੌਰ, ਜ਼ਿਲਾ ਟੀਕਾਕਰਨ ਅਫਸਰ ਡਾਕਟਰ ਭਾਰਤੀ ਧਵਨ ਤੋਂ ਇਲਾਵਾ ਹੋਰ ਡਾਕਟਰ ਵੀ ਹਾਜ਼ਰ ਸਨ।

## 'ਆਪ' ਦੇ ਲੋਕ ਸਭਾ ਇੰਚਾਰਜ ਜਸਕਰਨ ਬੰਦੇਸ਼ਾ ਤੇ ਸੁਹਿੰਦਰ ਕੌਰ ਨੇ ਅਜਨਾਲਾ ਦੇ ਵੱਖ-ਵੱਖ ਪਿੰਡਾਂ 'ਚ ਹੜ੍ਹ ਪੀੜਤਾਂ ਦੀ ਕੀਤੀ ਸੇਵਾ

ਅਜਨਾਲਾ, 2 ਸਤੰਬਰ (ਸੁਖਦੇਵ ਸਿੰਘ ਖਾਲਸਾ): ਆਮ ਆਦਮੀ ਪਾਰਟੀ ਵੱਲੋਂ ਅੰਮ੍ਰਿਤਸਰ ਲੋਕ ਸਭਾ ਇੰਚਾਰਜ



ਜਸਕਰਨ ਸਿੰਘ ਬੰਦੇਸ਼ਾ, ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਧਰਮਪਤਨੀ ਸੁਹਿੰਦਰ ਕੌਰ ਤੇ ਪਾਰਟੀ ਦੀ ਟੀਮ ਨੇ ਅਜਨਾਲਾ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਦੌਰਾਨ ਪਿੰਡ ਹਰੜ ਖੁਰਦ ਅਤੇ ਹਰੜ ਕਲਾਂ ਵਿੱਚ ਹੜ੍ਹ ਪੀੜਤ ਪਰਿਵਾਰਾਂ ਨੂੰ ਰਾਸ਼ਨ ਸਮੱਗਰੀ, ਪਾਣੀ ਤੇ ਪਸ਼ੂਆਂ ਲਈ ਚਾਰਾ ਵੰਡਿਆ ਗਿਆ। ਬੰਦੇਸ਼ਾ ਨੇ ਕਿਹਾ ਕਿ ਪੰਜਾਬ ਦੇ 09 ਜ਼ਿਲਿਆਂ 'ਚ ਆਏ ਹੜ੍ਹ ਕਾਰਨ ਲੋਕਾਂ ਨੂੰ ਬਹੁਤ ਵੱਡਾ ਨੁਕਸਾਨ ਝੱਲਣਾ ਪਿਆ ਹੈ, ਖ਼ਾਸ ਕਰਕੇ ਕਿਸਾਨਾਂ ਦੀਆਂ ਫ਼ਸਲਾਂ, ਘਰਾਂ ਤੇ ਪਸ਼ੂਆਂ ਨੂੰ ਵੱਡੀ ਹਾਨੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸੰਕਟ ਦੀ ਘੜੀ 'ਚ 'ਆਪ' ਦੀ ਸਰਕਾਰ ਤੇ ਵਲੰਟੀਅਰ ਪੂਰੀ ਤਰ੍ਹਾਂ ਲੋਕਾਂ ਦੇ ਨਾਲ ਖੜ੍ਹੇ ਹਨ। ਸੁਹਿੰਦਰ ਕੌਰ ਨੇ ਪਿੰਡਾਂ ਵਿੱਚ ਘਰ-ਘਰ ਜਾ ਕੇ ਰਾਸ਼ਨ ਸਮੱਗਰੀ ਵੰਡਦੇ ਹੋਏ ਪੀੜਤ ਪਰਿਵਾਰਾਂ ਨਾਲ ਉਨ੍ਹਾਂ ਦੇ ਦੁੱਖ-ਦਰਦ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਪਾਰਟੀ ਦੇ ਹਰੇਕ ਵਰਕਰ ਦਾ ਫਰਜ਼ ਹੈ ਕਿ ਉਹ ਮਨੁੱਖਤਾ ਦੇ ਨਾਤੇ ਬਿਨਾਂ ਕਿਸੇ ਭੇਦਭਾਵ ਦੇ ਪੀੜਤਾਂ ਦੀ ਸੇਵਾ ਕਰੇ। ਉਨ੍ਹਾਂ ਨੇ ਇਹ ਵੀ ਭਰੋਸਾ ਦਿਵਾਇਆ ਕਿ ਆਮ ਆਦਮੀ ਪਾਰਟੀ ਵਲੰਟੀਅਰ ਹੜ੍ਹ ਪੀੜਤਾਂ ਦੀ ਮੁਸ਼ਕਲਾਂ ਹੱਲ ਕਰਨ ਲਈ ਹਰ ਵੇਲੇ ਤਿਆਰ ਹਨ। ਅੰਤ 'ਚ ਜਸਕਰਨ ਸਿੰਘ ਬੰਦੇਸ਼ਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਸ਼ੇਸ਼ ਗਿਰਦਾਵਰੀ ਦੇ ਆਦੇਸ਼ ਜਾਰੀ ਹੋ ਚੁੱਕੇ ਹਨ, ਜਿਸ ਨਾਲ ਕਿਸਾਨਾਂ ਤੇ ਹੜ੍ਹ ਪੀੜਤ ਪਰਿਵਾਰਾਂ ਨੂੰ ਨਿਆਂ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਮਿਲਣ ਤੱਕ ਸੇਵਾ ਦਾ ਸਿਲਸਿਲਾ ਰੁਕਣ ਵਾਲਾ ਨਹੀਂ ਹੈ ਤੇ 'ਆਪ' ਹਮੇਸ਼ਾ ਲੋਕਾਂ ਦੀ ਭਲਾਈ ਲਈ ਵਚਨਬੱਧ ਰਹੇਗੀ। ਇਸ ਮੌਕੇ ਮਾਸਟਰ ਮੋਹਨ ਲਾਲ, ਬਲਵਿੰਦਰ ਸਿੰਘ ਕਾਲਾ ਤੇ ਸ਼ਮਸੇਰ ਸਿੰਘ ਸ਼ੇਰਾ ਵੀ ਹਾਜਰ ਸਨ।

## ਡੀ.ਸੀ. ਨੇ ਹੜ੍ਹ ਪ੍ਰਭਾਵਿਤ ਇਲਾਕੇ 'ਚ ਲਗੇ ਡਾਕਟਰੀ ਕੈਂਪਾਂ ਦਾ ਲਿਆ ਜਾਇਜ਼ਾ

ਅਜਨਾਲਾ, 2 ਸਤੰਬਰ (ਸੁਖਦੇਵ ਸਿੰਘ ਖਾਲਸਾ): ਰਾਵੀ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਇਲਾਕੇ ਅਜਨਾਲਾ ਤੇ ਰਮਦਾਸ ਵਿੱਚ ਲੋਕਾਂ ਦੀ ਸਹੂਲਤ ਲਈ ਸਿਹਤ ਵਿਭਾਗ ਵਲੋ 11 ਵਿਸ਼ੇਸ਼ ਮੈਡੀਕਲ ਕੈਂਪਾਂ ਦਾ ਨਿਰੀਖਣ ਕਰਦੇ ਹੋਏ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਇੰਨ੍ਹਾਂ ਮੈਡੀਕਲ ਕੈਂਪਾਂ ਵਿਚ



ਵਿੱਚ 24 ਘੰਟੇ ਪੇਸ਼ੇਵਰ ਡਾਕਟਰਾਂ ਦੀਆਂ ਟੀਮਾਂ ਤੈਨਾਤ ਕੀਤੀਆਂ ਗਈਆਂ ਹਨ ਅਤੇ ਇਹ ਕੈਂਪ ਇਸ ਢੰਗ ਨਾਲ ਲਗਾਏ ਗਏ ਹਨ ਕਿ ਕਿਸੇ ਵੀ ਪਿੰਡ ਵਿੱਚੋਂ ਵਿਅਕਤੀ ਨੂੰ ਆਉਣਾ ਆਸਾਨ ਹੋਵੇ ਅਤੇ ਉਸਨੂੰ ਘੱਟ ਤੋਂ ਘੱਟ ਸਮਾਂ ਇਸ ਕੈਂਪ ਵਿੱਚ ਪਹੁੰਚਣ ਲਈ ਲੱਗੇ।ਉਨ੍ਹਾਂ ਦੱਸਿਆ ਕਿ ਇਹਨਾਂ ਮੈਡੀਕਲ ਕੈਂਪਾਂ ਵਿੱਚ ਸਾਰਾ ਇਲਾਜ ਅਤੇ ਦਵਾਈਆਂ ਮੁਫਤ ਮਿਲਣਗੀਆਂ ਅਤੇ ਇੰਨ੍ਹਾਂ ਮੈਡੀਕਲ ਕੈਂਪਾਂ ਵਿਚ ਸੱਪ ਦੇ ਡੰਗਣ ਦਾ ਵੀ ਇਲਾਜ ਹੋਵੇਗਾ। ਡਿਪਟੀ ਕਮਿਸ਼ਨਰ ਨੇ ਮੈਡੀਕਲ ਕੈਂਪਾਂ ਦਾ ਨਿਰੀਖਣ ਕਰਦੇ ਹੋਏ ਡਾਕਟਰਾਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰਨ। ਕੈਂਪਾਂ ਦੀ ਜਾਣਕਾਰੀ ਦਿੰਦੇ ਉਹਨਾਂ ਦੱਸਿਆ ਕਿ ਮੈਡੀਕਲ ਕੈਂਪ ਘੋਨੇਵਾਲ ਮਾਛੀਵਾਲ, ਪ੍ਰਾਇਮਰੀ ਹੈਲਥ ਸੈਂਟਰ ਰਮਦਾਸ, ਗੁਰਦੁਆਰਾ ਕੋਟ ਰਜ਼ਾਦਾ, ਹੈਲਥ ਐਂਡ ਵੈਲਨੈਸ ਕਲੀਨਿਕ ਸੂਫੀਆਂ, ਹੈਲਥ ਐਂਡ ਵੈਲਨੈਸ ਕਲੀਨਿਕ ਜਗਦੇਵ ਖੁਰਦ, ਪ੍ਰਾਈਮਰੀ ਹੈਲਥ ਸੈਂਟਰ ਸੁਧਾਰ, ਗੁਰਦੁਆਰਾ ਧਨੰਈ, ਗੁਰਦੁਆਰਾ ਥੋਬਾ, ਫੋਕਲ ਪੁਆਇੰਟ ਚਮਿਆਰੀ ਤੋਂ ਹਰੜ ਖੁਰਦ ਰੋਡ, ਸਿਵਲ ਹਸਪਤਾਲ ਅਜਨਾਲਾ ਅਤੇ ਬਾਉਲੀ ਤੇ ਅੜਾਇਆ ਪਿੰਡ ਦਾ ਕੈਂਪ ਫੌਜ ਦੀ ਸਹਾਇਤਾ ਨਾਲ ਕੋਟ ਮੌਲੀ ਵਿਖੇ ਸ਼ੁਰੂ ਕਰ ਦਿੱਤਾ ਗਿਆ ਹੈ। ਉਨਾਂ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਮੈਡੀਕਲ ਐਮਰਜੰਸੀ, ਜਿਸ ਵਿੱਚ ਸੱਪ ਦਾ ਡੰਗ ਵੀ ਸ਼ਾਮਿਲ ਹੈ, ਦੀ ਹਾਲਤ ਵਿੱਚ ਕੋਈ ਓਹੜ ਪੋਹੜ ਨਾ ਕਰਨ ਅਤੇ ਤੁਰੰਤ ਇਹਨਾਂ ਕੈਂਪਾਂ ਵਿੱਚ ਡਾਕਟਰਾਂ ਕੋਲ ਪਹੁੰਚਣ। ਉਨਾਂ ਅਪੀਲ ਕੀਤੀ ਕਿ ਇਸ ਸਬੰਧੀ ਸਾਡੇ ਹੈਲਪਲਾਈਨ ਨੰਬਰ 0183-2229125 'ਤੇ ਸੰਪਰਕ ਕਰਕੇ ਵੀ ਸਹਾਇਤਾ ਲਈ ਜਾ ਸਕਦੀ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ ਨੇ ਦਾਨੀ ਸੱਜਣਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਕੋਈ ਵਸਤਾਂ ਦਾਨ ਕਰਨਾ ਚਾਹੁੰਦੇ ਹਨ ਤਾਂ ਉਹ ਪੁਰਸ਼ਾ, ਇਸਤਰੀਆਂ ਤੇ ਬੱਚਿਆਂ ਦੇ ਸਰਦ ਕਪੜੇ, ਗੈਸ ਸਟੋਵ, ਮੱਛਰਦਾਨੀਆਂ/ਉਡੋਮਾਸ, ਤਿਆਰ ਭੋਜਣ, ਫੋਲਡਿੰਗ ਬੈਡ, ਕੰਬਲ, ਰਜਾਈਆਂ, ਪੱਖੇ ਤੇ ਬੱਲਬ, ਸੋਲਰ ਚਾਰਜਿਜ, ਟਾਰਚ ਅਤੇ ਸੈਲ, ਗੱਦੇ, ਸਾਬਣ, ਸੈਪੂ, ਹੈਂਡਵਾਸ਼, ਸਰਫ, ਡਾਇਪਰ ਸੈਨਟਰੀ ਪੈਡ,ਬਾਲਟੀ ਤੇ ਮੱਗ, ਡਸਟਬਿਨ, ਚੱਪਲਾਂ, ਕੰਘੀ, ਤੇਲ, ਬਰੱਸ਼ ਤੇ ਟੂਥ ਪੇਸਟ, ਬੈਡ ਸ਼ੀਟਾਂ, ਤੋਲੀਏ, ਚਾਹ ਪੱਤੀ, ਖੰਡ, ਦੁੱਧ ਦਾ ਪਾਊਡਰ, ਨਮਕ, ਆਟਾ ਚਾਵਲ ਤੇ ਦਾਲਾਂ ਆਦਿ ਜ਼ਰੂਰ ਦੇਣ। ਉਨ੍ਹਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਵਲੋ ਵੀ ਪੂਰੇ ਇੰਤਜ਼ਾਮ ਕੀਤੇ ਗਏ ਹਨ।

## ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਇੱਕ ਦਿਨ ਤਨਖ਼ਾਹ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦੇਣ ਦਾ ਫ਼ੈਸਲਾ

ਅੰਮ੍ਰਿਤਸਰ, 2 ਸਤੰਬਰ (ਗੁਰਦਆਲ ਸਿੰਘ): ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਅੰਦਰ ਹੜ੍ਹਾਂ ਕਾਰਨ ਹੋਈ ਤਬਾਹੀ ਨਾਲ ਲੋਕਾਂ ਦੇ ਹੋਏ ਵੱਡੇ ਨੁਕਸਾਨ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਮੁਲਾਜ਼ਮ ਵੀ ਮੱਦਦ ਲਈ ਅੱਗੇ ਆਏ ਹਨ। ਇਸੇ ਤਹਿਤ ਹੀ ਮੁਲਾਜ਼ਮਾਂ ਵੱਲੋਂ ਇਕ ਦਿਨ ਦੀ ਤਨਖ਼ਾਹ ਸ਼੍ਰੋਮਣੀ ਕਮੇਟੀ ਵੱਲੋਂ ਕੀਤੀਆਂ ਜਾ ਰਹੀਆਂ ਰਾਹਤ ਸੇਵਾਵਾਂ ਵਿਚ ਦੇਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਸ ਦੁੱਖ ਦੀ ਘੜੀ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਆਉਣ ਦੇ ਪਹਿਲੇ ਦਿਨ ਤੋਂ ਨਿਰੰਤਰ ਸੇਵਾ ਨਿਭਾ ਰਹੀ ਹੈ। ਸੰਸਥਾ ਦੇ ਮੁਲਾਜ਼ਮ ਖੁਦ ਪੀੜਤਾਂ ਤੱਕ ਪਹੁੰਚ ਕੇ ਸੇਵਾਵਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਕੁਦਰਤੀ ਆਫ਼ਤ ਸਮੇਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਵੱਡੀਆਂ ਸੇਵਾਵਾਂ ਨਿਭਾਈਆਂ ਹਨ। ਵੱਖ-ਵੱਖ ਸਮੇਂ ਆਈਆਂ ਕੁਦਰਤੀ ਆਫ਼ਤਾਂ ਮੌਕੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਜਿਥੇ ਪੀੜਤ ਇਲਾਕਿਆਂ ਵਿਚ ਖੁਦ ਪਹੁੰਚ ਕੇ ਸੇਵਾ ਕਰਦੇ ਹਨ, ਉਥੇ ਹੀ ਹਰ ਵਾਰ ਆਪਣੀ ਤਨਖਾਹ ਵਿੱਚੋਂ ਵੀ ਲੋੜਵੰਦਾਂ ਲਈ ਸਹਾਇਤਾ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ



ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਬੀਤੇ ਕਈ ਦਿਨਾਂ ਤੋਂ ਸਾਡੇ ਮੁਲਾਜ਼ਮ ਆਪਣੀ ਪ੍ਰਵਾਹ ਕੀਤੇ ਬਿਨਾਂ ਪਾਣੀ ਵਿਚ ਘਿਰੇ ਲੋਕਾਂ ਤੱਕ ਪਹੁੰਚ ਕੇ ਸੰਸਥਾ ਵੱਲੋਂ ਲੋੜਵੰਦਾਂ ਦੀ ਮੱਦਦ ਕਰ ਰਹੇ ਹਨ। ਸਮੂਹ ਮੁਲਾਜ਼ਮਾਂ ਨੇ ਇਕੱਤਰਤਾ ਕਰਕੇ ਇਕ ਦਿਨ ਦੀ ਤਨਖ਼ਾਹ ਹੜ੍ਹ ਪੀੜਤਾਂ ਲਈ ਚੱਲ ਰਹੀਆਂ ਰਾਹਤ ਸੇਵਾਵਾਂ ਵਿਚ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਾਲਾਤ ਸੁਖਾਵੇਂ ਹੋਣ ਤੱਕ ਸੇਵਾਵਾਂ ਲਗਾਤਾਰ ਜਾਰੀ ਰਹਿਣਗੀਆਂ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਦਿਆਲ ਸਿੰਘ, ਗੁਰਨਾਮ ਸਿੰਘ, ਜਸਵਿੰਦਰ ਸਿੰਘ ਜੱਸੀ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ ਸਮੇਤ ਸ਼੍ਰੋਮਣੀ ਕਮੇਟੀ ਮੁਲਾਜ਼ਮ ਮੌਜੂਦ ਸਨ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਵਾਲੀਆਂ ਸੰਗਤਾਂ ਲਈ ਸਟੇਟ ਬੈਂਕ ਆਫ ਇੰਡੀਆ ਵੱਲੋਂ ਬੱਸ ਭੇਟ

ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁਜਦੀਆਂ ਹਨ। ਸੰਗਤਾਂ ਦੀ ਸਹੂਲਤ ਲਈ ਵੱਖ-ਵੱਖ ਕੰਪਨੀਆਂ ਵੱਲੋਂ ਵਾਹਨ ਭੇਟ ਕਰਕੇ ਗੁਰੂ ਘਰ ਪ੍ਰਤੀ ਸ਼ਰਧਾ ਪ੍ਰ ਗ ਟਾ ਈ ਜਾਂਦੀ ਹੈ। ਉ ਹ ਨਾਂ ਕਿਹਾ ਅੱਜ ਸਟੇਟ ਬੈਂਕ




ਨਤਮਸਤਕ ਹੋਣ ਪੁੱਜਦੀਆਂ ਸੰਗਤ ਦੀ ਸਹੂਲਤ ਲਈ ਸਟੇਟ ਬੈਂਕ ਆਫ ਇੰਡੀਆ ਨੇ ਇੱਕ ਬੱਸ ਭੇਟ ਕੀਤੀ। ਦਫਤਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸਰਦਾਰ ਪ੍ਰਤਾਪ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ, ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਨੂੰ ਸਟੇਟ ਬੈਂਕ ਆਫ ਇੰਡੀਆ ਦੇ ਚੇਅਰਮੈਨ ਐਸ ਸੀ ਸ਼ੈੱਟੀ ਨੇ ਚਾਬੀਆਂ ਸੌਂਪੀਆਂ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸਰਦਾਰ ਪ੍ਰਤਾਪ ਸਿੰਘ ਨੇ ਕਿਹਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਵੱਡੀ ਗਿਣਤੀ ਵਿੱਚ ਸੰਗਤਾਂ ਆਫ ਇੰਡੀਆ ਵੱਲੋਂ ਬੱਸ ਦੇ ਰੂਪ ਵਿੱਚ ਵਾਹਨ ਭੇਟ ਕੀਤੇ ਗਏ ਹਨ। ਜੋ ਬਜ਼ੁਰਗਾਂ, ਬੱਚਿਆਂ ਅਤੇ ਲੋੜਵੰਦ ਦੀ ਸਹੂਲਤ ਲਈ ਵਰਤੇ ਜਾਣਗੇ। ਇਸ ਮੌਕੇ ਸੂਚਨਾ ਅਧਿਕਾਰੀ ਅੰਮ੍ਰਿਤ ਪਾਲ ਸਿੰਘ ਰਣਧੀਰ ਸਰਬਜੀਤ ਸਿੰਘ ਮੈਨੇਜਿੰਗ ਡਾਇਰੈਕਟਰ ਅਸ਼ਵਨੀ ਤਿਵਾਰੀ, ਸੀ ਜੀ ਐਮ ਚੰਡੀਗੜ੍ਹ ਕ੍ਰਿਸ਼ਨ ਸ਼ਰਮਾ, ਜੀ ਐਮ ਚੰਡੀਗੜ੍ਹ ਮਨਮੀਤ ਸਿੰਘ ਛਾਬੜਾ, ਡੀ ਜੀ ਐਮ ਲੁਧਿਆਣਾ ਬੀਮ ਸ਼ੰਕਰ ਮਿਸ਼ਰਾ, ਰੀਜਨਲ ਮੈਨੇਜਰ ਸਤਵਿੰਦਰ ਸਿੰਘ, ਮੈਨੇਜਰ ਕੇ ਡੀ ਸਿੰਘ ਕਪਤਾਨ, ਮੈਨੇਜਰ ਗੁਰਿੰਦਰਜੀਤ ਸਿੰਘ, ਮੈਨੇਜਰ ਨਰਿੰਦਰ ਸਿੰਘ ਹਾਜ਼ਰ ਸਨ।

## ਪੰਜਾਬ 'ਚ ਆਏ ਹੜ੍ਹਾਂ 'ਤੇ ਕੇਂਦਰ ਸਰਕਾਰ ਦਾ ਬੇਗਾਨਗੀ ਵਾਲਾ ਰੁਖ ਚਿੰਤਾਜਨਕ : ਗਿ. ਹਰਪ੍ਰੀਤ ਸਿੰਘ

ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ): ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੜ੍ਹ ਪ੍ਰਭਾਵਿਤ ਇਲਕਿਆਂ ਦੇ ਦੌਰੇ ਤੋਂ ਪ੍ਰਾਪਤ ਹੋਈ ਜ਼ਮੀਨੀ ਹਕੀਕਤ ਤੋਂ ਬਾਅਦ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਘੇਰਿਆ ਹੈ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਖ਼ਤ ਪ੍ਰਤੀਕ੍ਰਿਆ ਦਿੰਦੇ ਕਿਹਾ ਕਿ, ਭਗਵੰਤ ਮਾਨ ਸਰਕਾਰ ਨੇ ਪੰਜਾਬ ਨੂੰਸ ਅਣ ਅਧਿਕਾਰਤ ਲਾਵਾਰਿਸ ਸੂਬਾ ਘੋਸ਼ਿਤ ਕੀਤਾ ਹੋਇਆ ਹੈ। ਪੰਜਾਬ ਵਿੱਚ ਸਰਕਾਰ ਨਾਲ ਦੀ ਕੋਈ ਵਿਵਸਥਾ ਨਹੀਂ ਹੈ, ਪੰਜਾਬ ਨੂੰ ਜਿੱਥੇ ਇੱਕ ਪਾਸੇ ਹੜ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ ਉੱਥੇ ਹੀ ਦੂਜੇ ਪਾਸੇ ਪੰਜਾਬ ਨੂੰ ਦਿੱਲੀ ਦੇ ਧਾੜਵੀਆਂ ਦੀ ਅੰਨੀ ਲੁੱਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਓਹਨਾ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਅਣ ਐਲਾਨੀ ਐਮਰਜੈਂਸੀ ਵਰਗੇ ਹਨ। ਓਹਨਾਂ ਕਿਹਾ ਕਿ, ਇਹਨਾ ਹਾਲਾਤਾਂ ਤੋ ਇੱਕ ਅੰਦਾਜਾ ਜਰੂਰ ਲਗਾਇਆ ਜਾ ਸਕਦਾ ਹੈ ਕਿ, ਸੂਬਾ ਵਸਨੀਕਾਂ ਦੀ ਨਰਾਜ਼ਗੀ ਅਤੇ ਗੁੱਸੇ ਦੇ ਚਲਦੇ ਆਪ ਦੇ ਚੁਣੇ ਹੋਏ ਨੁਮਾਇੰਦਿਆਂ ਵਿਚਾਲੇ ਦਿੱਲੀ ਦੀ ਚਾਕਰੀ ਬਨਾਮ ਪੰਜਾਬ ਦਾ ਦਰਦ ਤਹਿਤ ਹੋਣ ਵਾਲੀ ਵਿਚਾਰਧਾਰਕ ਵੰਡ ਵੱਡੀ ਸਿਆਸੀ ਬਗਾਵਤ ਵਜੋ ਵੇਖਣ ਨੂੰ ਮਿਲੇਗੀ ਤੇ ਇਸ ਸਰਕਾਰ ਨੂੰ ਜਾਣਾ ਪਵੇਗਾ।



ਇਸ ਦੇ ਨਾਲ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ,ਪੰਜਾਬ ਵਿੱਚ ਆਏ ਹੜ੍ਹ ਤੋਂ ਹੋਈ ਵੱਡੀ ਤਬਾਹੀ ਤੋਂ ਬਾਅਦ ਵੀ ਕੇਂਦਰ ਸਰਕਾਰ ਵੱਲੋਂ ਜ਼ਰੂਰੀ ਮਦਦ ਨਾ ਮਿਲਣਾ ਦੁੱਖਦਾਈ ਤੇ ਚਿੰਤਾਜਨਕ ਹੈ। ਪੰਜਾਬ ਦੇ ਹਜ਼ਾਰਾਂ ਪਰਿਵਾਰ ਮੁਸੀਬਤ ਵਿੱਚ ਹਨ,ਖੇਤੀਬਾੜੀ ਤਬਾਹ ਹੋ ਗਈ, ਘਰਾਂ ਤੇ ਦੁਕਾਨਾਂ ਨੂੰ ਵੱਡਾ ਨੁਕਸਾਨ ਹੋਇਆ ਹੈ, ਪਰ ਕੇਂਦਰ ਸਰਕਾਰ ਦੀ ਬੇਰੁਖ਼ੀ ਨੇ ਪੰਜਾਬੀਆਂ ਦੇ ਮਨ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ। ਓਹਨਾ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕੇਂਦਰ, ਕਿਸਾਨੀ ਅੰਦੋਲਨ ਪ੍ਰਤੀ ਆਪਣੇ ਬਦਲੇ ਦੀ ਭਾਵਨਾ ਨੂੰ ਪਾਸੇ ਰੱਖਦੇ ਹੋਏ, ਤੁਰੰਤ ਪ੍ਰਭਾਵ ਨਾਲ ਢੁੱਕਵਾਂ ਮੁਆਵਜ਼ਾ ਜਾਰੀ ਕਰੇ। ਗਿਆਨੀ ਹਰਪ੍ਰੀਤ ਸਿੰਘ ਨੇ ਤੁਰੰਤ ਪ੍ਰਭਾਵ ਨਾਲ ਕੇਂਦਰ ਤੋਂ ਆਰਥਿਕ ਪੈਕਜ ਦੀ ਮੰਗ ਕੀਤੀ, ਉਹਨਾਂ ਕੇਂਦਰ ਤੋ ਮੰਗ ਕੀਤੀ ਕਿ ਹੜ੍ਹ ਪ੍ਰਭਾਵਿਤ ਪਰਿਵਾਰਾਂ ਲਈ ਤੁਰੰਤ ਵਿੱਤੀ ਪੈਕੇਜ ਜਾਰੀ ਕੀਤਾ ਜਾਵੇ, ਤਬਾਹ ਹੋਈਆਂ ਫਸਲਾਂ, ਖੇਤੀ ਯੰਤਰਾਂ ਤੇ ਪਸ਼ੂਆਂ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ, ਢਾਂਚਾਗਤ ਨੁਕਸਾਨ (ਸੜਕਾਂ, ਪੁਲਾਂ, ਸਕੂਲਾਂ, ਹਸਪਤਾਲਾਂ) ਦੀ ਮੁਰੰਮਤ ਲਈ ਖਾਸ ਕੇਂਦਰੀ ਫੰਡ ਦਿੱਤਾ ਜਾਵੇ, ਕਿਸਾਨਾਂ ਤੇ ਛੋਟੇ ਵਪਾਰੀਆਂ ਦੇ ਕਰਜ਼ੇ ਲਈ ਖਾਸ ਰਾਹਤ ਦਾ ਐਲਾਨ ਜਾਵੇ, ਹੜ੍ਹਾਂ ਤੋਂ ਬਚਾਅ ਲਈ ਪੰਜਾਬ ਨੂੰ ਖਾਸ Flood Management Package ਦੇ ਕੇ ਦਰਿਆਵਾਂ ਦੇ ਕੰਢੇ ਮਜ਼ਬੂਤ ਕੀਤੇ ਜਾਣ, ਕੇਂਦਰੀ ਸਿਹਤ ਟੀਮਾਂ ਭੇਜ ਕੇ ਹੜ੍ਹ ਬਾਅਦ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਪੱਕੇ ਪ੍ਰਬੰਧ ਕੀਤੇ ਜਾਣ ਅਤੇ ਹੜ੍ਹ ਦੇ ਪਾਣੀ ਨਾਲ ਖੇਤਾਂ ਵਿੱਚ ਜਮ੍ਹਾਂ ਹੋਈ ਮਿੱਟੀ ਨੂੰ ਕੱਢਣ ਲਈ ਕਿਸਾਨਾਂ ਨੂੰ ਸੌ ਫ਼ੀਸਦ ਸਬਸਿਡੀ ਤੇ ਡੀਜਲ ਦਿੱਤਾ ਜਾਵੇ। ਗਿਆਨੀ ਹਰਪ੍ਰੀਤ ਸਿੰਘ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ, ਅਸੀਂ ਕੇਂਦਰ ਨੂੰ ਯਾਦ ਦਵਾਉਣਾ ਚਾਹੁੰਦੇ ਹਾਂ ਕਿ ਪੰਜਾਬ ਨੇ ਹਮੇਸ਼ਾ ਦੇਸ਼ ਲਈ ਕੁਰਬਾਨੀਆਂ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਇਆ ਹੈ,ਚਾਹੇ ਖੇਤੀਬਾੜੀ ਦੇ ਖੇਤਰ ਵਿੱਚ ਹੋਵੇ ਜਾਂ ਸਰਹੱਦਾਂ ਦੀ ਰੱਖਿਆ ਦਾ ਮਾਮਲਾ ਹੋਵੇ, ਉਸ ਵਿੱਚ ਪੰਜਾਬੀਆਂ ਦੇ ਪਾਏ ਯੋਗਦਾਨ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਪਰ ਅੱਜ ਜਦੋਂ ਪੰਜਾਬ ਮੁਸੀਬਤ ਵਿੱਚ ਹੈ, ਤਾਂ ਕੇਂਦਰ ਦੀ ਇਹ ਚੁੱਪੀ ਸਾਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਂਦੀ ਹੈ।

ਇਸ ਸੰਕਟ ਵਿੱਚ ਜਿੱਥੇ ਪੰਜਾਬ ਦੇ ਲੋਕ ਤੁਰੰਤ ਮਦਦ ਦੀ ਉਮੀਦ ਕਰ ਰਹੇ ਸਨ, ਓਥੇ ਹੀ ਕੇਂਦਰ ਸਰਕਾਰ ਵੱਲੋਂ ਮਿਲ ਰਹੀ ਬੇਰੁਖ਼ੀ ਨੇ ਪੰਜਾਬੀਆਂ ਦੇ ਮਨਾਂ ਵਿੱਚ ਗਹਿਰਾ ਦੁੱਖ ਅਤੇ ਨਿਰਾਸ਼ਾ ਪੈਦਾ ਕੀਤੀ ਹੈ। ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ, ਕੇਂਦਰ ਸਰਕਾਰ ਤੁਰੰਤ ਪੰਜਾਬ ਲਈ ਖਾਸ ਰਾਹਤ ਪੈਕੇਜ ਦਾ ਐਲਾਨ ਕਰੇ, ਨਹੀਂ ਤਾਂ ਪੰਜਾਬ ਦੇ ਲੋਕ ਇਸ ਚੁੱਪੀ ਦੇ ਖਿਲਾਫ਼ ਆਪਣੀ ਆਵਾਜ਼ ਹੋਰ ਤੇਜ਼ੀ ਨਾਲ ਬੁਲੰਦ ਕਰਨਗੇ। ਅਸੀਂ ਸਪਸ਼ਟ ਮੰਗ ਕਰਦੇ ਹਾਂ ਕਿ ਤੁਰੰਤ ਖਾਸ ਰਾਹਤ ਪੈਕੇਜ ਜਾਰੀ ਕੀਤਾ ਜਾਵੇ,ਇਹ ਪੰਜਾਬ ਦਾ ਹੱਕ ਹੈ, ਮੇਹਰਬਾਨੀ ਨਹੀਂ।


## ਬੰਦੀ ਸਿੰਘਾਂ ਦੀ ਰਿਹਾਈ ਲਈ ਨਿਕਲਣ ਵਾਲਾ ਪੈਦਲ ਮਾਰਚ 10 ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਵੇਗਾ ਸ਼ੁਰੂ



ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ): ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਦੇ ਵਿੱਚ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸੰਨ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਸਮੁੱਚੇ ਸਰਕਦਾ ਅਹੁੱਦੇਦਾਰਾਂ ਤੇ ਮੈਂਬਰਾਂ ਦੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 20 ਸਤੰਬਰ ਨੂੰ ਕੱਢਿਆ ਜਾਣ ਵਾਲਾ ਪੈਦਲ ਮਾਰਚ ਹੁਣ 10 ਨਵੰਬਰ ਨੂੰ ਕੱਢਿਆ ਜਾਵੇਗਾ। ਜਿਕਰਯੋਗ ਹੈ ਕਿ ਇਹ ਮਾਰਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋ ਕੇ ਤਖਤ ਸ੍ਰੀ ਦਮਦਮਾ ਸਾਹਿਬ ਸਾਬੋਕੀ ਤਲਵੰਡੀ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਹੁੰਦਾ ਹੋਇਆ ਵਾਪਸ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਪੂਰਨਤਾ ਕਰੇਗਾ। ਇਸ ਗੱਲ ਦੀ ਜਾਣਕਾਰੀ ਸੰਨ 2015 ਦੇ ਸਰਬੱਤ ਖਾਲਸਾ ਸੰਮੇਲਨ ਦੇ ਮੁੱਖ ਪ੍ਰਬੰਧਕ ਭਾਈ ਜਰਨੈਲ ਸਿੰਘ ਸਖੀਰਾ ਦੇ ਵੱਲੋਂ ਅੱਜ ਇੱਥੇ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਪੰਜਾਬ ਦੇ 9 ਜ਼ਿਲ੍ਹਿਆਂ ਸਮੇਤ ਕਈ ਹੋਰਨਾ ਖੇਤਰਾਂ ਦੇ ਵਿੱਚ ਆਏ ਹੜ੍ਹਾ ਕਾਰਨ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਕੁਦਰਤੀ ਕੁਰੋਪੀ ਦੇ ਨਾਲ ਜਿੱਥੇ ਵੱਡੇ ਪੱਧਰ ਤੇ ਇੰਨਸਾਨਾ ਦਾ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਉੱਥੇ ਹਜ਼ਾਰਾਂ ਬੇਜ਼ੁਬਾਨ ਪਸ਼ੂ-ਪੰਛੀਆਂ ਤੇ ਪਰਿੰਦਿਆਂ ਨੇ ਵੀ ਆਪਣੀ ਜਾਨ ਗਵਾਈ ਹੈ। ਅਜਿਹੇ ਵਿੱਚ ਹਰੇਕ ਪ੍ਰਕਾਰ ਦੀ ਮੰਦਹਾਲੀ ਦਾ ਸਾਹਮਣਾ ਕਰ ਰਹੇ ਪੀੜਤ ਪਰਿਵਾਰਾਂ ਦੀ ਸੇਵਾ ਸੰਭਾਲ ਕਰਨਾ ਹਰੇਕ ਦਾ ਫਰਜ਼ ਹੈ। ਅਜਿਹੇ ਵਿੱਚ ਮਾਰਚ ਕੱਢਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਭਾਈ ਜਰਨੈਲ ਸਿੰਘ ਸਖੀਰਾ ਨੇ ਦੱਸਿਆ ਕਿ ਸਰਬੱਤ ਖਾਲਸਾ ਸੰਮੇਲਨ 2015 ਦੇ ਸਮੂੰਹਿਕ ਸਰਕਦਾ ਅਹੁੱਦੇਦਾਰਾਂ ਤੇ ਮੈਂਬਰਾਂ ਦੇ ਵੱਲੋਂ ਕੀਤੀ ਗਈ ਮੀਟਿੰਗ ਦੇ ਦੌਰਾਨ ਸਰਵ ਸੰਮਤੀ ਨਾਲ ਇਸ ਫੈਸਲੇ ਦਾ ਪੰਥਕ ਦਰਦੀਆਂ ਤੇ ਹਿਤੈਸ਼ੀਆਂ ਦੇ ਵੱਲੋਂ ਸਮੱਰਥਣ ਤੇ ਹਮਾਇਤ ਵੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪੈਦਲ ਮਾਰਚ ਦਾ ਮੁੱਖ ਮੱਕਸਦ ਆਪਣੀ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਤੇ ਹੋਰ ਸਿੱਖ ਕੈਦੀਆਂ ਦੀ ਰਿਹਾਈ ਨੂੰ ਲੈ ਕੇ ਮੌਕਾ ਪ੍ਰਸਤ ਸਰਕਾਰਾਂ ਨੂੰ ਝੰਜੋੜਣਾ ਤੇ ਹਲੂਣਾ ਦੇਣਾ ਹੈ। ਉਨ੍ਹਾਂ ਕਿਹਾ ਕਿ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਬਿਨ੍ਹਾਂ ਕਿਸੇ ਕਸੂਰ ਦੇ ਜੇਲ੍ਹਾਂ ਦੇ ਵਿੱਚ ਡੱਕੀ ਰੱਖਣਾ ਸਿੱਖਾਂ ਦੇ ਗੁਲਾਮ ਹੋਣ ਦੀ ਗਵਾਹੀ ਭਰਦਾ ਹੈ। ਜਿਸ ਦੇ ਲਈ ਦੋਵੇਂ ਸਰਕਾਰਾਂ ਸਿੱਧੇ ਤੌਰ ਤੇ ਦੋਸ਼ੀ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨ ਵਾਲਿਆਂ ਤੇ ਮੌਕਾ ਪ੍ਰਸਤ ਦੋਵੇਂ ਸਰਕਾਰਾਂ ਦੇ ਚਹੇਤਿਆਂ ਦੇ ਨਾਲ ਜੇਲ੍ਹਾਂ ਦੇ ਵਿੱਚ ਹਰੇਕ ਪ੍ਰਕਾਰ ਦੀ ਨਰਮੀ ਤੇ ਮਿੱਤਰਤਾ ਰਵੱਈਆ ਵਰਤਿਆ ਜਾਂਦਾ ਹੈ। ਜਦੋਂ ਕਿ ਘੱਟ ਗਿਣਤੀ ਸਿੱਖ ਭਾਈਚਾਰੇ ਦੇ ਲਈ ਵੱਖਰੇ ਪੈਮਾਨੇ ਤਿਆਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਪੈਦਲ ਮਾਰਚ ਦੇ ਦੌਰਾਨ ਬੰਦੀ ਸਿੰਘਾਂ ਦੇ ਨਾਲ ਸਬੰਧਤ ਕਈ ਹੋਰ ਮਸਲੇ ਵੀ ਉਠਾਏ ਜਾਣਗੇ।

ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਭਾਈ ਸਾਹਿਬ ਭਾਈ ਧਿਆਨ ਸਿੰਘ ਮੰਡ, ਭਾਈ ਮੋਹਕਮ ਸਿੰਘ, ਭਾਈ ਵੱਸਣ ਸਿੰਘ ਜੱਫਰਵਾਲ, ਭਾਈ ਸਤਨਾਮ ਸਿੰਘ ਮਨਾਵਾ, ਬਾਬਾ ਹਰਬੰਸ ਸਿੰਘ ਚੈਨਪੁਰ, ਬਾਬਾ ਚਮਕੌਰ ਸਿੰਘ, ਤੇਜਬੀਰ ਸਿੰਘ ਦਮਦਮੀ ਟਕਸਾਲ, ਪਰਮਜੀਤ ਸਿੰਘ ਜਿੱਜੇਆਣੀ ਆਦਿ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ ਦਾ ਸੇਵਾ ਮੁਕਤ ਹੋਣ 'ਤੇ ਸਨਮਾਨ



ਅੰਮ੍ਰਿਤਸਰ, 2 ਸਤੰਬਰ (ਗੁਰਦਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਤੋਂ ਸੇਵਾ ਮੁਕਤ ਹੋਏ ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ ਨੂੰ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਬਖਸ਼ਿਸ਼ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਪ੍ਰੋ. ਸੁਖਦੇਵ ਸਿੰਘ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਸੁਖਦੇਵ ਸਿੰਘ ਨੇ ਗੁਰਮਤਿ ਪ੍ਰੋਫ਼ੈਸਰ ਦੇ ਤੌਰ 'ਤੇ ਆਪਣੀ ਸੇਵਾ ਸ਼ੁਰੂ ਕੀਤੀ ਸੀ ਤੇ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਸੰਸਥਾ ਲਈ ਬਿਹਤਰ ਕਾਰਜ ਕੀਤੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ 'ਚ ਵੀ ਉਹ ਨਿਸ਼ਕਾਮ ਭਾਵਨਾ ਨਾਲ ਸਿੱਖ ਸੰਸਥਾ ਨੂੰ ਸਹਿਯੋਗ ਕਰਦੇ ਰਹਿਣਗੇ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਭੂੰਦੜ, ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ, ਸੀਨੀਅਰ ਆਗੂ ਤੇਜਿੰਦਰ ਸਿੰਘ ਮਿੱਡੂਖੇੜਾ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਦਲਜੀਤ ਸਿੰਘ ਭਿੰਡਰ, ਬਲਦੇਵ ਸਿੰਘ ਕਾਇਮਪੁਰੀ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਖੁਸ਼ਵਿੰਦਰ ਸਿੰਘ ਭਾਟੀਆ, ਸੁਰਜੀਤ ਸਿੰਘ ਭਿੱਟੇਵੱਡ, ਪਰਮਜੀਤ ਸਿੰਘ ਲੱਖੇਵਾਲ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਤੇਜਿੰਦਰਪਾਲ ਸਿੰਘ ਢਿੱਲੋਂ, ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸਿੱਖਿਆ ਸਕੱਤਰ ਸੁਖਮਿੰਦਰ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਦਸਮੇਸ਼ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਮੇਜਰ ਸਿੰਘ ਤੇ ਤਲਵਿੰਦਰ ਸਿੰਘ ਬੁੱਟਰ ਵੀ ਹਾਜ਼ਰ ਸਨ।

## ਦਿਲਜੀਤ ਸਿੰਘ ਬੇਦੀ ਦਾ ਅੰਗੀਠਾ ਧਾਰਮਿਕ ਰਹੁਰੀਤਾਂ ਨਾਲ ਸਮੇਟਿਆ

ਅੰਮ੍ਰਿਤਸਰ, 2 ਸਤੰਬਰ (ਗੁਰਦਿਆਲ ਸਿੰਘ): ਉਘੇ ਸਿੱਖ ਚਿੰਤਕ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਦਿਲਜੀਤ ਸਿੰਘ ਬੇਦੀ ਜੋ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਦਾ ਧਾਰਮਿਕ ਰਹੁਰੀਤਾਂ ਅਨੁਸਾਰ ਅੰਗੀਠਾ ਸਮੇਟਿਆ ਗਿਆ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵਲੋਂ ਬਾਬਾ ਭਗਤ ਸਿੰਘ, ਮੈਨੇਜਰ ਪਰਮਜੀਤ ਸਿੰਘ ਬਾਜਵਾ, ਭਾਜਪਾ ਦੇ ਸੀਨੀਅਰ ਆਗੂ ਇੰਦਰਜੀਤ ਸਿੰਘ ਬਾਸਰਕੇ ਦੇ ਇਲਾਵਾ ਬੇਦੀ ਪ੍ਰੀਵਾਰ ਦੇ ਸਮੂਹ ਮੈਂਬਰ ਤੇ ਰਿਸ਼ਤੇਦਾਰ ਸਾਕ ਸਬੰਧੀ ਵੱਡੀ ਗਿਣਤੀ ਵਿਚ ਸ਼ਾਮਲ ਸਨ।

ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਦਸਿਆ ਕਿ ਦਿਲਜੀਤ ਸਿੰਘ ਬੇਦੀ ਦਾ ਨਮਿਤ ਅੰਤਿਮ ਅਰਦਾਸ ਸਮਾਗਮ 8 ਸਤੰਬਰ ਦਿਨ ਸੋਮਵਾਰ ਨੂੰ 12:00 ਤੋਂ 1:00 ਵਜੇ ਤੀਕ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਛਾਉਣੀ ਨਿਹੰਗ ਸਿੰਘ ਬੁੱਢਾ ਦਲ ਵਿਖੇ ਅਯੋਜਿਤ ਕੀਤਾ ਜਾਵੇਗਾ। ਇਸ ਮੌਕੇ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਸਮੂਹ ਨਿਹੰਗ ਸਿੰਘ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸੰਪਰਦਾਵਾਂ ਦੇ ਮੁਖੀ ਸਾਹਿਬਾਨ ਦਿਲਜੀਤ ਸਿੰਘ ਬੇਦੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਸਹਿਕਾਰ ਭਾਰਤੀ ਪੰਜਾਬ ਦੇ ਤੀਜੇ ਸੂਬਾਈ ਸੰਮੇਲਨ ਦਾ ਭਾਰੀ ਮੀਂਹ ਵੀ ਨਹੀਂ ਘਟਾ ਸਕਿਆ ਉਤਸ਼ਾਹ : ਬਲਰਾਮ ਦਾਸ ਬਾਵਾ

ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ): ਸਹਿਕਾਰ ਭਾਰਤੀ ਪੰਜਾਬ ਦਾ ਤੀਜਾ ਸੂਬਾਈ ਸੰਮੇਲਨ ਭਾਰੀ ਬਾਰਿਸ਼ ਦੇ ਬਾਵਜੂਦ ਸਫਲਤਾਪੂਰਵਕ ਸੰਪੰਨ



ਹੋਇਆ। ਇਸ ਸਮਾਗਮ ਦੀ ਸ਼ੁਰੂਆਤ ਸਹਿਕਾਰ ਭਾਰਤੀ ਦੇ ਝੰਡਾ ਲਹਿਰਾਉਣ ਦੀ ਪਰੰਪਰਾ ਨਾਲ ਹੋਈ, ਜਿਸ ਦੀ ਪ੍ਰਧਾਨਗੀ ਰਾਸ਼ਟਰੀ ਪ੍ਰਧਾਨ ਡਾ. ਉਦੈ ਜੋਸ਼ੀ ਨੇ ਕੀਤੀ ਅਤੇ ਰਾਸ਼ਟਰੀ ਸਰਪ੍ਰਸਤ ਦੀਨਾ ਨਾਥ ਠਾਕੁਰ ਦੇ ਮਾਰਗਦਰਸ਼ਨ ਹੇਠ ਹੋਇਆ।ਸਮਾਗਮ ਵਿੱਚ ਰਾਸ਼ਟਰੀ ਜਨਰਲ ਸਕੱਤਰ ਦੀਪਕ ਚੌਰਸੀਆ ਨੇ ਭਾਰੀ ਮੀਂਹ ਦੇ ਬਾਵਜੂਦ 23 ਜ਼ਿਲ੍ਹਿਆਂ ਤੋਂ ਪਹੁੰਚੇ ਲਗਭਗ 700 ਵਰਕਰਾਂ ਦੇ ਜੋਸ਼ ਦੀ ਪ੍ਰਸ਼ੰਸਾ ਕੀਤੀ। ਮੁੱਖ ਮਹਿਮਾਨ ਵਜੋਂ ਡਾ. ਕੁਲਦੀਪ ਸਿੰਘ ਜਸੋਵਾਲ, ਡਾਇਰੈਕਟਰ ਡੇਅਰੀ ਡਿਵੈਲਪਮੈਂਟ ਬੋਰਡ ਪੰਜਾਬ, ਅਤੇ ਮੁੱਖ ਡਾਇਰੈਕਟਰ ਲਲਿਤ ਗੋਇਲ, ਐਨਸੀਡੀਸੀ ਚੰਡੀਗੜ੍ਹ, ਨੇ ਸ਼ਿਰਕਤ ਕੀਤੀ। ਇਸ ਸੰਮੇਲਨ ਦੀ ਅਗਵਾਈ ਉੱਤਰੀ ਖੇਤਰ ਦੇ ਮੁਖੀ ਸ਼ੰਕਰ ਦੱਤ ਤਿਵਾੜੀ ਨੇ ਕੀਤੀ। ਸੰਮੇਲਨ ਦੌਰਾਨ ਪੰਜਾਬ ਦੀਆਂ ਸਫਲ ਸਹਿਕਾਰੀ ਸਭਾਵਾਂ, ਸਵੈ-ਸਹਾਇਤਾ ਸਮੂਹਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਸਨਮਾਨਿਤ ਕੀਤਾ ਗਿਆ। ਸੂਬਾਈ ਜਨਰਲ ਸਕੱਤਰ ਰਵਿੰਦਰ ਠਾਕੁਰ ਨੇ ਪਿਛਲੇ 3 ਸਾਲਾਂ ਦੀ ਰਿਪੋਰਟ ਪੇਸ਼ ਕੀਤੀ। ਸਹਿਕਾਰ ਭਾਰਤੀ ਪੰਜਾਬ ਦੇ ਪ੍ਰਧਾਨ ਬਲਰਾਮ ਦਾਸ ਬਾਵਾ ਨੇ ਪੁਰਾਣੀ ਕਾਰਜਕਾਰਨੀ ਨੂੰ ਭੰਗ ਕਰਨ ਦਾ ਐਲਾਨ ਕੀਤਾ। ਇਸ ਤੋਂ ਬਾਅਦ, ਰਾਸ਼ਟਰੀ ਜਨਰਲ ਸਕੱਤਰ ਦੀਪਕ ਚੌਰਸੀਆ ਨੇ ਨਵੇਂ ਪ੍ਰਧਾਨ ਤੇ ਜਨਰਲ ਸਕੱਤਰ ਦੀ ਚੋਣ ਕਰਵਾਉਣ ਲਈ ਹਨੂੰਮਾਨ ਗੋਦਵਾਰਾ ਨੂੰ ਚੋਣ ਅਧਿਕਾਰੀ ਨਿਯੁਕਤ ਕੀਤਾ। ਚੋਣ ਅਧਿਕਾਰੀ ਦੀ ਅਗਵਾਈ ਵਿੱਚ ਸਰਬਸੰਮਤੀ ਨਾਲ ਚੋਣਾਂ ਸੰਪੰਨ ਹੋਈਆਂ। ਜਿਸ ਵਿੱਚ ਸਹਿਕਾਰ ਭਾਰਤੀ ਪੰਜਾਬ ਦੇ ਸੂਬਾਈ ਪ੍ਰਧਾਨ ਦੇ ਅਹੁਦੇ ਲਈ ਬਲਰਾਮ ਦਾਸ ਬਾਵਾ ਨੂੰ ਚੁਣਿਆ ਗਿਆ ਤੇ ਸੂਬਾਈ ਜਨਰਲ ਸਕੱਤਰ ਦੇ ਅਹੁਦੇ ਲਈ ਸਰਦਾਰ ਬਲਜਿੰਦਰ ਸਿੰਘ ਹੀਰਾ ਹਾਰ ਨੂੰ ਚੁਣਿਆ ਗਿਆ।

ਇਸ ਤੋਂ ਬਾਅਦ, ਪ੍ਰਧਾਨ ਬਲਰਾਮ ਦਾਸ ਬਾਵਾ ਤੇ ਨਵ-ਨਿਯੁਕਤ ਜਨਰਲ ਸਕੱਤਰ ਬਲਜਿੰਦਰ ਸਿੰਘ ਹੀਰਾ ਹਾਰ ਨੇ ਸਹਿਕਾਰ ਭਾਰਤੀ ਪੰਜਾਬ ਦੀ ਨਵੀਂ ਕਾਰਜਕਾਰਨੀ ਦਾ ਐਲਾਨ ਕੀਤਾ, ਜੋ ਇਸ ਪ੍ਰਕਾਰ ਹੈ: ਉਪ-ਪ੍ਰਧਾਨ: ਠਾਕੁਰ ਰਵਿੰਦਰ ਸਿੰਘ ਐਡਵੋਕੇਟ, ਟਿੱਕਾ ਯਸ਼ਵੀਰ ਚੰਦ, ਸੂਬਾਈ ਸਕੱਤਰ: ਗੁਰਮੀਤ ਸਿੰਘ ਸ਼ੇਖੋਂ , ਤੇ ਜਗਜੀਵਨ ਸਿੰਘ, ਸੂਬਾਈ ਖਜ਼ਾਨਚੀ: ਅਨਿਲ ਸੂਦ, ਸੂਬਾਈ ਮਹਿਲਾ ਮੁਖੀ: ਜੋਤੀ ਸ਼ਰਮਾ, ਪੈਕਸ ਸੈੱਲ ਦੇ ਮੁਖੀ: ਕੇਵਲ ਸ਼ਰਮਾ, ਕੇਂਦਰੀ ਸਹਿਕਾਰੀ ਬੈਂਕ ਸੈੱਲ ਦੇ ਮੁਖੀ: ਵੇਦ ਪ੍ਰਕਾਸ਼, ਸਿੱਖਿਆ, ਸਿਖਲਾਈ ਤੇ ਰੁਜ਼ਗਾਰ ਸੈੱਲ ਦੇ ਮੁਖੀ: ਪ੍ਰੇਮ ਭਾਰਦਵਾਜ, ਸੂਬਾਈ ਕਾਰਜਕਾਰੀ ਮੈਂਬਰ: ਰਾਜੀਵ ਸ਼ਰਮਾ, ਪੂਨਮ ਭਾਰਦਵਾਜ (ਜਲੰਧਰ), ਰਾਜਿੰਦਰ ਸਿੰਘ ਬਿਸ਼ਟ (ਅੰਮ੍ਰਿਤਸਰ), ਸਤੀਸ਼ ਕਪੂਰ ਜੀ, ਅਮਰ ਬਹਾਦੁਰ ਮੌਰਿਆ, ਨੀਰਜ ਗੋਇਲ, ਡਾ. ਰੇਨੂੰ ਭਾਰਦਵਾਜ, ਸਤਿੰਦਰ ਕੁਮਾਰ, ਚੇਤਨ ਸੂਦ, ਅਨਮੋਲ ਕੁਮਾਰ। ਅੰਤ ਵਿੱਚ, ਰਾਸ਼ਟਰੀ ਪ੍ਰਧਾਨ ਡਾ. ਉਦੈ ਜੋਸ਼ੀ ਨੇ ਪੁਰਾਣੀ ਕਾਰਜਕਾਰਨੀ ਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਨਵੀਂ ਕਾਰਜਕਾਰਨੀ ਨੂੰ ਮਾਰਗਦਰਸ਼ਨ ਦਿੰਦਿਆਂ ਆਉਣ ਵਾਲੇ ਸਮੇਂ ਲਈ ਸਹਿਕਾਰ ਭਾਰਤੀ ਲਈ ਰਣਨੀਤੀ ਤੇ ਦਿਸ਼ਾ ਨਿਰਦੇਸ਼ ਦਿੰਦੇ ਹੋਏ ਸ਼ੁਭਕਾਮਨਾਵਾਂ ਦਿੱਤੀਆਂ। ਟੇਕ ਚੰਦ ਟਿੱਕਾ ਤੇ ਪ੍ਰੇਮ ਭਾਰਦਵਾਜ ਨੇ ਭਾਰੀ ਮੀਂਹ ਦੇ ਬਾਵਜੂਦ ਪਹੁੰਚੇ ਵਰਕਰਾਂ ਦਾ ਧੰਨਵਾਦ ਕੀਤਾ।

## ਬੱਬਰ ਬਲਵਿੰਦਰ ਸਿੰਘ ਜਟਾਣਾ ਤੇ ਭਾਈ ਚੰਨੀ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਅਰੰਭ

ਅੰਮ੍ਰਿਤਸਰ, 2 ਸਤੰਬਰ (ਬਬਲੂ ਮਹਾਜਨ): ਪੁਰਾਤਨ ਧਾਰਮਿਕ ਸੰਸਥਾ ਅਖੰਡ ਕੀਰਤਨੀ ਜਥਾ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਹੋਰ ਜਥੇਬੰਦੀਆਂ ਦੇ ਸਹਿਯੋਗ ਨਾਲ ਅੱਜ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਦੇ ਕਮਰਾ ਨੰਬਰ ਦੱਸ ਵਿਖੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਬੱਬਰ ਅਤੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ।ਭਾਈ ਜਟਾਣਾ ਤੇ ਭਾਈ ਚੰਨੀ ਨੂੰ ਪੰਜਾਬ ਦੇ ਪਾਣੀਆਂ ਦੇ ਰਾਖੇ ਵਜੋਂ ਜਾਣਿਆ ਜਾਂਦਾ ਹੈ। ਇਸ ਮੌਕੇ 'ਤੇ ਭਾਈ ਸਤਨਾਮ ਸਿੰਘ ਝੰਝੀਆਂ, ਗੁਰਮੀਤ ਸਿੰਘ ਮੈਨੇਜਰ, ਭੁਪਿੰਦਰ ਸਿੰਘ ਭਲਵਾਨ ਜਰਮਨੀ,ਮਹਾਬੀਰ ਸਿੰਘ ਸੁਲਤਾਨਵਿੰਡ, ਨਰਿੰਦਰ ਸਿੰਘ ਗਿੱਲ ਤੇ ਪ੍ਰੋਫੈਸਰ ਬਲਜਿੰਦਰ ਸਿੰਘ ਹਾਜ਼ਰ ਸਨ।ਅਖੰਡ ਪਾਠ ਦੇ ਭੋਗ 4 ਸਤੰਬਰ ਨੂੰ ਸਵੇਰੇ 7 ਵਜੇ ਪਾਏ ਜਾਣਗੇ। ਪ੍ਰਬੰਧਕਾਂ ਵਲੋਂ ਸਮੂਹ ਸੰਗਤਾਂ ਤੇ ਪੰਥਕ ਜਥੇਬੰਦੀਆਂ ਨੂੰ ਬੇਨਤੀ ਕੀਤੀ ਗਈ ਕਿ ਉਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਭੋਗ ਸਮੇਂ ਹਾਜ਼ਰੀ ਭਰਨ।

## ਸ਼੍ਰੋਮਣੀ ਅਕਾਲੀ ਦਲ ਦੇ ਦਿਹਾਤੀ ਪ੍ਰਧਾਨ ਬਲਵੀਰ ਸਿੰਘ ਬੀਰੋਕੇ ਨੂੰ ਅਤਲਾ ਨੇ ਕੀਤਾ ਸਨਮਾਨਿਤ

### ਵਰਕਰ ਹੜ੍ਹ ਪੀੜਤਾਂ ਵਿਚ ਮਦਦ ਵਿਚ ਡਟ ਜਾਣ: ਅਤਲਾ



ਮਾਨਸਾ, 2 ਸਤੰਬਰ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨਵ ਨਿਯੁਕਤ ਬਲਵੀਰ ਸਿੰਘ ਬੀਰੋਕੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਨੂੰ ਸ਼੍ਰੋਮਣੀ ਅਕਾਲੀ ਦਲ ਐਸਸੀ ਵਿੰਗ ਦੇ ਨੌਜਵਾਨ ਆਗੂ ਗੁਰਤੇਜ ਸਿੰਘ ਅਤਲਾ ਖੁਰਦ ਨੇ ਬਲਵੀਰ ਸਿੰਘ ਬੀਰੋਕੇ ਨੂੰ ਉਹਨਾਂ ਦੇ ਪ੍ਰਧਾਨ ਬਣਨ 'ਤੇ ਉਹਨਾਂ ਨੂੰ ਵਧਾਈਆਂ ਦਿੱਤੀਆਂ ਤੇ ਸਨਮਾਨਿਤ ਕੀਤਾ ਤੇ ਇਸ ਮੌਕੇ 'ਤੇ ਬਲਵੀਰ ਸਿੰਘ ਬੀਰੋਕੇ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਹੜ ਪੀੜਤਾਂ ਦੇ ਲਈ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਹਦਾਇਤਾਂ ਕੀਤੀਆਂ ਹਨ ਹੜ ਪੀੜਤ ਵਾਲੀ ਜਗ੍ਹਾ 'ਤੇ ਜਾ ਕੇ ਲੋੜਵੰਦ ਲੋਕਾਂ ਦੀ ਮਦਦ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਦੁਖ ਦੀ ਘੜੀ ਵਿੱਚ ਲੋਕਾਂ ਦੇ ਸਾਥ ਰਿਹਾ ਹੈ। ਇਸ ਮੌਕੇ 'ਤੇ ਐਸਸੀ ਵਿੰਗ ਦੇ ਜਨਰਲ ਸਕੱਤਰ ਗੁਰਤੇਜ ਸਿੰਘ ਅਤਲਾ ਖੁਰਦ ਨੇ ਕਿਹਾ ਕਿ ਉਹ ਆਪਣੀ ਟੀਮ ਸਮੇਤ ਹੜ ਪੀੜਤਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ। ਉਨ੍ਹਾਂ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਹੜ੍ਹ ਪੀੜਤਾਂ ਦੀ ਬਿਨਾਂ ਦਿਨ ਰਾਤ ਦੇਖੇ ਮਦਦ ਵਿਚ ਡਟ ਜਾਣ। ਇਸ ਮੌਕੇ ਤੇ ਸ਼੍ਰੋਮਣੀ ਅਕਾਲੀ ਦਲ ਕੌਮੀ ਮੀਤ ਪ੍ਰਧਾਨ ਪ੍ਰੇਮ ਕੁਮਾਰ ਅਰੋੜਾ ਵੀ ਹਾਜਰ ਸਨ

## ਡਿਪਟੀ ਕਮਿਸ਼ਨਰ ਦੇ ਭਰੋਸੇ ਮਗਰੋਂ ਸਫ਼ਾਈ ਸੇਵਕ ਕਰਮਚਾਰੀ ਯੂਨੀਅਨ ਨੇ ਮੁੜ ਕੰਮ 'ਤੇ ਪਰਤਣ ਦੀ ਭਰੀ ਹਾਮੀ



ਮਾਨਸਾ, 2 ਸਤੰਬਰ : ਵਿਰੋਂਦਰਪਾਲ ਮੰਤਰੋ : ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀਮਤੀ ਨਵਜੋਤ ਕੌਰ ਆਈ.ਏ.ਐਸ. ਵੱਲੋਂ ਅੱਜ ਜ਼ਿਲ੍ਹੇ ਦੀਆਂ ਸਫ਼ਾਈ ਸੇਵਕ ਯੂਨੀਅਨਾਂ ਦੇ ਪ੍ਰਧਾਨਾਂ ਅਤੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਦੌਰਾਨ ਉਨ੍ਹਾਂ ਸਫ਼ਾਈ ਸੇਵਕ ਯੂਨੀਅਨ ਨੂੰ ਹੜਤਾਲ ਵਾਪਸ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਲਗਾਤਾਰ ਭਾਰੀ ਬਰਸਾਤਾਂ ਕਾਰਨ ਸ਼ਹਿਰ ਵਿੱਚ ਪਾਣੀ ਖੜ੍ਹ ਜਾਂਦਾ ਹੈ ਅਤੇ ਸਫ਼ਾਈ ਸੇਵਕਾਂ ਦੀ ਹੜਤਾਲ ਹੋਣ ਕਾਰਨ ਜ਼ਿਲ੍ਹੇ ਵਿੱਚ ਕੂੜਾ-ਕਰਕਟ ਦੀ ਸਫ਼ਾਈ ਨਾ ਹੋਣ ਸਦਕਾ ਪਾਣੀ ਦੀ ਨਿਕਾਸੀ ਵਿੱਚ ਵੀ ਕਾਫ਼ੀ ਦਿੱਕਤਾਂ ਆ ਰਹੀਆਂ ਹਨ। ਇਸ ਮੌਕੇ ਐਸ.ਡੀ.ਐਮ. ਮਾਨਸਾ ਸ਼੍ਰੀ ਕਾਲਾ ਰਾਮ ਕਾਂਸਲ ਅਤੇ ਪ੍ਰਧਾਨ ਨਗਰ ਕੌਂਸਲ ਸ਼੍ਰੀ ਸੁਨੀਲ ਕੁਮਾਰ ਨੀਨੂੰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਫ਼ਾਈ ਸੇਵਕ ਯੂਨੀਅਨ ਦੀਆਂ ਜੋ ਵੀ ਮੰਗਾਂ ਹਨ, ਉਹ ਸਰਕਾਰ ਦੇ ਧਿਆਨ ਹਿੱਤ ਹਨ ਅਤੇ ਜੋ ਮੰਗਾਂ ਜ਼ਿਲ੍ਹਾ ਪੱਧਰ ਤੇ ਹਨ, ਉਨ੍ਹਾਂ ਦਾ ਹਰ ਸੰਭਵ ਹੱਲ ਜਲਦੀ ਕੀਤਾ ਜਾਵੇਗਾ। ਉਨ੍ਹਾਂ ਸਮੂਹ ਕਾਰਜ ਸਾਧਕ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਸਫ਼ਾਈ ਸੇਵਕਾਂ ਨੂੰ ਬਣਦੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਵਿਸ਼ਵਾਸ਼ ਦਿਵਾਇਆ ਕਿ ਜ਼ਿਲ੍ਹੇ ਅੰਦਰ ਸਫ਼ਾਈ ਸੇਵਕਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕੁਦਰਤੀ ਕਰੋਪੀ ਕਾਰਨ ਪੈਦਾ ਹੋਈ ਸਥਿਤੀ ਵਿੱਚ ਸਾਨੂੰ ਸਾਰਿਆਂ ਨੂੰ ਇੱਕ ਦੂਜੇ ਦਾ ਸਾਥ ਦੇਣਾ ਚਾਹੀਦਾ ਹੈ, ਕਿਉਂਕਿ ਸਾਫ਼-ਸਫ਼ਾਈ ਨਾ ਹੋਣ ਕਾਰਨ ਬਿਮਾਰੀਆਂ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਪੰਜਾਬ ਸਫਾਈ ਸੇਵਕ ਯੂਨੀਅਨ ਦੇ ਮੀਤ ਪ੍ਰਧਾਨ ਸੰਜੀਵ ਰੱਤੀ ਨੇ ਡਿਪਟੀ ਕਮਿਸ਼ਨਰ ਨੂੰ ਸਫ਼ਾਈ ਸੇਵਕ ਯੂਨੀਅਨ ਦੀਆਂ ਮੰਗਾਂ ਤੋਂ ਜਾਣੂੰ ਕਰਵਾਇਆ, ਜਿਸ ਤੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਦੀਆਂ ਮੰਗਾਂ ਦੇ ਹਰ ਸੰਭਵ ਹੱਲ ਜਲਦ ਤੋਂ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਡਿਪਟੀ ਕਮਿਸ਼ਨਰ ਦੇ ਕਹਿਣ ਤੇ ਸਫ਼ਾਈ ਸੇਵਕਾਂ ਨੇ ਆਪਣੀ ਹੜਤਾਲ ਵਾਪਸ ਲੈਂਦਿਆਂ ਮੁੜ ਕੰਮ ਤੇ ਜਾਣ ਦੀ ਹਾਮੀ ਭਰੀ ਅਤੇ ਡਿਪਟੀ ਕਮਿਸ਼ਨਰ ਨੇ ਯੂਨੀਅਨ ਦੇ ਇਸ ਫੈਸਲੇ ਦੀ ਸਰਾਹਨਾ ਕੀਤੀ। ਇਸ ਮੌਕੇ ਕਾਰਜ ਸਾਧਕ ਅਫ਼ਸਰ ਸਰਦੂਲਗੜ੍ਹ ਤੇ ਜੋਗਾ ਸ਼੍ਰੀ ਹੈਪੀ ਜਿੰਦਲ, ਕਾਰਜ ਸਾਧਕ ਅਫ਼ਸਰ ਮਾਨਸਾ ਤੇ ਭੀਖੀ ਸ਼੍ਰੀ ਕੁਲਦੀਪ ਸਿੰਘ ਧਾਲੀਵਾਲ, ਕਾਰਜ ਸਾਧਕ ਅਫ਼ਸਰ ਬੁਢਲਾਡਾ, ਬਰੇਟਾ ਅਤੇ ਬੋਹਾ ਸ਼੍ਰੀ ਸਿਕੰਦਰ ਸਿੰਘ, ਪ੍ਰਧਾਨ ਬੁਢਲਾਡਾ ਸਫ਼ਾਈ ਕਰਮਚਾਰੀ ਯੂਨੀਅਨ ਸ਼੍ਰੀ ਸੁਨੀਲ ਕੁਮਾਰ ਅਤੇ ਪ੍ਰਧਾਨ ਸਫ਼ਾਈ ਸੇਵਕ ਯੂਨੀਅਨ ਮਾਨਸਾ ਸ਼੍ਰੀ ਵਿਨੋਦ ਕੁਮਾਰ ਤੋਂ ਇਲਾਵਾ ਯੂਨੀਅਨ ਦੇ ਹੋਰ ਨੁਮਾਇੰਦੇ ਵੀ ਮੌਜੂਦ ਸਨ।

## ਜਸਮੇਲ ਕੌਰ ਨੂੰ ਸੇਵਾ ਮੁਕਤੀ 'ਤੇ ਦਿੱਤੀ ਵਿਦਾਇਗੀ ਪਾਰਟੀ



ਭਗਤਾ ਭਾਈ ਕਾ, 2 ਸਤੰਬਰ (ਸਵਰਨ ਸਿੰਘ ਭਗਤਾ):ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਦਰਜਾ ਚਾਰ 28 ਸਾਲ ਦੇ ਲਗਭਗ ਸੇਵਾ ਨਿਭਾਉਣ ਤੋਂ ਬਾਅਦ ਜਸਮੇਲ ਕੌਰ 31ਅਗਸਤ ਨੂੰ ਸੇਵਾ ਮੁਕਤ ਹੋ ਗਏ। ਸੇਵਾ ਮੁਕਤ ਕਮੇਟੀ ਅਤੇ ਜਸਮੇਲ ਕੌਰ ਦੇ ਪਰਿਵਾਰ ਵੱਲੋਂ ਸਾਂਝੇ ਤੌਰ 'ਤੇ ਪਾਰਟੀ ਕੀਤੀ ਗਈ। ਇਸ ਮੌਕੇ ਜਸਮੇਲ ਕੌਰ ਸਬੰਧੀ ਜਾਣਕਾਰੀ ਦਿੰਦੇ ਹੋਏ ਸੀ ਐਚ ਓ ਸੋਨੀਆ ਨੇ ਕਿਹਾ ਕਿ ਜਸਮੇਲ ਕੌਰ ਨੇ 4 ਸਤੰਬਰ 1997 ਨੂੰ ਸੀਐਸਸੀ ਭਗਤਾ ਵਿਖੇ ਦਰਜਾ 4 ਵਜੋਂ ਆਪਣੀ ਸੇਵਾ ਸ਼ੁਰੂ ਕੀਤੀ।ਉਹਨਾਂ ਨੇ ਆਪਣੀ ਸਾਰੀ ਨੌਕਰੀ ਸੀ ਐਸ ਸੀ ਭਗਤਾ ਭਾਈ ਕਾ ਵਿਖੇ 27 ਸਾਲ 11 ਮਹੀਨੇ 27 ਦਿਨ ਕੀਤੀ। ਇਸ ਮੌਕੇ ਬੀ ਐਸ ਏ ਅਵਨੀਸ਼ ਕੁਮਾਰ, ਸੀਨੀਅਰ ਫਾਰਮੇਸੀ ਅਫਸਰ ਪਰਵੀਨ ਕੁਮਾਰ, ਐਸ ਆਈ ਜਸਵੀਰ ਸਿੰਘ ਅਤੇ ਬੇਅੰਤ ਕੌਰ ਵੱਲੋਂ ਵੀ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਸੇਵਾ ਮੁਕਤ ਕਮੇਟੀ ਵੱਲੋਂ ਨਰਸਿੰਗ ਸਿਸਟਰ ਕਰਮਜੀਤ ਕੌਰ, ਸੀਨੀਅਰ ਫਾਰਮੇਸੀ ਅਫਸਰ ਪ੍ਰਵੀਨ ਕੁਮਾਰ, ਮੋਹਨ ਲਾਲ ਅਤੇ ਜਸਵੰਤ ਕੌਰ ਨੂੰ ਤਰੱਕੀ ਉਪਰੰਤ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਜ ਦਾ ਸੰਚਾਲਨ ਐਸ ਆਈ ਰਾਮ ਗੋਪਾਲ ਜੇਠੀ ਵੱਲੋਂ ਬੜੇ ਸੁਚੱਜੇ ਤਰੀਕੇ ਨਾਲ ਨਿਭਾਇਆ ਗਿਆ। ਸਮੂਹ ਸੇਵਾ ਮੁਕਤ ਕਮੇਟੀ ਅਤੇ ਸਮੂਹ ਸਟਾਫ ਵੱਲੋਂ ਇਸ ਵਿਦਾਇਗੀ ਪਾਰਟੀ ਨੂੰ ਕਾਮਯਾਬ ਕਰਨ ਲਈ ਅਹਿਮ ਭੂਮਿਕਾ ਨਿਭਾਈ ਗਈ। ਅੰਤ ਵਿੱਚ ਸਟਾਫ ਅਤੇ ਰਿਸ਼ਤੇਦਾਰਾਂ ਵੱਲੋਂ ਤੋਹਫ਼ੇ ਵੀ ਦਿੱਤੇ ਗਏ।

## ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਭੇਜੀ ਜਾਵੇਗੀ : ਸਰਪੰਚ ਸੰਦੀਪ ਕੌਰ

ਖਨੌਰੀ, 2 ਸਤੰਬਰ (ਓਮਪ੍ਰਕਾਸ਼ ਮੁਆਲ): ਪਿੰਡ ਮਹਾਂਸਿੰਘ ਵਾਲਾ ਦੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ 'ਚੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮਗਰੀ ਇਕੱਠਾ ਕਰਕੇ ਭੇਜੀ ਜਾਵੇਗੀ, ਜਿਸ ਤਹਿਤ ਪਿੰਡ ਵਿੱਚ ਘਰ– ਘਰ ਜਾ ਕੇ ਰਾਸ਼ਨ ਸਮਗਰੀ ਅਤੇ ਸਹਾਇਤਾ ਰਾਸੀ ਇਕੱਠੀ ਕੀਤੀ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪਿੰਡ ਮਹਾਂਸਿੰਘ ਵਾਲਾ ਦੀ ਸਰਪੰਚ ਸੰਦੀਪ ਕੌਰ ਪ੍ਰਧਾਨ ਇਸਤਰੀ ਵਿੰਗ ਆਪ ਪਾਰਟੀ ਹਲਕਾ ਲਹਿਰਾ ਨੇ ਦੱਸਿਆ ਪਿੰਡ ਵਾਸੀਆਂ ਦਾ ਇਹ ਸ਼ਲਾਘਾ ਯੋਗ ਉਪਰਾਲਾ ਹੈ, ਜਿਸ ਤਹਿਤ ਪਿੰਡ ਵਿੱਚੋਂ ਆਟਾ, ਦਾਲ ਚੀਨੀ, ਚਾਵਲ, ਚਾਹ ਪਤੀ ਆਦਿ ਸਮਗਰੀ ਨਾਲ ਪਸ਼ੂਆਂ ਲਈ ਹਰੇ ਚਾਰੇ ਦਾ ਪ੍ਰਬੰਧ ਕਰਕੇ ਲਿਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵੀ ਹੜ੍ਹ ਪੀੜਤ ਪਰਿਵਾਰਾਂ ਲਈ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਸਾਡੇ ਹਲਕਾ ਵਿਧਾਇਕ ਮਾਨਯੋਗ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਜੀ ਘੱਗਰ ਨਾਲ ਪੂਰੇ ਹਲਕੇ ਦੇ ਪਿੰਡਾਂ ਦੀ ਸਾਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਲੈ ਰਹੇ ਹਨ, ਤਾਂ ਜੋ ਕਿ ਕਿਸੇ ਨੂੰ ਵੀ ਕਿਸੇ ਪ੍ਰਕਾਰ ਦੀ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਮੌਕੇ ਪੰਚ ਗੁਰਵਿੰਦਰ ਸਿੰਘ, ਪੰਚ ਲਖਵਿੰਦਰ ਸਿੰਘ, ਪੰਚ ਬਬਲੀ ਸਿੰਘ, ਯੂਥ ਸੇਵਕ ਕਰਮਤੇਜ ਸਿੰਘ, ਨੰਬਰਦਾਰ ਬਲਕਾਰ ਸਿੰਘ, ਅਜੈਬ ਸਿੰਘ, ਜਗਤਾਰ ਸਿੰਘ, ਕੁਲਵੀਰ ਸਿੰਘ, ਅਮਨਦੀਪ ਸਿੰਘ, ਮਨੀ ਸਿੰਘ, ਯੂਥ ਸੇਵਕ ਜਸਜੀਤ ਸਿੰਘ ਆਦਿ ਨੇ ਦੱਸਿਆ ਕਿ ਪਿਛਲੇ ਕੁਛ ਦਿਨਾਂ ਤੋਂ ਪੰਜਾਬ ਵਿੱਚ ਪੈ ਰਹੀ ਭਾਰੀ ਬਾਰਿਸ਼ ਕਾਰਨ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਪਾਣੀ ਭਰਨ ਕਰਕੇ ਬਹੁਤ ਹੀ ਬੁਰੇ ਹਾਲਾਤ ਬਣੇ ਹੋਏ ਹਨ। ਜਿਸ ਕਾਰਨ ਪੰਜਾਬ ਦੇ ਲੋਕਾਂ ਦਾ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸੰਕਟ ਦੀ ਘੜੀ ਵਿੱਚ ਪੰਜਾਬ ਵਾਸੀ ਹੋਣ ਦੇ ਨਾਤੇ ਉਨ੍ਹਾਂ ਨਾਲ ਖੜਨ ਅਤੇ ਉਨ੍ਹਾਂ ਦੀ ਬਣਦੀ ਮੱਦਦ ਕਰਨੀ ਆਪਣੇ ਸਾਰਿਆਂ ਦਾ ਫਰਜ਼ ਬਣਦਾ ਹੈ। ਜਿਸ ਵਿੱਚ ਸਾਰੇ ਨਗਰ ਨਿਵਾਸੀਆਂ ਵੱਲੋਂ ਪੂਰਨ ਤੌਰ ਤੇ ਸਹਿਯੋਗ ਦਿੱਤਾ ਜਾ ਰਿਹਾ ਹੈ।

## ਖ਼ਾਲਸਾ ਕਾਲਜ ਵਿੱਚ ਸੋਸ਼ਲ ਸਾਇੰਸ ਵਿਭਾਗ ਵੱਲੋਂ ਕੀਤਾ ਗਿਆ ਹਫਤਾਵਾਰੀ ਪੁਸਤਕ ਰਿਵਿਊ



ਭਗਤਾ ਭਾਈ ਕਾ 2 ਸਤੰਬਰ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਕੱਤਰ ਸੁਖਮੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ ਸਾਬਕਾ ਕੈਬਨਟ ਮੰਤਰੀ (ਪੰਜਾਬ ਅਤੇ ਆਨਰੇਰੀ ਸਕੱਤਰ) ਕਾਲਜ ਦੀ ਰਹਿਨੁਮਾਈ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਭਗਤਾ ਭਾਈਕਾ ਵੱਲੋਂ ਕਾਲਜ ਪ੍ਰਿੰਸੀਪਲ ਡਾ.ਸਤਿੰਦਰ ਕੌਰ ਮਾਨ ਦੀ ਅਗਵਾਈ ਹੇਠ ਕਾਲਜ ਵਿਖੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਕਾ ਲਾਇਬ੍ਰੇਰੀ ਵਿੱਚ ਹਫਤਾਵਾਰੀ ਪੁਸਤਕ ਰਿਵਿਊ ਪੇਸ਼ ਕੀਤੇ ਗਏ। ਇਸ ਮੌਕੇ ਲਾਇਬ੍ਰੇਰੀਅਨ ਕਿਰਨਜੀਤ ਕੌਰ ਨੇ ਦੱਸਿਆ ਕਿ ਪੁਸਤਕ ਰਿਵਿਊ ਸੁਣ ਕੇ ਵਿਦਿਆਰਥੀਆਂ ਵਿੱਚ ਪੁਸਤਕ ਪੜ੍ਹਨ ਦਾ ਉਤਸ਼ਾਹ ਪੈਦਾ ਹੁੰਦਾ ਹੈ। ਇਸ ਉਪਰੰਤ ਸੋਸ਼ਲ ਸਾਇੰਸ ਵਿਭਾਗ ਵੱਲੋਂ ਆਪਣਾ ਪੁਸਤਕ ਰਿਵਿਊ ਪੇਸ਼ ਕੀਤਾ ਗਿਆ। ਜਿਸ ਵਿੱਚ ਸੋਸ਼ਲ ਸਾਇੰਸ ਵਿਭਾਗ ਦੇ ਮੁਖੀ ਡਾ. ਰਮਨਪ੍ਰੀਤ ਕੌਰ ਵੱਲੋਂ ਡਾ.ਗੰਡਾ ਸਿੰਘ ਦੀ ਪੁਸਤਕ ਜੱਸਾ ਸਿੰਘ ਆਹਲੂਵਾਲੀਆ ਦਾ ਰਿਵਿਊ ਪੇਸ਼ ਕੀਤਾ ਗਿਆ। ਜਿਸ ਵਿੱਚ ਉਹਨਾਂ ਨੇ ਉਸ ਸਮੇਂ ਦੀ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਸਥਿਤੀ ਨੂੰ ਬਖੂਬੀ ਬਿਆਨ ਕੀਤਾ। ਪ੍ਰੋਫੈਸਰ ਗੁਰਪ੍ਰੀਤ ਕੌਰ ਨੇ ਰੋਂਡੇ ਵਰਨੇ ਦੀ ਪੁਸਤਕ ਦ ਸੀਕਰੇਟ ਦਾ ਰਿਵਿਊ ਪੇਸ਼ ਕੀਤਾ। ਜਿਸ ਵਿੱਚ ਉਹਨਾਂ ਨੇ ਇਹ ਦੱਸਿਆ ਕਿ ਸਾਨੂੰ ਹਮੇਸ਼ਾ ਸਕਾਰਾਤਮਕ ਸੋਚਣਾ ਚਾਹੀਦਾ ਹੈ ਨਕਾਰਾਤਮਕ ਸੋਚ ਨਹੀਂ ਰੱਖਣੀ ਚਾਹੀਦੀ। ਜ਼ਿੰਦਗੀ ਵਿੱਚ ਅਸੀਂ ਜੋ ਕੁਝ ਵੀ ਸੋਚਦੇ ਹਾਂ ਉਹੀ ਸਾਡੇ ਨਾਲ ਵਾਪਰਦਾ ਹੈ। ਇਸ ਤੋਂ ਬਾਅਦ ਬੀ.ਏ ਭਾਗ ਦੂਜਾ ਦੇ ਵਿਦਿਆਰਥੀ ਸੁਖਦੀਪ ਸਿੰਘ ਨੇ ਪੁਸਤਕਰੇਹੀ ਬੀਆਬਾਨ ਅਤੇ ਬੀ.ਏ ਭਾਗ ਤੀਜਾ ਦੀ ਵਿਦਿਆਰਥਣ ਅਮਰਪਾਲ ਕੌਰ ਨੇ ਕੋਠੇ ਖੜਕ ਸਿੰਘ ਦਾ ਰੀਵਿਊ ਪੇਸ਼ ਕੀਤਾ। ਪ੍ਰਿੰਸੀਪਲ ਡਾ. ਸਤਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਕਿਤਾਬਾਂ ਉਹਨਾਂ ਦੀਆਂ ਸਭ ਤੋਂ ਚੰਗੀਆਂ ਦੋਸਤ ਹਨ, ਜੋ ਹਮੇਸ਼ਾ ਉਹਨਾਂ ਦਾ ਮਾਰਗਦਰਸ਼ਕ ਕਰਦੀਆਂ ਹਨ। ਉਹਨਾਂ ਨੇ ਬੱਚਿਆਂ ਨੂੰ ਲਾਇਬ੍ਰੇਰੀ ਵਿੱਚ ਆਉਣ ਅਤੇ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਬਾਰੇ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਅਰਸ਼ਦੀਪ ਸਿੰਘ ਅਤੇ ਪ੍ਰੋ. ਰਮਨਦੀਪ ਕੌਰ ਵੀ ਹਾਜ਼ਰ ਸਨ।

## ਸਮੱਸਿਆਵਾਂ ਨੂੰ ਲੈ ਕੇ ਕਾਰਜ ਸਾਧਕ ਨੂੰ ਮਿਲਿਆ ਵਫ਼ਦ

ਲਹਿਰਾਗਾਗਾ, 2 ਸਤੰਬਰ (ਗੁਰਦੀਪ ਸਿੰਘ): ਲਹਿਰਾਗਾਗਾ ਦੇ ਵਾਰਡ ਨੰਬਰ ਇੱਕ ਦੀਆਂ ਵੱਖ- ਵੱਖ ਸਮੱਸਿਆਵਾਂ ਨੂੰ ਲੈ ਕੇ ਵਾਰਡ ਦੇ ਵਸਨੀਕਾਂ ਦਾ ਇੱਕ ਵਫ਼ਦ ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲਾ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੁਟਾਲ ਅਤੇ ਡਾ. ਦੇਵਰਾਜ ਡੀ.ਏ.ਵੀ. ਪਬਲਿਕ ਸਕੂਲ ਲਹਿਰਾਗਾਗਾ ਦੇ ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ ਦੀ ਅਗਵਾਈ ਵਿੱਚ ਕਾਰਜ ਸਾਧਕ ਅਫਸਰ ਸ੍ਰੀ ਰਮਨਦੀਪ ਸ਼ਰਮਾ ਨੂੰ ਮਿਲਿਆ। ਵਫ਼ਦ ਨੇ ਲਿਖਤੀ ਪੱਤਰ ਦਿੰਦੇ ਹੋਏ ਕਾਰਜ ਸਾਧਕ ਅਫ਼ਸਰ ਨੂੰ ਦੱਸਿਆ ਕਿ ਇਸ ਵਾਰਡ ਦੇ ਬਸ਼ਿੰਦੇ ਪਿਛਲੇ ਸਮੇਂ ਤੋਂ ਨਰਕਾਂ ਭਰੀ ਜ਼ਿੰਦਗੀ ਜਿਉਂ ਰਹੇ ਹਨ, ਉਹਨਾਂ ਦੱਸਿਆ ਕਿ ਇਸ ਮੁਹੱਲੇ ਦੀ ਸਟਰੀਟ ਲਾਈਟ ਪਿਛਲੇ ਲੰਮੇ ਸਮੇਂ ਤੋਂ ਖਰਾਬ ਪਈ ਹੈ, ਜਿਹੜੀ ਕਿ ਵਾਰ-ਵਾਰ ਠੀਕ ਕਰਨ ਦੇ ਬਾਵਜੂਦ ਵੀ ਫਿਰ ਖਰਾਬ ਹੋ ਜਾਂਦੀ ਹੈ, ਜਿਸ ਕਰਕੇ ਇਸ ਮੁਹੱਲੇ ਵਿੱਚ ਹਨੇਰਾ ਪਸਰਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹੱਲੇ ਦੇ ਸੀਵਰੇਜ ਵੀ ਪਿਛਲੇ ਸਮੇਂ ਤੋਂ ਬੰਦ ਹੋਣ ਕਰਕੇ ਬਰਸਾਤੀ ਤੇ ਗੰਦਾ ਪਾਣੀ ਗਲੀ ਵਿੱਚ ਹੀ ਖੜਾ ਰਹਿੰਦਾ ਹੈ, ਜਿਸ ਕਰਕੇ ਜਿੱਥੇ ਪਿਛਲੇ ਇੱਕ-ਦੋ ਦਿਨਾਂ ਵਿੱਚ ਹੀ ਦੋ ਤਿੰਨ ਘਰਾਂ ਦੀਆਂ ਕੰਧਾਂ ਡਿੱਗ ਪਈਆਂ ਹਨ ਉਥੇ ਕਈ ਘਰਾਂ ਦੀਆ ਕੰਧਾਂ ਵਿੱਚ ਤਰੇੜਾ ਵੀ ਆਂ ਚੁੱਕੀਆਂ ਹਨ, ਇੱਥੇ ਹੀ ਬਸ ਨਹੀਂ ਗੰਦੇ ਪਾਣੀ ਦੇ ਖੜਨ ਕਰਕੇ ਮੁਹੱਲੇ ਵਿੱਚ ਮੱਖੀਆਂ-ਮੱਛਰ ਉਤਪੰਨ ਹੋ ਰਹੇ ਹਨ, ਜਿਸ ਤੋਂ ਅਨੇਕਾਂ ਨਾ ਮੁਰਾਦ ਬਿਮਾਰੀਆਂ ਜਨਮ ਲੈ ਰਹੀਆਂ ਹਨ।ਵਫ਼ਦ ਨੇ ਇਹ ਵੀ ਦੱਸਿਆ ਕਿ ਮੁਹੱਲੇ ਦੀਆਂ ਪੁਲੀਆਂ ਵੀ ਟੁੱਟੀਆਂ ਪਈਆਂ ਹਨ ਜਿਸ ਕਰਕੇ ਅਨੇਕਾਂ ਵਾਹਨ ਵਿੱਚ ਹੀ ਖੁੱਭ ਜਾਦੇ ਹਨ।

## ਐਮਰਜੈਂਸੀ ਸਟਾਫ਼ ਨਾਲ ਹੋਈ ਧੱਕਾ ਮੁੱਕੀ ਤੋਂ ਬਾਅਦ ਲਗਾਇਆ ਧਰਨਾ



ਬਠਿੰਡਾ 2 ਸਤੰਬਰ (ਇੰਦਰਪਾਲ ਬਾਂਸਲ):ਬੀਤੀ ਰਾਤ ਸਿਵਲ ਹਸਪਤਾਲ ਰਾਮਪੁਰਾ ਫੂਲ ਵਿਖੇ ਐਕਸੀਡੈਂਟ ਹੋਣ ਕਾਰਨ ਦਾਖਲ ਹੋਏ ਮਰੀਜ ਦੇ ਸੱਟ ਜਿਆਦਾ ਹੋਣ ਕਾਰਨ ਮਰੀਜ਼ ਨੂੰ ਸਿਵਲ ਹਸਪਤਾਲ ਬਠਿੰਡਾ ਵਿਖੇ ਰੈਫਰ ਕਰਨ ਨੂੰ ਲੈ ਕੇ ਅਤੇ ਫੀਮੇਲ ਸਟਾਫ਼ ਦੀ ਵੀਡਿਓ ਬਣਾਉਣ ਨੂੰ ਲੈ ਕੇ ਕੁੱਝ ਦਹਿਸ਼ਤਗਰਦ ਵਿਅਕਤੀਆਂ ਵੱਲੋਂ ਐਮਰਜੈਸੀ ਵਿੱਚ ਆਨ ਡਿਊਟੀ ਡਾਕਟਰ ਅਤੇ ਆਨ ਡਿਊਟੀ ਸਟਾਫ਼ ਨਾਲ ਕੀਤੇ ਗਏ ਦੁਰਵਿਵਹਾਰ ਅਤੇ ਧੱਕਾ ਮੁੱਕੀ ਤੋਂ ਬਾਅਦ ਸਮੂਹ ਡਾਕਟਰ ਅਤੇ ਪੈਰਾਮੈਡੀਕਲ ਸਟਾਫ਼ ਵੱਲੋਂ ਧਰਨਾ ਲਗਾਇਆ ਗਿਆ, ਇੱਥੇ ਇਹ ਵੀ ਦੱਸਣਯੋਗ ਹੈ ਕਿ ਸਿਵਲ ਹਸਪਤਾਲ ਦੇ ਐਮਰਜੈਸੀ ਵਿਭਾਗ ਵਿੱਚ ਸਕਿਊਰਿਟੀ ਨਾ ਹੋਣ ਕਰਕੇ ਇਹ ਘਟਨਾ ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਇਹਨਾਂ ਘਟਨਾਵਾਂ ਦਾ ਲੰਮੇ ਸਮੇਂ ਤੋਂ ਐਮਰਜੈਸੀ ਡਾਕਟਰ ਅਤੇ ਸਟਾਫ਼ ਕਾਫ਼ੀ ਸਾਹਮਣਾ ਕਰ ਰਿਹਾ ਹੈ। ਅੱਜ ਦੇ ਇਸ ਧਰਨੇ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਹਰਕਿਤ ਵਿੱਚ ਆਉਂਦਿਆਂ ਦੋਸ਼ੀਆਂ ਉਪਰ ਕਾਰਵਾਈ ਕਰਦਿਆ ਐਫ.ਆਈ.ਆਰ ਕੱਟ ਦਿੱਤੀ ਗਈ ਅਤੇ ਐਮਰਜੈਸੀ ਸਟਾਫ਼ ਦੀ ਹਿਫ਼ਾਜਿਤ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਪੀ.ਸੀ.ਆਰ ਦੀ ਡਿਊਟੀ ਸਿਵਲ ਹਸਪਤਾਲ ਦੇ ਐਮਰਜੈਸੀ ਵਿਭਾਗ ਵਿੱਚ ਲਗਾ ਦਿੱਤੀ ਹੈ। ਜਿਸਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਗਿਆ। ਅੱਜ ਦੇ ਇਸ ਧਰਨੇ ਵਿੱਚ ਡਾ. ਬਿਕਰਮਜੀਤ ਸਿੰਘ,ਡਾ. ਵਿਸਵ ਕੌਸ਼ਲ, ਡਾ. ਭਾਨੂੰ ਪ੍ਰਿਆ, ਡਾ. ਨਵਦੀਪ ਸਿੰਘ, ਡਾ.ਸੌਰਵ ਜੈਨ, ਡਾ.ਸਵੀਟੀ ਗੋਇਲ, ਡਾ. ਮਾਲਿਕਾ, ਗੁਰਜਿੰਦਰ ਸਿੰਘ ਔਲਖ, ਗੁਰਿੰਦਰ ਸਿੰਘ ਵਿੱਕੀ, ਸੁਨੀਲ ਧੀਰ, ਦੀਪਕ ਕੁਮਾਰ, ਸੁਰਿੰਦਰ ਸਿੰਘ ਸ਼ਿੰਦਾ, ਅਮਨਦੀਪ ਸਿੰਘ, ਪ੍ਰਦੀਪ ਸ਼ਰਮਾ, ਇੰਦਰਜੀਤ ਸਿੰਘ, ਰਣਜੀਤ ਕੁਮਾਰ, ਰਾਕੇਸ਼ ਕੁਮਾਰ, ਜਗਮੇਲ ਸਿੰਘ, ਅਜੈ ਕੁਮਾਰ, ਗੁਰਦੀਪ ਰਾਣੀ, ਸਰਬਜੀਤ ਕੌਰ, ਅਮਨਦੀਪ ਕੌਰ, ਤੇਜਿੰਦਰ ਕੌਰ, ਮਨਜੀਤ ਕੌਰ, ਰਮਨਦੀਪ ਕੌਰ, ਰਜਨੀ ਕਾਂਤ, ਸੁਖਦੀਪ ਕੌਰ, ਸਰਬਜੀਤ ਕੌਰ ਗਿੱਲ ਕਲਾਂ, ਵੀਰਪਾਲ ਕੌਰ, ਰਵੀ ਕੁਮਾਰ, ਅਤੇ ਸਮੂਹ ਸਟਾਫ਼ ਸ਼ਾਮਿਲ ਰਿਹਾ।

## ਹੈਰੋਇਨ ਸਣੇ ਫੜੇ ਤਸਕਰ ਦੀ ਢਾਈ ਕਰੋੜ ਦੀ ਜਾਇਦਾਦ ਫ੍ਰੀਜ਼

ਬਠਿੰਡਾ, 2 ਸਤੰਬਰ (ਦੀਪਕ ਸ਼ਰਮਾ):ਸੋਮਵਾਰ ਨੂੰ ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ 40 ਕਿੱਲੋ ਹੈਰੋਇਨ ਸਮੇਤ ਫੜੇ ਗਏ ਨਸ਼ਾ ਤਸਕਰ ਦੀ 2 ਕਰੋੜ 49 ਲੱਖ ਰੁਪਏ ਦੀ ਜਾਇਦਾਦ ਨੂੰ ਫਰੀਜ਼ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਮਲੋਟ ਦੇ ਰਹਿਣ ਵਾਲੇ ਤਸਕਰ ਲੱਖੇ ਨੂੰ ਬਠਿੰਡਾ ਪੁਲਿਸ ਨੇ ਲੰਘੀ 8 ਜੁਲਾਈ ਨੂੰ 40 ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਸੀ। ਜਿਸ ਕਾਰਨ ਇਹ ਕਾਰਵਾਈ ਕੀਤੀ ਗਈ ਹੈ।ਪੁਲਿਸ ਅਧਿਕਾਰੀਆਂ ਅਨੁਸਾਰ ਨਸ਼ਾ ਤਸਕਰੀ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਦੇ ਹੋਏ, ਉਨ੍ਹਾਂ ਦੀ ਕਰੀਬ 12.83 ਕਰੋੜ ਰੁਪਏ ਦੀ ਜਾਇਦਾਦ ਨੂੰ ਜ਼ਬਤ ਕੀਤਾ ਗਿਆ ਹੈ। ਪੁਲਿਸ ਨੇ ਇਹ ਕਾਰਵਾਈ ਐਨਡੀਪੀਐਸ ਐਕਟ ਤਹਿਤ ਕੀਤੀ ਹੈ, ਜਿਸ ਵਿੱਚ ਨਸ਼ਾ ਤਸਕਰਾਂ ਦੀ ਕਮਾਈ ਨੂੰ ਫ੍ਰੀਜ਼ ਕੀਤਾ ਜਾਂਦਾ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਹੈ ਕਿ ਸਾਲ 2023 ਤੋਂ ਹੁਣ ਤੱਕ, ਪੁਲਿਸ ਨੇ ਕੁੱਲ 80 ਅਜਿਹੇ ਕੇਸ ਕੰਪੀਟੈਂਟ ਅਥਾਰਟੀ, ਦਿੱਲੀ ਨੂੰ ਭੇਜੇ ਸਨ, ਜਿਨ੍ਹਾਂ ਵਿੱਚੋਂ 74 ਕੇਸਾਂ ਦੀ ਜਾਇਦਾਦ ਜ਼ਬਤ ਕਰਨ ਦੀ ਪ੍ਰਵਾਨਗੀ ਮਿਲ ਚੁੱਕੀ ਹੈ। ਪੰਜਾਬ ਵਿੱਚ ਨਸ਼ਿਆਂ ਦਾ ਕਾਰੋਬਾਰ ਜੜ੍ਹੋਂ ਖਤਮ ਕਰਨ ਲਈ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਹੁਣ ਨਸ਼ਾ ਤਸਕਰਾਂ ਨੂੰ ਫੜਨ ਦੇ ਨਾਲ ਉਨਾਂ ਦੀ ਆਰਥਿਕ ਕਮਰ ਤੋੜਨ 'ਤੇ ਧਿਆਨ ਦਿੱਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਬਠਿੰਡਾ ਪੁਲਿਸ ਨੇ ਨਸ਼ਾ ਤਸਕਰਾਂ ਵੱਲੋਂ ਨਸ਼ੇ ਦੀ ਤਸਕਰੀ ਕਰਕੇ ਇਕੱਠੀ ਕੀਤੀ ਗਈ ਕਰੀਬ 1.85 ਕਰੋੜ ਰੁਪਏ ਦੀ ਡਰੱਗ ਮਨੀ ਫ੍ਰੀਜ਼ ਕੀਤੀ ਹੈ। ਪੰਜਾਬ ਪੁਲਿਸ ਦੇ ਡੀ.ਜੀ.ਪੀ ਗੌਰਵ ਯਾਦਵ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਸ ਮੁਹਿੰਮ ਤਹਿਤ, ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਦੀ ਅਗਵਾਈ ਵਿੱਚ ਐੱਸਐੱਸਪੀ ਅਮਨੀਤ ਕੌਂਡਲ ਤੇ ਐੱਸਪੀ (ਇੰਨਵੈਸਟੀਗੇਸ਼ਨ) ਜਸਮੀਤ ਸਿੰਘ ਦੀ ਨਿਗਰਾਨੀ ਹੇਠ ਇਹ ਕਾਰਵਾਈ ਕੀਤੀ ਜਾ ਰਹੀ ਹੈ।ਪੁਲਿਸ ਨੇ ਦੱਸਿਆ ਕਿ ਐਨਡੀਪੀਐਸ ਐਕਟ ਦੇ ਤਹਿਤ ਕਮਰਸ਼ੀਅਲ ਮਾਤਰਾ ਦੇ ਕੇਸਾਂ ਵਿੱਚ ਫੜੇ ਗਏ ਨਸ਼ਾ ਤਸਕਰਾਂ ਦੀ ਗੈਰ-ਕਾਨੂੰਨੀ ਜਾਇਦਾਦ ਅਤੇ ਪੈਸੇ ਨੂੰ ਜ਼ਬਤ ਕਰਨ ਲਈ ਸਖ਼ਤ ਕਦਮ ਚੁੱਕੇ ਜਾ ਰਹੇ ਹਨ। ਇਸ ਲਈ, ਪੁਲਿਸ ਅਧਿਕਾਰੀਆਂ ਨੇ ਨਸ਼ਾ ਵਿਰੋਧੀ ਐਕਟ ਦੀ ਧਾਰਾ 68-6 ਤਹਿਤ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ, ਦਿੱਲੀ ਨੂੰ ਭੇਜੇ ਹਨ।ਇਸ ਕਾਰਵਾਈ ਤਹਿਤ ਪੁਲਿਸ ਨੇ ਮਲੋਟ ਦੇ ਰਹਿਣ ਵਾਲੇ ਲਖਵੀਰ ਸਿੰਘ ਉਰਫ ਲੱਖਾ ਦੀ ਜਾਇਦਾਦ ਫ੍ਰੀਜ਼ ਕੀਤੀ ਹੈ। ਲਖਵੀਰ ਸਿੰਘ ਖਿਲਾਫ 8 ਜੁਲਾਈ 2025 ਨੂੰ ਕੋਤਵਾਲੀ ਥਾਣੇ ਵਿੱਚ 40 ਕਿਲੋ ਹੈਰੋਇਨ ਦੇ ਨਾਲ ਕੇਸ ਦਰਜ ਕੀਤਾ ਗਿਆ ਸੀ। ਐੱਸਐੱਸਪੀ ਅਮਨੀਤ ਕੌਂਡਲ ਨੇ ਦੱਸਿਆ ਕਿ ਲਖਵੀਰ ਸਿੰਘ ਦੀ ਜਾਇਦਾਦ ਬਾਰੇ ਵਿੱਤੀ ਪੜਤਾਲ ਐੱਫਆਈਯੂ ਬਠਿੰਡਾ ਦੀ ਟੀਮ ਵੱਲੋਂ ਕੀਤੀ ਗਈ ਸੀ। ਇਸ ਤੋਂ ਬਾਅਦ, ਕੇਸ ਨੂੰ ਕੰਪੀਟੈਂਟ ਅਥਾਰਟੀ, ਦਿੱਲੀ ਭੇਜਿਆ ਗਿਆ, ਜਿੱਥੋਂ ਆਦੇਸ਼ ਪ੍ਰਾਪਤ ਹੋਣ 'ਤੇ ਕਰੀਬ 2.49 ਕਰੋੜ ਰੁਪਏ ਦੀ ਜਾਇਦਾਦ ਨੂੰ ਫ੍ਰੀਜ਼ ਕਰ ਦਿੱਤਾ ਗਿਆ।ਇਸ ਤੋਂ ਇਲਾਵਾ, ਬਠਿੰਡਾ ਪੁਲਿਸ ਨੇ 2023 ਤੋਂ ਲੈ ਕੇ ਹੁਣ ਤੱਕ ਕੁੱਲ 80 ਕੇਸ ਕੰਪੀਟੈਂਟ ਅਥਾਰਟੀ, ਦਿੱਲੀ ਨੂੰ ਭੇਜੇ ਸਨ। ਇਨ੍ਹਾਂ ਵਿੱਚੋਂ 74 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ ਅਤੇ ਕਰੀਬ 12.83 ਕਰੋੜ ਰੁਪਏ ਦੀ ਜਾਇਦਾਦ ਫ੍ਰੀਜ਼ ਕੀਤੀ ਜਾ ਚੁੱਕੀ ਹੈ।

## ਹੜ੍ਹਾਂ ਕਾਰਨ ਲੋਕਾਂ ਦੇ ਹੋ ਰਹੇ ਨੁਕਸਾਨ ਦੀ ਸਰਕਾਰ ਫੌਰੀ ਭਰਪਾਈ ਕਰੇ: ਸੁਖਪਾਲ/ਹਰਬੰਸ





ਭਗਤਾ ਭਾਈ ਕਾ 2 ਸਤੰਬਰ (ਸਵਰਨ ਸਿੰਘ ਭਗਤਾ) ਪੰਜਾਬ ਚ ਹੋ ਰਹੀ ਲਗਾਤਾਰ ਭਰਵੀਂ ਬਾਰਸ਼ ਕਾਰਨ ਜਿਥੇ ਦਰਿਆਵਾਂ,ਵੇਂਈਆਂ ਲਾਗਲੇ ਇਲਾਕੇ ਬੁਰੀ ਤਰਾਂ ਹੜਾਂ ਤੋਂ ਪ੍ਰਭਾਵਿਤ ਹੋ ਰਹੇ ਹਨ ਉਥੇ ਲਗਾਤਾਰ ਬਾਰਸ਼ਾਂ ਕਾਰਨ ਗਰੀਬ ਮਜ਼ਦੂਰਾਂ ਦੇ ਘਰਾਂ/ਮਕਾਨਾਂ ਦਾ ਬੁਰਾ ਹਾਲ ਹੈ, ਪਰ ਇਹਨਾਂ ਪੀੜਤਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਹੈ ਇਸ ਸਬੰਧੀ ਦਲਿਤ ਤੇ ਮਜ਼ਦੂਰ ਮੁਕਤੀ ਮੋਰਚੇ ਦੇ ਸੂਬਾਈ ਆਗੂ ਸੁਖਪਾਲ ਸਿੰਘ ਖਿਆਲੀ ਵਾਲਾ,ਸੂਬਾ ਕਮੇਟੀ ਮੈਬਰ ਹਰਬੰਸ ਸਿੰਘ ਹਮੀਰਗੜ੍ਹ ਨੇ ਬਿਆਨ ਰਾਹੀਂ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਪ੍ਰਭਾਵਤ ਲੋਕਾਂ ਦੇ ਸੌ ਫੀਸਦੀ ਨੁਕਸਾਨ ਦਾ ਮੁਆਵਜ਼ਾ ਫੌਰੀ ਦਿੱਤਾ ਜਾਵੇ। ਆਗੂਆਂ ਨੇ ਕਿਹਾ ਕਿ ਉਕਤ ਸਥਿਤੀ ਬਣਨ ਤੋਂ ਪਹਿਲਾਂ ਪੰਜਾਬ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀ ਡੀਂਗਾਂ ਮਾਰਦੇ ਸਨ ਕਿ ਅਸੀਂ ਹੜਾਂ ਦੀ ਮਾਰ ਤੋਂ ਬਚਣ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਹੋਏ ਹਨ ਪਰ ਹੜਾਂ/ਬਾਰਸ਼ਾਂ ਨੇ ਜਿਥੇ ਸਰਕਾਰ ਦੇ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ ਉਥੇ ਲੋਕਾਂ ਦਾ ਭਾਰੀ ਜਾਨੀ ਮਾਲੀ ਨੁਕਸਾਨ ਕੀਤਾ ਹੈ ਜੋਂ ਅਜੇ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਮਜ਼ਦੂਰ ਜਥੇਬੰਦੀ ਨੇ ਕਿਹਾ ਕਿ ਹੜ ਪ੍ਰਭਾਵਿਤ ਇਲਾਕਿਆਂ ਤੋਂ ਬਿਨਾਂ ਵੀ ਗਰੀਬ ਮਜ਼ਦੂਰਾਂ ਨੂੰ ਦੂਹਰੀ ਤੀਹਰੀ ਮਾਰ ਪੈ ਰਹੀ ਹੈ, ਬਾਰਸ਼ਾਂ ਕਾਰਨ ਕੰਮ ਬੰਦ ਅਤੇ ਅੱਧ ਕੱਚੇ ਪੱਕੇ ਮਕਾਨ ਚੋਅ ਚੋਅ ਢਹਿ ਰਹੇ ਹਨ ਅਤੇ ਗਰੀਬ ਮਜ਼ਦੂਰਾਂ ਦੀ ਵਰਤੋਂ ਦਾ ਜ਼ਰੂਰੀ ਸਮਾਨ ਬੁਰੀ ਤਰਾਂ ਨੁਕਸਾਨਿਆ ਗਿਆ ਹੈ ਪਰ ਸਰਕਾਰ ਕੁਦਰਤੀ ਕਰੋਪੀ ਕਹਿ ਕੇ ਪੱਲਾ ਝਾੜ ਰਹੀ ਹੈ। ਉਹਨਾਂ ਕਿਹਾ ਕਿ ਅਸਲੀਅਤ ਵਿੱਚ ਮਜ਼ਦੂਰਾਂ ਕੋਲ ਤਾਂ ਕੋਠਿਆਂ ਤੇ ਤਰਪਾਲਾਂ ਪਾਉਣ ਲਈ ਵੀ ਪੈਸੇ ਨਹੀਂ ਹਨ ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਰੁਜ਼ਗਾਰ ਦੇ ਹੋਏ ਨੁਕਸਾਨ ਸਮੇਤ ਘਰਾਂ ਦੇ ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇ, ਪਾਣੀ ਭਰਨ ਕਾਰਨ ਫੈਲ ਰਹੀਆਂ ਬਿਮਾਰੀਆਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਤੋਂ ਇਲਾਵਾ ਪ੍ਰਾਈਵੇਟ ਹਸਪਤਾਲਾਂ ਤੋਂ ਫਰੀ ਮੈਡੀਕਲ ਸਹੂਲਤ ਦਿੱਤੀ ਜਾਏ। ਮਜ਼ਦੂਰ ਜਥੇਬੰਦੀ ਨੇ ਇਹ ਵੀ ਮੰਗ ਕੀਤੀ ਹੜਾਂ ਤੋਂ ਰੋਕਥਾਮ ਲਈ ਮਨਰੇਗਾ ਦੇ ਬਜ਼ਟ ਵਧਾਕੇ ਦਰਿਆਵਾਂ, ਵੇਂਈਆਂ, ਬਰਸਾਤੀ ਨਾਲਿਆਂ ਨੂੰ ਸਾਰਾ ਸਾਲ ਸਾਫ਼ ਕਰਨ ਦਾ ਕੰਮ ਮਜ਼ਦੂਰਾਂ ਨੂੰ ਦਿੱਤਾ ਜਾਵੇ ਅਤੇ ਪਿੰਡਾਂ ਦੇ ਟੋਭਿਆਂ/ਛੱਪੜਾਂ ਨੂੰ ਮਜ਼ਦੂਰ ਬਸਤੀਆਂ ਤੋਂ ਬਾਹਰ, ਪੰਚਾਇਤੀ/ਸ਼ਾਮਲਾਟੀ ਜ਼ਮੀਨਾਂਚ ਤਬਦੀਲ ਕੀਤਾ ਜਾਵੇ ਤਾਂ ਕਿ ਮਜ਼ਦੂਰਾਂ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਇਆ ਜਾ ਸਕੇ ਅਤੇ ਬਾਰਸ਼ਾਂ ਮੌਕੇ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਇਆ ਜਾ ਸਕੇ।

## ਡੀ.ਸੀ. ਵੱਲੋਂ ਸਬ ਰਜਿਸਟਰਾਰ ਦਫ਼ਤਰ ਦਾ ਦੌਰਾ

ਮਾਨਸਾ, 2 ਸਤੰਬਰ: (ਵਿਰੋਂਦਰਪਾਲ ਮੰਤਰੋ):ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ, ਆਈ.ਏ.ਐਸ. ਵੱਲੋਂ ਅੱਜ ਅਚਨਚੇਤ ਸਬ ਰਜਿਸਟਰਾਰ ਦਫ਼ਤਰ, ਮਾਨਸਾ ਦਾ ਦੌਰਾ ਕੀਤਾ ਗਿਆ।ਇਸ ਮੌਕੇ ਅਧਿਕਾਰੀਆਂ ਨੂੰ ਹਦਾਇਤ ਦਿੰਦਿਆਂ ਉਨ੍ਹਾਂ ਕਿਹਾ ਕਿ ਲੋਕਾ ਨੂੰ ਨਿਰਵਿਘਨ ਤੇ ਪਾਰਦਰਸ਼ੀ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਨਾਲ ਸਬੰਧਤ ਕੰਮਾਂ ਵਿਚ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਸਬ ਰਜਿਸਟਰਾਰ ਦਫ਼ਤਰ ਦੇ ਸਮੁੱਚੇ ਕੰਮਕਾਜ ਦਾ ਸਮਾਂਬੱਧ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਕਿਸੇ ਤਰ੍ਹਾਂ ਦੀ ਕੋਈ ਪੈਂਡੈਂਸੀ ਨਾ ਰਹੇ।ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਰਜਿਸਟਰਾਰ ਦਫ਼ਤਰ ਵਿਖੇ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਤੇ ਈਜ਼ੀ ਰਜਿਸਟਰੀ ਬਾਬਤ ਫੀਡਬੈਕ ਹਾਸਲ ਕੀਤੀ। ਇਸ ਦੌਰਾਨ ਲੋਕਾਂ ਵੱਲੋਂ ਇੱਥੇ ਮਿਲਣ ਵਾਲੀਆਂ ਸੇਵਾਵਾਂ ਸਬੰਧੀ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਿਲਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

## ਸਸਪੈਂਡ ਪੁਲਿਸ ਮੁਲਾਜ਼ਮ ਨੇ ਠੇਕੇਦਾਰ ਦੇ ਕਰਿੰਦਿਆਂ ਨਾਲ ਮਿਲ ਕੇ ਮਾਰੀ 20 ਹਜਾਰ ਦੀ ਠੱਗੀ




ਬਠਿੰਡਾ, 2 ਸਤੰਬਰ (ਦੀਪਕ ਸ਼ਰਮਾ):ਪਹਿਲਾਂ ਤੋਂ ਹੀ ਮਹਿਕਮੇ ਵੱਲੋਂ ਸਸਪੈਂਡ ਕੀਤੇ ਗਏ ਇੱਕ ਪੁਲਿਸ ਮੁਲਾਜ਼ਮ ਵੱਲੋਂ ਖਾਕੀ ਨੂੰ ਬਦਨਾਮ ਕਰਨ ਲਈ ਇੱਕ ਹੋਰ ਚੰਨ ਚਾੜ ਦਿੱਤਾ ਗਿਆ। ਦਰਅਸਲ ਉਕਤ ਮੁਲਾਜ਼ਮ ਨੇ ਵਰਦੀ ਦੀ ਆੜ ਵਿੱਚ ਸ਼ਰਾਬ ਠੇਕੇਦਾਰ ਦੇ ਕਰਿੰਦਿਆਂ ਨਾਲ ਮਿਲ ਕੇ ਇੱਕ ਵਿਅਕਤੀ ਨੂੰ ਠੱਗੀ ਦਾ ਸ਼ਿਕਾਰ ਬਣਾ ਲਿਆ। ਜਾਣਕਾਰੀ ਅਨੁਸਾਰ ਕਥਿਤ ਦੋਸ਼ੀ ਪੁਲਿਸ ਦੀ ਵਰਦੀ ਚ ਪੀੜਤ ਵਿਅਕਤੀ ਕੋਲ ਗਏ ਅਤੇ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਉਨਾਂ ਨੂੰ ਪੈਸੇ ਨਾ ਦਿੱਤੇ ਤਾਂ ਨਸ਼ੇ ਦਾ ਪਰਚਾ ਦਰਜ ਕਰਕੇ ਅੰਦਰ ਡੱਕ ਦਿੱਤਾ ਜਾਵੇਗਾ। ਪਰਚੇ ਦੀਆਂ ਧਮਕੀਆਂ ਤੋਂ ਡਰਦੇ ਹੋਏ ਪੀੜਤ ਵਿਅਕਤੀ ਨੇ ਕਿਸੇ ਤਰ੍ਹਾਂ 20 ਹਜਾਰ ਰੁਪਏ ਦਾ ਪ੍ਰਬੰਧ ਕਰਕੇ ਮੁਲਜ਼ਮਾਂ ਕੋਲੋਂ ਖਹਿੜਾ ਛੁਡਵਾਇਆ ਅਤੇ ਥਾਣਾ ਮੌੜ ਵਿਖੇ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਪੀੜਤ ਵਿਅਕਤੀ ਦੀ ਸ਼ਿਕਾਇਤ ਤੇ ਕਾਰਵਾਈ ਕਰਦਿਆਂ ਹੋਇਆਂ ਉਕਤ ਮੁਲਾਜ਼ਮ ਸਮੇਤ ਤਿੰਨ ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ।ਜਾਣਕਾਰੀ ਅਨੁਸਾਰ ਇਹ ਘਟਨਾ ਮੌੜ ਮੰਡੀ ਦੇ ਪਿੰਡ ਰਾਮਨਗਰ ਦੀ ਹੈ। ਇਸ ਪਿੰਡ ਦੇ ਰਹਿਣ ਵਾਲੇ ਚਰਨਜੀਤ ਸਿੰਘ ਨੇ ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਦੱਸਿਆ ਕਿ ਉਹ ਪਹਿਲਾਂ ਨਸ਼ਾ ਕਰਦਾ ਸੀ ਪਰ ਹੁਣ ਉਸਨੇ ਪਿਛਲੇ 6 ਮਹੀਨਿਆਂ ਤੋਂ ਨਸ਼ਾ ਛੱਡ ਦਿੱਤਾ ਹੈ। ਲੰਘੀ 31 ਅਗਸਤ ਨੂੰ ਮਾਨਸਾ ਪੁਲਿਸ ਦਾ ਸਸਪੈਂਡ ਸੀਨੀਅਰ ਸਿਪਾਹੀ ਬਲਬੀਰ ਸਿੰਘ ਅਤੇ ਸ਼ਰਾਬ ਦੇ ਠੇਕੇਦਾਰ ਦੇ ਕਰਿੰਦੇ ਗੁਰਪ੍ਰੀਤ ਸਿੰਘ ਤੇ ਇੱਕ ਅਣਪਛਾਤਾ ਨੌਜਵਾਨ ਉਸਦੇ ਘਰ ਆਏ।ਉਨ੍ਹਾਂ ਨੇ ਪੁਲਿਸ ਦੀ ਵਰਦੀ ਪਾਈ ਹੋਈ ਸੀ ਅਤੇ ਉਕਤ ਵਿਅਕਤੀ ਸਵਿਫਟ ਕਾਰ ਵਿੱਚ ਬੈਠਾ ਕੇ ਉਸਨੂੰ ਨਾਲ ਲੈ ਗਏ। ਫਿਰ ਉਸਨੂੰ ਨਸ਼ਾ ਤਸਕਰੀ ਦਾ ਝੂਠਾ ਪਰਚਾ ਦਰਜ ਕਰਨ ਦੀ ਧਮਕੀ ਦਿੰਦਿਆਂ 30 ਹਜ਼ਾਰ ਰੁਪਏ ਦੀ ਮੰਗ ਕੀਤੀ। ਪਰਚਾ ਪੈਣ ਦੇ ਡਰੋਂ ਚਰਨਜੀਤ ਨੇ ਘਰ ਪਏ 20 ਹਜ਼ਾਰ ਰੁਪਏ ਉਨ੍ਹਾਂ ਨੂੰ ਦੇ ਕੇ ਆਪਣੀ ਜਾਨ ਬਚਾਈ। ਇਸ ਤੋਂ ਬਾਅਦ ਉਸਨੇ ਮੌੜ ਪੁਲਿਸ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ।ਮਾਮਲਾ ਸਾਹਮਣੇ ਆਉਂਦਿਆਂ ਹੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਪੁਲਿਸ ਨੇ ਮੁਲਜ਼ਮਾਂ ਕੋਲੋਂ 10 ਹਜ਼ਾਰ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਹੈ। ਪੁਲਿਸ ਨੇ ਸਸਪੈਂਡ ਸੀਨੀਅਰ ਸਿਪਾਹੀ ਬਲਬੀਰ ਸਿੰਘ ਅਤੇ ਸ਼ਰਾਬ ਠੇਕੇਦਾਰ ਦੇ ਕਰਿੰਦੇ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਤੀਜੇ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।ਜਾਂਚ ਅਧਿਕਾਰੀ ਏਐੱਸਆਈ ਧਰਮਵੀਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਪੁਲਿਸ ਮੁਲਾਜ਼ਮ ਦੀ ਡਿਊਟੀ ਲੰਬੇ ਸਮੇਂ ਤੋਂ ਸ਼ਰਾਬ ਦੇ ਠੇਕੇਦਾਰਾਂ ਨਾਲ ਲੱਗੀ ਹੋਈ ਸੀ, ਇਸੇ ਕਾਰਨ ਗੁਰਪ੍ਰੀਤ ਸਿੰਘ ਅਤੇ ਹੋਰ ਮੁਲਜ਼ਮਾਂ ਨਾਲ ਉਸਦੀ ਜਾਣ-ਪਛਾਣ ਸੀ। ਉਨ੍ਹਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਚਰਨਜੀਤ ਸਿੰਘ ਪਹਿਲਾਂ ਨਸ਼ਾ ਕਰਦਾ ਸੀ, ਇਸੇ ਕਰਕੇ ਉਨ੍ਹਾਂ ਨੇ ਉਸਨੂੰ ਨਸ਼ਾ ਤਸਕਰੀ ਦਾ ਝੂਠਾ ਪਰਚਾ ਦਰਜ ਕਰਨ ਦੀ ਧਮਕੀ ਦੇ ਕੇ ਪੈਸੇ ਵਸੂਲੇ। ਪੁਲਿਸ ਨੇ ਮੁਲਜ਼ਮਾਂ ਦਾ ਰਿਮਾਂਡ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਉਨ੍ਹਾਂ ਨੇ ਇਸ ਤੋਂ ਪਹਿਲਾਂ ਵੀ ਕਿੰਨੇ ਲੋਕਾਂ ਤੋਂ ਪੈਸੇ ਵਸੂਲੇ ਹਨ।

## ਭਾਰੀ ਮੀਂਹ ਪੈਣ ਕਾਰਨ .ਗਰੀਬ ਪਰਿਵਾਰ ਦਾ ਡਿੱਗਿਆ ਮਕਾਨ



ਮਾਨਸਾ, 2 ਸਤੰਬਰ (ਵਿਰੋਂਦਰਪਾਲ ਮੰਤਰੋ): ਕੁਦਰਤ ਦੀ ਆਫ਼ਤ ਦਾ, ਜਿੱਥੇ ਪੂਰੇ ਪੰਜਾਬ ਨੂੰ ਦੁੱਖ ਭੁਗਤਣਾ ਪੈ ਰਿਹਾ ਹੈ, ਉਥੇ ਹੀ ਇਸ ਤੋਂ ਗਰੀਬ ਜਨਤਾ ਜ਼ਿਆਦਾ ਪ੍ਰਭਾਵਿਤ ਹੋ ਰਹੀ ਹੈ। ਮਾਮਲਾ ਕਸਬਾ ਜੋਗਾ ਦੇ ਪਿੰਡ ਭੁਪਾਲ ਕਲਾਂ ਜਿੱਥੇ ਇਕ ਵਿਅਕਤੀ ਜਸਪਾਲ ਸਿੰਘ ਪੁੱਤਰ ਬੰਤ ਸਿੰਘ ਦਾ ਬਰਸਾਤ ਦੇ ਕਾਰਨ ਕਮਰੇ ਦੀ ਛੱਤ ਡਿੱਗ ਗਈ, ਜਿਸ ਵਿੱਚ ਉਨ੍ਹਾਂ ਦਾ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ਜਾਣਕਾਰੀ ਮੁਤਾਬਕ ਸਰਪੰਚ ਦੇ ਪਤੀ ਡਾ ਦੇਸ਼ ਸਿੰਘ ਨੇ ਦੱਸਿਆ ਕਿ ਇਹ ਪਰਿਵਾਰ ਬਹੁਤ ਹੀ ਗਰੀਬ ਹੈ ਤੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਬੱਚੇ ਪਾਲ ਰਿਹਾ ਸੀ ਅਚਾਨਕ ਕੁਦਰਤ ਦੀ ਕਰੋਪੀ ਕਾਰਨ ਇਨ੍ਹਾਂ ਦੇ ਕਮਰੇ ਦੀ ਛੱਤ ਡਿੱਗ ਗਈ, ਜਿਸ ਵਿੱਚ ਇਨ੍ਹਾਂ ਦਾ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ਹੈ ਤੇ ਸਮਾਨ ਆਦਿ ਸਭ ਕੁੱਝ ਟੁੱਟ ਕੇ ਚਕਨਾਚੂਰ ਹੋ ਗਿਆ, ਜਿਸ ਵਿਚ ਇਨ੍ਹਾਂ ਦੀਆਂ ਲੋੜੀਂਦੀਆਂ ਚੀਜ਼ਾਂ ਆਦਿ ਸਨ, ਜਿਨ੍ਹਾਂ ਨੂੰ ਮਲਬੇ ਹੇਠੋਂ ਕੱਢਿਆ ਗਿਆ ਤੇ ਡਾ ਦੇਸ਼ ਸਿੰਘ ਨੇ ਕਿਹਾ ਕਿ ਸਾਡੀ ਸਰਕਾਰ ਨੂੰ ਪੁਰਜ਼ੋਰ ਮੰਗ ਹੈ ਕਿ ਇਨ੍ਹਾਂ ਨੂੰ ਬਣਦੀ ਸਹਾਇਤਾ ਦਿੱਤੀ ਜਾਵੇ ਤਾਂ ਜੋ ਇਹ ਪਰਿਵਾਰ ਆਪਣਾ ਪਾਲਣ ਪੋਸ਼ਣ ਕਰ ਸਕੇ।

### ਉੜਾਂਗ ਦੀ ਸਰਪੰਚ ਦੇ ਪਤੀ ਅਤੇ ਨਰੇਗਾ ਮਜ਼ਦੂਰ ਨੂੰ ਬਿਨ੍ਹਾ ਦੱਸਿਆ ਥਾਣੇ ਲਿਆ ਕੇ ਬੰਦ ਕਰਨ ਦਾ ਮਾਮਲਾ

## ਪਿੰਡ ਵਾਸੀਆਂ ਨੇ ਥਾਣੇ ਵਿੱਚ ਹੀ ਕੀਤਾ ਰੋਸ ਪ੍ਰਦਰਸ਼ਨ



ਮਲੋਟ, 2 ਸਤੰਬਰ (ਅਮਨਦੀਪ ਸਿੰਘ ਮਹਿਰਾ):ਮਲੋਟ ਸਬ ਡਿਵੀਜ਼ਨ ਦੇ ਪਿੰਡ ਉੜਾਂਗ ਵਿੱਚ ਮੌਜੂਦਾ ਐਸ ਸੀ ਸਰਪੰਚ ਦੇ ਘਰ ਤੜਕੇ ਤੜਕੇ ਪੁਲਿਸ ਗਈ ਅਤੇ ਸਰਪੰਚ ਦੇ ਪਤੀ ਹਰਬੰਸ ਸਿੰਘ ਅਤੇ ਨਰੇਗਾ ਮੇਟ ਨੂੰ ਬਿਨ੍ਹਾ ਕੋਈ ਕਾਰਨ ਦੱਸੇ ਚੁੱਕ ਕੇ ਥਾਣੇ ਬੰਦ ਕਰ ਦਿੱਤਾ। ਜਿਸ ਤੋਂ ਬਾਅਦ ਇਕੱਝੇ ਹੋਏ ਪਿੰਡ ਵਾਸੀਆਂ ਵੱਲੋਂ ਜਿਨ੍ਹਾਂ ਵਿਚ ਔਰਤਾਂ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ ਥਾਣੇ ਅੰਦਰ ਹੀ ਦਰੀਆਂ ਵਿਛਾਅ ਕੇ ਪੁਲਿਸ ਦੇ ਵਿਰੁੱਧ ਨਾਰਾਜਗੀ ਜਾਹਰ ਕੀਤੀ ਅਤੇ ਪੁਲਿਸ ਦੀ ਇਸ ਕਾਰਵਾਈ ਨੂੰ ਸਿਆਸੀ ਲੋਕਾਂ ਦੀ ਸ਼ਹਿ ਤੇ ਸਰਪੰਚ ਨੂੰ ਜਲੀਲ ਕਰਨ ਦਾ ਆਰੋਪ ਲਾਇਆ। ਕਰੀਬ 9 ਘੰਟੇ ਦੇ ਪ੍ਰਦਰਸ਼ਨ ਦੌਰਾਨ ਥਾਣਾ ਮੁਖੀ ਨੇ ਪੁਲਿਸ ਕਰਮਚਾਰੀਆਂ ਵੱਲੋਂ ਕੀਤੀ ਗਈ ਕਾਰਵਾਈ ਲਈ ਅਫਸੋਸ ਪ੍ਰਗਟ ਕੀਤਾ ਅਤੇ ਥਾਣੇ ਲਿਆਂਦੇ ਵਿਅਕਤੀਆਂ ਨੂੰ ਸਰਪੰਚ ਸਣੇ ਖੁਦ ਪਿੰਡ ਛੱਡ ਕੇ ਆਏ। ਜਾਣਕਾਰੀ ਅਨਸਾਰ ਥਾਣੇ ਵਿਚ ਮੌਜੂਦ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਉੜਾਂਗ, ਕੰਵਰਜੀਤ ਸਿੰਘ, ਕਸ਼ਮੀਰ ਸਿੰਘ ਸਾਬਕਾ ਸਰਪੰਚ, ਸੋਨੀ, ਨੀਟੂ ਸਿੰਘ, ਬਿੰਦਰ ਸਿੰਘ ਅਤੇ ਦਲੌਰ ਸਿੰਘ ਆਦਿ ਨੇ ਦੱਸਿਆ ਕਿ ਥਾਣਾ ਸਦਰ ਮਲੋਟ ਪੁਲਿਸ ਦੇ ਥਾਣੇਦਾਰ ਪਲੂਸ ਸਿੰਘ ਆਪਣੇ ਸਾਥੀ ਪੁਲਿਸ ਕਰਮਚਾਰੀਆਂ ਦੇ ਨਾਲ ਤੜਕੇ 6 ਵਜੇ ਦੇ ਕਰੀਬ ਪਿੰਡ ਉੜਾਂਗ ਗਏ ਅਤੇ ਮੌਜੂਦਾ ਸਰਪੰਚ ਹਰਜੀਤ ਕੌਰ ਦੇ ਪਤੀ ਹਰਬੰਸ ਸਿੰਘ ਅਤੇ ਨਰੇਗਾ ਮੇਟ ਬਿਨਾਂ ਕੋਈ ਵਜਹਾ ਦੱਸੇ ਥਾਣੇ ਚੁੱਕ ਲਿਆਏ ਪਿੰਡ ਵਾਸੀਆਂ ਨੂੰ ਜਿਉਂ ਹੀ ਪੁਲਿਸ ਦੀ ਇਸ ਕਾਰਵਾਈ ਦਾ ਪਤਾ ਲੱਗਿਆ ਤਾਂ ਪਿੰਡ ਇਕੱਠਾ ਹੋ ਕੇ ਥਾਣਾ ਸਦਰ ਵਿੱਚ ਆ ਗਿਆ ਅਤੇ ਪੁਲਿਸ ਦੀ ਇਸ ਕਥਤ ਧੱਕੇਸ਼ਾਹੀ ਦੇ ਖਿਲਾਫ ਥਾਣੇ ਦੇ ਅੰਦਰ ਹੀ ਦਰੀਆਂ ਵਿਛਾ ਕੇ ਧਰਨਾ ਲਾ ਦਿੱਤਾ ਉਸ ਵਕਤ ਥਾਣਾ ਮੁਖੀ ਥਾਣੇ ਵਿੱਚ ਮੌਜੂਦ ਨਹੀਂ ਸੀ ਤੇ ਨਾ ਹੀ ਉਹ ਪੁਲਿਸ ਕਰਮਚਾਰੀ ਮੌਜੂਦ ਸਨ ਜੋ ਸਰਪੰਚ ਦੇ ਪਤੀ ਨੂੰ ਬਿਨਾਂ ਵਜਹਾ ਪਿੰਡੋਂ ਚੁੱਕ ਕੇ ਥਾਣੇ ਬਿਠਾ ਗਏ ਸਨ, ਜਿਸ ਕਾਰਨ ਪਿੰਡ ਵਾਸੀ ਜਿਨਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਿਲ ਸਨ ਨੇ ਥਾਣੇ ਦੇ ਅੰਦਰ ਹੀ ਧਰਨਾ ਲਾ ਦਿੱਤਾ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਪ੍ਰਧਾਨ ਪਰਮਿੰਦਰ ਸਿੰਘ ਉੜਾਂਗ ਨੇ ਦੱਸਿਆ ਕਿ ਪੰਜਾਬ ਵਿੱਚ ਚੱਲ ਰਹੀ ਭਗਵੰਤ ਮਾਨ ਸਰਕਾਰ ਦਾ ਕਾਰਨਾਮਾ ਦੇਖੋ ਮਾਨ ਸਰਕਾਰ ਦੀ ਪੁਲਿਸ ਅੱਜ ਤੜਕੇ ਲਗਭਗ 6 ਵਜੇ ਉਹਨਾਂ ਦੇ ਪਿੰਡ ਦੀ ਸਰਪੰਚ ਹਰਜੀਤ ਕੌਰ ਦੇ ਪਤੀ ਅਤੇ ਨਰੇਗਾ ਮੇਟ ਨੂੰ ਬਿਨਾਂ ਕੋਈ ਵਜਹਾ ਦੱਸਿਆ ਥਾਣੇ ਚੱਕ ਲਿਆਈ ਅਜਿਹਾ ਕਰਕੇ ਪੁਲਿਸ ਨੇ ਜਿੱਥੇ ਚੁਣੇ ਹੋਏ ਨੁਮਾਇੰਦਿਆਂ ਨੂੰ ਜਲੀਲ ਕੀਤਾ ਉੱਥੇ ਹੀ ਬਾਕੀ ਪੰਚਾਇਤ ਮੈਂਬਰਾਂ ਵਿੱਚ ਵੀ ਆਪਣਾ ਖੌਫ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨੂੰ ਲੈ ਕੇ ਪੂਰੇ ਪਿੰਡ ਵਿੱਚ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਕਿਸਾਨ ਆਗੂ ਨੇ ਦੱਸਿਆ ਕਿ ਪਿੰਡ ਦੀਆਂ 1100 ਵੋਟਾਂ ਵਿੱਚੋਂ 800 ਵੋਟਾਂ ਲੈ ਕੇ ਜੇਤੂ ਰਹਿਣ ਵਾਲੇ ਸਰਪੰਚ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਪੁਲਿਸ ਜਲੀਲ ਕਰਨਾ ਚਾਹੁੰਦੀ ਹੈ, ਜਦ ਕਿ ਪਿੰਡ ਦੇ ਸਰਪੰਚ ਨੇ ਪਿੰਡ ਵਿੱਚ ਹੋਣ ਵਾਲੇ ਛੋਟੇ ਮੋਟੇ ਝਗੜੇ ਖੁਦ ਹੀ ਨਿਮੇੜ ਨੇ ਹੁੰਦੇ ਹਨ ਪਰ ਪਿੰਡ ਵਿੱਚ ਸ਼ਮਸ਼ਾਨ ਘਾਟ ਦੀ ਸਾਫ ਸਫਾਈ ਅਤੇ ਪੌਦੇ ਲਾਉਣ ਨੂੰ ਲੈ ਕੇ ਪੈਦਾ ਹੋਏ ਵਿਵਾਦ ਦੇ ਵਿੱਚ ਸਰਪੰਚ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਆਧਾਰ ਤੇ ਦੂਜੀ ਧਿਰ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ ਜਦਕਿ ਸ਼ਿਕਾਇਤ ਦੇਣ ਵਾਲੇ ਸਰਪੰਚ ਨੂੰ ਹੀ ਪੁਲਿਸ ਨੇ ਥਾਣੇ ਚੁੱਕ ਲਿਆਂਦਾ ਪਿੰਡ ਵਾਸੀਆਂ ਦਾ ਦੋਸ਼ ਹੈ ਕੀ ਅਜਿਹਾ ਪੁਲਿਸ ਨੇ ਸਿਆਸੀ ਰੰਜਿਸ਼ ਦੇ ਤਹਿਤ ਕੀਤਾ ਗਿਆ ਹੈ ਪੁਲਿਸ ਉਸ ਵਿਅਕਤੀ ਦਾ ਨਾਮ ਵੀ ਦੱਸੇ ਜਿਸ ਦੇ ਕਹਿਣ ਤੇ ਪੁਲਿਸ ਦਾ ਇੱਕ ਥਾਣੇਦਾਰ ਚੁਣੇ ਹੋਏ ਨੁਮਾਇੰਦੇ ਨੂੰ ਜਲੀਲ ਕਰਕੇ ਥਾਣੇ ਲੈ ਕੇ ਆਇਆਥਾਣੇ ਵਿਚ ਲੱਗੇ ਧਰਨੇ ਨੂੰ ਦੇਖ ਥਾਣਾਮੁਖੀ ਪਰਮਿੰਦਰ ਸਿੰਘ ਜੋ ਕਿ ਆਪਣੇ ਘਰ ਫਰੀਦਕੋਟ ਗਏ ਹੋਏ ਸਨ ਵਾਪਸ ਆ ਗਏ ਅਤੇ ਧਰਨਾਕਾਰੀਆਂ ਨਾਲ ਗਲ ਕੀਤੀ ਅਤੇ ਉਨਾਂ ਮੰਨਿਆ ਕਿ ਪੁਲਿਸ ਕਰਮਚਾਰੀਆਂ ਦੀ ਗਲਤੀ ਹੈ ਜਿਸ ਲਈ ਉਨਾਂ ਨੂੰ ਇਸ ਘਟਨਾਂ ਦਾ ਬੇਹੱਦ ਅਫਸੋਸ ਹੈ।

## ਘੱਗਰ ਦੀ ਸਥਿਤੀ ਅੰਡਰ ਕੰਟਰੋਲ

ਮੂਨਕ, 2 ਸਤੰਬਰ (ਸਮਸ਼ੇਰ ਸਿੰਘ ਭੁਟਾਲ)ਘੱਗਰ 'ਚ ਵੱਧੇ ਪਾਣੀ ਪੱਧਰ ਨੂੰ ਲੈਕੇ ਨੇੜਲੇ ਹਲਕਿਆਂ ਦਾ ਜਾਇਜਾ ਲੈਣ ਅਤੇ ਫੀਲਡ 'ਚ ਦਿਨ ਰਾਤ ਮੋਰਚੇ ਉੱਤੇ ਡਟੇ ਹੋਏ ਬੀਡੀਪੀਓ ਅਨਦਾਨਾ ਐਟ ਮੂਨਕ ਵਿਨੋਦ ਜੋਸ਼ੀ ਨੇ ਹਲਕੇ ਦੇ ਲੋਕਾਂ ਦੀ ਹਿੰਮਤ ਵਧਾਉਂਦਿਆਂ ਕਿਹਾ ਕਿ ਘੱਗਰ 'ਚ ਹਾਲਾਤ ਅੰਡਰ ਕੰਟਰੋਲ ਹਨ ਅਤੇ ਕਿਸੇ ਨੂੰ ਘਬਰਾਹਟ ਕਰਨ ਦੀ ਲੋੜ ਨਹੀਂ ਹੈ। ਪੂਰਾ ਸਰਕਾਰੀ ਅਮਲਾ ਲੋਕਾਂ ਦੀ ਮਦਦ ਅਤੇ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰਾ ਮੁਸਤੈਦ ਹੈ । ਬੀਡੀਪੀਓ ਜੋਸ਼ੀ ਨੇ ਕਿਹਾ ਕਿ ਭਾਵੇਂ ਘੱਗਰ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਦੇ ਨੇੜੇ ਹੈ ਪਰ ਘੱਗਰ ਦੇ ਬੰਨ੍ਹਾਂ ਨੂੰ ਪਹਿਲਾਂ ਨਾਲੋਂ ਮਜ਼ਬੂਤ ਕੀਤਾ ਗਿਆ ਹੈ ਅਤੇ ਹਾਲੇ ਵੀ ਸਥਿਤੀ ਅੰਡਰ ਕੰਟਰੋਲ ਹੈ। ਉਨ੍ਹਾਂ ਦੱਸਿਆ ਕਿ ਡੀ.ਸੀ. ਸਾਹਿਬ ਦੀਆਂ ਹਦਾਇਤਾਂ ਅਨੁਸਾਰ ਸਥਾਨਕ ਪ੍ਰਸ਼ਾਸਨ ਦਾ ਪੂਰਾ ਅਮਲਾ ਪੂਰੀ ਚੌਕਸੀ ਅਤੇ ਮੁਸਤੈਦੀ ਨਾਲ 24 ਘੰਟੇ ਕੰਮ ਕਰ ਰਿਹਾ ਹੈ। ਉਨ੍ਹਾਂ ਦੇ ਮੁਲਾਜ਼ਮ ਦਿਨ ਰਾਤ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਘੱਗਰ ਦੀ ਨਿਗਰਾਨੀ ਕਰ ਰਹੇ ਹਨ ਅਤੇ ਬਿਨ੍ਹਾਂ ਸੁੱਤੇ ਮੁਲਾਜ਼ਮ ਆਪਣੀ ਡਿਊਟੀ ਨਿਭਾ ਰਹੇ ਹਨ। ਡਿਪਟੀ ਕਮਿਸ਼ਨਰ ਸੰਗਰੂਰ ਦੀ ਸਖ਼ਤ ਹਦਾਇਤਾਂ ਅਨੁਸਾਰ ਘੱਗਰ ਦੇ ਬੰਨ੍ਹਾਂ ਨਾਲ ਛੇੜ ਛਾੜ ਕਰਨ ਵਾਲੇ ਕਿਸੇ ਵੀ ਸ਼ਰਾਰਤੀ ਅਨਸਰਾਂ ਬਖਸ਼ਿਆ ਨਹੀਂ ਜਾਵੇਗਾ ਇਸ ਤੋਂ ਇਲਾਵਾ ਉਨ੍ਹਾਂ ਸਖ਼ਤ ਲਹਿਜੇ 'ਚ ਕਿਹਾ ਕਿ ਜੋ ਕੋਈ ਵੀ ਘੱਗਰ ਨਾਲ ਸਬੰਧਿਤ ਝੂਠੀ ਅਫਵਾਹਾਂ ਫੈਲਾਉਂਦਾ ਪਾਇਆ ਗਿਆ ਉਸ ਖਿਲਾਫ਼ ਕਾਨੂੰਨ ਰਾਹੀਂ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਨਕਾਬਪੋਸ਼ ਲੁਟੇਰਿਆਂ ਵੱਲੋਂ ਪੈਟਰੋਲ ਪੰਪ ਤੋਂ ਪਿਸਤੌਲ ਦੀ ਨੋਕ 'ਤੇ ਲੁੱਟ



ਬਠਿੰਡਾ, 2 ਸਤੰਬਰ (ਦੀਪਕ ਸ਼ਰਮਾ): ਲੰਘੇ ਸੋਮਵਾਰ ਨੂੰ ਭਗਤਾ ਭਾਈਕਾ ਵਿਖੇ ਮੋਟਰਸਾਈਕਲ ਸਵਾਰ ਦੋ ਨਕਾਬਪੋਸ਼ ਨੌਜਵਾਨਾਂ ਵੱਲੋਂ ਪਿਸਤੌਲ ਦੀ ਨੋਕ 'ਤੇ ਪੈਟਰੋਲ ਪੰਪ ਲੁੱਟਣ ਦੀ ਸੂਚਨਾ ਪ੍ਰਾਪਤ ਹੋਈ ਹੈ। ਵਾਰਦਾਤ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਪੰਪ ਦੇ ਕਰਿੰਦਿਆਂ ਦੇ ਬਿਆਨ ਦਰਜ ਕੀਤੇ। ਪੰਪ ਦੇ ਸੰਚਾਲਕ ਸੁਰਿੰਦਰ ਸਿੰਘ ਅਨੁਸਾਰ ਕਥਿਤ ਲੁਟੇਰੇ 15,000 ਦੀ ਨਗਦੀ ਲੁੱਟ ਕੇ ਲੈ ਗਏ ਹਨ। ਦੂਜੇ ਪਾਸੇ ਪੁਲਿਸ ਨੇ ਬਿਆਨਾਂ ਦੇ ਅਧਾਰ 'ਤੇ ਅਣਪਛਾਤੇ ਨੌਜਵਾਨਾਂ ਖਿਲਾਫ਼ ਲੁੱਟ ਦਾ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਦੌਰਾਨ ਪੁਲਿਸ ਵੱਲੋਂ ਪੈਟਰੋਲ ਪੰਪ ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਵੀ ਕੀਤੀ ਗਈ, ਤਾਂ ਕਿ ਕਥਿਤ ਲੁਟੇਰਿਆਂ ਦੀ ਪਛਾਣ ਕੀਤੀ ਜਾ ਸਕੇ। ਇਹ ਘਟਨਾ ਜੰਗਲ ਦੀ ਅੱਗ ਵਾਂਗੂ ਪੂਰੀ ਭਗਤਾਂ ਮੰਡੀ ਵਿੱਚ ਫੈਲ ਗਈ। ਜਿਸ ਕਾਰਨ ਮੰਡੀ ਵਾਸੀਆਂ ਅਤੇ ਵਪਾਰੀ ਵਰਗ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।
ਜਾਣਕਾਰੀ ਅਨੁਸਾਰ, ਬਾਜਾਖਾਨਾ ਰੋਡ 'ਤੇ ਸਥਿਤ ਹਮਾਰਾ ਪੰਪ 'ਤੇ ਸ਼ਾਮ ਦੇ ਸਮੇਂ ਦੋ ਨਕਾਬਪੋਸ਼ ਨੌਜਵਾਨ ਮੋਟਰਸਾਇਕਲ 'ਤੇ ਆਏ। ਪੰਪ 'ਤੇ ਡਿਊਟੀ ਕਰ ਰਹੇ ਮੁਲਾਜ਼ਮ ਸੰਦੀਪ ਸਿੰਘ ਵਾਸੀ ਥਰਾਜ ਅਤੇ ਬਲਵੀਰ ਸਿੰਘ ਵਾਸੀ ਆਦਮਪੁਰਾ ਨੂੰ ਪਿਸਤੌਲ ਦਿਖਾ ਕੇ ਉਨ੍ਹਾਂ ਕੋਲੋਂ ਨਗਦੀ ਖੋਹ ਲਈ। ਇਸ ਮੌਕੇ ਪੰਪ ਦੇ ਸੰਚਾਲਕ ਸੁਰਿੰਦਰ ਸਿੰਘ ਕੁੱਕੂ ਨੇ ਦੱਸਿਆ ਕਿ ਲੁਟੇਰੇ ਕਰੀਬ 15 ਹਜ਼ਾਰ ਰੁਪਏ ਲੈ ਕੇ ਮੌਕੇ ਤੋਂ ਰਫੂਚੱਕਰ ਹੋ ਗਏ ਹਨ।
ਮੁਲਾਜ਼ਮਾਂ ਦੇ ਅਨੁਸਾਰ, ਹਮਲਾਵਰਾਂ ਨੇ ਕੁਝ ਸੈਕਿੰਡਾਂ ਵਿੱਚ ਹੀ ਵਾਰਦਾਤ ਨੂੰ ਅੰਜਾਮ ਦਿੱਤਾ ਅਤੇ ਤੁਰੰਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਫਰਾਰ ਹੋ ਗਏ।
ਘਟਨਾ ਦੀ ਸੂਚਨਾ ਮਿਲਦੇ ਹੀ ਭਗਤਾ ਭਾਈਕਾ ਪੁਲਿਸ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰੇ ਚੈਕ ਕੀਤੇ ਜਾ ਰਹੇ ਹਨ ਅਤੇ ਦੋਸ਼ੀਆਂ ਦੀ ਪਛਾਣ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।
ਇਹ ਲੁੱਟ ਦੀ ਘਟਨਾ ਨੇ ਸਥਾਨਕ ਵਪਾਰੀਆਂ ਅਤੇ ਆਮ ਲੋਕਾਂ ਵਿਚ ਚਿੰਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੁਲਿਸ ਨੇ ਲੋਕਾਂ ਨੂੰ ਯਕੀਨ ਦਿਵਾਇਆ ਹੈ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕਰਕੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਵੇਗੀ।

# ਅਮਨ ਅਰੋੜਾ ਅਤੇ ਬਰਿੰਦਰ ਗੋਇਲ ਵੱਲੋਂ ਘੱਗਰ ਨਾਲ ਲੱਗਦੇ ਇਲਾਕਿਆਂ ਦਾ ਦੌਰਾ

ਮੂਨਕ,ਖਨੌਰੀ, 2 ਸਤੰਬਰ (ਸਮਸ਼ੇਰ ਸਿੰਘ ਭੁਟਾਲ, ਓਮ ਪ੍ਰਕਾਸ਼ ਮੂਆਲ) : ਭਾਰੀ ਮੀਂਹ ਅਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਕਾਰਨ ਘੱਗਰ ਦਰਿਆ ਵਿੱਚ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਅਤੇ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਮਕਰੋੜ ਸਾਹਿਬ ਦਾ ਦੌਰਾ ਕੀਤਾ। ਇਸ ਮੌਕੇ ਉਹਨਾਂ ਨਾਲ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ, ਐੱਸ ਡੀ ਐੱਮ ਮੂਨਕ ਸ੍ਰ. ਸੂਬਾ ਸਿੰਘ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਹਾਜ਼ਰ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੀ ਅਰੋੜਾ ਅਤੇ ਸ਼੍ਰੀ ਗੋਇਲ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਰੀ ਮੀਂਹ ਅਤੇ ਪਹਾੜੀ ਖੇਤਰਾਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ ਕਾਰਨ ਪੰਜਾਬ ਨੂੰ ਕੁਦਰਤ ਦੀ ਬਹੁਤ ਵੱਡੀ ਮਾਰ ਪਈ ਹੈ। ਪੰਜਾਬ ਇਸ ਵੇਲੇ ਬਹੁਤ ਹੀ ਤਰਸਯੋਗ ਹਾਲਤ ਵਿਚੋਂ ਗੁਜ਼ਰ ਰਿਹਾ ਹੈ। ਉਹਨਾਂ ਕਿਹਾ ਕਿ ਸੂਬੇ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢਣ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਹੁਣ ਤੱਕ 15,688 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ @ਤੇ ਪਹੁੰਚਾਇਆ ਗਿਆ ਹੈ, ਰਾਹਤ ਕੈਂਪਾਂ ਵਿੱਚ ਹਜ਼ਾਰਾਂ ਪ੍ਰਭਾਵਿਤ ਨਿਵਾਸੀ ਆਪਣਾ ਸਮਾਂ ਬਤੀਤ ਕਰ ਰਹੇ ਹਨ। ਮੌਜੂਦਾ ਸਮੇਂ 12 ਜ਼ਿਲ੍ਹਿਆਂ ਤੋਂ 1,000 ਤੋਂ ਵੱਧ ਪਿੰਡ ਪਾਣੀ ਵਿੱਚ ਡੁੱਬੇ ਹੋਏ



ਹਨ ਜਾਂ ਬਹੁਤ ਜ਼ਿਆਦਾ ਪ੍ਰਭਾਵਿਤ ਹਨ। ਅੰਦਾਜ਼ਨ 94,000 ਹੈਕਟੇਅਰ ਖੇਤੀ ਯੋਗ ਜ਼ਮੀਨ, ਜਿਸ ਵਿੱਚ ਵਾਢੀ ਦੇ ਨੇੜੇ ਝੋਨੇ ਦੇ ਖੇਤ ਵੀ ਸ਼ਾਮਲ ਹਨ, ਡੁੱਬ ਗਏ ਹਨ।ਘੱਗਰ ਦਰਿਆ ਦੀ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਕਿਹਾ ਕਿ ਦਰਿਆ ਵਿੱਚ ਇਸ ਵੇਲੇ 12000 ਕਿਊਸਿਕ ਪਾਣੀ ਚੱਲ ਰਿਹਾ ਹੈ। ਜਦਕਿ ਇਸ ਦੀ ਪਾਣੀ ਸੰਭਾਲਣ ਦੀ ਸਮਰੱਥਾ 12200 ਕਿਊਸਿਕ ਹੈ, ਜਦਕਿ ਪਾਣੀ ਦਾ ਪੱਧਰ 747.7 ਫੁੱਟ ਹੈ, ਜਦਕਿ ਖਤਰੇ ਦਾ ਨਿਸ਼ਾਨ 748 ਫੁੱਟ ਉੱਤੇ ਹੈ। ਉਹਨਾਂ ਕਿਹਾ ਕਿ ਸਾਲ 2023 ਵਿੱਚ ਘੱਗਰ ਦਰਿਆ ਵਿੱਚ 753 ਫੁੱਟ ਉੱਤੇ ਪਾੜ ਪਏ ਸਨ। ਉਹਨਾਂ ਕਿਹਾ ਕਿ ਸਾਲ 2023 ਵਿੱਚ ਜਿਹੜੇ 15 ਜਗ੍ਹਾ ਉੱਤੇ ਪਾੜ ਪਏ ਸਨ ਉਨ੍ਹਾਂ ਸਾਰੇ ਕਿਨਾਰਿਆਂ ਨੂੰ ਪੂਰੀ ਤਰ੍ਹਾਂ ਮਜ਼ਬੂਤ ਕਰ ਦਿੱਤਾ ਗਿਆ ਹੈ। ਪਰ ਇਸ ਸਾਲ ਹਾਲਾਤ 2023 ਨਾਲੋਂ ਬਹੁਤ ਬਿਹਤਰ ਹਨ। ਉਹਨਾਂ ਕਿਹਾ ਕਿ ਮਕਰੋੜ ਸਾਹਿਬ ਤੱਕ ਘੱਗਰ ਦਰਿਆ ਦੀ ਚੌੜਾਈ 598 ਫੁੱਟ ਹੈ, ਜਦਕਿ ਇਸ ਤੋਂ ਅੱਗੇ ਚੌੜਾਈ ਘੱਟ ਕੇ 198 ਫੁੱਟ ਰਹਿ ਜਾਂਦੀ ਹੈ, ਜਿਸ ਕਾਰਨ ਅੱਗੇ ਪਾਣੀ ਇਕੱਠਾ ਹੋ ਜਾਂਦਾ ਹੈ ਅਤੇ ਪਾੜ ਪੈ ਜਾਂਦਾ ਹੈ। ਹਰਿਆਣਾ ਸਰਕਾਰ ਵੱਲੋਂ ਮਾਨਯੋਗ ਸੁਪਰੀਮ ਕੋਰਟ ਰਾਹੀਂ ਲਈ ਸਟੇਅ ਦੇ ਚੱਲਦਿਆਂ ਪੰਜਾਬ ਸਰਕਾਰ ਇਸ ਨੂੰ ਹੋਰ ਚੌੜਾ ਨਹੀਂ ਕਰ ਸਕਦੀ। ਉਹਨਾਂ ਲੋਕਾਂ ਵੱਲੋਂ ਮਿਲ ਰਹੇ ਸਹਿਯੋਗ ਅਤੇ ਜਜ਼ਬੇ ਨੂੰ ਸਲਾਮ ਕਰਦਿਆਂ ਕਿਹਾ ਕਿ ਇਸ ਮੁਸ਼ਕਿਲ ਘੜੀ ਵਿੱਚ ਸਾਨੂੰ ਸਾਰਿਆਂ ਧਿਰਾਂ ਨੂੰ ਇਕੱਠੇ ਹੋ ਕੇ ਪੀੜਤ ਲੋਕਾਂ ਦੀ ਬਾਂਹ ਫੜ੍ਹਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਨੂੰ ਕਿਸਾਨਾਂ ਅਤੇ ਮੁੜ ਵਸੇਬੇ ਦੇ ਯਤਨਾਂ ਦਾ ਸਮਰਥਨ ਕਰਨ ਲਈ 60,000 ਕਰੋੜ ਦੇ ਬਕਾਇਆ ਫੰਡ ਜਾਰੀ ਕਰਨ ਅਤੇ ਮੁਆਵਜ਼ਾ ਭੁਗਤਾਨ ਵਧਾ ਕੇ ?50,000 ਪ੍ਰਤੀ ਏਕੜ ਕਰਨ ਦੀ ਅਪੀਲ ਕੀਤੀ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਲਈ ਜਲਦ ਤੋਂ ਜਲਦ ਇਹ ਫੰਡ ਜਾਰੀ ਕਰਨੇ ਚਾਹੀਦੇ ਹਨ। ਦੱਸਣਯੋਗ ਹੈ ਕਿ ਮੌਜੂਦਾ ਹੜ੍ਹ ਸਥਿਤੀ ਅਤੇ ਘੱਗਰ ਦਰਿਆ ਵਿੱਚ ਵਧੇ ਹੋਏ ਪਾਣੀ ਦੇ ਪੱਧਰ ਨੂੰ ਦੇਖਦੇ ਹੋਏ, ਡਿਪਟੀ ਕਮਿਸ਼ਨਰ ਸੰਗਰੂਰ, ਸ੍ਰੀ ਰਾਹੁਲ ਚਾਬਾ ਨੇ ਜ਼ਿਲ੍ਹਾ ਸੰਗਰੂਰ ਵਿੱਚੋਂ ਲੰਘਦੇ ਘੱਗਰ ਦਰਿਆ ਦੇ ਕੰਢਿਆਂ 'ਤੇ ਰਾਤ ਦੀ ਚੌਕਸੀ (ਠੀਕਰੀ ਪਹਿਰੇ) ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ।ਡਿਪਟੀ ਕਮਿਸ਼ਨਰ ਕਿਹਾ ਕਿ ਆਲੇ ਦੁਆਲੇ ਦੇ ਖੇਤਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, 15 ਸੰਵੇਦਨਸ਼ੀਲ ਥਾਵਾਂ ਵਿਖੇ ਜੰਬੋ ਬੈਗਾਂ ਸਮੇਤ ਰੇਤ ਦੀਆਂ ਬੋਰੀਆਂ ਨਾਲ ਦਰਿਆ ਦੇ ਕੰਢਿਆਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਸਿੰਚਾਈ ਅਤੇ ਮਾਲ ਵਿਭਾਗ ਦੇ ਕਰਮਚਾਰੀਆਂ, ਸਥਾਨਕ ਪਿੰਡ ਵਾਸੀਆਂ ਸਮੇਤ, ਦੀਆਂ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਹਨ ਜੋ ਸ਼ਾਮ ਤੋਂ ਸਵੇਰ ਤੱਕ ਇਨ੍ਹਾਂ ਸੰਵੇਦਨਸ਼ੀਲ ਥਾਵਾਂ ਦੀ ਨਿਗਰਾਨੀ ਕਰ ਰਹੀਆਂ ਹਨ। ਇਸ ਤੋਂ ਇਲਾਵਾ, ਡਿਪਟੀ ਕਮਿਸ਼ਨਰ ਨੇ ਰਾਤ ਦੇ ਸਮੇਂ ਦਰਿਆ ਦੇ ਕੰਢਿਆਂ 'ਤੇ ਪੁਲਿਸ ਗਸ਼ਤ ਦੇ ਨਿਰਦੇਸ਼ ਦਿੱਤੇ ਹਨ। ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਉਹ ਸਿੰਚਾਈ ਵਿਭਾਗ ਨਾਲ 87250-29785 'ਤੇ ਜਾਂ ਜ਼ਿਲ੍ਹਾ ਪ੍ਰਸ਼ਾਸਨ ਨਾਲ 01672-234196 'ਤੇ ਸੰਪਰਕ ਕਰ ਸਕਦੇ ਹਨ।

# ਬਲਜਿੰਦਰ ਸਿੰਘ ਮਾਝਾ ਸਰਬਸੰਮਤੀ ਨਾਲ ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਚੁਣੇ

ਭਵਾਨੀਗੜ੍ਹ, 2 ਸਤੰਬਰ (ਅਮਨਦੀਪ ਸਿੰਘ ਮਾਝਾ) : ਜ਼ਿਲ੍ਹਾ ਸੰਗਰੂਰ ਦੇ ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਦੀ ਹੋਈ ਸਰਬਸੰਮਤੀ ਨਾਲ ਚੋਣ ਵਿੱਚ ਹੈੱਡ ਆਫਿਸ ਸੰਗਰੂਰ ਪੰਜਾਬ ਬਲਜਿੰਦਰ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਮਾਝਾ ਤਹਿਸੀਲ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਨੂੰ ਪ੍ਰਧਾਨ ਚੁਣਿਆ ਗਿਆ। ਬਲਜਿੰਦਰ ਸਿੰਘ ਦੀ ਪ੍ਰਧਾਨਗੀ ਤੋਂ ਬਾਅਦ ਸੇਵਾ ਕੇਂਦਰ ਮੁਲਾਜ਼ਮ ਵੈਲਫੇਅਰ ਐਸੋਸੀਏਸ਼ਨ ਹੈੱਡ ਆਫਿਸ ਸੰਗਰੂਰ ਵਿੱਚ ਹੋਰ ਅਹੁਦੇਦਾਰਾਂ ਦੀ ਵੀ ਨਿਯੁਕਤੀ ਕੀਤੀ ਹੈ, ਜਿਸ ਵਿਚ ਵਾਈਸ ਪ੍ਰਧਾਨ ਮਨਦੀਪ ਸਿੰਘ ਦਿਉਲ, ਮੋਹਿਨੀ ਸ਼ਰਮਾ ਸਰਪ੍ਰਸਤ, ਗੁਰਸੇਵਕ ਸਿੰਘ, ਦਮਨ ਸਿੰਘ ਸੋਢੀ ਸੈਕਟਰੀ-ਜਤਿੰਦਰ ਸਿੰਘ, ਤਰਸੇਮ ਸਿੰਘ ਸਲਾਹਕਾਰ-ਗੁਰਤੇਜ ਸਿੰਘ ਮੀਡੀਆ ਸਲਾਹਕਾਰ-ਗੁਰਿੰਦਰਪਾਲ, ਅਵਤਾਰ ਸਿੰਘ ਪੁਰੀ ਕੈਸੀਆਰ - ਗੁਰਮੀਤ ਸਿੰਘ, ਬਲਵਿੰਦਰ ਸਿੰਘ ਆਦਿ ਚੁਣੇ ਗਏ।



# ਬਾਬਾ ਗਾਂਧਾ ਸਿੰਘ ਗਰੁੱਪ ਆਫ਼ ਸਕੂਲਜ ਨੇ ਹੜ੍ਹ ਪੀੜ੍ਹਤਾਂ ਦੀ ਮੱਦਦ ਲਈ ਦੋ ਲੱਖ ਦੀ ਸਹਾਇਤਾ ਦਿੱਤੀ

ਬਰਨਾਲਾ, 2 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਬਾਬਾ ਗਾਂਧਾ ਸਿੰਘ ਐਜੂਕੇਸ਼ਨ ਟਰੱਸਟ ਬਰਨਾਲਾ ਵੱਲੋਂ ਚਲਾਏ ਜਾ ਰਹੇ ਬਾਬਾ ਗਾਂਧਾ ਸਿਘ ਗਰੁੱਪ ਆਫ ਸਕੂਲਜ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਏ। ਟਰੱਸਟ ਵੱਲੋਂ ਦੋ ਲੱਖ ਰੁਪਏ ਦੀ ਮੱਦਦ ਮਾਨਯੋਗ ਡੀ. ਸੀ. ਬਰਨਾਲਾ ਟੀ ਬੈਨਿਥ ਨੂੰ ਚੈੱਕ ਸੋਂਪ ਕੇ ਕੀਤੀ ਗਈ। ਇਸ ਮੌਕੇ ਟਰੱਸਟ ਦੇ ਚੇਅਰਮੈਨ ਮਹੰਤ ਹਾਕਮ ਸਿੰਘ , ਵਾਇਸ ਚੇਅਰਮੈਨ ਬਾਬਾ ਕੇਵਲ ਕ੍ਰਿਸ਼ਨ , ਐੱਮ ਡੀ ਰਣਪ੍ਰੀਤ ਸਿੰਘ ਰਾਏ, ਟਰੱਸਟੀ ਬਾਬਾ ਅਮਨਦੀਪ ਸਿੰਘ , ਸਕੱਤਰ ਡਾ. ਸੰਦੀਪ ਕੁਮਾਰ ਲੱਠ ਅਤੇ ਸਾਬਕਾ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਮੌਜੂਦ ਸਨ। ਇਸ ਮੌਕੇ ਮਹੰਤ ਹਾਕਮ ਸਿੰਘ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਦੀ ਪੀੜਾ ਨੂੰ ਝੱਲ ਰਹੇ ਲੋਕਾਂ ਲਈ ਸਾਨੂੰ ਸਭ ਨੂੰ ਅੱਗੇ ਆ ਕੇ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਵੱਖ ਵੱਖ ਸੰਸਥਾਵਾਂ, ਸਮਾਜ ਸੇਵਕਾਂ ਤੇ ਪੰਚਾਇਤਾਂ ਵੱਲੋਂ ਹੜ੍ਹ ਪੀੜ੍ਹਤਾ ਦੀ ਮੱਦਦ ਲਈ ਅੱਗੇ ਆਉਣਾ ਚੰਗਾ ਉੱਦਮ ਹੈ ਤੇ ਹਰ ਵਿਅਕਤੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਵੇ, ਕਿਉਂਕਿ ਹੜ੍ਹ ਨਾਲ ਕਾਫ਼ੀ ਜ਼ਿਆਦਾ ਲੋਕਾਂ ਦਾ ਨੁਕਸਾਨ ਹੋਇਆ ਹੈ, ਜਿਸ ਕਰ ਕੇ ਲੋਕਾਂ ਨੂੰ ਕਾਫ਼ੀ ਘਾਟਾ ਪਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਔਖੀ ਘੜੀ ਵਿੱਚ ਪੰਜਾਬੀ ਮਦਦ ਕਰਨ ਲਈ ਦੁਨੀਆਂ ਭਰ ਵਿੱਚ ਮੋਹਰੀ ਰੋਲ ਅਦਾ ਕਰਨ ਵਜੋਂ ਜਾਣੇ ਜਾਂਦੇ ਹਨ ਅਤੇ ਜੇਕਰ ਹੋਰ ਕਿਸੇ ਵੀ ਤਰ੍ਹਾਂ ਦੀ ਮੱਦਦ ਦੀ ਜ਼ਰੂਰਤ ਪੈਂਦੀ ਹੈ ਤਾਂ ਅਸੀਂ ਪਿੱਛੇ ਨਹੀਂ ਹਟਾਂਗੇ।



# ਵਰਦੀ ਦੀ ਆੜ ਵਿੱਚ ਲੁੱਟ: ਸਸਪੈਂਡ ਪੁਲਿਸ ਮੁਲਾਜ਼ਮ ਨੇ ਠੇਕੇਦਾਰ ਦੇ ਕਰਿੰਦਿਆਂ ਨਾਲ ਮਿਲ ਕੇ ਮਾਰੀ 20 ਹਜ਼ਾਰ ਦੀ ਠੱਗੀ

ਬਠਿੰਡਾ, 2 ਸਤੰਬਰ (ਦੀਪਕ ਸ਼ਰਮਾ): ਪਹਿਲਾਂ ਤੋਂ ਹੀ ਮਹਿਕਮੇ ਵੱਲੋਂ ਸਸਪੈਂਡ ਕੀਤੇ ਗਏ ਇੱਕ ਪੁਲਿਸ ਮੁਲਾਜ਼ਮ ਵੱਲੋਂ ਖਾਕੀ ਨੂੰ ਬਦਨਾਮ ਕਰਨ ਲਈ ਇੱਕ ਹੋਰ ਚੰਨ ਚਾੜ ਦਿੱਤਾ ਗਿਆ। ਦਰਅਸਲ ਉਕਤ ਮੁਲਾਜ਼ਮ ਨੇ ਵਰਦੀ ਦੀ ਆੜ ਵਿੱਚ ਸ਼ਰਾਬ ਠੇਕੇਦਾਰ ਦੇ ਕਰਿੰਦਿਆਂ ਨਾਲ ਮਿਲ ਕੇ ਇੱਕ ਵਿਅਕਤੀ ਨੂੰ ਠੱਗੀ ਦਾ ਸ਼ਿਕਾਰ ਬਣਾ ਲਿਆ। ਜਾਣਕਾਰੀ ਅਨੁਸਾਰ ਕਥਿਤ ਦੋਸ਼ੀ ਪੁਲਿਸ ਦੀ ਵਰਦੀ ਚ ਪੀੜਤ ਵਿਅਕਤੀ ਕੋਲ ਗਏ ਅਤੇ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਉਨਾਂ ਨੂੰ ਪੈਸੇ ਨਾ ਦਿੱਤੇ ਤਾਂ ਨਸ਼ੇ ਦਾ ਪਰਚਾ ਦਰਜ ਕਰਕੇ ਅੰਦਰ ਡੱਕ ਦਿੱਤਾ ਜਾਵੇਗਾ। ਪਰਚੇ ਦੀਆਂ ਧਮਕੀਆਂ ਤੋਂ ਡਰਦੇ ਹੋਏ ਪੀੜਤ ਵਿਅਕਤੀ ਨੇ ਕਿਸੇ ਤਰ੍ਹਾਂ 20 ਹਜਾਰ ਰੁਪਏ ਦਾ ਪ੍ਰਬੰਧ ਕਰਕੇ ਮੁਲਜ਼ਮਾਂ ਕੋਲੋਂ ਖਹਿੜਾ ਛੁਡਵਾਇਆ ਅਤੇ ਥਾਣਾ ਮੌੜ ਵਿਖੇ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਪੀੜਤ ਵਿਅਕਤੀ ਦੀ ਸ਼ਿਕਾਇਤ ਤੇ ਕਾਰਵਾਈ ਕਰਦਿਆਂ ਹੋਇਆਂ ਉਕਤ ਮੁਲਾਜ਼ਮ ਸਮੇਤ ਤਿੰਨ ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ।ਜਾਣਕਾਰੀ ਅਨੁਸਾਰ ਇਹ ਘਟਨਾ ਮੌੜ ਮੰਡੀ ਦੇ ਪਿੰਡ ਰਾਮਨਗਰ ਦੀ ਹੈ। ਇਸ ਪਿੰਡ ਦੇ ਰਹਿਣ ਵਾਲੇ ਚਰਨਜੀਤ ਸਿੰਘ ਨੇ ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਦੱਸਿਆ ਕਿ ਉਹ ਪਹਿਲਾਂ ਨਸ਼ਾ ਕਰਦਾ ਸੀ ਪਰ ਹੁਣ ਉਸਨੇ ਪਿਛਲੇ 6 ਮਹੀਨਿਆਂ ਤੋਂ ਨਸ਼ਾ ਛੱਡ ਦਿੱਤਾ ਹੈ। ਲੰਘੀ 31 ਅਗਸਤ ਨੂੰ ਮਾਨਸਾ ਪੁਲਿਸ ਦਾ ਸਸਪੈਂਡ ਸੀਨੀਅਰ ਸਿਪਾਹੀ ਬਲਬੀਰ ਸਿੰਘ ਅਤੇ ਸ਼ਰਾਬ ਦੇ ਠੇਕੇਦਾਰ ਦੇ ਕਰਿੰਦੇ ਗੁਰਪ੍ਰੀਤ ਸਿੰਘ ਤੇ ਇੱਕ ਅਣਪਛਾਤਾ ਨੌਜਵਾਨ ਉਸਦੇ ਘਰ ਆਏ।ਉਨ੍ਹਾਂ ਨੇ ਪੁਲਿਸ ਦੀ ਵਰਦੀ ਪਾਈ ਹੋਈ ਸੀ ਅਤੇ ਉਕਤ ਵਿਅਕਤੀ ਸਵਿਫਟ ਕਾਰ ਵਿੱਚ ਬੈਠਾ ਕੇ ਉਸਨੂੰ ਨਾਲ ਲੈ ਗਏ। ਫਿਰ ਉਸਨੂੰ ਨਸ਼ਾ ਤਸਕਰੀ ਦਾ ਝੂਠਾ ਪਰਚਾ ਦਰਜ ਕਰਨ ਦੀ ਧਮਕੀ ਦਿੰਦਿਆਂ 30 ਹਜ਼ਾਰ ਰੁਪਏ ਦੀ ਮੰਗ ਕੀਤੀ। ਪਰਚਾ ਪੈਣ ਦੇ ਡਰੋਂ ਚਰਨਜੀਤ ਨੇ ਘਰ ਪਏ 20 ਹਜ਼ਾਰ ਰੁਪਏ ਉਨ੍ਹਾਂ ਨੂੰ ਦੇ ਕੇ ਆਪਣੀ ਜਾਨ ਬਚਾਈ। ਇਸ ਤੋਂ ਬਾਅਦ ਉਸਨੇ ਮੌੜ ਪੁਲਿਸ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ।ਮਾਮਲਾ ਸਾਹਮਣੇ ਆਉਂਦਿਆਂ ਹੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਪੁਲਿਸ ਨੇ ਮੁਲਜ਼ਮਾਂ ਕੋਲੋਂ 10 ਹਜ਼ਾਰ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਹੈ। ਪੁਲਿਸ ਨੇ ਸਸਪੈਂਡ ਸੀਨੀਅਰ ਸਿਪਾਹੀ ਬਲਬੀਰ ਸਿੰਘ ਅਤੇ ਸ਼ਰਾਬ ਠੇਕੇਦਾਰ ਦੇ ਕਰਿੰਦੇ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਤੀਜੇ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।

# ਭਾਰੀ ਮੀਂਹ ਨੇ ਭਦੌੜ ਦੀਆਂ ਸੜਕਾਂ ਨੂੰ ਕੀਤਾ ਜਲ-ਥਲ, ਹਸਪਤਾਲ ਅਤੇ ਸਬ-ਤਹਿਸੀਲ ਦਾ ਵੀ ਬੁਰਾ ਹਾਲ

ਭਦੌੜ, 2 ਸਤੰਬਰ (ਸੁਖਵਿੰਦਰ ਪਲਾਹਾ)- ਬੀਤੇ ਕਈ ਦਿਨਾਂ ਤੋਂ ਪੈ ਰਹੇ ਲਗਾਤਾਰ ਭਾਰੀ ਮੀਂਹ ਨੇ ਭਦੌੜ ਦੀਆਂ ਗਲੀਆਂ-ਨਾਲੀਆਂ ਤੇ ਸੜਕਾਂ ਨੂੰ ਜਲ-ਥਲ ਕਰਕੇ ਰੱਖ ਦਿੱਤਾ, ਇਥੋਂ ਤੱਕ ਕਿ ਲੋਕਾਂ ਦੇ ਹਰ ਘਰ ਦੀ ਛੱਤ ਵੀ ਚੋਅ ਰਹੀ ਹੈ ਕਈ ਘਰਾਂ ਦੀਆਂ ਛੱਤਾਂ ਵੀ ਡਿੱਗ ਚੁੱਕੀਆਂ ਹਨ ਜਿਸ ਕਾਰਨ ਲੋਕ ਘਰੋਂ ਬੇਘਰ ਹੋ ਚੁੱਕੇ ਹਨ ਅਤੇ ਕੁੱਝ ਘਰਾਂ ਵਿੱਚ ਤਰੇੜਾਂ ਵੀ ਆ ਚੁੱਕੀਆਂ ਹਨ। ਜੇਕਰ ਗੱਲ ਕਰੀਏ ਭਦੌੜ ਦੇ ਸਾਰੇ ਛੱਪੜਾਂ ਦੀ ਤਾਂ ਤਕਰੀਬਨ ਭਦੌੜ ਦੇ ਸਾਰੇ ਛੱਪੜ ਹੀ ਓਵਰਫਲੋਅ ਹੋ ਕੇ ਪਾਣੀ ਸੜਕਾਂ ਉੱਪਰ ਆ ਚੁੱਕਾ ਹੈ। ਜਿਸ ਨਾਲ ਪਾਣੀ ਲੋਕਾਂ ਦੇ ਘਰਾਂ ਵਿੱਚ ਜਾ ਰਿਹਾ ਹੈ ਜਿਸ ਦਾ ਮੁੱਖ ਕਾਰਨ ਭਦੌੜ ਦੇ ਛੱਪੜਾਂ ਹੋਏ ਨਜਾਇਜ਼ ਕਬਜ਼ੇ ਹੀ ਹਨ, ਜਿਸ ਕਾਰਨ ਛੱਪੜਾਂ ਦਾ ਰਕਬਾ ਘਟ ਕੇ ਚੌਥਾ ਹਿੱਸਾ ਰਹਿ ਚੁੱਕਿਆ ਹੈ, ਇਥੋਂ ਤੱਕ ਕਿ ਭਦੌੜ ਦੇ ਸਿਵਲ ਹਸਪਤਾਲ ਵਿੱਚ ਤਕਰੀਬਨ ਤਿੰਨ ਤੋਂ ਚਾਰ ਫੁੱਟ ਪਾਣੀ ਜਮਹਾਂ ਹੋ ਚੁੱਕਿਆ ਹੈ ਜਿਸ ਵਿੱਚ ਮਰੀਜ਼ਾਂ ਨੂੰ ਆਪਣਾ ਇਲਾਜ ਕਰਵਾਉਣ ਲਈ ਬੇਹੱਦ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ,ਹਸਪਤਾਲ ਦੇ ਐਮਰਜੈਂਸੀ ਵਾਰਡ, ਜਨਰਲ ਵਾਰਡ, ਅਪਰੇਸ਼ਨ ਰੂਮ ਤੇ ਸਟਾਫ ਨਰਸ ਰੂਮ ਵੀ ਪਾਣੀ ਨਾਲ ਜਲ ਥਲ ਹੋ ਚੁੱਕੇ ਹਨ।
ਉੱਥੇ ਹੀ ਸਬ-ਤਹਿਸੀਲ ਭਦੌੜ ਵਿੱਚ ਵੀ ਪਾਣੀ ਤਕਰੀਬਨ ਤਿੰਨ ਤੋਂ ਚਾਰ ਫੁੱਟ ਫਿਰ ਰਿਹਾ ਹੈ। ਇਥੇ ਕੰਮ ਕਰਨ ਵਾਲਾ ਸਟਾਫ ਵੀ ਅੱਜ ਘਰੋਂ ਮੋਟਰਸਾਈਕਲ-ਕਾਰਾਂ ਤੇ ਨਹੀਂ ਬਲਕਿ ਟਰੈਕਟਰਾਂ ਤੇ ਚੜ ਕੇ ਪਹੁੰਚਿਆ, ਪਾਣੀ ਬੇਹੱਦ ਜਿਆਦਾ ਹੋਣ ਕਾਰਨ ਭਦੌੜ ਦੇ ਤਹਿਸੀਲ ਅਤੇ ਫਰਦ ਕੇਂਦਰ ਵਿੱਚ ਪਿਆ ਸ਼ਰਕਾਰੀ ਰਿਕਾਰਡ ਵੀ ਪਾਣੀ ਨਾਲ ਖਰਾਬ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਸਬ ਤਹਿਸੀਲ ਭਦੌੜ ਦੇ ਕੈਬਿਨਾਂ ਵਿੱਚ ਕੰਮ ਕਰਨ ਵਾਲੇ ਕੰਪਿਊਟਰ ਆਪਰੇਟਰ ਅਤੇ ਵਕੀਲਾਂ ਦੇ ਕੰਪਿਊਟਰ ਪਾਣੀ ਨਾਲ ਖਰਾਬ ਹੋ ਚੁੱਕੇ ਹਨ ਜਿਸ ਨਾਲ ਉਹਨਾਂ ਦਾ ਕੰਪਿਊਟਰ ਵਿੱਚ ਪਿਆ ਪੁਰਾਣਾ ਡਾਟਾ ਨਸ਼ਟ ਹੋ ਚੁੱਕਿਆ ਹੈ ।ਤਹਿਸੀਲ ਵਿੱਚ ਕੰਮ ਕਰਨ ਵਾਲੇ ਰਾਮ ਸਿੰਘ ਮੌੜ, ਕੁਲਦੀਪ ਸਿੰਘ ਕਾਲਾ, ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਤਹਿਸੀਲ ਨੂੰ ਉੱਚਾ ਕਰਕੇ ਬਣਾਇਆ ਜਾਵੇ ਤਾਂ ਜੋ ਲੋਕਾਂ ਦਾ ਪਿਆ ਰਿਕਾਰਡ ਖਰਾਬ ਨਾ ਹੋਵੇ ਅਤੇ ਮੁਲਾਜ਼ਮਾਂ ਨੂੰ ਵੀ ਕੋਈ ਪ੍ਰੇਸ਼ਾਨੀ ਨਾ ਆਵੇ।

# ਤਰਪਾਲਾਂ ਦੀ ਕਾਲਾਬਜ਼ਾਰੀ, ਜਮਾਂਖੋਰੀ ਰੋਕਣ ਲਈ ਹੁਕਮ ਜਾਰੀ ਤਿਰਪਾਲਾਂ ਦੇ ਵਾਧੂ ਜਾਂ ਗੈਰ-ਨਿਆਂਇਕ ਭਾਅ ਵਸੂਲ ਕਰਨ ਤੋਂ ਸ਼ਖ਼ਤ ਮਨਾਹੀ : ਡੀ. ਸੀ.

ਬਰਨਾਲਾ, 2 ਸਤੰਬਰ (ਬਘੇਲ ਸਿੰਘ ਧਾਲੀਵਾਲ)- ਭਾਰੀ ਮੀਂਹ ਦੌਰਾਨ ਤਰਪਾਲਾਂ ਦੀ ਕਾਲਾਬਜ਼ਾਰੀ ਅਤੇ ਜਮਾਂਖੋਰੀ ਰੋਕਣ ਲਈ ਡਿਪਟੀ ਕਮਿਸ਼ਨਰ ਬਰਨਾਲਾ-ਕਮ-ਚੇਅਰਮੈਨ ਜ਼ਿਲ੍ਹਾ ਡਿਜ਼ਾਸਟਰ ਮੈਨਜਮੈਂਟ ਐਸੋਸੀਏਸ਼ਨ ਟੀ ਬੈਨਿਥ ਨੇ ਦਿਸ਼ਾ ਨਿਰਦੇਸ਼ ਦਿੱਤੇ ਹਨ ਕਿ ਜ਼ਿਲ੍ਹੇ ਦੇ ਸਾਰੇ ਹੋਲਸੇਲਰ ਅਤੇ ਡੀਲਰਾਂ ਨੂੰ ਤਿਰਪਾਲਾਂ ਦੇ ਵਾਧੂ ਜਾਂ ਗੈਰ-ਨਿਆਇਕ ਭਾਅ ਵਸੂਲ ਕਰਨ ਤੋਂ ਸਖ਼ਤ ਮਨਾਹੀ ਹੈ।
ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਵਿੱਚ ਹੋਲਸੇਲਰ/ਰੀਟੇਲਰ ਤਿਰਪਾਲਾਂ ਨੂੰ ਬਹੁਤ ਹੀ ਮਹਿੰਗੇ ਰੇਟਾਂ 'ਤੇ ਵੇਚ ਰਹੇ ਹਨ ਅਤੇ ਮੌਜੂਦਾ ਭਾਰੀ ਬਾਰਿਸ਼ ਦਾ ਫਾਇਦਾ ਚੁੱਕਦੇ ਹੋਏ ਲੋਕਾਂ ਨੂੰ ਪਰੇਸ਼ਾਨ ਕਰ ਰਹੇ ਹਨ। ਭਾਰੀ ਮੀਂਹ ਦੌਰਾਨ ਬਾਰਿਸ਼ ਤੋਂ ਬਚਾਅ ਲਈ ਇਹ ਤਰਪਾਲਾਂ ਅਤਿ ਜ਼ਰੂਰੀ ਹਨ ਅਤੇ ਕਾਲਾਬਾਜ਼ਾਰੀ ਅਤੇ ਜਮਾਂਖੋਰੀ ਨਾਲ ਤਰਪਾਲਾਂ ਉਪਲਬਧਤਾ ਅਤੇ ਪਹੁੰਚ 'ਤੇ ਨਕਾਰਾਤਮਕ ਪ੍ਰਭਾਵ ਪਾ ਰਿਹਾ ਹੈ। ਉਨ੍ਹਾਂ ਸਖਤ ਹਿਦਾਇਤ ਕੀਤੀ ਕਿ ਕੋਈ ਵੀ ਵਿਅਕਤੀ ਤਿਰਪਾਲਾਂ ਦੀ ਜਮਹਾਂਖੋਰੀ ਜਾਂ ਕਾਲਾਬਾਜ਼ਾਰੀ ਵਿੱਚ ਸ਼ਾਮਲ ਨਹੀਂ ਹੋਵੇਗਾ। ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ, ਬਰਨਾਲਾ ਵੱਲੋਂ ਨਿਯਮਿਤ ਜਾਂਚ ਕੀਤੀ ਜਾਵੇਗੀ ਅਤੇ ਇਸ ਹੁਕਮ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ। ਤਿਰਪਾਲਾਂ ਦੇ ਨਿਰਮਾਤਾ, ਹੋਲਸੇਲਰ ਅਤੇ ਰੀਟੇਲਰ ਸਟਾਕ ਖਰੀਦ ਅਤੇ ਵਿਕਰੀ ਦੇ ਪੂਰੇ ਰਿਕਾਰਡ ਨੂੰ ਅਧਿਕਾਰਤ ਅਧਿਕਾਰੀਆਂ ਵੱਲੋਂ ਜਾਂਚ ਲਈ ਸੰਭਾਲ ਕੇ ਰੱਖਣਗੇ। ਇਹ ਹੁਕਮ ਲੋਕਾਂ ਦੇ ਸ਼ੋਸ਼ਣ ਨੂੰ ਰੋਕਣ ਅਤੇ ਭਾਰੀ ਬਾਰਿਸ਼ ਦੇ ਇਸ ਸਮੇਂ ਦੌਰਾਨ ਤਿਰਪਾਲਾਂ ਦੀ ਉਪਲਬਧਤਾ ਅਤੇ ਨਿਆਇਕ ਕੀਮਤਾਂ ਨੂੰ ਯਕੀਨੀ ਬਣਾਉਣ ਲਈ ਜਾਰੀ ਕੀਤਾ ਗਿਆ ਹੈ।

# ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ : ਡਾ. ਮਨਜੀਤ ਕੌਰ

ਮੂਨਕ, 2 ਸਤੰਬਰ (ਸਮਸ਼ੇਰ ਸਿੰਘ ਭੁਟਾਲ):ਸਿਹਤ ਵਿਭਾਗ ਵੱਲੋਂ ਮੀਂਹ ਦੇ ਮੌਸਮ ਅਤੇ ਹੜ੍ਹਾਂ ਦੇ ਬਣੇ ਖ਼ਦਸ਼ੇ ਦੌਰਾਨ ਲੋਕਾਂ ਦੀ ਸਿਹਤ ਸੰਭਾਲ਼ ਲਈ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ। ਵਾਟਰ ਬੋਰਨ ਅਤੇ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਣ ਅਤੇ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਲੋਕਾਂ ਨੂੰ ਸਲਾਹ ਦਿੱਤੀ ਗਈ ਹੈ ਤਾਂ ਕਿ ਜੇਕਰ ਹੜ੍ਹ ਆਉਂਦੇ ਹਨ ਤਾਂ ਇਸਦੇ ਮਾੜੇ ਪ੍ਰਭਾਵਾਂ ਤੋਂ ਸਿਹਤ ਨੂੰ ਬਚਾਇਆ ਜਾ ਸਕੇ। ਡਾ. ਮਨਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਪੀ.ਐੱਚ.ਸੀ. ਮੂਨਕ ਨੇ ਕਿਹਾ ਕਿ ਹੜ੍ਹਾਂ ਤੇ ਬਰਸਾਤੀ ਪਾਣੀ ਦੇ ਸਿੱਧੇ ਸੰਪਰਕ ਵਿੱਚ ਆਉਣ ਤੋਂ ਬਚਿਆ ਜਾਵੇ, ਜੇਕਰ ਫਿਰ ਵੀ ਪਾਣੀ ਵਿੱਚ ਵੜਨਾ ਪਵੇ ਤਾਂ ਗਮਬੂਟ ਪਾਏ ਜਾਣ, ਖਾਣਾ ਖਾਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਬਣ ਪਾਣੀ ਨਾਲ ਧੋਤੇ ਜਾਣ, ਖਾਣ-ਪੀਣ ਵਾਲੀਆਂ ਵਸਤੂਆਂ ਨੂੰ ਢੱਕ ਕੇ ਰੱਖਿਆ ਜਾਵੇ , ਖਾਣਾ ਬਣਾਉਣ, ਸਟੋਰ ਕਰਨ ਅਤੇ ਉਸਦੀ ਸਾਂਭ ਸੰਭਾਲ ਸਹੀ ਤਰੀਕੇ ਨਾਲ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਪਾਣੀ ਉਬਾਲ ਕੇ ਜਾਂ ਕਲੋਰੀਨੇਟ ਕਰਕੇ ਹੀ ਪੀਤਾ ਜਾਵੇ, ਫਲ /ਸਬਜ਼ੀਆਂ ਨੂੰ ਚੰਗੀ ਤਰ੍ਹਾਂ ਸਾਫ ਸੁਥਰੇ ਪਾਣੀ ਵਿੱਚ ਧੋਕੇ ਹੀ ਵਰਤੋਂ ਵਿੱਚ ਲਿਆਂਦਾ ਜਾਵੇ

# ਭਾਰੀ ਬਾਰਿਸ਼ ਕਾਰਨ ਗਰੀਬਾਂ ਦੇ ਘਰਾਂ ਵਿੱਚ ਪਿਆ ਪਾੜ, ਕੁੱਲੀਆਂ ਵਿੱਚ ਰਹਿਣ ਲਈ ਹੋਏ ਮਜਬੂਰ

ਭਦੌੜ, 2 ਸਤੰਬਰ (ਸੁਖਵਿੰਦਰ ਪਲਾਹਾ): ਪਿਛਲੇ ਕਈ ਦਿਨਾਂ ਤੋਂ ਪੰਜਾਬ ਅੰਦਰ ਹੋਰ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਜਿੱਥੇ ਲੋਕਾਂ ਦਾ ਜਨ ਜੀਵਨ ਬੁਰੀ ਤਰ੍ਹਾਂ ਅਸਤ ਵਿਅਸਤ ਹੋ ਗਿਆ ਹੈ ਉੱਥੇ ਹੀ ਗਰੀਬਾਂ ਦੇ ਘਰ ਡਿੱਗਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਜਿਸ ਦੀ ਤਾਜ਼ਾ ਮਿਸਾਲ ਕਸਬਾ ਭਦੌੜ ਦੇ ਨਾਨਕਸਰ ਰੋਡ ਬਾਬਾ ਮਿਲਦੀ ਹੈ ।ਨਾਨਕਸਰ ਰੋੜ ਤੇ ਰਹਿਣ ਵਾਲੇ ਰੇਸ਼ਮ ਸਿੰਘ ਪੁੱਤਰ ਗੁਰਮੇਲ ਸਿੰਘ ਨੇ ਦੱਸਿਆ ਕਿ ਰਾਤ ਦੇ ਸਮੇਂ ਹੋਈ ਭਾਰੀ ਬਾਰਿਸ਼ ਕਾਰਨ ਮੇਰੇ ਘਰ ਵਿੱਚ ਬਹੁਤ ਵੱਡੀਆਂ ਤ੍ਰੇੜਾਂ ਆ ਚੁੱਕੀਆਂ ਹਨ ਅਤੇ ਸਾਰਾ ਫਰਸ਼ ਹੇਠਾਂ ਦਸ ਗਿਆ ਹੈ। ਰੇਸ਼ਮ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਘਰ ਦੇ ਪਿਛਲੇ ਪਾਸੇ ਪੰਜ ਫੁੱਟ ਤੇ ਕਰੀਬ ਪਾਣੀ ਖੜ ਚੁੱਕਿਆ ਹੈ ਜਿਸ ਕਾਰਨ ਮੇਰੇ ਘਰ ਦੀ ਇਹ ਹਾਲਤ ਹੋਈ ਹੈ। ਇਸੇ ਤਰ੍ਹਾਂ ਹੀ ਜੀਤੋ ਪਤਨੀ ਜੀਤ ਸਿੰਘ, ਕਾਕਾ ਸਿੰਘ ਪੁੱਤਰ ਬਾਬੂ ਸਿੰਘ ,ਜੀਤੀ ਪਤਨੀ ਵਿਜੇ ਕੁਮਾਰ ਆਦਿ ਦਾ ਘਰ ਵੀ ਢਹਿ ਗਏ ਹਨ। ਰੇਸ਼ਮ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਡੇ ਘਰਾਂ ਦੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਫਾਰਮ ਭਰੇ ਹੋਏ ਸਨ ਅਤੇ ਸਾਡੀਆਂ ਪਹਿਲਾਂ ਵੀ ਮਨਜ਼ੂਰ ਹੋ ਚੁੱਕੀਆਂ ਹਨ ਪਰ ਸਾਨੂੰ ਅਜੇ ਤੱਕ ਇੱਕ ਵੀ ਕਿਸਤ ਜਾਰੀ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਜਲਦੀ ਤੋਂ ਜਲਦੀ ਰਾਸ਼ੀ ਸਾਡੇ ਖਾਤਿਆਂ ਵਿੱਚ ਪਾਈ ਜਾਵੇ ਤਾਂ ਜੋ ਅਸੀਂ ਆਪਣੇ ਮਕਾਨ ਬਣਾ ਸਕੀਏ। ਇਸ ਮੌਕੇ ਦਰਬਾਰਾ ਸਿੰਘ ,ਪ੍ਰੇਮ ਸਿੰਘ ,ਗੱਗੀ ਸਿੰਘ ,ਮਿੱਠੂ ਸਿੰਘ ਗੁਰਮੇਲ ਸਿੰਘ ਆਦਿ ਹਾਜਰ ਸਨ।

# ਸਮੱਗਰ ਸਿੱਖਿਆ ਅਭਿਆਨ ਤਹਿਤ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਲਗਾਇਆ ਮੈਡੀਕਲ ਅਸੈੱਸਮੈਂਟ ਜਾਂਚ ਕੈਂਪ

ਬਰਨਾਲਾ, 2 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਬਲਾਕ ਸ਼ਹਿਣਾ ਦੇ ਵਿਸ਼ੇਸ ਲੋੜਾਂ ਵਾਲੇ ਬੱਚਿਆਂ ਲਈ ਸਮੱਗਰਾ ਸਿੱਖਿਆ ਅਭਿਆਨ ਦੇ ਆਈ.ਈ.ਡੀ./ਆਈ.ਈ.ਡੀ.ਐਸ. ਐਸ ਕੰਪੋਨੈਂਟ ਅਧੀਨ ਮੈਡੀਕਲ ਅਸੈੱਸਮੈਂਟ ਜਾਂਚ ਕੈਂਪ ਲਗਾਇਆ ਗਿਆ। ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਹਰਿੰਦਰ ਸਿੰਘ ਬਰਾੜ ਬੀ. ਪੀ. ਈ. ਓ ਸ਼ਹਿਣਾ ਨੇ ਦੱਸਿਆ ਕਿ ਮੈਡੀਕਲ ਅਸੈਸਮੈਂਟ ਕੈਂਪ ਗੀਤਾ ਭਵਨ, ਸ਼ਹਿਣਾ ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਵੱਖੋ - ਵੱਖਰੀ ਦਿਵਿਆਂਗਤਾ ਕੈਟਾਗਰੀ ਨਾਲ ਸੰਬੰਧਿਤ 115 ਬੱਚਿਆਂ ਨੇ ਸ਼ਮੂਲੀਅਤ ਕੀਤੀ। ਅਲਿਮਕੋ ਟੀਮ ਵੱਲੋਂ ਬੱਚਿਆਂ ਨੂੰ ਚੈੱਕ ਕਰਨ ਉਪਰੰਤ 120 ਸਹਾਇਕ ਉਪਕਰਨ ਸਿਫਾਰਸ਼ ਕੀਤੇ ਗਏ। ਵਹੀਲ - ਚੇਅਰ ਫੋਲਡਿੰਗ 6, ਟਰਾਈ - ਸਾਈਕਲ 2, ਸੀ. ਪੀ. ਚੇਅਰ 6, ਨਕਲੀ ਅੰਗ Afo 1, ਬ੍ਰੇਲ ਕਿੱਟ 1,ਸਮਾਰਟ - ਫੋਨ 4, ਸੁਗੰਮਿਆ ਕੇਨ 1,ਰੋਲੇਟਰ 4, ਵਿਜੁਅਲ ਕਿੱਟ 4, ਕੰਨਾਂ ਦੀਆਂ ਮਸ਼ੀਨਾਂ 8, 0-3 (ਉਮਰ ਵਰਗ ) ਕਿੱਟ 3, ਉਮਰ ਵਰਗ (3-6) 4 ਕਿੱਟ,ਪ੍ਰੀ ,ਪ੍ਰਾਇਮਰੀ ਕਿੱਟ(7-11)31 ਕਿੱਟ,ਪ੍ਰੀ -ਵੋਕੇਸ਼ਨਲ ਕਿੱਟ





(12-15 × 16-18 ਉਮਰ ਵਰਗ )45, ਰਿਕਮੈਂਡ ਕੀਤੀਆਂ ਗਈਆਂ । ਇਸ ਮੌਕੇ 'ਤੇ ਭੁਪਿੰਦਰ ਸਿੰਘ ਡੀ. ਐਸ. ਈ. ਟੀ, ਜ਼ਿਲ੍ਹਾ ਬਰਨਾਲਾ,ਅਲਿਮਕੋ ਟੀਮ, ਵਿੱਚ ਸਲਮਾਨ, ਸੂਰਜ ਕੁਮਾਰ, ਸੁਭਾਸ਼ ਤੇ ਤਪਾ ਤੋਂ ਮੈਡੀਕਲ ਟੀਮ ਵਿੱਚ ਡਾਕਟਰ ਕੰਵਲਜੀਤ ਸਿੰਘ ਬਾਜਵਾ, ਡਾਕਟਰ ਗੁਰਸਿਮਰਨਜੀਤ ਸਿੰਘ, ਡਾਕਟਰ ਗੁਰਸਾਗਰਦੀਪ ਸਿੰਘ ਵਿੱਚ ਵਿਸ਼ੇਸ ਤੌਰ 'ਤੇ ਪੁਹੰਚੇ। ਇਸ ਕੈਂਪ ਵਿੱਚ ਬਲਾਕ ਦਫ਼ਤਰ 'ਚੋਂ ਆਈ. ਈ. ਡੀ ਦੇ ਨੋਡਲ ਅਫਸਰ ਜਗਸੀਰ ਸਿੰਘ,ਤਪਿੰਦਰ ਸਿੰਘ ਕਲਰਕ,ਕ੍ਰਿਸ਼ਨ ਕੁਮਾਰ ਲੇਖਾਕਾਰ,ਅਸ਼ੋਕ ਕੁਮਾਰ ਮਿਡ ਡੇ ਮੀਲ ਮੈਨੇਜਰ, ਅਮਨਦੀਪ ਕੌਰ ਡਾਟਾ ਐਂਟਰੀ ਓਪਰੇਟਰ ਸ਼ਹਿਣਾ , ਸਤਨਾਮ ਸਿੰਘ ਸੀ. ਐੱਚ. ਟੀ, ਸ਼ਹਿਣਾ,ਜਗਵੰਤ ਸਿੰਘ ਐੱਚ. ਟੀ ਘੁੰਨਸ,ਹਰਿੰਦਰ ਸਿੰਘ ਐੱਚ. ਟੀ. ਤਲਵੰਡੀ,ਜੁਗਰਾਜ ਸਿੰਘ ਤਾਜੋਕੇ, ਅਮਨਦੀਪ ਕੌਰ ਭਦੌੜ, ਸਮਨਦੀਪ ਕੌਰ ਸ਼ਹਿਣਾ,ਬਲਜਿੰਦਰ ਸਿੰਘ ਜੰਗੀਆਣਾ, ਗਗਨਪ੍ਰੀਤ ਸਿੰਘ ਸ਼ਹਿਣਾ, ਸੁਖਵਿੰਦਰ ਕੌਰ ਜੈਮਲ ਸਿੰਘ ਵਾਲਾ, ਰਮਨਦੀਪ ਸਿੰਘ, ਲਾਲਾ ਬਾਲਕ ਰਾਮ, ਰਜਿੰਦਰ ਸਿੰਘ ਪਿਆਰਾ ਲਾਲ ਬਸਤੀ, ਰਾਜਨ ਗੁਪਤਾ ਸ਼ਹਿਣਾ,ਰਮਨਦੀਪ ਸਿੰਘ ਬਰਨਾਲਾ , ਇਕਬਾਲ ਸਿੰਘ ਮਹਿਲ ਕਲਾਂ,ਮਨਪ੍ਰੀਤ ਕੌਰ , ਪੱਤੀ ਨੈਣੇਵਾਲ ਭਦੌੜ , ਦਵਿੰਦਰ ਕੌਰ ਸ਼ਹਿਣਾ ਆਈ. ਈ.ਆਰ. ਟੀ. ਤੇ ਮਾਪੇ ਹਾਜ਼ਿਰ ਸਨ।

# ਸਿੱਧੀ ਵਿਨਾਇਕ ਸੇਵਾ ਸੁਸਾਇਟੀ ਬਰਨਾਲਾ ਨੇ 13ਵਾਂ ਸ੍ਰੀ ਗਣੇਸ਼ ਮਹਾਂਉਤਸਵ ਮਨਾਇਆ

ਬਰਨਾਲਾ, 2 ਸਤੰਬਰ (ਹਿਮਾਂਸ਼ੂ ਗਰਗ): ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਧੀ ਵਿਨਾਇਕ ਸੇਵਾ ਸੋਸਾਇਟੀ ਬਰਨਾਲਾ ਵੱਲੋਂ 13ਵਾਂ ਸ੍ਰੀ ਗਣੇਸ਼ ਮਹੋਤਸਵ ਜੋ ਕਿ ਬਰਨਾਲਾ ਸ਼ਹਿਰ ਦੇ ਪ੍ਰਾਚੀਨ ਸ਼ਿਵ ਮੰਦਿਰ ਵਿਖੇ ਮਨਾਇਆ ਗਿਆ,ਇਹ ਮਹੋਤਸਵ ਪੂਰੇ ਦਸ ਦਿਨ ਚੱਲੇਗਾ ਅਤੇ 6 ਸਤੰਬਰ ਨੂੰ ਗਣਪਤੀ ਵਿਸਰਜਨ ਕੀਤਾ ਜਾਵੇਗਾ। ਵਿਸਰਜਨ ਦੇ ਮੌਕੇ ਬਹੁਤ ਹੀ ਵੱਡੀ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ ਹੈ ।,ਸ਼੍ਰੀ ਗਣਪਤੀ ਮਹੋਤਸਵ ਵਿੱਚ ਹਰ ਰੋਜ਼ ਸ਼ਾਮ 7 ਵਜੇ ਤੋਂ ਲੈ ਕੇ ਪ੍ਰਭੂ ਇੱਛਾ ਤੱਕ ਕੀਰਤਨ ਕਰਵਾਇਆ ਜਾਵੇਗਾ। ਜਿਸ ਦੌਰਾਨ ਹਰ ਰੋਜ਼ ਅਲੱਗ ਅਲੱਗ ਸੰਗੀਤ ਕਲਾਕਾਰ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਰਵੀ ਬਾਂਸਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਮਾਤਾ ਚਿੰਤਪੁਰਨੀ ਮੰਡੀ (ਬੱਬਰਾਂ ਵਾਲੇ ਕੋਠੇ) ਦੇ ਆਸ਼ੀਰਵਾਦ ਨਾਲ ਅਤੇ ਸੰਸਾਰੀ ਸਟਾਈਲ ਦੇ ਐਮ.ਡੀ ਸਵਿੰਦਰ ਬਾਂਸਲ ਅਤੇ ਹੇਮੰਤ ਬਾਂਸਲ ਸਮੇਤ ਬਰਨਾਲਾ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਹੈ। ਉਹਨਾਂ ਵੱਲੋਂ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਇਸ ਗਣਪਤੀ ਮਹੋਤਸਵ ਵਿੱਚ ਕੋਈ ਵੀ ਸ਼ਹਿਰ ਵਾਸੀ ਯਜਮਾਨ ਬਣਨਾ ਚਾਹੁੰਦਾ ਹੈ ਤਾਂ ਸਾਡੇ ਗਰੁੱਪ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਸਿੱਧੀ ਵਿਨਾਇਕ ਸੇਵਾ ਸੋਸਾਇਟੀ ਦੇ ਆਗੂ ਰਵੀ ਬਾਂਸਲ, ਵਿੱਕੀ ਮੰਗਲਾ, ਦਿਨੇਸ਼ ਬਾਂਸਲ, ਨਰਿੰਦਰ ਸਿੰਗਲਾ, ਗਗਨ ਗਰਗ, ਭਾਰਤ ਭੂਸ਼ਣ, ਵਿਜੇ ਗਰਗ ਅਤੇ ਉਮੰਗ ਮਿੱਤਲ, ਸੰਸਾਰੀ ਸਟਾਈਲ ਦੇ ਐਮ.ਡੀ ਸੁਵਿੰਦਰ ਬਾਂਸਲ, ਹੇਮੰਤ ਬਾਂਸਲ ਸਮੇਤ ਵੱਡੀ ਗਿਣਤੀ ਦੇ ਵਿੱਚ ਸ਼ਰਧਾਲੂ ਮਹਿਲਾਵਾਂ ਹਾਜ਼ਰ ਸਨ। ਇਸ ਮੌਕੇ ਸ਼੍ਰੀ ਮਹਾ ਸ਼ਿਵ ਕਾਵੜ ਸੇਵਾ ਸੰਘ ਦੇ ਪ੍ਰਧਾਨ ਰਵਿੰਦਰ ਕੁਮਾਰ ਸ਼ਰਮਾ ਅਤੇ ਗੌਰਵ ਜਿੰਦਲ ਗੋਪਾਲ ਵੀ ਹਾਜ਼ਰ ਸਨ।



# ਰਾਮਪੁਰਾ ਫੂਲ ਦਾ ਰੇਲਵੇ ਅੰਡਰ ਪਾਸ ਬਹੁਤ ਜਲਦ ਮੁਕੰਮਲ ਕੀਤਾ ਜਾਵੇਗਾ : ਗੁਰਪ੍ਰੀਤ ਸਿੰਘ ਮਲੂਕਾ

ਬਠਿੰਡਾ, 2 ਸਤੰਬਰ (ਇੰਦਰਪਾਲ ਬਾਂਸਲ): ਬਠਿੰਡਾ ਦੇ ਰਾਮਪੁਰਾ ਸ਼ਹਿਰ ਰੇਲਵੇ ਫਲਾਈ ਓਵਰ ਪੁੱਲ ਦੀ ਉਸਾਰੀ ਨਾਲ ਦੋ ਹਿੱਸਿਆਂ 'ਚ ਵੰਡਿਆਂ ਗਿਆ ਵਿਸ਼ੇਸ਼ ਤੌਰ ਤੇ ਪਟਿਆਲਾ ਤੇ ਨਾਭਾ ਮੰਡੀ ਦਾ ਆਪਸ ਚ ਲਿੰਕ ਟੁੱਟ ਗਿਆ ਸੀ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਇਸ ਮੁਸ਼ਕਿਲ ਨੂੰ ਵੇਖਦਿਆਂ ਮਾਣਯੋਗ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਸਤਿਕਾਰਯੋਗ ਸਟੇਟ ਰੇਲ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਮੁਲਾਕਾਤ ਕਰਕੇ ਰਾਮਪੁਰਾ 'ਚ ਅੰਡਰ ਪਾਸ ਬਣਾਉਣ ਦੀ ਮੰਗ ਕੀਤੀ ਸੀ ਰੇਲਵੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਕੁੱਝ ਮਹੀਨੇ ਪਹਿਲਾਂ ਇਸ ਸਬੰਧੀ ਰਾਮਪੁਰਾ ਦਾ ਦੌਰਾ ਕੀਤਾ ਸੀ , ਰੇਲਵੇ ਅਧਿਕਾਰੀਆਂ ਨੂੰ ਮੌਕਾ ਵਿਖਾ ਕੇ ਸ਼ਹਿਰ ਵਾਸੀਆਂ ਦੀ ਸਮੱਸਿਆ ਤੋਂ ਜਾਣੂ ਕਰਵਾਇਆ ਸੀ ਅੱਜ ਰੇਲਵੇ ਦੇ ਸੀਨੀਅਰ ਸੈਕਸ਼ਨ ਇੰਜੀਨੀਅਰ ਲਾਭ



ਸਿੰਘ ਅੰਬਾਲਾ ਵਿਭਾਗੀ ਤਕਨੀਕੀ ਟੀਮ ਨਾਲ ਰਾਮਪੁਰਾ ਆਏ। ਉਨ੍ਹਾਂ ਨੇ ਜਾਣਕਾਰੀ ਦਿੱਤੀ ਕੇ ਰੇਲਵੇ ਅੰਡਰ ਪਾਸ ਦੀ ਉਸਾਰੀ ਲਈ ਜਲਦੀ ਨਕਸ਼ਾ ਤਿਆਰ ਹੋ ਜਾਵੇਗਾ ਅੱਜ ਅੰਡਰ ਪਾਸ ਲਈ ਤਿੰਨ ਥਾਂਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਤੇ ਤਕਨੀਕੀ ਮਾਹਿਰ ਇਸ ਸਾਈਟ ਨੂੰ ਫਾਈਨਲ ਕਰਨਗੇ ਇਹ ਵੀ ਜਾਣਕਾਰੀ ਦਿੱਤੀ ਗਈ ਕਿ 5 ਤੋਂ 6 ਕਰੋੜ ਦੀ ਲਾਗਤ ਨਾਲ ਬਣਨ ਵਾਲਾ ਅੰਡਰ ਪਾਸ ਬਹੁਤ ਜਲਦ ਮੁਕੰਮਲ ਕੀਤਾ ਜਾਵੇਗਾ। ਰਾਮਪੁਰਾ 'ਚ ਪੈਦਲ ਤੇ ਦੋ ਪਹੀਆ ਵਾਹਨਾਂ ਲਈ ਸ਼ਹਿਰ ਦੇ ਦੋਨਾਂ ਹਿੱਸਿਆਂ ਨੂੰ ਜੋੜਨ ਵਾਲੇ ਪੁੱਲ ਬਣਾਉਣ ਦੀ ਪ੍ਰਕਿਰਿਆ ਵੀ ਜਲਦ ਹੀ ਅਮਲ 'ਚ ਆਵੇਗੀ ਸ਼ਹਿਰ 'ਚ ਬਣਿਆ ਫਲਾਈ ਓਵਰ ਵੀ ਇਸੇ ਮਹੀਨੇ ਚਾਲੂ ਹੋ ਜਾਵੇਗਾ। ਸਾਰੇ ਹਾਜਰ ਆਗੂ ਸਾਹਿਬਾਨ ਨੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਰੇਲਵੇ ਰਾਜ ਮੰਤਰੀ ਰਵਨੀਤ ਬਿੱਟੂ ਤੋਂ ਇਲਾਵਾ ਰੇਲਵੇ ਦੇ ਸੀਨੀਅਰ ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਰਾਮਪੁਰਾ ਦੇ ਸਟੇਸ਼ਨ ਮਾਸਟਰ ਵਰਿੰਦਰ ਕੁਮਾਰ ਅਤੇ ਬਠਿੰਡਾ ਤੋਂ ਜਗਸੀਰ ਸਿੰਘ ਤੇ ਕ੍ਰਿਸ਼ਨ ਦੇਵ ਕੁਮਾਰ ਵੀ ਹਾਜ਼ਰ ਸਨ।

# ਐਸ.ਡੀ.ਐਮ ਮੌੜ ਵੱਲੋਂ ਕੀਤਾ ਪਿੰਡ ਘੜੈਲਾ-ਘੜੈਲੀ 'ਚ ਮੀਂਹ ਦੀ ਮਾਰ ਹੇਠਾਂ ਆਏ ਘਰਾਂ ਤੇ ਫ਼ਸਲਾਂ ਦਾ ਦੌਰਾ

ਤਪਾ ਮੰਡੀ, 2 ਸਤੰਬਰ (ਭੂਸ਼ਨ ਘੜੈਲਾ):ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਐਸ.ਡੀ.ਐਮ ਮੌੜ ਸੁਖਰਾਜ ਸਿੰਘ ਢਿੱਲੋਂ ਨੇ ਖੇਤੀਬਾੜੀ ਵਿਭਾਗ ਮਹਿਕਮੇ ਨੂੰ ਨਾਲ ਲੈਕੇ ਹਲਕਾ ਮੌੜ ਦੇ ਪਿੰਡਾਂ ਘੜੈਲੀ, ਘੜੈਲਾ ਦਾ ਮੀਂਹ ਦੀ ਮਾਰ ਹੇਠਾਂ ਆਏ ਘਰਾਂ ਅਤੇ ਫ਼ਸਲਾਂ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਹ ਦੌਰਾ ਕੀਤਾ ਜਾ ਰਿਹਾ ਹੈ ਜਿੰਨੇ ਘਰ ਭਾਰੀ ਬਾਰਿਸ਼ ਕਾਰਨ ਢਹਿ ਢੇਰੀ ਹੋਏ ਹਨ ਉਸ ਘਰ ਦੇ ਮਾਲਕ ਅਤੇ ਮੀਂਹ ਦੀ ਮਾਰ ਹੇਠ ਆਈਆਂ ਫਸਲਾਂ ਦੇ ਮਾਲਕਾਂ ਨੂੰ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਹਰ ਪਾਸੇ ਮੀਂਹ ਨੇ ਤਲਾਹੀ ਮਚਾਈ ਹੋਈ ਹੈ ਪਰ ਕਿਸਾਨ ਵੀਰ ਆਪਸੀ ਭਾਈ ਚਾਰਾ ਬਣਾਕੇ ਰੱਖਣ। ਉਨ੍ਹਾਂ ਕਿਹਾ ਸਰਕਾਰ ਵੱਲੋਂ ਮੀਂਹ ਦੇ ਪਾਣੀ ਦੀ ਮਾਰ ਹੇਠਾਂ ਆਈਆਂ ਫਸਲਾਂ ਅਤੇ ਘਰਾਂ ਦਾ ਮੁਆਇਨਾ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ, ਜਿਸ ਕਾਰਨ ਸਾਰਾ ਪ੍ਰਸ਼ਾਸਨ ਤੇ ਸਬੰਧਤ ਅਧਿਕਾਰੀ ਪਿੰਡਾਂ ਵਿੱਚ ਮੁਆਇਨਾ ਕਰ ਰਹੇ ਹਨ । ਨੁਕਸਾਨੀਆਂ ਗਈਆਂ ਫਸਲਾਂ ਅਤੇ ਘਰਾਂ ਨੂੰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਤੇ ਯੋਗ ਪੀੜਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਜਲਦੀ ਮੁਹੱਈਆ ਕਰਾਂ ਦਿੱਤਾ ਜਾਵੇਗਾ। ਇਸ ਮੌਕੇ ਪਿੰਡ ਘੜੈਲਾ ਦਾ ਸਰਪੰਚ ਬਲਜਿੰਦਰ ਸਿੰਘ, ਨੰਬਰਦਾਰ ਭੁਪਿੰਦਰ ਸਿੰਘ,ਕੇਵਲ ਸਿੰਘ ਘੜੈਲੀ, ਗੁਰਚਰਨ ਸਿੰਘ ਨੰਬਰਦਾਰ ਘੜੈਲੀ, ਸੰਦੀਪ ਸਿੰਘ ਘੜੈਲੀ,ਕਸ਼ਮੀਰਾ ਸਿੰਘ ਘੜੈਲਾ,ਨਿੰਦਰ ਸਿੰਘ,ਕਾਨੂੰਗੋ ਮਨਿੰਦਰ ਸਿੰਘ,ਦੇ ਇਸ ਗਗਨਪ੍ਰੀਤ ਬਾਲੀਆਂ , ਪਟਵਾਰੀ ਹਰਵਿੰਦਰ ਸਿੰਘ ਆਦਿ ਤੋਂ ਇਲਾਵਾ ਕਿਸਾਨ ਹਾਜ਼ਰ ਸਨ।

# ਡੀ. ਸੀ. ਵੱਲੋਂ ਜ਼ਰੂਰੀ ਚੀਜ਼ਾਂ ਦੀ ਜਮ੍ਹਾਂਖੋਰੀ ਅਤੇ ਵਧੇਰੇ ਕੀਮਤ ਵਸੂਲਣ ਵਾਲਿਆਂ ਨੂੰ ਚੇਤਾਵਨੀ

ਬਰਨਾਲਾ, 2 ਸਤੰਬਰ (ਹਿਮਾਂਸ਼ੂ ਗਰਗ): ਹੜ੍ਹਾਂ ਵਰਗੇ ਹਾਲਾਤਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਜ਼ਰੂਰੀ ਚੀਜ਼ਾਂ ਦੀ ਜਮਹਾਖੋਰੀ ਕਰਨ ਵਾਲੇ ਅਤੇ ਵਧੇਰੇ ਕੀਮਤ ਵਸੂਲਣ ਵਾਲਿਆਂ ਨੂੰ ਚੇਤਾਵਨੀ ਦਿੰਦਿਆਂ ਇਸ ਸਬੰਧੀ ਨਿਰਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਕੁਝ ਲੋਕ ਜ਼ਰੂਰੀ ਚੀਜ਼ਾਂ ਜਿਵੇਂ ਕਿ ਖਾਣ-ਪੀਣ ਦੀਆਂ ਵਸਤੂਆਂ, ਪੈਟਰੋਲ, ਡੀਜ਼ਲ, ਚਾਰਾ ਅਤੇ ਹੋਰ ਰੋਜ਼ਾਨਾ ਦੀਆਂ ਲੋੜਾਂ ਦੀਆਂ ਵਸਤੂਆਂ ਦੀ ਜਮMਹਾਂਖੋਰੀ ਕਰ ਰਹੇ ਹਨ। ਇਸ ਨਾਲ ਕੀਮਤਾਂ ਵਿੱਚ ਵਾਧੇ, ਕਾਲਾਬਾਜ਼ਾਰੀ ਅਤੇ ਸਪਲਾਈ ਦੀ ਕਮੀ ਵੱਲ ਅਗਵਾਈ ਕਰ ਰਿਹਾ ਹੈ, ਜਿਸ ਨਾਲ ਆਮ ਲੋਕਾਂ, ਖਾਸ ਕਰਕੇ ਸਮਾਜ ਦੇ ਕਮਜ਼ੋਰ ਵਰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ।
ਉਨ੍ਹਾਂ ਹਦਾਇਤ ਕੀਤੀ ਕਿ ਇਨ੍ਹਾਂ ਵਸਤਾਂ ਦੇ ਭੰਡਾਰਨ ਦੀ ਸਖ਼ਤ ਮਨਾਹੀ ਹੈ। ਇਸ ਦੀ ਉਲੰਘਣਾ ਕਰਨ ਵਾਲੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਕਿਸੇ ਵੀ ਵਿਅਕਤੀ, ਵਪਾਰੀ, ਫਰਮ ਜਾਂ ਇਕਾਈ ਨੂੰ ਜ਼ਰੂਰੀ ਵਸਤੂਆਂ ਦਾ ਭੰਡਾਰ ਕਰਨ ਦੀ ਇਜਾਜ਼ਤ ਨਹੀਂ ਹੈ। ਇਹਨਾਂ 'ਚ ਅਨਾਜ ਅਤੇ ਵਸਤਾਂ, ਚਾਰਾ, ਦੁੱਧ ਅਤੇ ਡੇਅਰੀ ਉਤਪਾਦ, ਪੈਟਰੋਲ ਅਤੇ ਹੋਰ ਬਾਲਣ, ਨਸ਼ੇ ਅਤੇ ਰੋਜ਼ਾਨਾ ਵਰਤੋਂ ਦੀਆਂ ਹੋਰ ਚੀਜ਼ਾਂ ਸ਼ਾਮਲ ਹਨ।
ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਦੇ ਵਾਸੀ , ਕਾਲਾਬਾਜ਼ਾਰੀ ਜਾਂ ਕੀਮਤ ਵਿੱਚ ਹੇਰਾਫੇਰੀ ਦੇ ਕਿਸੇ ਵੀ ਮਾਮਲੇ ਦੀ ਸੂਚਨਾ ਸਬੰਧਤ ਅਧਿਕਾਰੀਆਂ ਨੂੰ ਦੇ ਸਕਦੇ ਹਨ। ਜ਼ਰੂਰੀ ਵਸਤਾਂ/ਪੈਟਰੋਲ/ਡੀਜ਼ਲ/ਆਦਿ ਸਬੰਧੀ ਸ਼ਿਕਾਇਤ ਲਈ ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਸ੍ਰੀ ਹਰਸ਼ਰਨਜੀਤ ਸਿੰਘ, ਡੀ.ਐਫ.ਐਸ.ਸੀ ਨੂੰ 97797-25465 ਅਤੇ ਏ.ਐਫ.ਐਸ.ਓ., 9872018044 ਸ੍ਰੀ ਪਰਦੀਪ ਸਿੰਘ ਸੰਪਰਕ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਪਸ਼ੂਆਂ ਸਬੰਧੀ ਸਮੱਸਿਆ ਦੀ ਸ਼ਿਕਾਇਤ ਕਰਨ ਲਈ ਪਸ਼ੂ ਪਾਲਣ ਵਿਭਾਗ (ਵੈਟਰਨਰੀ ਸੇਵਾਵਾਂ ਲਈ) ਡਾ. ਕਰਮਜੀਤ ਸਿੰਘ, ਡੀ.ਡੀ., ਨੂੰ 95011-18071 ਅਤੇ ਡਾ.ਗਗਨਜੋਤ ਸਿੰਘ, ਵੀ.ਓ., ਨੂੰ 96643-43592 ਸੰਪਰਕ ਕੀਤਾ ਜਾ ਸਕਦਾ ਹੈ। ਮੰਡੀ ਨਾਲ ਸਬੰਧਤ ਸਬਜ਼ੀਆਂ/ਫਲਾਂ ਆਦਿ ਲਈ ਮੰਡੀ ਬੋਰਡ ਨੂੰ ਸ਼ਿਕਾਇਤ ਕਰਨ ਲਈ ਸ੍ਰੀ ਬੀਰਇੰਦਰ ਸਿੰਘ, ਡੀ.ਐਮ.ਓ., 99882-12210 ਅਤੇ ਸ੍ਰੀ ਕੁਲਵਿੰਦਰ ਸਿੰਘ, ਸੈਕਟਰੀ ਐਮ.ਸੀ., 98151-80178 ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਮਾਰਕਫੈੱਡ ਅਤੇ ਮਿਲਕਫੈੱਡ (ਪਸ਼ੂਆਂ ਦੇ ਚਾਰੇ ਲਈ) ਸ਼Mਰੀਮਤੀ ਕਮਲਪ੍ਰੀਤ ਕੌਰ, ਡੀ.ਐਮ., 94179-45150 ਅਤੇ ਮਿਸਟਰ ਯਾਸੀਨ, ਐੱਫ ਐੱਸ ਓ 75278-84373 ਨੂੰ ਸੰਪਰਕ ਕੀਤਾ ਜਾ ਸਕਦਾ ਹੈ। ਸਿਹਤ ਵਿਭਾਗ (ਦਵਾਈਆਂ ਲਈ) ਸ਼੍ਰੀ ਪਵਨ ਕੁਮਾਰ, ਚੀਫ ਫਾਰਮੇਸੀ ਅਫਸਰ 98728-69002 ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਮਨਾਇਆ

ਤਪਾ ਮੰਡੀ, 2 ਸਤੰਬਰ (ਭੂਸ਼ਨ ਘੜੈਲਾ):ਡੇਰਾ ਬਾਬਾ ਇੰਦਰ ਦਾਸ ਵਿਖੇ ਡੇਰਾ ਸੰਚਾਲਕ ਸੰਤ ਬਾਬਾ ਭਗਵਾਨ ਦਾਸ ਦੀ ਦੇਖ-ਰੇਖ ਹੇਠ ਉਦਾਸੀਨ ਸੰਪਰਦਾਇ ਆਚਾਰੀਆ ਭਗਵਾਨ ਸ੍ਰੀ ਚੰਦ ਜੀ ਦਾ 531ਵਾਂ ਪ੍ਰਕਾਸ਼ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਚੰਦਰ ਸਿਧਾਂਤ ਸਾਗਰ ਦੇ ਪਾਠਾਂ ਦੇ ਭੋਗ ਪਾਏ ਗਏ ਅਤੇ ਸੰਤ ਬਾਬਾ ਭਗਵਾਨ ਦਾਸ ਨੇ ਸੰਗਤ ਨੂੰ ਗੁਰੂਆਂ ਵਲੋਂ ਦਿਖਾਏ ਗਏ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸੇ ਤਰ੍ਹਾਂ ਪਿੰਡ ਘੁੰਨਸ ਵਿਖੇ ਡੇਰਾ ਸੰਤ ਬਾਬਾ ਅਮਰਦਾਸ ਜੀ ਵਿਖੇ ਡੇਰਾ ਸੰਚਾਲਕ ਬਾਬਾ ਪੂਰਨ ਦਾਸ ਦੀ ਦੇਖ-ਰੇਖ ਹੇਠ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ,ਜਿੱਥੇ ਸੰਗਤ ਨੇ ਵੱਡੀ ਗਿਣਤੀ 'ਚ ਸ਼ਿਰਕਤ ਕਰਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਨਗਰ ਕੌਂਸਲ ਤਪਾ ਦੇ ਪ੍ਰਧਾਨ ਡਾ.ਸੋਨਿਕਾ ਬਾਂਸਲ,ਕੌਂਸਲਰ ਅਨਿਲ ਕੁਮਾਰ ਭੂਤ,ਡਾ.ਬਾਲ ਚੰਦ ਬਾਂਸਲ,ਦੀਪਕ ਗੋਇਲ ਗੱਗ,ਅਰਵਿੰਦ ਰੰਗੀ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਵਾਰਿਸ ਪੰਜਾਬ ਦੀ ਟੀਮ ਵੱਲੋਂ ਘੱਗਰ ਦਰਿਆ ਦੇ ਬੰਨ੍ਹਾਂ ਦਾ ਦੌਰਾ

### ਕਿਸਾਨ ਘੱਗਰ ਦਰਿਆ ਦੇ ਬੰਨ੍ਹ ਆਪੇ ਹੀ ਬੰਨਣ ਲਈ ਹੋਏ ਮਜਬੂਰ : ਭੁਪਿੰਦਰ ਸਿੰਘ ਮਸੀਂਗਣ



ਦੇਵੀਗੜ੍ਹ, 2 ਸਤੰਬਰ (ਗੁਰਜੀਤ ਸਿੰਘ ਢੋਟ) : ਸੂਬੇ ਦੇ ਕਈ ਜ਼ਿਲ੍ਹਿਆਂ ਅੰਦਰ ਹੜ੍ਹ ਨੇ ਕਹਿਰ ਮਚਾਇਆ ਹੋਇਆ ਹੈ ਉਥੇ ਹੀ ਹਲਕਾ ਸਨੌਰ ਦੇ ਘੱਗਰ ਦਰਿਆ ਕੰਢੇ ਵੱਸਦੇ ਪਿੰਡ ਉਲਟਪੁਰ, ਦੂੜਦ, ਮਹਿਮੂਦਪੁਰ, ਜੁਲਾਹਖੇੜੀ, ਬੱਡਲੀ ਆਦਿ ਪਿੰਡਾਂ ਦਾ ਦੌਰਾ ਅਕਾਲੀਦਲ ਵਾਰਿਸ ਪੰਜਾਬ ਦੀ ਟੀਮ ਵੱਲੋਂ ਜ਼ਿਲ੍ਹਾ ਪਟਿਆਲਾ ਕਮੇਟੀ ਦੇ ਕਾਰਜਕਾਰੀ ਮੈਂਬਰ ਭੁਪਿੰਦਰ ਸਿੰਘ ਮਸੀਂਗਣ ਅਤੇ ਭੁੱਨਰਹੇੜੀ ਬਲਾਕ ਪ੍ਰਧਾਨ ਰਾਜਵੰਤ ਕੌਰ ਘੜਾਮ ਵੱਲੋਂ ਕੀਤਾ ਗਿਆ। ਇਸ ਮੌਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਕਾਰਜਕਾਰੀ ਮੈਂਬਰ ਭੁਪਿੰਦਰ ਸਿੰਘ ਮਸੀਂਗਣ ਸਿੰਘ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਕਿਸਾਨਾਂ ਲਈ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਉਹਨਾਂ ਹਲਕਾ ਸਨੌਰ ਦੇ ਪਿੰਡ ਬੱਡਲੀ ਵਿਖੇ ਘੱਗਰ ਦੇ ਬੰਨ ਉੱਤੇ ਪਹੁੰਚਣ 'ਤੇ ਕਿਹਾ ਕਿ ਕਿਸਾਨ ਵੀਰ ਆਪਣੇ ਆਪ ਹੀ ਟੁੱਟੇ ਹੋਏ ਬੰਨ੍ਹ ਬੰਨਣ ਲਈ ਮਜਬੂਰ ਹਨ, ਕਿਉਂਕਿ ਜੇਕਰ ਕਿਸਾਨਾਂ ਵੱਲੋਂ ਇਹ ਬੰਨ੍ਹ ਨਹੀਂ ਬੰਨੇ ਜਾਂਦੇ ਤਾਂ ਉਹਨਾਂ ਦੀਆਂ ਫਸਲਾਂ ਦਾ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ। ਉਹਨਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਇਸ ਔਖੀ ਘੜੀ ਵਿੱਚ ਕਿਸਾਨਾਂ ਦੀ ਬਾਂਹ ਫੜੇ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਜੋ ਮੁੱਢਲੇ ਫਰਜ਼ ਬਣਦੇ ਹਨ ਸਰਕਾਰ ਉਹਨਾਂ ਫਰਜ਼ਾਂ ਤੋਂ ਭੱਜ ਰਹੀ ਹੈ, ਜਿੱਥੇ ਅੱਜ ਕਿਸਾਨ ਵਰਗ ਰੁਲ ਰਿਹਾ ਹੈ ਉਥੇ ਹੀ ਕਿਸਾਨਾਂ ਦੀ ਹਾਲਤ ਤਰਸਯੋਗ ਹੋ ਚੁੱਕੀ ਹੈ। ਇਸ ਮੌਕੇ ਬਲਾਕ ਪ੍ਰਧਾਨ ਬੀਬੀ ਰਾਜਵੰਤ ਕੌਰ ਘੜਾਮ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਲੋਕਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਤਾਂ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਜੰਗੀ ਪੱਧਰ 'ਤੇ ਆਵਾਜ਼ ਉਠਾਈ ਜਾਵੇਗੀ।ਉਹਨਾਂ ਕਿਹਾ ਕਿ ਲੋਕਾਂ ਦੇ ਹਿੱਤਾਂ ਨਾਲ ਖਿਲਵਾੜ ਕਰਨ ਵਾਲੀ ਹਰ ਸਰਕਾਰ ਦਾ ਅੰਤ ਬਹੁਤ ਮਾੜਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹ, ਸੜਕਾਂ ਅਤੇ ਵਿਕਾਸ ਦੇ ਹਰ ਮੋਰਚੇ 'ਤੇ ਫੇਲ ਹੋ ਚੁੱਕੀ ਹੈ।ਉਹਨਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਟਰਾਲੀਆਂ,ਟਰੱਕ ਭਰ ਕੇ ਸਮਗਰੀ ਭੇਜੀ ਜਾ ਚੁੱਕੀ ਹੈ ਅਤੇ ਅਕਾਲੀ ਦਲ ਵਾਰਿਸ ਪੰਜਾਬ ਇਸ ਹੜ੍ਹਾਂ ਦੀ ਆਪਦਾ ਵਿੱਚ ਸਮੁੱਚੇ ਪੰਜਾਬ ਦੇ ਕਿਸਾਨ, ਗਰੀਬ,ਮਜ਼ਦੂਰ ਹਰ ਵਰਗ ਨਾਲ ਚਟਾਨ ਵਾਂਗ ਖੜਾ ਹੈ। ਇਸ ਮੌਕੇ ਉਹਨਾਂ ਦੇ ਨਾਲ ਸਰਬਜੀਤ ਸਿੰਘ ਘੜਾਮ ਪਰਮਜੀਤ ਸਿੰਘ ਮਹਿਮੂਦਪੁਰ ਸੀਨੀਅਰ ਆਗੂ ਅਕਾਲੀ ਦਲ ਵਾਰਿਸ ਪੰਜਾਬ, ਸੁਖਵਿੰਦਰ ਸਿੰਘ ਲਾਲੀ ਬਲਾਕ ਪ੍ਰਧਾਨ ਕ੍ਰਾਂਤੀਕਾਰੀ ਯੂਨੀਅਨ, ਲਖਵੀਰ ਸਿੰਘ ਦੂੜਦ, ਬਲਬੀਰ ਸਿੰਘ ਮਾਂਗਟ, ਅਵਤਾਰ ਸਿੰਘ ਮਾਂਗਟ, ਸੰਤਾ ਸਿੰਘ ਤੱਗੜ, ਹਰਚੰਦ ਸਿੰਘ ਮਹਿਮੂਦਪੁਰ ਰਾਜ ਸਿੰਘ ਬੈਣੀਵਾਲ, ਜੀਤ ਸਿੰਘ ਮਾਂਗਟ, ਗੁਰਜੀਤ ਸਿੰਘ, ਅਵਤਾਰ ਸਿੰਘ ਤੋਂ ਇਲਾਵਾ ਪਿੰਡ ਦੌਲਤਪੁਰ, ਬਡਲੀ, ਦੂੜਦ ਅਤੇ ਉਲਟਪੁਰ ਦੇ ਕਿਸਾਨ ਆਗੂ ਮੌਜੂਦ ਸਨ।

## 24 ਬੋਤਲਾਂਸ਼ਰਾਬ ਬ੍ਰਾਮਦ

ਪਟਿਆਲਾ, 2 ਸਤੰਬਰ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਾਜਨ ਵਾਸੀ ਗਲੀ ਨੰ. 2 ਬਡੂੰਗਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਵਿਕਰਮ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਫੁਆਰਾ ਚੌਂਕ ਪਟਿਆਲਾ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਨਾਭਾ ਰੋਡ ਦਫਤਰ ਪਟਿਆਲਾ ਕੋਲ ਸ਼ਰਾਬ ਵੇਚ ਰਿਹਾ ਹੈ, ਜੋ ਦੋਸ਼ੀ 'ਤੇ ਰੇਡ ਕਰਕੇ 24 ਬੋਤਲਾਂ ਸ਼ਰਾਬ ਠੇਕਾ ਦੇਸੀ ਅਸਲੀ ਮੋਟਾ ਸੰਤਰਾ ਪੰਜਾਬ ਦੀਆਂ ਬ੍ਰਾਮਦ ਹੋਈਆਂ।

## 1 ਕਿੱਲੋ 800 ਗ੍ਰਾਮ ਸੁਲਫੇ ਦੀਆਂ ਬੱਤੀਆਂ ਬ੍ਰਾਮਦ

ਪਟਿਆਲਾ, 2 ਸਤੰਬਰ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀਆਂ ਬਲਕਾਰ ਸਿੰਘ ਵਾਸੀ ਪਿੰਡ ਚੂਹੜਪੁਰ ਮਰਾਸੀਆ ਵਿਰੁੱਧ ਮਾਮਲਾ ਦਰਜ਼ ਕੀਤਾ ਹੈ। ਏ.ਐਸ.ਆਈ. ਚਮਕੌਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਕਿਸ਼ਨਗੜ੍ਹ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 1 ਕਿੱਲੋ 800 ਗ੍ਰਾਮ ਸੁਲਫੇ ਦੀਆ ਬੱਤੀਆਂ ਬ੍ਰਾਮਦ ਹੋਈਆਂ।

## ਹੜ੍ਹ ਪੀੜਤਾਂ ਦੀ ਸਹਾਇਤਾ ਲਈ ਡਿਪਟੀ ਮੇਅਰ ਨੇ ਮੁੱਖ ਮੰਤਰੀ ਰਾਹਤ ਫੰਡ 'ਚ ਦਿੱਤੀ ਇੱਕ ਮਹੀਨੇ ਦੀ ਤਨਖਾਹ

### ☛ਇਹ ਸਮਾਂ ਸਿਆਸਤ ਕਰਨ ਦਾ ਨਹੀਂ, ਹੜ੍ਹ ਪੀੜਤ ਪਰਿਵਾਰਾਂ ਨਾਲ ਖੜ੍ਹਨ ਦਾ : ਜਗਦੀਪ ਸਿੰਘ ਜੱਗਾ

ਪਟਿਆਲਾ, 2 ਸਤੰਬਰ (ਰੁਪਾਣਾ) : ਹੜ੍ਹ ਪੀੜਤਾਂ ਦੀ ਸਹਾਇਤਾ ਲਈ ਪਟਿਆਲਾ ਦੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਵੱਲੋਂ ਇਕ ਮਹੱਤਵਪੂਰਨ ਫੈਸਲਾ ਲਿਆ ਗਿਆ ਹੈ। ਉਨ੍ਹਾਂ ਨੇ ਆਪਣੀ ਇੱਕ ਮਹੀਨੇ ਦੀ ਤਨਖਾਹ ਮੁੱਖ ਮੰਤਰੀ ਰਾਹਤ ਫੰਡ ਵਿੱਚ ਦਾਨ ਕਰਨ ਦਾ ਐਲਾਨ ਕੀਤਾ ਹੈ। ਜੱਗਾ ਨੇ ਕਿਹਾ ਕਿ ਇਹ ਸਮਾਂ ਸਿਆਸਤ ਕਰਨ ਦਾ ਨਹੀਂ, ਸਗੋਂ ਹੜ੍ਹ ਕਾਰਨ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਨਾਲ ਖੜ੍ਹਨ ਦਾ ਹੈ।ਡਿਪਟੀ ਮੇਅਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਕਾਰਜ ਜ਼ੋਰਾਂ 'ਤੇ ਚੱਲ ਰਹੇ ਹਨ ਪਰ ਲੋਕਾਂ ਦੀਆਂ ਜ਼ਰੂਰਤਾਂ ਬਹੁਤ ਵੱਡੀਆਂ ਹਨ। ਇਸ ਲਈ ਹਰ ਇਕ ਜ਼ਿੰਮੇਵਾਰ ਸ਼ਖ਼ਸ ਨੂੰ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਮੈਂ ਆਪਣੀ ਡਿਪਟੀ ਮੇਅਰ ਦੀ ਇੱਕ ਮਹੀਨੇ ਦੀ ਤਨਖਾਹ ਦਾਨ ਕਰ ਰਿਹਾ ਹਾਂ ਤਾਂ ਜੋ ਰਾਹਤ ਕਾਰਜਾਂ ਵਿੱਚ ਕੁਝ ਹੋਰ ਸਹਿਯੋਗ ਮਿਲ ਸਕੇ। ਇਸ ਮੌਕੇ ਜਗਦੀਪ ਜੱਗਾ ਨੇ ਮਾਲਵਾ ਪੂਰਬੀ ਖੇਤਰ ਦੀ ਨਸ਼ਾ ਛੁਡਾਊ ਟੀਮ ਦੇ ਸਾਰੇ ਮੈਂਬਰਾਂ ਨੂੰ ਵੀ ਬੇਨਤੀ ਕੀਤੀ ਕਿ ਉਹ ਵੀ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਜਿਵੇਂ ਅਸੀਂ ਨਸ਼ਿਆਂ ਦੇ ਖ਼ਿਲਾਫ਼ ਇਕੱਠੇ ਹੋ ਕੇ ਲੜ ਰਹੇ ਹਾਂ, ਓਸੇ ਤਰ੍ਹਾਂ ਕੁਦਰਤੀ



ਆਫ਼ਤਾਂ ਦੇ ਸਮੇਂ ਵੀ ਇੱਕ ਦੂਜੇ ਦਾ ਸਾਥ ਦੇਣਾ ਬਹੁਤ ਜ਼ਰੂਰੀ ਹੈ।ਜੱਗਾ ਨੇ ਕਿਹਾ ਕਿ ਹੜ੍ਹ ਕਾਰਨ ਬਹੁਤ ਸਾਰੇ ਲੋਕ ਬੇਘਰ ਹੋ ਚੁੱਕੇ ਹਨ, ਫ਼ਸਲਾਂ ਤਬਾਹ ਹੋ ਗਈਆਂ ਹਨ ਅਤੇ ਜੀਵਨ-ਯਾਪਨ ਲਈ ਮੁਸ਼ਕਲਾਂ ਵਧ ਰਹੀਆਂ ਹਨ। ਅਜਿਹੇ ਸਮੇਂ ਵਿੱਚ ਸਰਕਾਰ ਨਾਲ-ਨਾਲ ਸਮਾਜਕ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਵੀ ਹੱਥ ਮਿਲਾ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਹ ਖੁਦ ਪਟਿਆਲਾ ਅਤੇ ਨਜ਼ਦੀਕੀ ਇਲਾਕਿਆਂ ਵਿੱਚ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ ਤਾਂ ਜੋ ਮਦਦ ਸਹੀ ਸਮੇਂ 'ਤੇ ਹੜ੍ਹ ਪੀੜਤਾਂ ਤੱਕ ਪਹੁੰਚ ਸਕੇ।ਡਿਪਟੀ ਮੇਅਰ ਨੇ ਆਖ਼ਰੀ ਵਿੱਚ ਕਿਹਾ ਕਿ ਪੰਜਾਬੀ ਕੌਮ ਆਪਣੀ ਦਰਿਆਦਿਲੀ ਲਈ ਮਸ਼ਹੂਰ ਹੈ ਅਤੇ ਉਹ ਯਕੀਨ ਰੱਖਦੇ ਹਨ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਹਰ ਕੋਈ ਆਪਣੀ ਹਿਸੇਦਾਰੀ ਜ਼ਰੂਰ ਪਾਏਗਾ। ਅਸੀਂ ਮਿਲ ਕੇ ਇਸ ਸੰਕਟ ਦਾ ਸਾਹਮਣਾ ਕਰਾਂਗੇ ਅਤੇ ਲੋਕਾਂ ਨੂੰ ਮੁੜ ਖੜ੍ਹਾ ਕਰਨ ਵਿੱਚ ਕੋਈ ਕਸਰ ਨਹੀਂ ਛੱਡਾਂਗੇ, ਜਗਦੀਪ ਜੱਗਾ ਨੇ ਭਰੋਸਾ ਦਵਾਇਆ।

## ਗੁਰਲਾਲ ਘਨੌਰ ਨੇ ਘੱਗਰ ਨਦੀ ਸਰਾਲਾ ਵਿਖੇ ਪਾਣੀ ਦੇ ਵਹਾਅ ਦਾ ਲਿਆ ਜਾਇਜ਼ਾ



ਘਨੌਰ, 2 ਸਤੰਬਰ (ਮਦਨ ਲਾਲ): ਪੰਜਾਬ ਇਸ ਸਮੇਂ ਕੁਦਰਤੀ ਆਪਦਾ ਦੇ ਚੰਗਲ ਵਿਚੋਂ ਗੁਜ਼ਰ ਰਿਹਾ ਹੈ। ਪਹਾੜੀ ਖੇਤਰਾਂ ਵਿੱਚ ਹੋ ਰਹੀ ਭਾਰੀ ਬਾਰਿਸ਼ ਕਾਰਨ ਸੂਬੇ ਦੇ ਕਈ ਇਲਾਕੇ ਹੜ੍ਹਾਂ ਦੀ ਲਪੇਟ ਵਿੱਚ ਹਨ। ਦਰਜਨਾਂ ਪਿੰਡ ਪਾਣੀ ਨਾਲ ਘਿਰ ਗਏ ਹਨ, ਲੋਕ ਬੇਘਰ ਹੋ ਰਹੇ ਹਨ, ਖੇਤਾਂ ਵਿੱਚ ਖੜੀਆਂ ਫਸਲਾਂ ਤਬਾਹ ਹੋ ਚੁੱਕੀਆਂ ਹਨ ਅਤੇ ਘਰਾਂ ਵਿੱਚ ਬੱਝੇ ਪਸ਼ੂ ਵੀ ਹਲਾਕ ਹੋਣ ਲੱਗੇ ਹਨ। ਇਸ ਅੌਖੇ ਸਮੇਂ ਵਿੱਚ ਜਿੱਥੇ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਅਤੇ ਸੁਰੱਖਿਅਤ ਥਾਵਾਂ ਤੱਕ ਪਹੁੰਚਾਉਣ ਦੇ ਯਤਨ ਜਾਰੀ ਹਨ, ਉੱਥੇ ਕਈ ਸਮਾਜਕ ਤੇ ਕਿਸਾਨ ਸੰਸਥਾਵਾਂ ਵੀ ਸੇਵਾ ਕਾਰਜਾਂ ਵਿੱਚ ਜੁਟੀਆਂ ਹੋਈਆਂ ਹਨ। ਇਸ ਮੌਕੇ ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਨੇ ਅੱਜ ਘੱਗਰ ਨਦੀ ਸਰਾਲਾ ਨੇੜੇ ਗੁਰੂਦੁਆਰਾ ਭਗਤ ਧੰਨਾ ਜੀ ਕੋਲ ਪਾਣੀ ਦੇ ਵਹਾਅ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਇਲਾਕਾ ਵਾਸੀਆਂ ਨਾਲ ਮਿਲ ਕੇ ਸਰਬਤ ਦੇ ਭਲੇ ਲਈ ਅਰਦਾਸ ਵੀ ਕੀਤੀ।ਗੁਰਲਾਲ ਘਨੌਰ ਨੇ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਸੰਭਾਲਣ ਲਈ ਤੱਤਪਰ ਹੈ। ਉਨ੍ਹਾਂ ਅਨੁਮਾਨ ਜਤਾਇਆ ਕਿ ਪਾਣੀ ਦੇ ਪੱਧਰ ਵਿੱਚ ਦੇਰ ਰਾਤ ਕੁਝ ਵਾਧਾ ਹੋ ਸਕਦਾ ਹੈ, ਪਰ ਹਾਲ ਦੀ ਘੜੀ ਸਥਿਤੀ ਕਾਬੂ ਵਿੱਚ ਹੈ।ਵਿਧਾਇਕ ਗੁਰਲਾਲ ਘਨੌਰ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਕੁਦਰਤੀ ਆਫਤ ਦੇ ਸਮੇਂ ਸਾਰੇ ਰਾਜਨੀਤਿਕ ਦਲਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਅੱਜ ਅਸੀਂ ਅਰਦਾਸ ਕੀਤੀ ਹੈ ਕਿ ਸੁਖਾਵੇਂ ਹਾਲਾਤ ਬਣੇ ਰਹਿਣ। ਜੇ ਸਥਿਤੀ ਕਾਬੂ ਵਿੱਚ ਰਹਿੰਦੀ ਹੈ ਤਾਂ ਜਲਦੀ ਹੀ ਗੁਰੂਦੁਆਰਾ ਭਗਤ ਧੰਨਾ ਜੀ ਵਿਖੇ ਸ਼ੁਕਰਾਨਾ ਅਰਦਾਸ ਵੀ ਕੀਤੀ ਜਾਵੇਗੀ।ਇਸ ਜਾਇਜ਼ਾ ਦੌਰੇ ਦੌਰਾਨ ਪਿੰਡ ਵਾਸੀਆਂ ਦੀ ਵੱਡੀ ਗਿਣਤੀ ਮੌਜੂਦ ਸੀ। ਲੋਕਾਂ ਨੇ ਵਿਧਾਇਕ ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਭਰੋਸਾ ਜਤਾਇਆ ਕਿ ਉਹ ਪ੍ਰਸ਼ਾਸਨ ਨਾਲ ਸਹਿਯੋਗ ਕਰਕੇ ਹਰੇਕ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਹਨ।ਇਸ ਮੌਕੇ ਇਲਾਕੇ ਪੰਚ ਸਰਪੰਚ ਅਤੇ ਨੇੜਲੇ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿਚ ਮੌਜੂਦ ਸਨ।

## ਘੱਗਰ 'ਚ ਵੱਧ ਰਹੇ ਪਾਣੀ ਨੇ ਕਿਸਾਨਾਂ ਦੀ ਚਿੰਤਾ ਵਧਾਈ : ਕਾ: ਰਮੇਸ਼ ਆਜ਼ਾਦ

ਭੁਨਰਹੇੜੀ, 2 ਸਤੰਬਰ (ਗੁਰਜੀਤ ਸਿੰਘ ਢੋਟ) : ਟਾਂਗਰੀ ਅਤੇ ਘੱਗਰ ਦਰਿਆ ਵਿੱਚ ਵੱਧ ਰਹੇ ਪਾਣੀ ਦੇ ਪੱਧਰ ਨੂੰ ਲੈ ਕੇ ਕਿਸਾਨਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਪਿਛਲੇ ਦੋ ਸਾਲਾਂ ਦੌਰਾਨ ਹੜ੍ਹਾਂ ਨਾਲ ਕਿਸਾਨਾਂ ਦੀਆਂ ਫਸਲਾਂ ਡੁੱਬ ਜਾਣ ਨਾਲ ਬਹੁਤ ਵੱਡਾ ਨੁਕਸਾਨ ਹੋਇਆ ਸੀ ਜਿਸ ਦੀ ਭਰਪਾਈ ਅਜੇ ਤੱਕ ਵੀ ਕਿਸਾਨ ਨਹੀਂ ਕਰ ਸਕੇ ਅਤੇ ਹੁਣ ਉਹੀ ਮੰਜ਼ਰ ਦੁਬਾਰੇ ਫਿਰ ਸਤਾ ਰਿਹਾ ਹੈ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੁਲ ਹਿੰਦ ਕਿਸਾਨ ਸਭਾ ਦੇ ਸੀਨੀਅਰ ਕਿਸਾਨ ਆਗੂ ਕਾਮਰੇਡ ਰਮੇਸ਼ ਆਜ਼ਾਦ ਵੱਲੋਂ ਟਾਂਗਰੀ ਘੱਗਰ ਦਰਿਆ ਦੇ ਨਾਲ ਲੱਗਦੇ ਵੱਖ-ਵੱਖ ਪਿੰਡਾਂ ਦਾ ਦੌਰੇ ਕਰਨ ਦੌਰਾਨ ਕੀਤਾ। ਉਹਨਾਂ ਕਿਹਾ ਕਿ ਟਾਂਗਰੀ ਘੱਗਰ ਦਰਿਆ ਅਤੇ ਮੀਰਾਂਪੁਰ ਚੋਅ ਨਾਲ ਲੱਗਦੇ ਪਿੰਡਾਂ ਨੂੰ ਸਰਕਾਰਾਂ ਨੇ ਰੱਬ ਭਰੋਸੇ ਹੀ ਛੱਡ ਦਿੱਤਾ ਹੈ, ਕਿਉਂਕਿ ਇੱਥੇ ਕਦੇ ਵੀ ਸਰਕਾਰ ਵੱਲੋਂ ਕੋਈ ਗੰਭੀਰਤਾ ਨਾਲ ਕੰਮ ਨਹੀਂ ਕੀਤਾ ਗਿਆ, ਜਿਸ ਦਾ ਖਮਿਆਜ਼ਾ ਇੱਥੋਂ ਦੇ ਕਿਸਾਨਾਂ ਨੂੰ ਭੁਗਤਣਾ ਪੈਂਦਾ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਇਲਾਕੇ ਵਿੱਚ ਤਿੱਖੀ ਨਜ਼ਰ ਰੱਖਦੇ ਹੋਏ ਲੋਕਾਂ ਦੀ ਜਾਨ ਮਾਲ ਨੂੰ ਸੁਰੱਖਿਤ ਰੱਖਣ ਦੇ ਉਪਰਾਲੇ ਕੀਤੇ ਜਾਣ ਤੇ ਬਾਰਿਸ਼ਾਂ ਹੋਣ ਤੋਂ



ਬਾਅਦ ਘੱਗਰ ਅਤੇ ਟਾਂਗਰੀ, ਮੀਰਾਂਪੁਰ ਚੋਅ ਦੇ ਟੁੱਟੇ ਹੋਏ ਬੰਨਾਂ ਨੂੰ ਮਜ਼ਬੂਤ ਢੰਗ ਨਾਲ ਬੰਨਿਆਂ ਜਾਵੇ ਤਾਂ ਜੋ ਭਵਿੱਖ ਵਿੱਚ ਕਦੇ ਵੀ ਕਿਸਾਨਾਂ ਮਜ਼ਦੂਰਾਂ ਦਾ ਨੁਕਸਾਨ ਹੋਣ ਤੋਂ ਬਚਾਅ ਕੀਤਾ ਜਾ ਸਕੇ। ਇਸ ਮੌਕੇ ਲਾਭ ਸਿੰਘ ਬੀਬੀਪੁਰ, ਕੁਲਦੀਪ ਸਿੰਘ ਜੁਲਾਹਖੇੜੀ, ਕਮਲੇਸ਼ ਨੰਬਰਦਾਰ ਤੇ ਅਨੂਪ ਸਿੰਘ ਦੇਵੀਗੜ੍ਹ ਕਿਸਾਨ ਆਗੂ ਮੌਜੂਦ ਸਨ।

## ਮੋਹਿਤ ਮਹਿੰਦਰਾ ਨੇ ਹੜ੍ਹਾਂ ਨਾਲ ਜੂਝ ਰਹੇ ਲੋਕਾਂ ਦੀ ਕੀਤੀ ਮਦਦ

ਪਟਿਆਲਾ, 2 ਸਤੰਬਰ (ਰੁਪਾਣਾ) : ਪਟਿਆਲਾ ਰੂਰਲ ਦੇ ਕਾਂਗਰਸੀ ਅਤੇ ਯੂਥ ਆਗੂ ਪੰਜਾਬ ਮੋਹਿਤ ਮਹਿੰਦਰਾ ਨੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦਿਆਂ ਕਿਹਾ ਕਿ ਲੋਕਾਂ ਦੇ ਦੁੱਖ-ਦਰਦ ਨੂੰ ਸਿਰਫ਼ ਬਿਆਨਾਂ ਨਾਲ ਨਹੀਂ, ਬਲਕਿ ਮੈਦਾਨੀ ਪੱਧਰ 'ਤੇ ਉਨ੍ਹਾਂ ਦੇ ਨਾਲ ਖੜ੍ਹ ਕੇ ਹੀ ਘਟਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ



ਪਿੰਡਾਂ ਅਤੇ ਕਸਬਿਆਂ ਵਿੱਚ ਹੜ੍ਹ ਕਾਰਨ ਨੁਕਸਾਨ ਹੋਇਆ ਹੈ, ਉੱਥੇ ਉਹ ਅਤੇ ਉਨ੍ਹਾਂ ਦੀ ਟੀਮ ਨਿਰੰਤਰ ਰਾਹਤ ਕਾਰਜਾਂ ਵਿੱਚ ਜੁਟੇ ਹੋਏ ਹਨ।ਮੋਹਿਤ ਮਹਿੰਦਰਾ ਨੇ ਕਿਹਾ ਕਿ ਹੜ੍ਹ ਦੀ ਮਾਰ ਸਹਿ ਰਹੇ ਲੋਕਾਂ ਨੂੰ ਤੁਰੰਤ ਸਹਾਇਤਾ ਪਹੁੰਚਾਉਣਾ ਸਭ ਤੋਂ ਵੱਡੀ ਲੋੜ ਹੈ। ਇਸ ਲਈ ਉਹ ਖੁਦ ਜ਼ਮੀਨੀ ਹਾਲਾਤ ਵੇਖ ਰਹੇ ਹਨ ਅਤੇ ਲੋਕਾਂ ਦੀਆਂ ਅਸਲੀ ਲੋੜਾਂ ਨੂੰ ਸਮਝ ਕੇ ਮਦਦ ਕਰ ਰਹੇ ਹਨ।ਇਸ ਮੌਕੇ ਮੋਹਿਤ ਮਹਿੰਦਰਾ ਨੇ ਕਈ ਪੀੜਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਵੀ ਵੰਡਾਈ। ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਹੜ੍ਹ ਨਾਲ ਬਰਬਾਦ ਹੋਈਆਂ ਫਸਲਾਂ, ਘਰਾਂ ਅਤੇ ਰੋਜ਼ਗਾਰ ਦੇ ਨੁਕਸਾਨ ਲਈ ਸਰਕਾਰ ਨੂੰ ਜ਼ਿੰਮੇਵਾਰੀ ਨਾਲ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਵਿੱਤੀ ਸਹਾਇਤਾ ਦੇ ਐਲਾਨਾਂ ਤੋਂ ਇਲਾਵਾ, ਲੋਕਾਂ ਤੱਕ ਤੁਰੰਤ ਮਦਦ ਪਹੁੰਚਾਉਣ ਲਈ ਪੱਕਾ ਮਕੈਨਿਜ਼ਮ ਬਣਾਇਆ ਜਾਵੇ।ਮੋਹਿਤ ਨੇ ਕਿਹਾ ਕਿ ਪਟਿਆਲਾ ਰੂਰਲ ਵਿੱਚ ਹਰ ਹੜ੍ਹ ਪੀੜਤਾਂ ਲਈ ਉਹਨਾਂ ਦੀ ਪਾਰਟੀ ਦੇ ਵਰਕਰ ਘਰ-ਘਰ ਤੱਕ ਪਹੁੰਚ ਰਹੇ ਹਨ।

## ਨਰਸਿੰਗ ਸਕੂਲ ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਲਗਾਇਆ ਫਸਟ ਏਡ ਟ੍ਰੇਨਿੰਗ ਸੈਸ਼ਨ

ਪਟਿਆਲਾ, 2 ਸਤੰਬਰ (ਚ.ਨ.ਸ.) : ) ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਅਤੇ ਮੈਡੀਕਲ ਸੁਪਰਡੈਂਟ ਐਮਕੇਐਚ ਡਾ.ਐਸਜੇ ਸਿੰਘ ਦੀ ਅਗਵਾਈ ਹੇਠ ਨਰਸਿੰਗ ਸਕੂਲ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਵਿਖੇ ਟ੍ਰੇਨਿੰਗ ਅਤੇ ਕੁਇਜ਼ ਸੈਸ਼ਨ ਕਰਵਾਇਆ ਗਿਆ। ਇਸ ਮੌਕੇ ਭਾਰਤ ਸਰਕਾਰ ਦੇ ਆਫਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਸੀਪੀਆਰ ਦੇ ਚੀਫ ਟਰੇਨਰ ਕਾਕਾ ਰਾਮ ਵਰਮਾ ਵੱਲੋਂ ਟ੍ਰੈਫਿਕ, ਡਿਜਾਸਟਰ ਮੈਨੇਜਮੈਂਟ, ਫਾਈਰ ਸੇਫਟੀ, ਫਸਟ ਏਡ, ਸੀ.ਪੀ.ਆਰ ਅਤੇ ਸਾਈਬਰ ਕ੍ਰਾਈਮ ਵਿਸ਼ੇ 'ਤੇ ਕੁਇਜ਼ ਸੈਸ਼ਨ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਲੋੜ ਤੋਂ ਵੱਧ ਧੂੰਏਂ ਅਤੇ ਜ਼ਹਿਰਿਲੀਆਂ ਗੈਸਾਂ ਨਾਲ ਦਮ ਘੁੱਟਣਾ, ਦਿਲ ਦਾ ਦੌਰਾ, ਕਾਰਡੀਅਕ ਅਰੈਸਟ, ਬੇਹੋਸ਼ ਹੋਣਾ, ਦਿਮਾਗ ਨੂੰ ਆਕਸੀਜ਼ਨ ਦੀ ਕਮੀ ,ਸਰੀਰ ਵਿੱਚ ਗੁਲੂਕੋਜ਼ ਦੀ ਕਮੀ ਨਾਲ




ਕੁਝ ਕੁ ਮਿੰਟਾਂ ਵਿੱਚ ਮੌਤ ਹੋ ਜਾਣ ਦਾ ਖਤਰਾ ਹੁੰਦਾ ਹੈ, ਮੌਤਾਂ ਹੋਣ ਤੋਂ ਰੋਕਣ ਲਈ ਟ੍ਰੇਨਿੰਗ ਅਤੇ ਇਸ ਸਬੰਧੀ ਮੌਕ ਡਰਿਲਾਂ ਵੀ ਕਰਵਾਈਆਂ। ਉਹਨਾਂ ਚਾਦਰਾਂ, ਚੁੰਨੀਆਂ, ਰੱਸੀਆਂ ,ਪੌੜੀਆਂ ਨਾਲ ਸਟਰੇਚਰ ਤਿਆਰ ਕਰਨੀ, ਵੈਂਟੀਲੇਟਰ ਤੇ ਸੇਫ ਤਰੀਕੇ ਨਾਲ ਸਾਹ ਦਿਵਾਉਣ ਬਾਰੇ ਦੱਸਿਆ। ਇਸ ਦੇ ਨਾਲ ਹੀ ਪੁਲਿਸ ਐਂਬੂਲੈਂਸ ਤੇ ਫਾਇਰ ਬ੍ਰਿਗੇਡ ਨੂੰ ਬੁਲਾਉਣ ਲਈ ਟੈਲੀਫੋਨ ਨੰਬਰ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਨੇ ਵਿਦਿਆਰਥੀਆਂ ਨੂੰ ਫਸਟ ਏਡ ਬਾਰੇ ਵੀ ਜਾਣਕਾਰੀ ਦਿੱਤੀ । ਪੁਲਿਸ ਇੰਸਪੈਕਟਰ ਟ੍ਰੈਫਿਕ ਅਜੂਕੇਸ਼ਨ ਸੈੱਲ ਰਾਮ ਸ਼ਰਨ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾ ਬਾਰੇ ਜਾਣਕਾਰੀ ਵੀ ਦਿੱਤੀ । ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਗੁਰਮੀਤ ਕੌਰ ,ਆਸ਼ੀਸ਼ ਸ਼ਰਮਾ ਮੇਨੇਜਰ ਮਾਰੂਤੀ ਸੁਜ਼ੁਕੀ ਡਰਾਈਵਿੰਗ ਸਕੂਲ, ਜ਼ਿਲ੍ਹਾ ਮਾਸ ਮੀਡੀਆ ਅਫਸਰ ਸ਼੍ਰੀਮਤੀ ਕੁਲਵੀਰ ਕੌਰ, ਜਿਲ੍ਹਾ ਬੀ.ਸੀ.ਸੀ ਕੁਆਰਡੀਨੇਟਰ ਜਸਬੀਰ ਕੌਰ, ਨਰਸਿੰਗ ਟਿਊਟਰ ਰਜਨੀ ਬਾਲਾ, ਸ਼੍ਰੀਮਤੀ ਹੋਮੀਪਾਲ ਅਤੇ ਸਾਰਾ ਨਰਸਿੰਗ ਸਟਾਫ ਹਾਜ਼ਰ ਸੀ।

## ਨਗਰ ਨਿਗਮ ਦੇ ਸਫਾਈ, ਸੀਵਰਮੈਨਾਂ ਤੇ ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਰੋਸ ਰੈਲੀ

ਪਟਿਆਲਾ, 2 ਸਤੰਬਰ (ਰੁਪਾਣਾ/ ਦੀਪਕ ਜੈਦਕਾ) : ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਨਗਰ ਨਿਗਮ ਵਿਚਲੇ ਸਫਾਈ ਤੇ ਸੀਵਰਮੈਨ ਕਰਮੀਆਂ ਵੱਲੋਂ ਅਤੇ ਦਰਜਾ ਚਾਰ ਵੱਲੋਂ ਵਰ੍ਹਦੇ ਮੀਂਹ ਵਿੱਚ ਵਿਧਾਨ ਸਭਾ ਹਲਕਾ ਪਟਿਆਲਾ—2 ਤ੍ਰਿਪੜੀ ਟਾਊਨ ਪਾਣੀ ਦੀ ਟੈਂਕੀ ਵਿਖੇ ਭਰਵੀਂ ਗਿਣਤੀ ਵਿੱਚ ਇਕੱਤਰ ਹੋਏ, ਜਿੱਥੇ ਰੋਹ ਭਰਪੂਰ ਰੈਲੀ ਕਰਨ ਉਪਰੰਤ, ਝੰਡਾ ਮਾਰਚ ਕੀਤਾ ਗਿਆ। ਇਸ ਮੌਕੇ ਅਗਵਾਈ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਬਲਜਿੰਦਰ ਸਿੰਘ, ਫੈਡਰੇਸ਼ਨ ਪ੍ਰਧਾਨ ਜਗਮੋਹਨ ਨੌਲੱਖਾ, ਨਗਰ ਨਿਗਮ ਦੇ ਪ੍ਰਧਾਨ ਬਾਬੂ ਰਾਮ ਬੱਬੂ, ਜਨਰਲ ਸਕੱਤਰ ਵਿਜੇ ਸੰਗਰ, ਵਿੱਤ ਸਕੱਤਰ ਬਲਜਿੰਦਰ ਸਿੰਘ ਆਦਿ ਆਗੂਆਂ ਨੇ ਕੀਤੀ। ਰੈਲੀ ਦੇ ਮੰਤਵ 'ਤੇ ਮੰਗਾਂ ਬਾਰੇ ਇਹਨਾਂ ਆਗੂਆਂ ਨੇ ਦੱਸਿਆ ਕਿ ਸਿਹਤ ਮੰਤਰੀ ਦਫਤਰ ਵੱਲੋਂ




ਨਗਰ ਨਿਗਮ ਵਿਚਲੇ ਪਟਿਆਲਾ—2 ਦੇ ਮਿਊਸਪਲ ਕੌਂਸਲਾਂ ਨੂੰ ਇੱਕ ਪ੍ਰੋਫਾਰਮਾ ਜਾਰੀ ਕਰਦੇ ਹਦਾਇਤਾ ਕੀਤੀਆਂ ਹਨ ਕਿ ਸਫਾਈ ਸੇਵਕ—ਸੀਵਰਮੈਨਾਂ ਦੀਆਂ ਨਿੱਤ ਦਿਨ ਦੀਆਂ ਹਾਜ਼ਰੀਆਂ ਹੁਣ ਵਾਰਡ ਕੌਂਸਲਰ ਹੀ ਲਗਾਉਣਗੇ। ਇਹ ਕੇਵਲ ਪਟਿਆਲਾ—2 ਵਿਚਲੇ ਵਾਰਡਾਂ ਵਿੱਚ ਲਾਗੂ ਕੀਤਾ ਗਿਆ ਹੈ।ਆਗੂਆਂ ਨੇ ਕਿਹਾ ਕਿ ਸਿਹਤ ਮੰਤਰੀ ਦੇ ਦਫਤਰ ਵੱਲੋਂ ਜਾਰੀ ਇਸ ਤਰ੍ਹਾਂ ਦੀ ਕਾਰਵਾਈ ਮਿਊਂਸਪਲ ਨਿਗਮਾਂ ਦੇ ਬਿਲਕੁਲ ਉਲਟ ਹੈ ਤੇ ਕਰਮੀਆਂ ਦਾ ਸ਼ੋਸ਼ਣ ਤੇ ਉਹਨਾਂ ਦੀਆਂ ਪ੍ਰੇਸ਼ਾਨੀਆਂ ਵਧਾਉਣ ਵਾਲਾ ਹੈ, ਵਿਸ਼ੇਸ਼ ਤੌਰ 'ਤੇ ਫੀਮੇਲ ਕਰਮੀਆਂ ਦਾ ਇਹ ਇੱਕ ਸ਼ੋਸ਼ਣ ਤੇ ਬਲੈਕਮੇਲ ਕਰਨ ਵਾਲੀ ਕਾਰਵਾਈ ਹੈ। ਇਹਨਾਂ ਆਗੂਆਂ ਨੇ ਕਿਹਾ ਕਿ ਨਿਯਮਾਂ ਅਨੁਸਾਰ ਸਫਾਈ ਸੇਵਕਾਂ ਤੇ ਸੀਵਰਮੈਨਾਂ ਦੀਆਂ ਹਾਜ਼ਰੀਆਂ ਲਗਾਉਣ ਦਾ ਅਧਿਕਾਰ ਕੇਵਲ ਵਾਰਡ ਵਿਚਲੇ ਤੈਨਾਤ ਦਰੋਗਿਆ ਪਾਸ ਹੈ ਤੇ ਦੇਖਭਾਲ ਲਈ ਕਈ ਅਧਿਕਾਰੀ ਵੀ ਤੈਨਾਤ ਹਨ। ਇਸ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਰੈਲੀ ਉਪਰੰਤ ਰੋਸ ਝੰਡਾ ਮਾਰਚ ਕੀਤਾ ਗਿਆ, ਜੋ ਖੰਡਾ ਚੌਂਕ ਵਿਖੇ ਪਹੁੰਚਕੇ ਸਮਾਪਤ ਕੀਤਾ ਗਿਆ ਤੇ ਅਗਲਾ ਐਕਸ਼ਨ ਮੰਗਾਂ ਤੇ ਸਫਾਈ ਸੇਵਕਾਂ , ਸੀਵਰਮੈਨਾਂ ਦੇ ਸ਼ੋਸ਼ਣ ਵਿਰੁੱਧ ਮੇਅਰ—ਕਮਿਸ਼ਨਰ ਨਗਰ ਨਿਗਮ ਦਫਤਰ ਅੱਗੇ ਕੀਤਾ ਜਾਵੇਗਾ।ਸਫਾਈ ਸੇਵਕਾਂ—ਸੀਵਰਮੈਨਾਂ ਦੀਆਂ ਦਰਜਾ ਚਾਰ ਦੀਆਂ ਮੰਗਾਂਜੋ ਲਬਿੰਤ ਪਈਆਂ ਹਨ, ਜਿਸ ਵਿੱਚ ਠੇਕੇਦਾਰੀ ਪ੍ਰਥਾ ਦਾ ਖਾਤਮਾ ਕਰਨਾ ਤੇ ਸਾਰੇ ਕਰਮੀਆਂ ਨੂੰ ਕਾਰਪੋਰੇਸ਼ਨ ਵਿੱਚ ਖਪਾਉਣਾ ਤੇ ਸਾਰੇ ਕੱਚੇ ਕਰਮੀਆਂ ਨੂੰ ਰੈਗੂਲਰ ਕਰਨਾ, ਪੁਰਾਣੀ ਪੈਨਸ਼ਨ ਬਹਾਲ ਕਰਨਾ, ਨਿਗਮ ਵਿਚਲੇ ਸਫਾਈ ਸੇਵਕਾਂ ਤੇ ਸੀਵਰਮੈਨਾਂ ਦੀ ਨੱਫਰੀ ਵਿੱਚ ਦੁਗਣਾ ਵਾਧਾ ਕਰਨਾ, ਮਿਤੀ 29-5-2025 ਨੂੰ ਮੰਨੀਆਂ ਮੰਗਾਂ ਲਾਗੂ ਕਰਨਾ, ਘੱਟੋ—ਘੱਟ ਉਜਰਤਾ 35000/- ਰੁਪਏ ਪ੍ਰਤੀ ਮਹੀਨਾ ਕਰਨਾ, ਪ੍ਰਮੋਸ਼ਨਾਂ ਦੇਣਾ, ਮਿਊਂਸਪਲ ਵਾਅਡਾਂ ਦੀ ਗਿਣਤੀ ਅਨੁਸਾਰ ਦਰੋਗੇ ਲਗਾਉਣਾ, ਆਦਿ ਆਦਿ ਇੱਕ ਦਰਜਨ ਤੋਂ ਵੱਧ ਮੰਗਾਂ ਦੇ ਇਸ਼ੂ ਸ਼ਾਮਲ ਸਨ।ਰੈਲੀ ਮੌਕੇ ਹੋਰ ਜ਼ੋ ਆਗੂ ਤੇ ਮੈਂਬਰਜ਼ ਸ਼ਾਮਲ ਸਨ ਉਹਨਾਂ ਵਿੱਚ ਰਾਮ ਲਾਲ ਰਾਮਾ, ਰਾਮ ਪ੍ਰਸਾਦ ਸਹੋਤਾ, ਸ਼ਿਵ ਚਰਨ, ਸ਼ਿਵ ਚਰਨ, ਕਾਕਾ ਸਿੰਘ ਚੇਅਰਮੈਨ, ਹੇਮ ਰਾਜ ਅਡੀ ਚੇਅਰਮੈਨ, ਸੰਜੀਵ ਸਰਪ੍ਰਸਤ, ਕਾਕਾ ਸਿੰਘ, ਅਸ਼ੋਕ ਵੈਦ, ਕਮਲ ਸੀਨੀਅਰ ਮੀਤ ਪ੍ਰਧਾਨ, ਸੰਦੀਪ ਵਾਇਸ ਪ੍ਰਧਾਨ, ਰਾਹੁਲ ਮੀਤ ਪ੍ਰਧਾਨ, ਅਸ਼ੋਕ ਏਕਤਾ ਸਟੇਜ਼ ਸੈਕਟਰੀ, ਧਰਮਿੰਦਰ ਸਟੇਜ਼ ਸੈਕਟਰੀ, ਕੁਲਦੀਪ ਸਿੰਘ ਕਾਕਾ, ਬਲਜਿੰਦਰ ਕੁਮਾਰ ਕੈਸ਼ੀਅਰ, ਕਮਲਜੀਤ ਸਿੰਘ, ਪਰਮਜੀਤ ਸਿੰਘ, ਰਵਿੰਦਰ ਗਾਗਟ ਪ੍ਰੈਸ ਸਕੱਤਰ, ਗੁਰਸੇਵਕ, ਸੰਜੇ, ਰਾਜੂ, ਰਤਨ, ਰਜੀਵ, ਪੱਪੂ ਵੈਦ, ਸੂਰਜ (ਪੱਪੂ), ਰਾਧਾ, ਸੁਨੀਤਾ (ਸਾਰੇ ਦਰੋਗਾ) ਆਦਿ ਆਦਿ ਹਾਜ਼ਰ ਸਨ।

## ਦਾਜ ਲਈ ਤੰਗ ਕਰਨ 'ਤੇ ਮਾਮਲਾ ਦਰਜ

ਪਟਿਆਲਾ, 2 ਸਤੰਬਰ (ਵਿਨੋਦ ਸ਼ਰਮਾ) : ਥਾਣਾ ਵੂਮੈਨ ਪਟਿਆਲਾ ਪੁਲਿਸ ਕੋਲ ਕਾਜਲ ਰਾਣੀ ਪੁੱਤਰੀ ਜਸਵਿੰਦਰ ਸਿੰਘ ਵਾਸੀ ਪਿੰਡ ਦਦਹੇੜਾ ਬਸਤੀ ਥਾਣਾ ਬਖਸ਼ੀਵਾਲਾ ਨੇ ਕਥਿਤ ਦੋਸ਼ੀਆਂ ਰਵੀ ਕੁਮਾਰ ਪੁੱਤਰ ਬਿੰਦਰ ਸਿੰਘ, ਬਿੰਦਰ ਸਿੰਘ ਪੁੱਤਰ ਵੀਰੂ ਰਾਮ, ਮਨਜੀਤ ਕੋਰ ਪਤਨੀ ਬਿੰਦਰ ਸਿੰਘ ਵਾਸੀਆਨ ਵਾਰਡ ਨੰ. 4 ਗਾਂਧੀ ਨਗਰ ਨੇੜੇ ਬਾਲਮੀਕ ਮੰਦਰ ਭਵਾਨੀਗੜ੍ਹ ਜ਼ਿਲਾ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਮਿਤੀ 29-10-23 ਨੂੰ ਕਥਿਤ ਦੋਸ਼ੀ ਰਵੀ ਕੁਮਾਰ ਨਾਲ ਹੋਇਆ ਸੀ, ਜੋ ਵਿਆਹ ਤੋਂ ਬਾਅਦ ਕਥਿਤ ਦੋਸ਼ੀ ਉਸ ਨੂੰ ਹੋਰ ਦਾਜ ਦਹੇਜ ਲਈ ਤੰਗ ਪ੍ਰੇਸ਼ਾਨ ਕਰਨ ਲੱਗ ਪਏ, ਜੋ ਮੁਦੈਲਾ ਦੇ ਦਾਜ ਦਾ ਸਮਾਨ ਵੀ ਦੋਸ਼ੀਆਂ ਦੇ ਕਬਜ਼ੇ ਵਿੱਚ ਹੈ।ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਜੰਗਲਾਤ ਕਾਮਿਆਂ ਨੇ ਵਣ ਮੰਡਲ ਦਫਤਰ ਅੱਗੇ ਤਨਖਾਹਾਂ ਦੀ ਅਦਾਇਗੀ ਨਾ ਹੋਣ 'ਤੇ ਰੋਸ ਰੈਲੀ



ਪਟਿਆਲਾ, 2 ਸਤੰਬਰ (ਚ.ਨ.ਸ.) : ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਜਿਲਾ ਸਬ ਕਮੇਟੀ ਜੰਗਲਾਤ ਵਿਭਾਗ ਵੱਲੋਂ ਆਪਣੀਆਂ ਮੰਗਾਂ, ਰੈਗੂਲਰ ਕਰਨ ਦੀ ਪਾਲਿਸੀ ਵਿਰੁੱਧ, ਵਰਕਰਾਂ ਨੂੰ ਕੰਮ ਤੋਂ ਹਟਾਉਣ 'ਤੇ ਵਿਭਾਗ ਵਿਚਲੀ ਵਧ ਰਹੀ ਕੁਰੱਪਸ਼ਨ ਵਿਰੁੱਧ ਤੇ ਕਾਮਿਆਂ ਦੀ ਮਈ, ਜੂਨ, ਜੁਲਾਈ ਅਤੇ ਅਗਸਤ ਮਹੀਨੇ ਦੀਆਂ ਤਨਖਾਹਾਂ ਦਾ ਭੁਗਤਾਨ ਨਾ ਕਰਨ ਦੇ ਰੋਸ ਵਜੋਂ ਵਣ ਮੰਡਲ ਦਫਤਰ ਅੱਗੇ ਵਰਦੇ ਮੀਂਹ ਵਿੱਚ ਗੇਟ ਰੈਲੀ ਕੀਤੀ ਤੇ ਸਰਕਾਰ ਸਮੇਤ ਵਿਭਾਗ ਦੇ ਅਧਿਕਾਰੀਆਂ ਦਾ ਜ਼ੋਰਦਾਰ ਪਿੱਟ ਸਿਆਪਾ ਕੀਤਾ ਤੇ ਅਗਲੀ ਰੈਲੀ 5 ਸਤੰਬਰ ਨੂੰ ਵਣ ਪਾਲ ਦਫਤਰ ਅੱਗੇ ਕਰਨ ਦਾ ਐਲਾਨ ਕੀਤਾ ਗਿਆ। ਰੈਲੀ ਨੂੰ ਦਰਸ਼ਨ ਸਿੰਘ ਲੁਬਾਣਾ, ਜਗਮੋਹਨ ਨੌਲੱਖਾ, ਸ਼ਿਵ ਚਰਨ, ਰਾਮ ਲਾਲ ਰਾਮਾ, ਹਰੀ ਰਾਮ ਨਿੱਕਾ, ਤਰਲੋਕ ਸਿੰਘ ਮਾਡੂ ਤ੍ਰਿਲੋਚਨ ਮੰਡੋਲੀ ਦਰਸ਼ਣ ਮੱਲਿਆਲ ਗੁਰਮੇਲ ਬਾਹਮਣਾਂ ਪੱਲਾ ਸਿੰਘ ਹੁਸ਼ਿਆਰ ਸਿੰਘ ਰਾਕੇਸ਼ ਕੁਮਾਰ ਮੁਮਤਾਜ਼ ਜਸਵਿੰਦਰ ਸਿੰਘ ਬਲਵਿੰਰ ਸਿੰਘ ਆਦਿ ਆਗੂ ਨੇ ਸੰਬੋਧਨ ਕੀਤਾ।

## ਪਿੰਡ ਹਸਨਪੁਰ ਵਿਖੇ ਗੁੱਗਾ ਮਾੜੀ 'ਤੇ ਖੂਨਦਾਨ ਕੈਂਪ ਲਗਾਇਆ

### ☛ਖੂਨਦਾਨ ਸਭ ਤੋਂ ਉਤਮ ਦਾਨ : ਸਨੀ ਹਸਨਪੁਰ

ਪਟਿਆਲਾ, 2 ਸਤੰਬਰ (ਚ.ਨ.ਸ.) : ਪਿੰਡ ਹਸਨਪੁਰ ਵਿਖੇ ਗੁੱਗਾ ਮਾੜੀ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿਚ ਨੌਜਵਾਨਾਂ ਨੇ ਵੱਧ ਚੜ੍ਹ ਕੇ ਖੂਨਦਾਨ ਕੀਤਾ।ਇਸ ਮੌਕੇ ਸੁਰਿੰਦਰ ਸਿੰਘ ਸਨੀ ਹਸਨਪੁਰ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰੇ ਖੂਨਦਾਨੀਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ, ਕਿ ਜਿੱਥੇ ਵੀ ਖੂਨ ਦੀ ਲੋੜ ਹੋਵੇ, ਅਸੀਂ ਦਾਨ ਕਰੀਏ, ਖੂਨਦਾਨ ਮਹਾਂਦਾਨ, ਤੁਹਾਡਾ ਦਿੱਤਾ ਹੋਇਆ ਖੂਨ ਅਨੇਕਾਂ ਮਰੀਜ਼ਾਂ ਦੀਆਂ ਜ਼ਿੰਦਗੀਆਂ ਬਚਾਉਣ ਵਿੱਚ ਸਹਾਈ ਹੁੰਦਾ ਹੈ। ਖੂਨ ਇਕ ਅਜਿਹਾ ਤਰਲ



ਹੈ, ਜੋ ਕਿਸੇ ਫੈਕਟਰੀ ਜਾਂ ਕਾਰਖਾਨੇ ਵਿਚ ਤਿਆਰ ਨਹੀਂ ਕੀਤਾ ਜਾ ਸਕਦਾ, ਇਹ ਮਨੁੱਖੀ ਸਰੀਰ ਅੰਦਰ ਕੁਦਰਤੀ ਰੂਪ ਵਿੱਚ ਤਿਆਰ ਹੁੰਦਾ ਹੈ,ਜੋ ਕਿ ਹਰੇਕ ਤੰਦਰੁਸਤ ਇਨਸਾਨ ਨੂੰ 18 ਸਾਲ ਤੋਂ ਲੈ ਕੇ 65 ਸਾਲ ਦੀ ਉਮਰ ਤੱਕ ਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਜੈਮਲ ਸਿੰਘ ਮੰਟਾ (ਯੂ.ਕੇ.) ਹਸਨਪੁਰ, ਗੁਰਜੰਟ ਸਿੰਘ ਹਸਨਪੁਰ, ਰਾਜਾ ਤੁੜ, ਕਰਮਜੀਤ ਸਿੰਘ (ਕੋਚ ਪਾਵਰ ਲਿਫਟਰ) ਸੱਤਾ ਛੰਨਾ, ਸਨੀ ਹਸਨਪੁਰ , ਗਿੰਦੀ ਥਿੰਦ ਲੰਬੜਦਾਰ, ਵਿਪਨ ਥਿੰਦ, ਬਿੱਲਾ ਭਟੇੜੀ, ਸੁਖਚੈਨ ਭਟੇੜੀ, ਕੁਲਦੀਪ ਸਿੰਘ ਰੱਫਾ, ਗੁਰਬਾਜ਼ ਪਨੋਦੀਆਂ, ਸੋਨੂ ਬਘੌਰਾ, ਲਾਡੀ ਪਹਾੜ੍ਹੀਪੁਰ, ਗੋਲਡੀ, ਦਿਲਜੋਤ ਥਿੰਦ ਅਤੇ ਹੋਰ ਨੌਜਵਾਨਾਂ ਵੱਲੋਂ ਖੂਨਦਾਨ ਕੈਂਪ ਵਿਚ ਸਹਿਯੋਗ ਦਿੱਤਾ ਗਿਆ।

## ਬਰਸਾਤ ਕਾਰਨ ਮਕਾਨ ਡਿੱਗਣ ਨਾਲ ਮੱਝ ਮਰੀ

ਘਨੌਰ, 2 ਸਤੰਬਰ (ਮਦਨ ਲਾਲ) : ਘਨੌਰ ਨੇੜਲੇ ਪਿੰਡ ਅਜਰਾਵਰ ਵਿਖੇ ਕਈ ਦਿਨਾਂ ਤੋਂ ਹੋ ਰਹੀ ਭਾਰੀ ਬਰਸਾਤ ਨੇ ਇੱਕ ਗਰੀਬ ਦੇ ਬੱਚਿਆਂ ਦੇ ਮੂਹੋ ਉਸ



ਸਮੇਂ ਨਿਵਾਲਾ ਖੋਹ ਲਿਆ, ਜਦੋਂ ਬਾਲਿਆ ਵਾਲਾ ਮਕਾਨ ਡਿੱਗਦੇ ਹੀ ਉਹਨਾਂ ਦੀ ਦੁੱਧ ਦੇਣ ਵਾਲੀ ਮੱਝ ਮਰ ਗਈ। ਸਾਬਕਾ ਸਰਪੰਚ ਸੁਰਜੀਤ ਸਿੰਘ ਅਤੇ ਜਸਪਾਲ ਸਿੰਘ ਨੰਬਰਦਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੇ ਪਿੰਡ ਅਜਰਾਵਰ ਦੇ ਵਸਨੀਕ ਜਸਵਿੰਦਰ ਸਿੰਘ ਦੀ ਡੰਗਰਾਂ ਵਾਲਾ ਬਾਲਿਆ ਦਾ ਕੋਠਾ ਡਿੱਗਣ ਕਾਰਨ ਦੁੱਧ ਦੇਣ ਵਾਲੀ ਮੱਝ ਮਰ ਗਈ ਹੈ। ਜਸਵਿੰਦਰ ਸਿੰਘ ਦੇ ਪਰਿਵਾਰ ਦਾ ਗੁਜ਼ਾਰਾ ਇਸ ਮੱਝ ਦੇ ਦੁੱਧ ਨਾਲ ਹੀ ਚਲਦਾ ਸੀ। ਇਹ ਕੁਦਰਤ ਦੀ ਆਫ਼ਤ ਕਾਰਨ ਪੀੜ੍ਹਤ ਪਰਿਵਾਰ ਦੀ ਮਾਲੀ ਹਾਲਤ ਵਿਗੜ ਗਈ ਹੈ। ਜਸਵਿੰਦਰ ਸਿੰਘ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਪਰਿਵਾਰ ਦੇ ਦੀ ਮਾਲੀ ਹਾਲਤ ਸੁਧਰ ਸਕੇ।

## ਨਦੀ-ਨਾਲਿਆਂ ਤੇ ਡਰੇਨਾਂ 'ਚੋਂ ਜੰਗਲੀ ਬੂਟੀ, ਘਾਹ, ਫੂਸ ਨਾ ਕੱਢ ਕੇ ਸਿਰਫ ਖਾਨਾ ਪੂਰਤੀ ਹੀ ਕਰਦੇ ਨੇ ਮੁਲਾਜ਼ਮ : ਕਿਸਾਨ ਆਗੂ

ਸਮਾਣਾ, 2 ਸਤੰਬਰ (ਵਿਜੇ ਕੁਮਾਰ) : ਬਰਸਾਤੀ ਨਦੀਆਂ, ਨਾਲਿਆਂ ਤੇ ਡਰੇਨਾਂ 'ਚ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਨੂੰ ਲੈ ਕੇ ਸਰਕਾਰ ਵੱਲੋਂ ਹਰ ਸਾਲ ਕਰੋੜਾਂ ਰੁਪਏ ਖਰਚ ਕਰਕੇ ਜੰਗਲੀ ਬੂਟੀ, ਘਾਹ, ਦਰਖ਼ਤ ਆਦਿ ਕੱਟ ਕੇ ਸਫਾਈ ਕਰਵਾਈ ਜਾਂਦੀ ਹੈ। ਪਰ ਉਹਨਾਂ ਨਾਲਿਆਂ ਤੇ ਡਰੇਨਾਂ 'ਚੋਂ ਸਬੰਧਤ ਅਧਿਕਾਰੀ ਜਾਂ ਮੁਲਾਜ਼ਮ ਜੰਗਲੀ ਬੂਟੀ, ਘਾਹ, ਫੂਸ ਆਦਿ ਨਾ ਕੱਢ ਕੇ ਸਿਰਫ ਖਾਨਾ ਪੂਰਤੀ ਹੀ ਕਰਦੇ ਹਨ, ਜਿਸ ਕਰਕੇ ਹੜ੍ਹਾਂ ਦੇ ਪਾਣੀ ਦਾ ਨਿਕਾਸ ਨਦੀਆਂ ਨਾਲਿਆਂ 'ਚੋਂ ਨਾ ਹੋ ਕੇ ਬਾਹਰ ਖੇਤਾਂ, ਘਰਾਂ ਆਦਿ 'ਚ ਭਰ ਕੇ ਨੁਕਸਾਨ ਕਰਦਾ ਹੈ, ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਨਾ ਪੈਂਦਾ ਹੈ। ਜ਼ਿਕਰਯੋਗ ਹੈ ਕਿ ਸਮਾਣਾ ਹਲਕੇ ਦੇ ਸਸੀ ਬ੍ਰਾਹਮਣਾ ਪਿੰਡ ਨੇੜੇ ਮਾਰਕੰਡਾ, ਟਾਂਗਰੀ ਨਦੀ, ਮੀਰਾਪੁਰ ਚੋਆ ਤੇ ਹੋਰ ਬਰਸਾਤੀ ਨਾਲਿਆਂ ਦਾ ਪਾਣੀ ਇਕੱਠਾ ਹੋ ਕੇ ਹਾਂਸੀ ਬੁਟਾਣਾ (ਹਰਿਆਣਾ) ਨਹਿਰ ਦੇ ਸਾਈਫਨਾਂ 'ਚੋਂ ਲੰਘਦਾ ਹੈ। ਅੱਗੇ ਜਾ ਕੇ ਪਟਿਆਲਾ ਨਦੀ ਦਾ ਪਾਣੀ 'ਚ ਸਾਦੀਪੁਰ ਪਿੰਡ ਵਿਖੇ ਹੜ੍ਹਾਂ ਦੇ ਪਾਣੀ 'ਚ ਮਿਲ ਜਾਂਦਾ



ਹੈ, ਜੋ ਇਕੱਠਾ ਹੋ ਕੇ ਘੱਗਰ ਦੀ ਸਫਾਈ ਨਾ ਹੋਣ ਕਰਕੇ ਖੇਤਾਂ ਵਿੱਚ ਲੱਗੀ ਫਸਲ ਤੇ ਘਰਾਂ 'ਚ ਦਾਖਲ ਹੋ ਕੇ ਭਾਰੀ ਤਬਾਹੀ ਕਰਦਾ ਹੈ। ਹੜ੍ਹਾਂ ਦੇ ਪਾਣੀ ਤੋਂ ਹੁੰਦੇ ਨੁਕਸਾਨ ਤੋਂ ਲੋਕਾਂ ਨੂੰ ਬਚਾਉਣ ਲਈ ਮੌਕੇ ਦੀਆਂ ਸਰਕਾਰਾਂ ਦੇ ਮੰਤਰੀ ਤੇ ਵਿਧਾਇਕ ਵਾਅਦੇ ਤਾਂ ਹਰ ਵਾਰ ਕਰ ਜਾਂਦੇ ਹਨ ।ਕਿਸਾਨ ਆਗੂ ਰਛਪਾਲ ਸਿੰਘ ਜੋੜਾਮਾਜਰਾ, ਕੁਲਵਿੰਦਰ ਸਿੰਘ, ਸੁਖਦੇਵ ਸਿੰਘ, ਅਮਰੀਕ ਸਿੰਘ, ਨਿਧਾਨ ਸਿੰਘ, ਮੁਖਤਿਆਰ ਸਿੰਘ, ਜੀਤ ਸਿੰਘ, ਮਹਿੰਦਰ ਸਿੰਘ ਆਦਿ ਨੇ ਦੱਸਿਆ ਕਿ ਬਰਸਾਤੀ ਨਾਲਿਆਂ ਤੇ ਬਣੇ ਸਾਈਫਨਾ 'ਚ ਜੰਗਲੀ ਬੂਟੀ, ਘਾਹ ਆਦਿ ਫਸੇ ਹੋਣ ਕਰਕੇ ਪਾਣੀ ਦਾ ਨਿਕਾਸ ਤੇਜੀ ਨਾਲ ਨਹੀਂ ਹੋ ਰਿਹਾ। ਜਿਸ ਕਰਕੇ ਘੱਗਰ 'ਚ ਵੱਧ ਰਿਹਾ ਪਾਣੀ ਕਿਸੇ ਵੀ ਸਮੇਂ ਬਾਹਰ ਨਿਕਲ ਕੇ ਖੇਤਾਂ 'ਚ ਲੱਗੀ ਫਸਲ ਦਾ ਨੁਕਸਾਨ ਕਰ ਸਕਦਾ ਹੈ। ਉਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਡਰੇਨਾਂ, ਨਦੀ ਨਾਲਿਆਂ ਦੀ ਸਫਾਈ ਦਾ ਕੰਮ ਤਸੱਲੀ ਬਖਸ਼ ਕਰਵਾਇਆ ਜਾਵੇ। ਇਸ ਸਬੰਧੀ ਡਰੇਨ ਵਿਭਾਗ ਦੇ ਐਕਸੀਅਨ ਪ੍ਰਥਮ ਗੰਭੀਰ ਨਾਲ ਜਿਲਾ ਪਟਿਆਲਾ ਦੇ ਨਦੀ, ਨਾਲਿਆਂ ਤੇ ਡਰੇਨਾਂ ਦੀ ਸਫਾਈ ਤੇ ਖਰਚ ਬਾਰੇ ਜਾਣਕਾਰੀ ਲਈ, ਤਾਂ ਉਹਨਾਂ ਕਿਹਾ ਕਿ ਡਰੇਨਾਂ ਦੀ ਸਫਾਈ ਦਾ ਕੰਮ ਤਾਂ ਮੁਕੰਮਲ ਕਰਵਾਇਆ ਜਾ ਚੁੱਕਿਆ ਹੈ, ਪਰ ਖਰਚ ਬਾਰੇ ਸੂਚਨਾ ਆਰ.ਟੀ.ਆਈ ਰਾਹੀਂ ਲੈ ਲਓ।

## ਰਾਸ਼ਨ ਡਿਪੂ ਹੋਲਡਰਜ਼ ਵੈਲਫੇਅਰ ਐਸੋਸੀਏਸ਼ਨ ਦੀ ਮੀਟਿੰਗ

### ➢ਡਿਪੂ ਹੋਲਡਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਕੀਤਾ ਵਿਚਾਰ ਵਟਾਂਦਰਾ

ਪਟਿਆਲਾ, 2 ਸਤੰਬਰ (ਰੁਪਾਣਾ) : ਰਾਸ਼ਨ ਡਿੱਪੂ ਹੋਲਡਰਜ਼ ਵੈਲਫੇਅਰ ਐਸੋਸੀਏਸ਼ਨ ਪਟਿਆਲਾ ਵਲੋਂ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਕਪਿਲਾ ਅਤੇ ਜਨਰਲ ਸਕੱਤਰ ਗੁਰਿੰਦਰ ਸਿੰਘ ਲਾਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਡਿੱਪੂ ਹੋਲਡਰਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਸਾਰੇ ਸਾਥੀਆਂ ਵਲੋ ਆਪਣੇ ਆਪਣੇ ਵਿਚਾਰ ਰੱਖੇ ਗਏ ਖਾਸ ਤੌਰ 'ਤੇ ਈ-ਕੇ.ਵਾਈ.ਸੀ. ਬਾਰੇ ਖੁੱਲਕੇ ਚਰਚਾ ਕੀਤੀ ਗਈ। ਐਸੋਸੀਏਸ਼ਨ ਨੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਜਿਨ੍ਹਾਂ ਗਰੀਬ ਪਰਿਵਾਰ ਲਾਭ ਪਾਤਰੀਆਂ ਦੇ ਰਾਸ਼ਨ ਕਾਰਡ ਬਣੇ ਹੋਏ ਹਨ ਉਨ੍ਹਾਂ ਦੇ ਜੋ ਪਰਿਵਾਰਿਕ ਮੈਂਬਰ ਜੋ ਵਿਦੇਸ਼ ਪੜਾਈ ਕਰਨ ਗਏ ਹਨ ਉਨ੍ਹਾਂ ਨੇ ਪੜਾਈ ਤੋਂ ਬਾਅਦ ਆਪਣੇ ਦੇਸ ਘਰ ਵਾਪਿਸ



ਆਉਣਾ ਹੈ ਉਹਨਾਂ ਦੇ ਜਾਂ ਜਿਹੜੇ ਕਿਸੇ ਭਾਰਤ ਦੇ ਦੂਜੇ ਰਾਜਾਂ ਵਿੱਚ ਕੰਮ ਕਰਨ ਲਈ ਆਪਣੀ ਰੋਟੀ ਰੋਜ਼ੀ ਲਈ ਘਰੋ ਬਾਹਰ ਗਏ ਹੋਏ ਹਨ। ਉਨ੍ਹਾਂ ਦੇ ਨਾਮ ਰਾਸ਼ਨ ਕਾਰਡ ਵਿੱਚੋਂ ਨਾ ਕੱਟੇ ਜਾਣ। ਉਹਨਾਂ ਦੇ ਮੈਂਬਰਾਂ ਦਾ ਖਰਚਾ ਅਤੇ ਗੁਜ਼ਾਰਾ ਆਪਣੇ ਪਰਿਵਾਰ ਵਲੋਂ ਹੀ ਚਲਦਾ ਹੈ ਇਸ ਲਈ ਇਸ ਮੁੱਦੇ ਬਾਰੇ ਸਿਵਲ ਸਪਲਾਈ ਵਿਭਾਗ ਅਤੇ ਪੰਜਾਬ ਸਰਕਾਰ ਨੂੰ ਵਿਚਾਰ ਅਧੀਨ ਸੌਂਪਣਾ ਚਾਹੀਦਾ ਹੈ । ਬਾਕਿ ਜੋ ਕਣਕ ਅਪ੍ਰੈਲ, ਮਈ ਅਤੇ ਜੂਨ ਤਿੰਨ ਮਹੀਨੇ ਦੀ ਵੰਡ ਡਿੱਪੂ ਹੋਲਡਰਾਂ ਵਲੋਂ ਕੀਤੀ ਜਾ ਚੁੱਕੀ ਹੈ ਉਸ ਦਾ ਬਣਦਾ ਕਮਿਸ਼ਨ ਅੱਜ ਦੀ ਤਾਰੀਖ ਤੱਕ ਸਰਕਾਰ ਵਲੋਂ ਨਹੀਂ ਦਿੱਤਾ ਗਿਆ। ਡਿੱਪੂ ਹੋਲਡਰਾਂ ਨੇ ਵੀ ਆਪਣੇ ਪਰਿਵਾਰ ਦਾ ਪਾਲਣ ਪੋਸ਼ਨ ਕਰਨਾ ਹੈ ਜੋ ਕਮਿਸ਼ਨ ਅੱਜ 90/- ਰੁਪਏ ਕਿੰਵਟਲ ਦਿੱਤਾ ਜਾ ਰਿਹਾ ਹੈ ਉਹ ਬਹੁਤ ਘੱਟ ਹੈ ਸਾਡਾ ਤਿੰਨ ਮਹੀਨੇ ਦਾ ਕਮੀਸ਼ਨ ਜਲਦ ਪਾਇਆ ਜਾਵੇ ਸਾਡਾ ਕਮੀਸ਼ਨ 90/- ਰੁਪਏ ਪ੍ਰਤੀ ਕਿੰਵਟਲ ਤੋ ਵਧਾਕੇ 200/- ਰੁਪਏ ਪ੍ਰਤੀ ਕਿੰਵਟਲ ਕੀਤਾ ਜਾਵੇ।ਐਸੋ: ਸਰਕਾਰ ਕੋਲੋਂ ਪਹਿਲਾਂ ਵੀ ਮੰਗ ਕਰ ਚੁੱਕੀ ਹੈ ਕਿ ਸਾਨੂੰ ਦੁਕਾਨ ਦਾ ਕਿਰਾਇਆ ਬਿਜਲੀ ਦਾ ਬਿੱਲ ਮੋਬਾਈਲ ਦਾ ਨੈੱਟ ਚਾਰਜਿੰਗ ਦਾ ਬਿੱਲ ਦਾ ਖਰਚਾ ਵੀ ਦਿੱਤਾ ਜਾਵੇ। ਇਸ ਵਕਤ ਡਿੱਪੂ ਹੋਲਡਰਾਂ ਨੂੰ ਆਪਣੇ ਘਰ ਦਾ ਖਰਚਾ ਚਲਾਉਣਾ ਬਹੁਤ ਔਖਾ ਹੋਇਆ ਪਿਆ ਹੈ ਸਾਡੇ ਸਾਰੇ ਡਿੱਪੂ ਹੋਲਡਰਾਂ ਦਾ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਦੇ ਅਧੀਨ ਪੰਜ ਲੱਖ ਜਾਂ ਜੋ ਪੰਜਾਬ ਸਰਕਾਰ ਸਭ ਦਾ ਦਸ ਲੱਖ ਦਾ ਬੀਮਾ ਕਰਨ ਜਾ ਰਹੀ ਹੈ ਸਾਡਾ ਵੀ ਕੀਤਾ ਜਾਵੇ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਸਾਡੀਆਂ ਮੰਗਾਂ ਤੇ ਫੋਰਨ ਗੋਰ ਕਰਕੇ ਮੰਗਾ ਮੰਨੀਆਂ ਜਾਣ।ਮਨਮੋਹਨ ਅਰੋੜਾ ਚੇਅਰਮੈਨ ਰਾਸ਼ਨ ਡਿੱਪੂ ਹੋਲਡਰ ਐਸੋਸੀਏਸ਼ਨ ਪੰਜਾਬ ਵਲੋਂ ਸਾਰੇ ਮੀਟਿੰਗ ਵਿੱਚ ਹਾਜ਼ਿਰ ਡਿੱਪੂ ਹੋਲਡਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਜੋ ਵੀ ਤੁਹਾਡੀਆਂ ਮੰਗਾਂ ਹਨ ਮੈ ਪੰਜਾਬ ਦੇ ਪ੍ਰਧਾਨ ਰਾਮਪਾਲ ਮਹਾਜਨ ਨੂੰ ਨਾਲ ਲੈ ਕੇ ਮੰਤਰੀ ਲਾਲ ਚੰਦ ਕਟਾਰੂਚੱਕ ਤੋਂ ਸਮਾਂ ਲੈ ਕੇ ਇਹਨਾਂ ਨੂੰ ਜਲਦੀ ਪੂਰੀਆਂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।ਇਸ ਮੀਟਿੰਗ ਵਿੱਚੋ ਸੁਦਰਸ਼ਨ ਕਿੰਗਰ ਕੈਸ਼ੀਅਰ, ਦੁੱਸ਼ਤ ਕੁਮਾਰ, ਬਲਜਿੰਦਰ ਮਿੰਟੂ, ਸਤੀਸ਼ ਰੂੱਝਾ, ਤਰਸੇਮ ਤਰੇੜਾ, ਬ੍ਰਿਜ ਮੋਹਨ, ਬਿੰਦਰ, ਮਨੋਹਰ ਲਾਲ, ਸ਼ਸ਼ੀ, ਸ਼ੇਖਰ, ਪਵਨ ਕੁਮਾਰ ਜਗਦੀਸ਼ ਸਿੰਘ ਜੱਗੀ , ਬਲਵੰਤ ਸਿੰਘ ਅਤੇ ਹੋਰ ਵੀ ਡਿੱਪੂ ਹੋਲਡਰ ਸ਼ਾਮਿਲ ਹੋਏ।ਪ੍ਰੈਸ ਸਕੱਤਰ ਪੰਜਾਬ ਸੁਦਰਸ਼ਨ ਮਿੱਤਲ ਨੇ ਸਾਰੇ ਡਿੱਪੂ ਹੋਲਡਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸੇ ਡਿੱਪੂ ਹੋਲਡਰਾਂ ਨੂੰ ਕਿਸੇ ਕਿਸਮ ਦੀ ਕੋਈ ਵੀ ਮੁਸ਼ਕਿਲ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।



# ਪਟਿਆਲਾ-ਆਸ/ਪਾਸ



## ਪਿੰਡ ਲੌਟ ਵਿਖੇ ਬਾਬਾ ਸ੍ਰੀ ਚੰਦ ਜੀ ਦਾ 531ਵਾਂ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ

### ਸਾਬਕਾ ਡੀ.ਆਈ. ਜੀ. ਰਣਬੀਰ ਸਿੰਘ ਖੱਟੜਾ ਨੇ ਹਾਜ਼ਰੀ ਭਰੀ

ਭਾਦਸੋਂ, 2 ਸਤੰਬਰ (ਭਰਪੂਰ ਸਿੰਘ ਮੱਟਰਾਂ) : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਿੰਡ ਲੌਟ ਵਿਖੇ ਬਾਬਾ ਸ੍ਰੀ ਚੰਦ ਮਹਾਰਾਜ ਜੀ ਦਾ 531ਵਾਂ ਪ੍ਰਕਾਸ਼ ਪੂਰਬ ਡੇਰਾ ਬਾਬਾ ਸ੍ਰੀ ਚੰਦ ਜੀ ਤਪ ਅਸਥਾਨ ਬਾਬਾ ਕਰਤਾਰ ਦਾਸ ਜੀ ਪਿੰਡ ਲੌਟ ਵਿਖੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ । ਇਹ ਸਮਾਗਮ ਡੇਰਾ ਗੱਦੀ ਨਸ਼ੀਨ ਮਹੰਤ ਸਤਨਾਮ ਦਾਸ ਲੌਟ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਸੰਤ ਮਹਾਂਪੁਰਸ਼ਾਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਬਾਬਾ ਸ੍ਰੀ ਚੰਦ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਉਹਨਾਂ ਦੇ ਵਿਚਾਰ ਦੱਸੇ। ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੋੜਨ ਦਾ ਯਤਨ ਕੀਤਾ। ਮੁੱਖ ਸੇਵਾਦਾਰ ਬਾਬਾ ਰਾਜੂ ਨੇ ਕਿਹਾ ਕਿ ਉਹ ਕੌਮਾਂ ਤੇ ਪਰਿਵਾਰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ ਜੋ ਆਪਣੇ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹਨ। ਇਸ ਮੌਕੇ ਬਾਬਾ ਰਾਜੂ ਜੀ ਨੇ ਜਿੱਥੇ ਆਈਆਂ ਸੰਗਤਾਂ ਨੂੰ ਜੀ ਆਇਆ ਕਿਹਾ ਉੱਥੇ ਹੀ ਹੁਮ ਹੁਮਾ ਕੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਆਏ ਪਤਵੰਤੇ ਸੱਜਣਾ ਦਾ ਸਿਰਪਾਓ ਦੇ ਕੇ ਸਨਮਾਨ ਕੀਤਾ ਗਿਆ । ਬਾਬਾ ਸ੍ਰੀ ਚੰਦ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਬਾਖੂਬੀ ਆਪਣੀ ਜਿੰਮੇਵਾਰੀ ਸਮਝਦੇ ਹੋਏ ਹਰ ਸਾਲ ਨਗਰ ਨਿਵਾਸੀਆਂ ਅਤੇ ਪੰਚਾਇਤ ਦੇ ਸਹਿਯੋਗ ਬਾਬਾ ਸ੍ਰੀ ਚੰਦ ਸੇਵਾ ਸੁਸਾਇਟੀ ਵੱਲੋਂ ਇਹ ਸਮਾਗਮ ਕਰਵਾਇਆ ਜਾਂਦਾ ਹੈ ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸਾਬਕਾ ਡੀਆਈਜੀ ਪੰਜਾਬ ਰਣਬੀਰ ਸਿੰਘ ਖੱਟੜਾ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਸਾਬਕਾ ਚੇਅਰਮੈਨ ਲਖਵੀਰ ਸਿੰਘ ਲੌਟ, ਜਥੇਦਾਰ ਜੋਗਿੰਦਰ ਸਿੰਘ ਲੌਟ, ਬਲਦੇਵ ਸਿੰਘ ਭੱਲ ਮਾਜਰਾ, ਪਰਮਜੀਤ ਸਿੰਘ ਮਾਛੀਵਾੜਾ, ਅਵਤਾਰ ਸਿੰਘ ਲੌਟ, ਬਾਬਾ ਵਾਹਿਗੁਰੂ ਸਿੰਘ ਜੀ, ਸਵਾਮੀ ਰਾਮ ਚੇਤਨ ਜੀ, ਮਹੰਤ ਜਸਵਿੰਦਰ ਗਿਰੀ ਜੀ, ਮਹੰਤ ਗੁਰਮੀਤ ਸਿੰਘ ਜੀ, ਮਹੰਤ ਜਾਗਨ ਜੋਤ ਗਿਰ, ਓਮ ਗਿਰੀ, ਬਾਬਾ ਰਾਜ ਦਾਸ , ਬਾਬਾ ਜਨਰੇਟਰਪੁਰੀ, ਰਾਮਗਿਰੀ ਸਟੇਜ ਦੀ ਭੂਮਿਕਾ ਬਾਖੂਬੀ ਭਾਈ ਕਰਮਜੀਤ ਸਿੰਘ ਸਾਹੀਵਾਲ ਨੇ ਨਿਭਾਈ ਸਮੂਹ ਇਲਾਕੇ ਦੀਆਂ ਸੰਗਤਾਂ ਨੇ ਇਸ ਸਮਾਗਮ ਦਾ ਆਨੰਦ ਮਾਣਿਆ।



## ਪੁਲਿਸ ਵੱਲੋਂ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਨੂੰ ਬੈਂਕ ਖਾਤੇ ਅਤੇ ਮੋਬਾਇਲ ਸਿਮ ਕਾਰਡ ਮੁਹੱਈਆ ਕਰਵਾਉਣ ਵਾਲਾ ਗਿਰੋਹ ਕਾਬੂ



ਪਟਿਆਲਾ, 2 ਸਤੰਬਰ (ਵਿਨੋਦ ਸ਼ਰਮਾ/ਰੁਪਾਣਾ) : ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ, ਆਈ.ਪੀ.ਐਸ ਦੀ ਨਿਗਰਾਨੀ ਹੇਠ ਪਟਿਆਲਾ ਪੁਲਿਸ ਦੀ ਸਾਈਬਰ ਕਰਾਇਮ ਟੀਮ ਨੇ ਆਸਵੰਤ ਸਿੰਘ (ਪੀ.ਪੀ.ਐਸ), ਐਸ.ਪੀ ਸਾਈਬਰ ਕਰਾਇਮ ਅਤੇ ਆਰਥਿਕ ਅਪਰਾਧ, ਪਟਿਆਲਾ ਅਤੇ ਇੰਸਪੈਕਟਰ ਤਰਨਦੀਪ ਕੌਰ ਐਸ.ਐਚ.ਓ ਥਾਣਾ ਸਾਈਬਰ ਕਰਾਇਮ ਪਟਿਆਲਾ ਦੀ ਅਗਵਾਈ ਹੇਠ ਪਟਿਆਲੇ ਦੇ ਇੱਕ ਅਜਿਹੇ ਗਿਰੋਹ ਨੂੰ ਫੜਿਆ ਹੈ, ਜੋ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਨੂੰ ਪੈਸੇ ਲੈ ਕੇ ਸਾਈਬਰ ਠੱਗੀ ਮਾਰਨ ਲਈ ਬੈਂਕ ਖਾਤੇ ਅਤੇ ਮੋਬਾਇਲ ਸਿਮ ਕਾਰਡ ਮੁਹੱਈਆ ਕਰਵਾ ਰਿਹਾ ਸੀ।ਆਮ ਲੋਕਾਂ ਦੇ ਨਾਮ 'ਤੇ ਲਏ ਗਏ ਇਹਨਾਂ ਮੋਬਾਇਲ ਸਿਮਾਂ ਰਾਹੀਂ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਵੱਲੋਂ ਭੋਲੇ ਭਾਲੇ ਲੋਕਾਂ ਨੂੰ ਫੋਨ ਕਰਕੇ ਉਹਨਾਂ ਨੂੰ ਡਿਜੀਟਲ ਅਰੈਸਟ ਦਾ ਡਰਾਵਾ ਦੇ ਕੇ ਜਾਂ ਨਿਵੇਸ਼ ਸਕੀਮਾਂ ਦਾ ਝਾਂਸਾ ਦੇ ਕੇ ਸਾਈਬਰ ਧੋਖਾਧੜੀ ਦਾ ਸ਼ਿਕਾਰ ਬਣਾ ਕੇ ਇਹਨਾਂ ਆਮ ਲੋਕਾਂ ਦੇ ਨਾਮ 'ਤੇ ਖੋਲੇ ਗਏ ਬੈਂਕ ਖਾਤਿਆਂ ਵਿੱਚ ਪੈਸੇ ਪੁਆ ਲਏ ਜਾਂਦੇ ਸਨ ਅਤੇ ਫਿਰ ਇਸ ਪੈਸੇ ਨੂੰ ਹੋਰ ਬੈਂਕ ਖਾਤਿਆਂ ਵਿਚੋਂ ਘੁਮਾ ਕੇ ਕਢਵਾ ਲਿਆ ਜਾਂਦਾ ਸੀ।ਹੁਣ ਤੱਕ ਇਸ ਗਿਰੋਹ ਦੇ 4 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ।ਪੰਕਜ, ਅਰਸ਼ਦੀਪ ਅਤੇ ਮੰਗਾ ਸਿੰਘ (ਸਾਰੇ ਪਟਿਆਲਾ ਦੇ ਵਾਸੀ) ਵੱਲੋਂ ਚਲਾਇਆ ਜਾ ਰਿਹਾ ਇਹ ਗਿਰੋਹ ਭੋਲੇ ਭਾਲੇ ਨੌਜਵਾਨਾਂ ਨੂੰ ਨੌਕਰੀ ਦੇਣ ਦਾ ਝਾਂਸਾ ਦੇ ਕੇ ਉਹਨਾਂ ਦਾ ਸੈਲਰੀ ਖਾਤੇ ਉਹਨਾਂ ਦੇ ਨਾਮ 'ਤੇ ਖੁਲਵਾ ਕੇ ਉਸ ਖਾਤੇ ਦਾ ਸਾਰਾ ਵੇਰਵਾ,ਏਟੀਐਮ ਕਾਰਡ ਅਤੇ ਨੈਟ ਬੈਂਕਿੰਗ ਦਾ ਵੇਰਵਾ ਆਪਣੇ ਕੋਲ ਰੱਖ ਲੈਂਦੇ ਸਨ।ਫਿਰ ਇਸ ਬੈਂਕ ਖਾਤੇ ਦਾ ਏਟੀਐਮ ਕਾਰਡ ਅਤੇ ਨੈਟ ਬੈਂਕਿੰਗ ਦਾ ਵੇਰਵਾ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਬਾਬੂ ਅਤੇ ਸੂਮੀ (ਜੋ ਪੰਜਾਬੀ ਮੂਲ ਦੇ ਹਨ) ਨੂੰ ਵੇਚ ਦਿੰਦੇ ਸਨ।ਇਹਨਾਂ ਵੱਲੋਂ ਇੱਕ ਸੇਵਿੰਗ ਬੈਂਕ ਖਾਤਾ 10,000/-ਰੁਪਏ ਅਤੇ ਇੱਕ ਕਰੰਟ ਬੈਂਕ ਖਾਤਾ 40,000/-ਰੁਪਏ ਵਿੱਚ ਵੇਚਿਆ ਜਾਂਦਾ ਸੀ।ਹੁਣ ਤੱਕ ਇਸ ਗੈਂਗ ਨੇ 30 ਤੋਂ ਵੱਧ ਬੈਂਕ ਖਾਤੇ ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਨੂੰ ਵੇਚੇ ਹਨ, ਜਿਹਨਾਂ ਵੱਲੋਂ ਕੁੱਝ ਮਹੀਨਿਆਂ ਵਿੱਚ ਹੀ ਇਹਨਾਂ ਬੈਂਕ ਖਾਤਿਆਂ ਰਾਹੀਂ ਕਰੋੜਾਂ ਰੁਪਏ ਦੀ ਧੋਖਾਧੜੀ ਕੀਤੀ ਗਈ ਹੈ।ਇਹਨਾਂ ਮਿਊਲ ਬੈਂਕ ਖਾਤਿਆਂ ਵਿੱਚ ਹੋਏ ਲੈਣ-ਦੇਣ ਦੀ ਪੂਰੀ ਜਾਣਕਾਰੀ ਬੈਂਕਾਂ ਤੋਂ ਪ੍ਰਾਪਤ ਕੀਤੀ ਜਾ ਰਹੀ ਹੈ।ਇਸ ਗਿਰੋਹ ਨੇ ਚੌਰਾ ਰੋਡ ਪਟਿਆਲਾ ਵਿਖੇ ਕੁੱਝ ਸਮੇਂ ਲਈ ਇੱਕ ਅਣ-ਅਧਿਕਾਰਤ ਡੀ-ਐਡੀਕਸ਼ਨ ਸੈਂਟਰ ਵੀ ਚਲਾਇਆ ਸੀ ਅਤੇ ਨਸ਼ਾ ਕਰਨ ਵਾਲਿਆ ਨੂੰ 500/-ਰੁਪਏ ਪ੍ਰਤੀ ਸਿਮ ਦਾ ਲਾਲਚ ਦੇ ਕੇ ਉਹਨਾ ਦੇ ਨਾਵਾਂ 'ਤੇ ਨਵੇਂ ਸਿਮ ਕਾਰਡ ਖਰੀਦ ਲਏ।ਇਹ ਸਿਮ ਕਾਰਡ ਵੀ ਅੱਗੇ ਫਿਲੀਪੀਨਜ਼ ਬੈਠੇ ਸਾਈਬਰ ਠੱਗਾ ਨੂੰ ਵੇਚੇ ਜਾਂਦੇ ਸਨ ਅਤੇ ਕੋਰੀਅਰ ਰਾਹੀ ਟੀ.ਸ਼ਰਟ ਦੀ ਸੀਨ ਵਿੱਚ ਲੁਕਾ ਛੁਪਾ ਕੇ ਫਿਲੀਪੀਨਜ਼ ਭੇਜੇ ਜਾਂਦੇ ਸਨ।ਹੁਣ ਤੱਕ ਇਸ ਗੈਂਗ ਨੇ ਲਗਭਗ 50 ਸਿਮ ਕਾਰਡ ਫਿਲੀਪੀਨਜ਼ ਭੇਜੇ ਹਨ।ਇਹ ਸਿਮ ਕਾਰਡ ਸਾਈਬਰ ਠੱਗਾ ਵੱਲੋਂ ਭਾਰਤ ਵਿੱਚ ਭੋਲਾ ਭਾਲੇ ਲੋਕਾਂ ਨੂੰ ਕਾਲ ਕਰਨ ਲਈ ਵਰਤੇ ਜਾਂਦੇ ਹਨ।ਇਹ ਸਾਰੇ ਸਿਮ ਕਾਰਡ ਡੀਜੀਟਲ ਜ਼ੋਨ ਦੁਕਾਨ ਤੋਂ ਬਿਨਾਂ ਸਹੀ ਜਾਂਚ ਪੜਤਾਲ ਦੇ ਵੇਚੇ ਗਏ ਸਨ।ਇਸ ਦੁਕਾਨ ਦੇ ਮਾਲਕ ਬੀਰਬਲ ਪੁੱਤਰ ਕ੍ਰਿਸ਼ਨ ਚੰਦ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।ਇਸ ਮਾਮਲੇ ਸਬੰਧੀ ਮੁਕੱਦਮਾ ਨੰਬਰ 29 ਮਿਤੀ 27.08.2025 ਅ/ਧ 316(2), 318(4), 336(3), 338, 340(2), 351(2), 61(2) ਬੀ.ਐਨ.ਐਸ ਅਤੇ 66-ਸੀ ਆਈ.ਟੀ ਐਕਟ ਥਾਣਾ ਸਾਈਬਰ ਕਰਾਇਮ ਪਟਿਆਲਾ ਦਰਜ ਰਜਿਸਟਰ ਕੀਤਾ ਗਿਆ ਹੈ, ਜਿਸ ਵਿੱਚ ਹੁਣ ਤੱਕ 4 ਦੋਸ਼ੀ ਗ੍ਰਿਫਤਾਰ ਕੀਤੇ ਗਏ ਹਨ।ਫਿਲੀਪੀਨਜ਼ ਬੈਠੇ ਸਾਈਬਰ ਠੱਗਾਂ ਬਾਬੂ ਅਤੇ ਸੂਮੀ ਦੇ ਪੰਜਾਬ ਕਨੈਕਸ਼ਨ ਸਬੰਧੀ ਤਫਤੀਸ਼ ਜਾਰੀ ਹੈ, ਤਾਂ ਜੋ ਇਸ ਸਾਈਬਰ ਧੋਖਾਧੜੀ ਦੇ ਪੂਰੇ ਜਾਲ ਨੂੰ ਬੇਨਕਾਬ ਕੀਤਾ ਜਾ ਸਕੇ।

## ਨਗਰ ਕੌਂਸਲ ਨਾਭਾ ਦਾ ਕਾਰਜ ਭਾਗ ਅਮਰਜੀਤ ਕੌਰ ਸਾਹਨੀ ਦੇਖਣਗੇ : ਦੇਵ ਮਾਨ



ਨਾਭਾ, 2 ਸਤੰਬਰ (ਬਲਜਿੰਦਰ ਮਾਨ): ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਅੱਜ ਗੱਲਬਾਤ ਕਰਦੇ ਹੋਏ ਕਿਹਾ ਕੇ ਸੁਜਾਤਾ ਚਾਵਲਾ ਨੂੰ ਅਣਮਿੱਥੇ ਸਮੇਂ ਲਈ ਛੁੱਟੀ 'ਤੇ ਭੇਜ ਦਿੱਤਾ ਗਿਆ। ਉਹਨਾਂ ਦੀ ਜਗ੍ਹਾ ਅਮਰਜੀਤ ਕੌਰ ਸਾਹਨੀ ਜਿਹੜੇ ਸੀਨੀਅਰ ਮੀਤ ਪ੍ਰਧਾਨ ਨੇ ਉਹਨਾਂ ਨੂੰ ਜਿੰਮੇਵਾਰੀ ਦੇ ਦਿੱਤੀ ਗਈ ਹੈ ਸ਼ਹਿਰ ਦਾ ਸਾਰਾ ਕੰਮ ਹੁਣ ਅਮਰਜੀਤ ਕੌਰ ਸਾਹਨੀ ਵੀ ਦੇਖਣਗੇ। ਅੱਜ ਦੇ ਧਰਨੇ ਤੇ ਗੱਲਬਾਤ ਕਰਦਿਆਂ ਕਿਹਾ ਕਿ ਧਰਨਾ ਪ੍ਰਦਰਸ਼ਨ ਨਾ ਕਰੋ ਆਪਣਾ ਸ਼ਹਿਰ ਹੈ ਆਪਣਾ ਭਾਈਚਾਰਾ ਹੈ ਉਹਨਾਂ ਕਿਹਾ ਕਿ ਜੇ ਟਰਾਲੀਆਂ ਦਾ ਮਾਮਲਾ ਹੈ ਤੇ ਕਿਸੇ ਨੇ ਚੋਰੀ ਕੀਤੀ ਹੈ ਉਹ ਸਾਬਤ ਹੋ ਗਈ ਤਾਂ ਮੈਂ ਤਾਂ ਖੁਦ ਕਹਿ ਰਿਹਾ ਹਾਂ ਸਜ਼ਾ ਮਿਲਣੀ ਚਾਹੀਦੀ ਪਰ ਸ਼ਹਿਰ ਦੀ ਭਲਾਈ ਵਾਸਤੇ ਅਤੇ ਸ਼ਹਿਰ ਦੀ ਸਫਾਈ ਵਾਸਤੇ ਬੇਨਤੀ ਕਰਦਾ ਕਿ ਤੁਸੀਂ ਸਾਰੇ ਰਲ ਮਿਲ ਕੇ ਸਾਥ ਦਿਓ,ਅਤੇ ਨਾਭਾ 59 ਵੇਂ ਨੰਬਰ ਤੋਂ ਗਿਆਵੇਂ ਨੰਬਰ ਤੇ ਆ ਗਿਆ ਸੀ ਆਪਾਂ ਨਾਭੇ ਨੂੰ ਰਲ ਮਿਲ ਕੇ ਇੱਕ ਨੰਬਰ 'ਤੇ ਲੈ ਕੇ ਆਉਣਾ ਕਿ ਇਹ ਜਿੰਮੇਵਾਰੀ ਮੇਰੀ ਬਣਦੀ ਹੈ ਕਿ ਨਾਭਾ ਸ਼ਹਿਰ ਸਾਫ ਸੁਥਰਾ ਰਹੇ। ਇੱਥੇ ਸਾਰੀਆਂ ਸਮੱਸਿਆਵਾਂ ਦਾ ਹੱਲ ਹੁੰਦਾ ਰਹੇ ਬਾਕੀ ਮੈ ਐਸ ਸੀ ਸਾਹਿਬਾਨ ਨੂੰ ਬੇਨਤੀ ਕਰਦਾ ਕਿ ਸਾਰੇ ਸਾਥ ਦੇਣ, ਉਹਨਾਂ ਕਿਹਾ ਕਿ ਕੁੱਝ ਵਿਰੋਧੀ ਨੇ ਜਿਹੜੇ ਇਸ ਗੱਲ ਨੂੰ ਚੱਕ ਰਹੀਆਂ ਨੇ ਪੰਕਜ ਪੱਪੂ ਨੂੰ ਅਰੈਸਟ ਕੀਤਾ ਜਾਣਾ ਚਾਹੀਦਾ ਹੈ ਮੈਂ ਤਾਂ ਕਹਿ ਰਿਹਾ ਸੀ ਐਫ ਆਈ ਆਰ ਹੋਈ ਹੈ ਇਹ ਕੰਮ ਪੁਲਿਸ ਦਾ ਹੈ ਐਫ ਆਈਆਰ ਹੋਈ ਹੈ ਇਹ ਕੰਮ ਪੁਲਿਸ ਪ੍ਰਸ਼ਾਸਨ ਨੇ ਕਰਨਾ ਹੈ

## ਸੰਗਠਨ ਸਿਰਜਣ ਅਭਿਆਨ ਕਾਂਗਰਸ ਦੀ ਮਜ਼ਬੂਤੀ ਲਈ ਬਿਹਤਰ: ਸਿਮਰਜੀਤ ਸਿੰਘ ਬੈਂਸ, ਡਾ. ਧਰਮਵੀਰ ਗਾਂਧੀ



ਪਟਿਆਲਾ, 2 ਸਤੰਬਰ (ਚ.ਨ.ਸ.) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਹੁਕਮਾਂ ਅਨੁਸਾਰ ਪਟਿਆਲਾ ਸ਼ਹਿਰੀ ਲਈ ਲਗੇ ਨਵ ਨਿਯੁਕਤ ਆਬਜ਼ਰਵਰ ਸਿਮਰਜੀਤ ਸਿੰਘ ਬੈਂਸ (ਸਾਬਕਾ ਐਮ ਐਲ ਏ), ਸਿਤਾਰ ਮੋਹੰਮਦ ਲਿਬੜਾ, ਸ਼ੁਭਮ ਸ਼ਰਮਾ ਵੱਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਵਰਕਰ ਅਤੇ ਅਹੁਦੇਦਾਰ ਸਹਿਬਾਨਾਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਮੰਚ ਦਾ ਸੰਚਾਲਨ ਹਰਵਿੰਦਰ ਸਿੰਘ ਨਿੱਪੀ ਸਪੋਕਸਪਰਸਨ ਪੰਜਾਬ ਕਾਂਗਰਸ ਨੇ ਕੀਤਾ ਅਤੇ ਬਲਾਕ ਪ੍ਰਧਾਨ ਰਾਜੇਸ਼ ਮੰਡੋਰਾ ਨੇ ਤਿੰਨੋ ਆਬਜ਼ਰਵਰ ਦਾ ਜੀ ਆਇਆ ਕੀਤਾ ਅਤੇ ਸਾਬਕਾ ਉਪਰੋਕਤ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਜੀ ਨੇ ਤਿੰਨੋ ਆਬਜ਼ਰਵਰ ਸਹਿਬਾਨਾਂ ਨੂੰ ਅਤੇ ਪਟਿਆਲਾ ਦੇ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ।ਸਿਮਰਜੀਤ ਬੈਂਸ ਨੇ ਕਿਹਾ ਕਿ ਕਾਂਗਰਸ ਪ੍ਰਾਟੀ ਇਕ ਬਹੁਤ ਮਜ਼ਬੂਤ ਪਾਰਟੀ ਹੈ ਅਤੇ ਸਾਰੀ ਕਾਂਗਰਸ ਪਾਰਟੀ ਇਕਠੀ ਹੈ। ਉਨ੍ਹਾਂ ਨੇ ਕਿਹਾ ਕਿ ਸੰਗਠਨ ਸਿਰਜਣ ਅਭਿਆਨ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਸ਼ੁਰੂ ਕੀਤਾ ਗਿਆ ਹੈ। ਇਸ ਅਭਿਆਨ ਨਾਲ ਕਾਂਗਰਸ ਆਪਣੀ 2027 ਵਿਚ ਸਰਕਾਰ ਬਣਾਇਗੀ। ਇਸ ਵਿਚ ਪੰਜਾਬ ਪ੍ਰਦੇਸ਼ ਦੇ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਨਰਿੰਦਰਪਾਲ ਲਾਲੀ, ਗੋਪਾਲ ਸਿੰਗਲਾ, ਕੰਵਲਜੀਤ ਸਹਿਗਲ, ਰਾਜੇਸ਼ ਸ਼ਰਮਾ ਰਾਜੂ , ਹਰੀਵਿੰਦਰ ਸ਼ੁਕਲਾ, ਹਰਵੀਰ ਸਿੰਘ ਢੀਂਡਸਾ ਤਿਨੋ ਬਲਾਕ ਪ੍ਰਧਾਨ, ਵਿਨੋਦ ਭਟਨਾਗਰ, ਅਨਿਲ ਮੰਦਿਗਿਲ, ਅਮਰਪ੍ਰੀਤ ਬੌਬੀ, ਮਨੋਜ ਠਾਕੁਰ, ਅਮਨਦੀਪ ਸਿੰਘ ਅਮਨ, ਗੁਰਦੇਵ ਪੂਨੀਆ, ਨਵਦੀਪ ਸ਼ਰਮਾ, ਗਿਆਨੇਸ਼ਵਰ ਪੰਜੇਲਾ, ਮਦਨ ਲਾਲ ਭਾਂਬਰੀ , ਰਾਕੇਸ਼ ਕੁਮਾਰ ਕੇਸ਼ੀ ਪੰਡਿਤ, ਮਾਧਵ ਸਿੰਗਲਾ, ਰਾਜੇਸ਼ ਬਗਣ ਗੌਤਮ ਸਲੂਜਾ ਜਿਲ੍ਹਾ ਪ੍ਰਧਾਨ ਆਈ ਟੀ ਸੈੱਲ,ਸੰਜਯ ਹੰਸ ਵਿਕਾਸ ਸਯਾਲ, ਰਜਨੀ ਬਿਡਲਾਨ, ਕਿਰਪਾਲ ਕੌਰ, ਰੋਹਿਤ ਹੰਸ, ਰੋਹਿਤ ਗੌਤਮ, ਅਮਰਜੀਤ ਸਹੋਤਾ ਨੇ ਸ਼ਮੂਲੀਅਤ ਕੀਤੀ।

## ਤੇਜਿੰਦਰ ਮਹਿਤਾ ਤੇ ਡਾਬੀ ਨੇ ਲਿਆ ਵੱਡੀ ਨਦੀਂ ਦਾ ਜਾਇਜ਼ਾ



ਪਟਿਆਲਾ, 2 ਸਤੰਬਰ (ਰੁਪਾਣਾ) : ਜ਼ਿਲਾ ਯੋਜਨਾ ਬੋਰਡ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਵੱਡੀ ਨਦੀ ਤੇ ਪਹੁੰਚਕੇ ਹਾਲਾਤ ਦਾ ਜਾਇਜ਼ਾ ਲਿਆ। ਉਨ੍ਹਾਂ ਮੌਕੇ ਤੇ ਹੀ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਫ਼ੋਨ ਕਰਕੇ ਪਟਿਆਲਾ ਸ਼ਹਿਰ ਨੂੰ ਹੜ ਤੋਂ ਬਚਾਉਣ ਲਈ ਹਰ ਸੰਭਵ ਯਤਨ ਕਰਨ ਦੀ ਤਾਕੀਦ ਕੀਤੀ। ਨਾਲ ਹੀ ਸ਼ਾਹੀ ਪਰਿਵਾਰ ਤੇ ਸਖ਼ਤ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਪਾ ਕੇ ਵੋਟ ਬਟੋਰਨ ਵਾਲਿਆਂ ਨੂੰ ਚਾਹੀਦਾ ਹੈ ਕਿ ਹੁਣੇ ਹੀ ਆਕੇ ਆਪਣੀ ਪਰਿਵਾਰਕ ਰਸਮ ਅਦਾ ਕਰ ਲੈਣ। ਕਿਉਂਕਿ ਸਰਕਾਰ ਪਟਿਆਲਾ ਨੂੰ ਹੜ੍ਹ ਤੋਂ ਬਚਾਉਣ ਲਈ ਹਰ ਸੰਭਵ ਉਪਰਾਲੇ ਕਰ ਰਹੀ ਹੈ, ਹੜ੍ਹ ਆਉਣ ਦੀ ਕੋਈ ਸੰਭਾਵਨਾ ਨਹੀਂ। ਬਾਅਦ ਵਿੱਚ ਨੱਥ-ਚੂੜਾ ਚੜ੍ਹਾਕੇ ਪਟਿਆਲਾ ਵਾਸੀਆਂ ਦੀ ਹਮਦਰਦੀ ਲੈਣ ਦਾ ਉਨ੍ਹਾਂ ਨੂੰ ਮੌਕਾ ਨਹੀਂ ਮਿਲਣਾ।ਉਨ੍ਹਾਂ ਕਿਹਾ ਕਿ ਨਦੀ ਵਿੱਚ ਪਿੱਛੋਂ ਰੁੜ ਕੇ ਆ ਰਹੀ ਜਲ-ਬੂਟੀ ਨੂੰ ਲਗਾਤਾਰ ਮਸ਼ੀਨਾਂ ਨਾਲ ਕੱਢਣ ਦਾ ਕੰਮ ਜਾਰੀ ਹੈ। ਮੰਤਰੀ ਅਤੇ ਐਮਐਲਏ ਸਾਹਿਬਾਨ ਤੋਂ ਲੈਕੇ ਪਾਰਟੀ ਦੇ ਵਰਕਰ ਤੱਕ ਹਰ ਪਲ ਸਥਿਤੀ ਤੇ ਨਿਗ੍ਹਾ ਰੱਖ ਰਹੇ ਹਨ। ਇਸ ਲਈ ਪਟਿਆਲਾ ਵਾਸੀਆਂ ਨੂੰ ਘਬਰਾਉਣ ਅਤੇ ਅਫਵਾਹਾਂ ਤੋਂ ਡਰਨ ਦੀ ਕੋਈ ਲੋੜ ਨਹੀਂ ਹੈ।ਇਸ ਮੌਕੇ ਤੇ ਉਨ੍ਹਾਂ ਦੇ ਨਾਲ ਜ਼ਿਲਾ ਸਕੱਤਰ ਅਮਿਤ ਡਾਬੀ, ਜ਼ਿਲ੍ਹਾ ਖਜ਼ਾਨਚੀ ਤੇ ਬਲਾਕ ਪ੍ਰਧਾਨ ਮੁਖਤਿਆਰ ਸਿੰਘ ਗਿੱਲ, ਸੋਸ਼ਲ ਮੀਡੀਆ ਇੰਚਾਰਜ ਸੁਮਿਤ ਟਕੇਜਾ, ਬਲਾਕ ਪ੍ਰਧਾਨ ਰੂਬੀ ਭਾਟੀਆ , ਸੁਸ਼ੀਲ ਮਿੱਡਾ, ਅਮਰਜੀਤ ਸਿੰਘ ਅਰੋੜਾ, ਅਮਨ ਬਾਂਸਲ, ਨੌਜਵਾਨ ਆਗੂ ਸੁਰਿੰਦਰ ਸਿੰਘ ਨਿੱਕੂ ਅਤੇ ਹੋਰ ਪਤਵੰਤੇ ਲੋਕ ਹਾਜ਼ਰ ਸਨ।

## ਕੁਦਰਤੀ ਕਰੋਪੀ ਸਮੇਂ ਲੋਕਾਂ ਨੇ ਦਿੱਤਾ ਇੱਕਜੁੱਟਤਾ ਦਾ ਸੁਨੇਹਾ : ਦੇਵ ਮਾਨ

### *ਭਾਦਸੋਂ ਨਗਰ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮੱਗਰੀ ਭੇਜੀ*




ਭਾਦਸੋਂ, 2 ਸਤੰਬਰ (ਭਰਪੂਰ ਸਿੰਘ ਮੱਟਰਾਂ) : ਬੀਤੇ ਕੁਝ ਦਿਨਾਂ ਤੋਂ ਸੂਬੇ ਅੰਦਰ ਭਾਰੀ ਮੀਂਹ ਤੋਂ ਬਾਅਦ ਆਏ ਹੜ੍ਹਾਂ ਨਾਲ ਮਾਝਾ ਖੇਤਰ 'ਚ ਹੋਏ ਭਾਰੀ ਨੁਕਸਾਨ ਦੇ ਚਲਦਿਆਂ ਨਾਭਾ ਹਲਕੇ ਦੇ ਨਗਰ ਭਾਦਸੋਂ ਤੋਂ ਹੜ੍ਹ ਪੀੜਤ ਬੇਜ਼ਬਾਨ ਪਸ਼ੂਆਂ ਵਾਸਤੇ ਚਾਰੇ ਦੀਆਂ ਗੱਠਾਂ ਦਾ ਟਰੱਕ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਰਵਾਨਾ ਕੀਤਾ ਗਿਆ।ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਇਹ ਮਦਦ ਭਾਦਸੋਂ ਦੇ ਪੰਚਾਇਤ ਦੇ ਕੌਂਸਲਰਾਂ, ਦੁਕਾਨਦਾਰ ਵਰਗ, ਨਗਰ, ਟਰੱਕ ਯੂਨੀਅਨ ਅਤੇ ਪਤਵੰਤਿਆਂ ਵੱਲੋਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਸਾਂਝੇ ਤੌਰ ਤੇ ਭੇਜੀ ਜਾ ਰਹੀ ਹੈ। ਇਸ ਤੋਂ ਇਲਾਵਾ ਪਟਿਆਲਾ ਦੇ ਦਾਨੀ ਸੱਜਣ ਵੱਲੋਂ ਸੇਬਾਂ ਦੀਆਂ ਪੇਟੀਆਂ ਦੀ ਸੇਵਾ ਕੀਤੀ ਗਈ ਹੈ, ਜੋ ਇਸ ਟਰੱਕ ਨਾਲ ਰਾਜਾਸਾਂਸੀ ਖੇਤਰ ਦੇ ਹੜ੍ਹ ਪ੍ਰਭਾਵਿਤ ਇਲਾਕੇ ਲਈ ਰਵਾਨਾ ਕੀਤੀ ਗਈਆਂ ਹਨ।ਉਨ੍ਹਾਂ ਕਿਹਾ ਕਿ ਭਾਦਸੋਂ ਤੋਂ ਰਾਹਤ ਸਮਗਰੀ ਦਾ ਇੱਕ ਟਰੱਕ ਅਗਲੇ ਦੋ ਦਿਨਾਂ ਅੰਦਰ ਹੋਰ ਰਵਾਨਾ ਹੋਵੇਗਾ ਜਿਸਤੋਂ ਇਲਾਵਾ ਨਾਭਾ ਤੋਂ ਚਾਰ ਦੇ ਕਰੀਬ ਟਰੱਕ ਰਾਹਤ ਸਮਗਰੀ ਲੈ ਕੇ ਜਲਦ ਭੇਜੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕੁਦਰਤੀ ਆਫ਼ਤਾਂ ਸਮੇਂ ਸਾਨੂੰ ਮਿੱਲ ਜੁੱਲ ਕੇ ਮਦਦ ਲਈ ਹੰਭਲਾ ਮਾਰਨਾ ਚਾਹੀਦਾ ਹੈ ਅਤੇ ਪੰਜਾਬੀਆਂ ਨੇ ਇਕ ਦੂਸਰੇ ਦੀ ਮਦਦ ਕਰਕੇ ਇਸ ਮੁਸ਼ਕਲ ਘੜੀ ਵਿੱਚ ਇੱਕਜੁੱਟਤਾ ਦਾ ਸੁਨੇਹਾ ਦਿੱਤਾ ਹੈ। ਇਸ ਦੌਰਾਨ ਗੱਲਬਾਤ ਕਰਦੇ ਹੋਏ ਸਮਾਜ ਸੇਵੀ ਸੁਦਰਸ਼ਨ ਗੁਪਤਾ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ, ਸੈਂਕੀ ਸਿੰਗਲਾ ਪ੍ਰਧਾਨ, ਬੱਬੀ ਰੰਘੇੜੀ ਜਰਨਲ ਸਕੱਤਰ ਵਪਾਰ ਮੰਡਲ ਨੇ ਵਪਾਰੀ ਵਰਗ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਹੋਰ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇੱਕਜੁੱਟ ਹੋ ਕੇ ਇਸ ਕਾਰਜ ਵਿਚ ਆਪਣਾ ਯੋਗਦਾਨ ਪਾਇਆ। ਇਸ ਮੌਕੇ ਮਨਪ੍ਰੀਤ ਸਿੰਘ ਕਰਤਾਰ ਕੰਬਾਈਨ, ਸੰਜੀਵ ਸੂਦ, ਤੇਜਿੰਦਰ ਸਿੰਘ ਖਹਿਰਾ ਡਾਇਰੈਕਟਰ ਯੂਥ ਵਿਕਾਸ ਬੋਰਡ, ਬੱਬੀ ਰੰਘੇੜੀ ਪ੍ਰਧਾਨ ਸਵਰਨਕਾਰ ਯੂਨੀਅਨ, ਚਰਨਜੀਤ ਸਿੰਘ ਰਿੰਪੀ, ਸਤਨਾਮ ਸਿੰਘ ਖ਼ਾਲਸਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਸੁਖਜਿੰਦਰ ਸਿੰਘ ਟੌਹੜਾ ਪ੍ਰਧਾਨ ਟਰੱਕ ਯੂਨੀਅਨ,ਕਮਲਪ੍ਰੀਤ ਸਿੰਘ ਭਾਦਸੋਂ, ਲਾਡੀ ਖੱਟੜਾ, ਰਜਿੰਦਰ ਖਨੌੜਾ, ਨਿਤਿਨ ਗੁਪਤਾ, ਦਲਜੀਤ ਸਿੰਘ ਟਿਵਾਣਾ ਰਾਇਮਲ ਮਾਜਰੀ, ਨਿਰਭੈ ਸਿੰਘ ਘੁੰਡਰ, ਭੁਪਿੰਦਰ ਸਿੰਘ ਕੱਲਰਮਾਜਰੀ, ਜਸਵੀਰ ਸਿੰਘ ਸ਼ਿੰਦਾ ਵੀ ਹਾਜ਼ਰ ਸਨ ।

## ਪੰਜਾਬ 'ਚ ਹੜ੍ਹ ਕੇਂਦਰ ਦੀ ਦੇਣ: ਜਥੇ: ਕਰਤਾਰਪੁਰ



ਬਲਬੇੜ੍ਹਾ, 2 ਸਤੰਬਰ (ਗੁਰਜੀਤ ਸਿੰਘ ਢੋਟ):ਪੰਜਾਬ ਦੇ ਲੋਕਾਂ ਨੂੰ ਹੜ੍ਹ ਦੇ ਪਾਣੀ ਦਾ ਮੁੱਦਾ ਕੋਈ ਕੁੱਦਰਤ ਦੀ ਕਾਰੋਪੀ ਨਹੀਂ । ਇਹ ਸਰਕਾਰ ਦੀ ਮਿਲੀ ਜੁਲੀ ਸਾਜਿਸ਼ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਮੋਹਣ ਸਿੰਘ ਕਰਤਾਰਪੁਰ ਐਗਜੈਕਟਿਵ ਮੈਂਬਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੇ ਪ੍ਰਧਾਨ ਪੰਜਾਬ ਸਿੱਖ ਕੌਂਸਲ ਪੰਜਾਬ ਨੇ ਮੀਡੀਆ ਦੇ ਮੁਖਾਤਿਬ ਹੁੰਦਿਆਂ ਕੀਤਾ। ਕਰਤਾਪੁਰ ਨੇ ਕਿਹਾ ਕਿ ਪੰਜਾਬ ਦਾ ਅੰਨਦਾਤਾ ਜੋ ਸਾਰੇ ਦੇਸ਼ ਦਾ ਢਿੱਡ ਭਰ ਰਿਹਾ ਹੈ ਅੱਜ ਕੇਂਦਰ ਸਰਕਾਰ ਦੀਆਂ ਗਲਤ ਨੀਤੀਆ ਕਾਰਨ ਬੇਘਰ ਤੇ ਬੇਵੱਸ ਹੋਇਆ ਪਿਆ ਹੈ, ਜੋ ਕਿਸਾਨੀ ਤੇ ਆਮ ਲੋਕਾਂ ਨਾਲ ਬਹੁਤ ਵੱਢਾ ਧੋਖਾ ਹੈ।ਕਰਤਾਰਪੁਰ ਨੇ ਕਿਹਾ ਕਿ ਭਾਗੜਾ ਡੈਮ ਅਤੇ ਹੋਰ ਦਰਿਆਵਾਂ ਦਾ ਜੋ ਪਾਣੀ ਹੈ ਉਹ ਇੱਕ ਦਿੱਨ ਵਿਚ ਓਵਰ ਫਲੋ ਨਹੀਂ ਹੋਇਆ ਪਿੱਛਲੀਆਂ ਸਰਕਾਰਾਂ ਆਪਣੇ ਕਾਰਜਕਾਲ ਅੰਦਰ ਵੀ ਇਹ ਵਾਧੂ ਪਾਣੀ ਨੂੰ ਘੱਟ ਕਰਦੀਆਂ ਸਨ ਪਰ ਦੇਸ਼ ਦੀ ਮੌਜੂਦਾ ਸਰਕਾਰ ਨੇ ਇੱਕੋ ਦਮ ਓਵਰ ਪਾਣੀ ਛੱਡ ਕੇ ਅੱਜ ਅੱਧਾ ਪੰਜਾਬ ਬਰਬਾਦ ਕਰ ਕੇ ਰੱਖ ਦਿੱਤਾ, ਜਿਸ ਨਾਲ ਅੱਜ ਪੰਜਾਬ ਦਾ ਕਿਸਾਨ ਤੇ ਆਮ ਲੋਕ ਬੇਘਰ ਹੋਏ ਪਏ ਹਨ ਫਸਲਾਂ, ਮਾਲ ਡੰਗਰ ਬਰਬਾਦ ਹੋ ਗਏ ਇਹ ਦੇਸ਼ ਦੀ ਸਰਕਾਰ ਪੰਜਾਬ ਅਤੇ ਪੰਜਾਬੀਆਂ ਨਾਲ ਸ਼ੁਰੂ ਤੋਂ ਹੀ ਖਾਰ ਖਾਂਦੀ ਹੈ, ਜੋ ਬਿੱਲਕੁਲ ਗਲਤ ਹੈ।

## ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਰੋਜ਼ਾਨਾ ਘੱਗਰ ਦਾ ਕੀਤਾ ਜਾ ਰਿਹੈ ਮੁਆਇਨਾ



ਘਨੌਰ, 2 ਸਤੰਬਰ (ਮਦਨ ਲਾਲ) : ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਘੱਗਰ ਦੇ ਵਿੱਚ ਵੱਧ ਰਹੇ ਪਾਣੀ ਦੇ ਪੱਧਰ ਦੀ ਸਥਿਤੀ ਦਾ ਗਰਾਊਂਡ ਜ਼ੀਰੋ ਦੇ ਉੱਪਰ ਜਾ ਕੇ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ। ਉਹ ਰੋਜ਼ਾਨਾ ਗੁਰਦੁਆਰਾ ਸ੍ਰੀ ਭਗਤ ਧੰਨਾ ਜੀ ਨੇੜੇ ਘੱਗਰ ਦਰਿਆ ਦਾ ਮੁਆਇਨਾ ਕਰ ਰਹੇ ਹਨ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਜਾ ਰਹੀ।ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਕਿਹਾ ਕਿ ਫਿਲਹਾਲ ਘਨੌਰ ਵਿੱਚ ਕਿਸੇ ਤਰ੍ਹਾਂ ਦਾ ਵੱਡਾ ਖ਼ਤਰਾ ਨਹੀਂ ਹੈ, ਪਰ ਘੱਗਰ ਦੇ ਪਾਣੀ ਕਾਰਨ ਕਿਸਾਨਾਂ ਦੀਆਂ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਪ੍ਰਭਾਵਿਤ ਖੇਤਰਾਂ ਦੀ ਗਿਰਦਾਵਰੀ ਕਰਵਾਈ ਜਾਵੇਗੀ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਉਚਿਤ ਮੁਆਵਜ਼ਾ ਦਿੱਤਾ ਜਾ ਸਕੇ।ਪ੍ਰਸ਼ਾਸਨ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ। ਉਹਨਾਂ ਕਿਹਾ ਕਿ ਐਸਡੀਐਮ ਰਾਜਪੁਰਾ ਅਭਿਕੇਸ਼ ਗੁਪਤਾ, ਨਹਿਰੀ ਵਿਭਾਗ ਦੇ ਐਕਸੀਅਨ, ਐਸਡੀਓ, ਜੇਈ ਸਮੇਤ ਸਮੂਹ ਮੁਲਾਜ਼ਮ ਅਤੇ ਸਾਡੇ ਵਰਕਰ ਇਸ ਸਮੇਂ ਗਰਾਊਂਡ ਜ਼ੀਰੋ ਦੇ ਉੱਪਰ ਘੱਗਰ ਦੀ ਸਥਿਤੀ 'ਤੇ ਨਜ਼ਰ ਬਣਾਈ ਹੋਈ ਹੈ। ਉਹਨਾਂ ਕਿਹਾ ਕਿ ਉਹਨਾਂ ਕਿਹਾ ਕਿ ਡੇਰਾ ਬੱਸੀ ਦੇ ਵਿੱਚ ਹੁਣ ਘੱਗਰ ਦੇ ਪਾਣੀ ਦਾ ਪੱਧਰ ਘਟਣਾ ਸ਼ੁਰੂ ਹੋ ਚੁੱਕਿਆ ਹੈ ਅਤੇ ਜੋ ਸਾਡੇ ਲਈ ਕਿਤੇ ਨਾ ਕਿਤੇ ਰਾਹਤ ਭਰੀ ਖਬਰ ਹੈ।

## ਦੋ ਰੋਜ਼ਾ ਸਿਖਲਾਈ ਵਰਕਸ਼ਾਪ 'ਚ ਲਿਆ ਤਿੱਬਤੀਆਂ ਨੇ ਹਿੱਸਾ



ਪਟਿਆਲਾ, 2 ਸਤੰਬਰ (ਚ.ਨ.ਸ.) : ਉਰਦੂ ਵਿਕੀਸਰੋਤ ਸ਼ੁਰੂ ਕਰਵਾਉਣ ਦੇ ਨਾਲ-ਨਾਲ ਪੰਜਾਬੀ ਵਿਕੀਮੀਡੀਅਨਜ਼ ਨੇ ਹੁਣ ਤਿੱਬਤੀ ਭਾਸ਼ਾ ਦਾ ਵਿਕੀਸਰੋਤ ਸ਼ੁਰੂ ਕਰਵਾਉਣ ਲਈ ਵੀ ਹੱਥ ਅੱਗੇ ਵਧਾਇਆ ਹੈ। ਪੰਜਾਬੀ ਵਿਕੀਮੀਡੀਅਨਜ਼ ਯੂਜ਼ਰ ਗਰੁੱਪ ਵੱਲੋਂ ਕਰਵਾਈ ਦੋ-ਰੋਜ਼ਾ ਵਰਕਸ਼ਾਪ ਦੌਰਾਨ ਤਿੱਬਤੀ ਵਿਕੀਮੀਡੀਅਨਜ਼ ਨੇ ਸ਼ਾਮਲ ਹੋਕੇ ਇਸ ਸਬੰਧੀ ਸਿਖਲਾਈ ਹਾਸਲ ਕੀਤੀ। ਦੱਸਣਯੋਗ ਹੈ ਕਿ ਵਿਕੀਸਰੋਤ ਵਿਕੀਮੀਡੀਆ ਫਾਊਂਡੇਸ਼ਨ, ਅਮਰੀਕਾ ਦਾ ਗਿਆਨ ਅਤੇ ਸਿੱਖਿਆ ਦੀ ਮੁਫ਼ਤ ਉਪਲੱਬਧਤਾ ਨੂੰ ਪ੍ਰਣਾਇਆ ਆਨਲਾਈਨ ਲਾਇਬ੍ਰੇਰੀ ਪ੍ਰੋਜੈਕਟ ਹੈ, ਜੋ ਕਿ ਵਿਸ਼ਵ ਦੀਆਂ 80 ਭਾਸ਼ਾਵਾਂ ਵਿੱਚ ਸ਼ੁਰੂ ਹੋ ਚੁੱਕਿਆ ਹੈ ਅਤੇ ਹੋਰ ਭਾਸ਼ਾਵਾਂ ਵਿੱਚ ਸ਼ੁਰੂ ਕਰਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬੀ ਵਿਕੀਮੀਡੀਅਨਜ਼ ਯੂਜ਼ਰ ਗਰੁੱਪ ਦੇ ਵਲੰਟੀਅਰ ਮੀਡੀਆ ਇੰਚਾਰਜ ਅਮਨ ਅਰੋੜਾ ਨੇ ਦੱਸਿਆ ਕਿ ਪਟਿਆਲਾ ਵਿਖੇ ਸੀਨੀਅਰ ਵਿਕੀਮੀਡੀਅਨ ਸਤਦੀਪ ਗਿੱਲ, ਆਈਆਈਆਈਟੀ ਹੈਦਰਾਬਾਦ ਦੀ ਪ੍ਰੋਗਰਾਮ ਅਫ਼ਸਰ ਨਿਤੇਸ਼ ਗਿੱਲ ਅਤੇ ਗਰੁੱਪ ਕੋਆਰਡੀਨੇਟਰ ਕੁਲਦੀਪ ਸਿੰਘ ਬੁਰਜ ਭਲਾਈਕੇ ਦੀ ਅਗਵਾਈ ਵਿੱਚ ਪੰਜਾਬੀ ਵਿਕੀਸਰੋਤ 'ਤੇ ਕੰਮ ਕਰਨ ਵਾਲੇ ਵਲੰਟੀਅਰਾਂ ਦੀ ਦੋ-ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਜੂਨ 2025 ਵਿੱਚ ਓਪਨ ਪੇਚਾ ਨੇ ਸਤਦੀਪ ਗਿੱਲ ਨਾਲ ਤਿੱਬਤੀ ਭਾਸ਼ਾ ਦਾ ਵਿਕੀਸਰੋਤ ਸ਼ੁਰੂ ਕਰਨ ਬਾਰੇ ਮੁਢਲੀਆਂ ਗੱਲਾਂ ਕੀਤੀਆਂ ਸਨ। ਇਸ ਤੋਂ ਬਾਅਦ ਅਗਸਤ 2025 ਵਿੱਚ ਕੀਨੀਆ ਵਿਖੇ ਹੋਈ ਵਿਕੀਮੀਡੀਅਨਜ਼ ਦੀ ਵਿਸ਼ਵ ਪੱਧਰੀ ਕਾਨਫਰੰਸ ਦੌਰਾਨ ਨਿਤੇਸ਼ ਗਿੱਲ ਨੇ ਓਪਨ ਪੇਚਾ ਦੇ ਮੈਂਬਰਾਂ ਨੂੰ ਇਸ ਵਰਕਸ਼ਾਪ ਵਿੱਚ ਭਾਗ ਲੈਣ ਲਈ ਸੱਦਾ ਦਿੱਤਾ।ਵਰਕਸ਼ਾਪ ਦੌਰਾਨ ਸਤਦੀਪ ਗਿੱਲ, ਨਿਤੇਸ਼ ਗਿੱਲ, ਕੁਲਦੀਪ ਬੁਰਜਭਲਾਈਕੇ, ਚਰਨ ਗਿੱਲ, ਜੱਸੂ ਰੂਮੀ, ਤਮਨਪ੍ਰੀਤ ਕੌਰ ਨੇ ਵਿਕੀਮੀਡੀਅਨਜ਼ ਨੂੰ ਵਿਕੀਸਰੋਤ ਤੇ ਕੰਮ ਕਰਨ ਸਬੰਧੀ ਤਕਨੀਕੀ ਸਿਖਲਾਈ ਦਿੱਤੀ। ਵਿਕੀਸਰੋਤ ਲਈ ਆਪਣੀਆਂ ਛੇ ਕਿਤਾਬਾਂ ਦਾ ਵਲੰਟੀਅਰ ਯੋਗਦਾਨ ਦੇਣ ਵਾਲੇ ਲੇਖਕ ਬਲਰਾਮ ਬੋਧੀ ਅਤੇ ਸਭ ਤੋਂ ਵੱਧ ਕੰਮ ਕਰਨ ਵਾਲੀ ਵਲੰਟੀਅਰ ਸੋਨੀਆ ਅਟਵਾਲ ਨੂੰ ਸਨਮਾਨਿਤ ਕੀਤਾ ਗਿਆ। ਪ੍ਰਸਿੱਧ ਗਾਇਕਾ ਕੁਸੁਮ ਸ਼ਰਮਾ ਨੇ ਗੀਤ ਪੇਸ਼ ਕਰ ਮਹਿਮਾਨਾਂ ਦਾ ਮਨੋਰੰਜਨ ਕੀਤਾ। ਗੀਤ ਆਰਟਸ ਦੇ ਸੁਖਜੀਵਨ ਸਿੰਘ ਨੇ ਵਰਕਸ਼ਾਪ ਦੌਰਾਨ ਫੋਟੋਗ੍ਰਾਫੀ ਦੀ ਸੇਵਾ ਨਿਭਾਈ।ਇਸ ਮੌਕੇ 'ਤੇ ਡਾ. ਪਵਨ ਟਿੱਬਾ, ਕੁਲਦੀਪ ਸਿੰਘ, ਗੁਰਤੇਜ ਚੌਹਾਨ, ਗੁਰਜੀਤ ਚੌਹਾਨ, ਸਹਿਜਪ੍ਰੀਤ ਕੌਰ, ਤਰਨਪ੍ਰੀਤ ਕੌਰ, ਅਰਸ਼ ਰੰਡਿਆਲਾ, ਅੰਮ੍ਰਿਤਪਾਲ ਕੌਰ, ਸਤਪਾਲ ਦੰਦੀਵਾਲ, ਗੁਰਲਾਲ ਮਾਨ ਹਾਜ਼ਰ ਸਨ।

*ਮਾਮਲਾ ਦੋ ਧਿਰਾਂ ਵਿਚਕਾਰ ਹੋਈ ਗੋਲੀਬਾਰੀ ਦੇ ਮਾਮਲੇ ਦਾ*

## ਤਿੰਨ ਮੁਲਜ਼ਮਾਂ ਨੂੰ ਵਾਰਦਾਤ ਵਿੱਚ ਵਰਤੇ ਦੋ ਨਾਜਾਇਜ਼ ਹਥਿਆਰਾਂ ਸਮੇਤ ਕੀਤਾ ਕਾਬੂ

ਸਮਾਣਾ, 2 ਸਤੰਬਰ (ਵਿਜੇ ਕੁਮਾਰ) : ਪਿੰਡ ਕਕਰਾਲਾ ਭਾਈਕਾ ਵਿੱਚ ਦੋ ਧਿਰਾਂ ਵਿਚਕਾਰ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਦਰਜ ਕੇਸ ਵਿੱਚ ਨਾਮਜ਼ਦ 10 ਨੌਜਵਾਨਾਂ ਵਿੱਚੋਂ ਮਵੀਕਲਾਂ ਪੁਲਿਸ ਨੇ 3 ਮੁਲਜ਼ਮਾਂ ਨੂੰ ਵਾਰਦਾਤ ਵਿੱਚ ਵਰਤੇ ਗਏ ਦੋ ਨਾਜਾਇਜ਼ ਹਥਿਆਰਾਂ ਸਮੇਤ ਕਾਬੂ ਕਰ ਲਿਆ ਹੈ।ਮਵੀਕਲਾਂ ਪੁਲਿਸ ਚੌਕੀ ਇੰਚਾਰਜ ਹਰਦੀਪ ਸਿੰਘ ਵਿਰਕ ਨੇ ਦੱਸਿਆ ਕਿ ਲਗਭਗ 10 ਦਿਨ ਪਹਿਲਾਂ ਪਿੰਡ ਕਕਰਾਲਾ ਭਾਈਕਾ ਦੀ ਅਨਾਜ ਮੰਡੀ ਵਿੱਚ ਨੌਜਵਾਨਾਂ ਦੇ ਦੋ ਧੜਿਆਂ ਵਿੱਚ ਹੋਏ ਝਗੜੇ ਦੌਰਾਨ ਗੋਲੀਬਾਰੀ ਮਗਰੋਂ ਪੁਲਿਸ ਨੇ ਧਾਰਾ 307 ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਇਸ ਮਾਮਲੇ ਵਿੱਚ ਫੜੇ ਗਏ ਮੁਲਜ਼ਮਾਂ ਵਿੱਚ ਪਿੰਡ ਕਕਰਾਲਾ ਭਾਈਕਾ ਦਾ ਕਰਨਵੀਰ ਸ਼ਰਮਾ, ਪਿੰਡ ਦੁੱਗਲ ਦਾ ਲਖਵਿੰਦਰ ਸਿੰਘ ਲਾਲੀ ਅਤੇ ਪਿੰਡ ਸ਼ਾਹਪੁਰ ਦਾ ਹਰਵਿੰਦਰ ਸਿੰਘ ਸ਼ਾਮਲ ਹਨ। ਪੁਲਿਸ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਕੋਲੋਂ ਨਾਜਾਇਜ਼ ਤੌਰ 'ਤੇ ਰੱਖਿਆ ਹੋਇਆ ਰਿਵਾਲਵਰ ਅਤੇ ਪਿਸਤੌਲ ਵੀ ਬਰਾਮਦ ਕੀਤਾ ਹੈ।ਅਧਿਕਾਰੀ ਅਨੁਸਾਰ ਹਿਰਾਸਤ ਵਿੱਚ ਲਏ ਗਏ ਤਿੰਨੋਂ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਦੇ ਹੁਕਮਾਂ 'ਤੇ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ, ਜਦੋਂਕਿ ਬਾਕੀ ਫ਼ਰਾਰ ਮੁਲਜ਼ਮਾਂ ਨੂੰ ਫੜਨ ਲਈ ਪੁਲਿਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਹੜ੍ਹਾਂ ਦੀ ਸਥਿਤੀ ਨੂੰ ਦੇਖਦਿਆਂ ਜ਼ਿਲ੍ਹਾ ਬਾਰ ਤੇ ਸਮੂਹ ਵਕੀਲਾਂ ਨੇ ਨੋ-ਵਰਕ ਡੇਅ ਰੱਖਿਆ

ਪਟਿਆਲਾ, 2 ਸਤੰਬਰ (ਵਿਨੋਦ ਸ਼ਰਮਾ) : ਜ਼ਿਲ੍ਹਾ ਬਾਰ ਐਸੋਸੀਏਸ਼ਨ ਪਟਿਆਲਾ ਦੀ ਇੱਕ ਅਹਿਮ ਬੈਠਕ ਜੋ ਬਾਰ ਦੇ ਪ੍ਰਧਾਨ ਐਡਵੋਕੇਟ ਮਨਵੀਰ ਸਿੰਘ ਟਿਵਾਣਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਾਰੇ ਹੀ ਅਹੁਦੇਦਾਰਾਂ ਅਤੇ ਐਗਜੈਕਟਿਵ ਮੈਂਬਰਾਂ ਤੋਂ ਇਲਾਵਾ ਸੀਨੀਅਰ ਅਤੇ ਕੁਝ ਜੂਨੀਅਰ ਵਕੀਲਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਅੱਜ ਦੇ ਦਿਨ ਨੋ-ਵਰਕ ਡੇਅ ਸਮੂਹ ਵਕੀਲਾਂ ਵੱਲੋਂ ਰੱਖਿਆ। ਇਹ ਨੋ ਵਰਕ ਡੇਅ ਪਟਿਆਲਾ ਅਤੇ ਨਾਲ ਲਗਦੇ ਖੇਤਰਾਂ ਵਿਚ ਹੜ੍ਹ ਦੇ ਹਾਲਾਤਾਂ ਦੇ ਕਾਰਨ ਕੀਤਾ ਗਿਆ। ਇਸ ਸਬੰਧੀ ਸਮੂਹ ਜੁਡੀਸ਼ੀਅਲ ਅਧਿਕਾਰੀਆਂ ਅਤੇ ਹੋਰ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ।

## ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਦੀਆਂ ਲੜਕੀਆਂ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ : ਪਰਮਿੰਦਰ ਭਲਵਾਨ




ਪਟਿਆਲਾ, 2 ਸਤੰਬਰ (ਚ.ਨ.ਸ.) : ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ , ਪਾਵਰ ਹਾਊਸ ਯੂਥ ਕਲੱਬ , ਯੁਵਕ ਸੇਵਾਵਾਂ ਕਲੱਬ ਦੀਪ ਨਗਰ ਜੋਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਵੱਖ -ਵੱਖ ਜ਼ਿਲ੍ਹਿਆਂ ਵਿੱਚ ਕਰ ਰਹੀਆਂ ਹਨ, ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਅਤੇ ਉਚ ਅਧਿਕਾਰੀਆਂ ਦੀ ਸਰਪ੍ਰਸਤੀ ਅਤੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੀ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਮੁੱਖ ਮਹਿਮਾਨ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਵਿਸ਼ੇਸ਼ ਤੌਰ 'ਤੇ ਨਵਨੀਤ ਕੌਰ ਫਰੀਦਕੋਟ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, , ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਤਾਬਕੂ ਦੇ ਸੇਵਨ ਕਰਨ ਨਾਲ ਭਾਰਤ ਦੇ ਵੱਖ - ਵੱਖ ਸ਼ਹਿਰਾਂ ਵਿਚ ਹਰ ਰੋਜ਼ 14000 ਹਜ਼ਾਰ ਮੌਤਾ ਹੁੰਦੀਆਂ ਹਨ , ਅਤੇ ਤੰਬਾਕੂ ਦੇ ਸੇਵਨ ਕਰਨ ਨਾਲ ਫੇਫੜਿਆਂ ਦਾ ਕੈਂਸਰ, ਮੂੰਹ ਦੇ ਕੈਂਸਰ ਵਿਚ ਬਹੁਤ ਭਾਰੀ ਵਾਧਾ ਹੋ ਰਿਹਾ ਹੈ, ਜਿਸ ਕਾਰਨ ਤੰਬਕੂ ਦਾ ਸੇਵਨ ਕਰਨ ਵਾਲਾ ਵਿਅਕਤੀ ਕੈਂਸਰ ਕਾਰਨ ਮੌਤ ਦੇ ਮੂੰਹ ਵਿਚ ਚੱਲਾ ਜਾਂਦਾ ਹੈ।ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ ਗਈ ।

## ਅਕਾਲੀ ਦਲ ਪੰਜਾਬ ਦਾ ਮੀਤ ਪ੍ਰਧਾਨ ਨਿਯੁਕਤ ਕਰਨ 'ਤੇ ਲਖਬੀਰ ਸਿੰਘ ਲੌਟ ਦਾ ਸਨਮਾਨ



ਨਾਭਾ, 2 ਸਤੰਬਰ( ਗੁਰਚਰਨ ਸਿੰਘ ਚੌਧਰੀ ਮਾਜਰਾ): ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਮੀਤ ਪ੍ਰਧਾਨ ਨਿਯੁਕਤ ਕਰਨ 'ਤੇ ਲਖਵੀਰ ਸਿੰਘ ਲੌਟ ਨੂੰ ਕੀਤਾ ਸਨਮਾਨ ਅਤੇ ਆਉਣ ਵਾਲੀਆਂ 2027 ਦੀਆਂ ਚੋਣਾਂ ਜਿੱਤ ਕੇ ਅਕਾਲੀ ਦਲ ਦੀ ਸਰਕਾਰ ਬਣੇਗੀ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਭਰਪੂਰ ਸਿੰਘ ਲੁਬਾਣਾ ਟੇਕੂ ਡਾਇਰੈਕਟਰ ਕੋਆਪਰੇਟ ਬੈਂਕ ਪਟਿਆਲਾ ਨੇ ਕਿਹਾ ਕਿ ਨਾਭੇ ਹਲਕੇ ਤੋਂ ਅਕਾਲੀ ਦਲ ਦੇ ਮੈਂਬਰ ਅਤੇ ਸੂਝਵਾਨ ਵਰਕਰ ਲਖਵੀਰ ਸਿੰਘ ਲੌਟ ਨੂੰ ਸ਼੍ਰੋਮਣੀ ਅਕਾਲੀ ਦਲ ਪੰਜਾਬ ਦਾ ਮੀਤ ਪ੍ਰਧਾਨ ਬਣਨ 'ਤੇ ਨਾਭੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਇਸ ਸਮੇਂ ਲਖਬੀਰ ਸਿੰਘ ਲੌਟ ਨੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਪਾਰਟੀ ਨੇ ਮੈਨੂੰ ਜਿੰਮੇਵਾਰੀ ਦਿੱਤੀ ਹੈ ਮੈਂ ਇਸ ਨੂੰ ਤਨ ਮਨ ਅਤੇ ਇਮਾਨਦਾਰੀ ਨੂੰ ਨਿਭਾਵਾਂਗਾ । ਇਸ ਸਮੇਂ ਇਹਨਾਂ ਤੋਂ ਇਲਾਵਾ ਪਹਿਲਮਾਨ ਲਖਵਿੰਦਰ ਸਿੰਘ, ਜੱਥੇਦਾਰ ਜੋਰਾਵਰ ਸਿੰਘ, ਸਰਪੰਚ ਸੁਖਦੇਵ ਸਿੰਘ ਆਦਿ ਮੌਜੂਦ ਸਨ।

## ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ ਭਰ 'ਚ ਸਾਰਾ ਦਿਨ ਘੱਗਰ, ਵੱਡੀ ਨਦੀ ਤੇ ਹੋਰ ਨਦੀਆਂ ਦੀ ਰੈਕੀ

### ਕਮਜ਼ੋਰ ਬੰਨ੍ਹ ਕੀਤੇ ਮਜ਼ਬੂਤ : ਡਾ. ਪ੍ਰੀਤੀ ਯਾਦਵ



ਪਟਿਆਲਾ, 2 ਸਤੰਬਰ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਦੁਪਹਿਰ ਰਾਜਪੁਰਾ ਨੇੜੇ ਪਿੰਡ ਸੁਰ੍ਹੋਂ ਵਿਖੇ ਪੱਚੀਦਰ੍ਹੇ ਦੇ ਮਜ਼ਬੂਤ ਕੀਤੇ ਜਾ ਰਹੇ ਬੰਨ੍ਹਾਂ ਦਾ ਜਾਇਜ਼ਾ ਲਿਆ ਤੇ ਸ਼ਾਮ ਵੇਲੇ ਸਨੌਰੀ ਅੱਡਾ 'ਤੇ ਦੌਲਤਪੁਰ ਵਿਖੇ ਵੱਡੀ ਨਦੀ ਦਾ ਨਿਰੀਖਣ ਕੀਤਾ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਦੱਸਿਆ ਕਿ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਏ.ਡੀ.ਸੀਜ ਅਮਰਿੰਦਰ ਸਿੰਘ ਟਿਵਾਣਾ ਤੇ ਨਵਰੀਤ ਕੌਰ ਸੇਖੋਂ ਸਮੇਤ ਐਸ.ਡੀ.ਐਮਜ ਅਵਿਕੇਸ਼ ਗੁਪਤਾ, ਕਿਰਪਾਲਵੀਰ ਸਿੰਘ, ਹਰਜੋਤ ਕੌਰ ਮਾਵੀ, ਰਿਚਾ ਗੋਇਲ ਤੇ ਅਸ਼ੋਕ ਕੁਮਾਰ ਦੀ ਦੇਖ-ਰੇਖ ਹੇਠ ਵੱਡੀ ਨਦੀ, ਘੱਗਰ, ਪੱਚੀਦਰ੍ਹਾ, ਟਾਂਗਰੀ, ਮਾਰਕੰਡਾ ਆਦਿ ਦੀ ਰੈਕੀ ਕੀਤੀ ਅਤੇ ਜਿੱਥੇ ਕਿਤੇ ਕਮਜ਼ੋਰੀ ਨਜ਼ਰ ਆਈ, ਉਥੇ ਤੁਰੰਤ ਬਚਾਅ ਕਾਰਜਾਂ ਵਜੋਂ ਬੰਨ੍ਹ ਮਜ਼ਬੂਤ ਕੀਤੇ ਗਏ। ਡਾ. ਪ੍ਰੀਤੀ ਯਾਦਵ ਨੇ ਇੱਕ ਵਾਰ ਮੁੜ ਤੋਂ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਵਿੱਚ ਅਜੇ ਤੱਕ ਸਾਰੀ ਸਥਿਤੀ ਨਿਯੰਤਰਨ ਹੇਠਾਂ ਹੈ। ਉਨ੍ਹਾਂ ਕਿਹਾ ਕਿ ਜਿੱਥੇ ਕਿਤੇ ਪਾਣੀ ਚੜ੍ਹਕੇ ਪਿੰਡਾਂ ਦੇ ਖੇਤਾਂ ਵਿੱਚ ਗਿਆ ਸੀ, ਹੁਣ ਉਹ ਘਟ ਰਿਹਾ ਹੈ ਪਰੰਤੂ ਨਦੀਆਂ 'ਚ ਅਜੇ ਵੀ ਪਾਣੀ ਪੂਰੀ ਸਮਰੱਥਾ ਨਾਲ ਉਪਰ ਤੱਕ (ਉਫ਼ਾਨ 'ਤੇ) ਚੱਲ ਰਹੀਆਂ ਹਨ, ਜਿਸ ਲਈ ਆਮ ਲੋਕ ਨਦੀਆਂ ਨੇੜੇ ਨਾ ਜਾਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬੇਸ਼ੱਕ ਨਦੀਆਂ ਦੇ ਕੈਚਮੈਂਟ 'ਚ ਪਏ ਭਾਰੀ ਮੀਂਹ ਕਰਕੇ ਨਦੀਆਂ 'ਚ ਪਾਣੀ ਚੜ੍ਹਿਆ ਹੋਇਆ ਹੈ ਜਿਸ ਲਈ ਜਿੱਥੇ ਕਿਤੇ ਚਿਤਾਵਨੀ ਜਾਰੀ ਕਰਨ ਦੀ ਲੋੜ ਹੈ, ਉਥੇ ਲੋਕਾਂ ਨੂੰ ਦੱਸਿਆ ਵੀ ਜਾ ਰਿਹਾ ਹੈ। ਡਾ. ਪ੍ਰੀਤੀ ਯਾਦਵ ਨੇ ਇੱਕ ਫਿਰ ਤੋਂ ਲੋਕਾਂ ਵੱਲੋਂ ਸੂਚਨਾ ਸਾਂਝੀ ਕਰਨ ਸਮੇਤ ਫੋਟੋਆਂ ਤੇ ਵੀਡੀਓਜ਼ ਸਾਂਝੀਆਂ ਕਰਨ ਲਈ ਧੰਨਵਾਦ ਵੀ ਕੀਤਾ, ਜਿਸ ਕਰਕੇ ਪ੍ਰਸ਼ਾਸਨ ਕਿਸੇ ਵੱਡੀ ਹੰਗਾਮੀ ਸਥਿਤੀ ਪੈਦਾ ਹੋਣ ਤੋਂ ਰੋਕ ਸਕਿਆ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਤੇ ਹੋਰ ਅਧਿਕਾਰੀ ਮੌਜੂਦ ਸਨ।